

We are Hiring
**Company Drivers**
For team 55 cents per mile+Safety Bonus.
For Single Driver Run 50 cents per mile.
Call, Goldy Ph: 260-797-1122

**BIG BAZAAR**
Grocery, Sweets & Catering
5425 E. Thompson Rd. Indianapolis IN 46237
*Fresh Vegetables Every Thursday
*Chat House is OPEN 7 Days *New meat shop is open now, next to big bazaar
*Book your catering now.
Ask for, Baljinder S. Ben Ph: 317-640-2400
Like our Facebook page: BigBazaarIndianGrocery

**Buying/Selling *in Michigan***
All types of Residential & Commercial properties. Gas Stations, Liquor Stores, Hotels, Plazas, Truck Terminals etc.
All types of loans.
Landmark Realty
40600 Ann Arbor Rd., Suite# 150, Plymouth, MI 48170

Call: 734-751-4455 Raj Shergill
rajsshergill@yahoo.com *Associate Broker*



Twentieth Year of Publication
ਮਿਡਵੈਸਟ ਐਡੀਸ਼ਨ
Price 50¢
Email:punjabtimes1@gmail.com
www.punjabtimesusa.com
ਸ਼ਿਕਾਗੋ, ਸੈਨ ਫਰਾਂਸਿਸਕੋ ਅਤੇ ਨਿਊ ਯਾਰਕ ਤੋਂ ਇਕੋ ਸਮੇਂ ਪ੍ਰਕਾਸ਼ਿਤ ਹਫਤਾਵਾਰ

# ਪੰਜਾਬ ਟਾਈਮਜ਼

Punjab Times, Vol 20, Issue 19, May 11, 2019 20451 N. Plum Grove Rd., Palatine, IL 60074 Ph:847-359-0746, Fax:847-705-9388


# ਲੋਕਾਂ ਦੇ ਸਵਾਲਾਂ ਨੇ ਸਿਆਸਤਦਾਨਾਂ ਨੂੰ ਲਿਆਂਦੀਆਂ ਤਰੇਲੀਆਂ

## ਵੱਖ-ਵੱਖ ਪਾਰਟੀਆਂ ਦੇ ਆਗੂਆਂ ਨੂੰ ਚੋਣ ਪਿੜ ਵਿਚ ਘੇਰਾ

**ਚੰਡੀਗੜ੍ਹ:** ਇਸ ਵਾਰ ਲੋਕ ਸਭਾ ਚੋਣਾਂ ਮੌਕੇ ਪੰਜਾਬ ਦੇ ਵੋਟਰਾਂ ਦਾ ਮੂਡ ਕੁਝ ਵੱਖਰਾ ਹੈ। ਵੋਟਰਾਂ ਦੀ ਜਾਗਰੂਕਤਾ ਨੇ ਸਿਆਸਤਦਾਨਾਂ ਲਈ ਨਵੀਂ ਚੁਣੌਤੀ ਖੜ੍ਹੀ ਕੀਤੀ ਹੋਈ ਹੈ। ਵੋਟਰਾਂ ਨੇ ਰਵਾਇਤੀ ਪਾਰਟੀਆਂ ਦੇ ਉਮੀਦਵਾਰਾਂ ਨੂੰ ਸਵਾਲਾਂ ਦੀ ਝੜੀ ਲਾ ਕੇ ਤਰੇਲੀਆਂ ਲਿਆ ਦਿੱਤੀਆਂ ਹਨ। ਚੋਣਾਂ ਵਿਚ ਪਹਿਲੀ ਵਾਰ ਅਜਿਹਾ ਨਵਾਂ ਰੁਝਾਨ ਦਿਸ ਰਿਹਾ ਹੈ। ਵੋਟਰ ਚੋਣ ਜਲਸਿਆਂ ਤੇ ਰੈਲੀਆਂ ਵਿਚ ਲੰਮੇ ਚੌੜੇ ਵਾਅਦੇ ਤੇ ਦਾਅਵੇ ਕਰਨ ਵਾਲੇ ਸਿਆਸੀ ਆਗੂਆਂ ਨੂੰ ਮੌਕੇ ਉਤੇ ਹੀ ਘੇਰ ਕੇ ਅਜਿਹੇ ਸਵਾਲ ਪੁੱਛ ਰਹੇ ਹਨ ਅਤੇ ਹੁਣ ਉਨ੍ਹਾਂ ਨੂੰ ਭੱਜਣ ਨੂੰ ਰਾਹ ਨਹੀਂ ਲੱਭਦਾ।

ਇਨ੍ਹਾਂ ਸਵਾਲਾਂ ਤੋਂ ਸਿਆਸੀ ਲੀਡਰ ਇੰਨਾ ਖਿਝ ਗਏ ਹਨ ਕਿ ਸਟੇਜ ਤੋਂ ਥੱਲੇ ਉਤਰ ਕੇ ਸ਼ਰੇਆਮ ਸਵਾਲ ਪੁੱਛਣ ਵਾਲਿਆਂ ਦੀ ਕੁੱਟਮਾਰ ਕੀਤੀ ਜਾ ਰਹੀ ਹੈ। ਬਠਿੰਡਾ ਤੋਂ ਚੋਣ ਲੜ ਰਹੇ ਕਾਂਗਰਸ ਉਮੀਦਵਾਰ ਰਾਜਾ ਵੜਿੰਗ ਤੋਂ ਸਵਾਲ ਪੁੱਛਣ ਵਾਲੇ ਸਹਾਇਕ ਪ੍ਰੋਫੈਸਰ ਦੀ ਕੁੱਟਮਾਰ ਕੀਤੀ ਗਈ। ਉਸ ਨੇ ਕਾਂਗਰਸ ਉਮੀਦਵਾਰ ਨੂੰ ਕੈਪਟਨ ਵੱਲੋਂ ਨਸ਼ਿਆਂ ਦੇ ਖਾਤਮੇ ਲਈ ਗੁਟਕਾ ਹੱਥ ਵਿਚ ਫੜ ਕੇ ਚੁੱਕੀ ਸਹੁੰ ਬਾਰੇ ਸਵਾਲ ਕੀਤੇ ਸਨ। ਰਾਜਾ ਵੜਿੰਗ ਵੱਲੋਂ ਸਹਾਇਕ ਪ੍ਰੋਫੈਸਰ ਨੂੰ ਜਥੇਦਾਰ ਕੋਲਿਆਂਵਾਲੀ ਦਾ ਬੰਦਾ ਦੱਸਦਿਆਂ ਸਾਰ ਹੀ ਕਾਂਗਰਸੀਆਂ ਨੇ ਉਸ ਨੂੰ ਧੂਹ ਕੇ ਕੁਟਾਪਾ ਚਾੜ੍ਹਿਆ ਤੇ ਉਸ ਦੀ ਦਸਤਾਰ ਲਾਹ ਦਿੱਤੀ।

ਇਸੇ ਤਰ੍ਹਾਂ ਸੰਗਰੂਰ ਹਲਕੇ ਵਿਚ ਸਾਬਕਾ ਮੁੱਖ ਮੰਤਰੀ ਰਾਜਿੰਦਰ ਕੌਰ ਭੱਠਲ ਨੇ ਸਵਾਲ ਪੁੱਛਣ ਵਾਲੇ ਨੌਜਵਾਨ ਦੇ ਥੱਪੜ ਮਾਰ ਦਿੱਤਾ। ਬਠਿੰਡਾ ਸੀਟ ਤੋਂ ਅਕਾਲੀ ਦਲ ਦੀ ਉਮੀਦਵਾਰ ਹਰਸਿਮਰਤ ਬਾਦਲ ਨੂੰ ਇਹ ਕਹਿ ਕੇ ਖਹਿੜਾ ਛੁਡਾਉਣਾ ਪਿਆ ਕਿ ਇਹ ਸਵਾਲਾਂ ਦਾ ਨਹੀਂ, ਵੋਟਾਂ ਦਾ ਸਮਾਂ ਹੈ। ਹਰਸਿਮਰਤ ਨੂੰ ਇਕ ਸਿੱਖ ਨੌਜਵਾਨ ਨੇ ਬੇਅਦਬੀ ਬਾਰੇ ਸਵਾਲ ਕੀਤਾ ਸੀ।

ਪੰਜਾਬ ਦੀ ਜਨਤਾ ਸੱਤਾ ਧਿਰ ਕਾਂਗਰਸ ਜਾਂ ਫਿਰ ਪਿਛਲੇ 10 ਸਾਲ ਰਾਜ ਕਰਕੇ ਗਏ ਸ਼੍ਰੋਮਣੀ ਅਕਾਲੀ ਦਲ-ਬੀ.ਜੇ.ਪੀ. ਗੱਠਜੋੜ ਨੂੰ ਹੀ ਨਹੀਂ ਘੇਰ ਰਹੀ ਸਗੋਂ ਵੱਡੇ-ਵੱਡੇ ਦਾਅਵੇ ਕਰਕੇ ਮੈਦਾਨ ਵਿਚ ਆਈਆਂ ਨਵੀਆਂ ਪਾਰਟੀਆਂ ਤੋਂ ਵੀ ਜਵਾਬ ਮੰਗ ਰਹੀ ਹੈ। ਬੇਸ਼ਕ ਸਿਆਸੀ ਲੀਡਰ ਸਵਾਲ ਕਰਨ ਵਾਲੇ ਹਰ ਬੰਦੇ ਨੂੰ ਵਿਰੋਧੀਆਂ ਦੇ ਏਜੰਟ ਦੱਸ ਰਹੇ ਹਨ ਪਰ ਪੰਜਾਬ ਵਿਚ ਸ਼ੁਰੂ ਹੋਇਆ ਇਹ ਨਵਾਂ ਦੌਰ ਪਾਰਟੀਆਂ ਬਹੁਤ ਕੁਝ ਸੋਚਣ ਲਈ ਮਜਬੂਰ ਕਰ ਰਿਹਾ ਹੈ। ਦਰਅਸਲ, ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਬੇਅਦਬੀ ਤੇ ਇਸ ਦੌਰਾਨ ਵਾਪਰੇ ਗੋਲੀ ਕਾਂਡ ਨੂੰ ਲੈ ਕੇ ਸਿੱਖ ਸੰਗਤਾਂ ਵਿਚ ਕਾਫੀ ਰੋਸ ਹੈ। ਕਈ ਥਾਵਾਂ 'ਤੇ ਅਕਾਲੀ ਦਲ ਦੇ ਉਮੀਦਵਾਰਾਂ ਨੂੰ ਕਾਲੀਆਂ ਝੰਡੀਆਂ ਦਿਖਾਈਆਂ ਜਾ ਰਹੀਆਂ ਹਨ। ਇਸ ਤੋਂ ਇਲਾਵਾ ਉਮੀਦਵਾਰਾਂ ਤੋਂ ਚੋਣ ਜਲਸਿਆਂ ਵਿਚ ਹੀ ਸਿੱਧੇ ਸਵਾਲ ਪੁੱਛੇ ਜਾ ਰਹੇ ਹਨ। ਬਠਿੰਡਾ ਵਿਚ ਹਰਸਿਮਰਤ ਬਾਦਲ ਤੇ ਫਰੀਦਕੋਟ ਵਿਚ ਗੁਲਜ਼ਾਰ ਸਿੰਘ ਰਣੀਕੇ ਨੂੰ ਕਈ ਵਾਰ ਜਨਤਾ ਦੇ ਤਿੱਖੇ ਸਵਾਲਾਂ ਦਾ ਸਾਹਮਣਾ ਕਰਨਾ ਪੈ ਰਿਹਾ ਹੈ। ਦੂਜੇ ਪਾਸੇ ਸੱਤਾਧਿਰ ਕਾਂਗਰਸ ਖਿਲਾਫ ਵੀ ਜਨਤਾ ਵਿਚ ਗੁੱਸਾ ਹੈ। ਕਾਂਗਰਸੀ ਉਮੀਦਵਾਰਾਂ ਨੂੰ ਵੀ ਘੇਰਿਆ ਜਾ ਰਿਹਾ ਹੈ। ਉਨ੍ਹਾਂ ਤੋਂ ਰੁਜ਼ਗਾਰ, ਵਿਕਾਸ ਤੇ ਕਿਸਾਨਾਂ ਦੇ ਕਰਜ਼ਿਆਂ ਬਾਰੇ ਸਵਾਲ ਪੁੱਛੇ ਜਾ ਰਹੇ ਹਨ। ਬਠਿੰਡਾ ਤੋਂ ਚੋਣ ਲੜ ਰਹੇ ਰਾਜਾ ਵੜਿੰਗ ਤੇ ਸੰਗਰੂਰ ਤੋਂ ਉਮੀਦਵਾਰ ਕੇਵਲ ਢਿੱਲੋਂ ਕਈ ਵਾਰ ਜਨਤਾ ਦੇ ਸਵਾਲਾਂ ਦੀ ਵਾਛੜ ਸਹਿ ਚੁੱਕੇ ਹਨ। ਸੱਤਾਧਿਰ ਤਾਂ ਜਨਤਾ ਦੇ ਸਵਾਲਾਂ ਤੋਂ ਇੰਨੀ ਖੌਫਜ਼ਦਾ ਹੈ ਕਿ ਚੋਣ ਜਲਸਿਆਂ ਵਿਚ ਖਾਸ ਸੁਰੱਖਿਆ ਪ੍ਰਬੰਧ ਕੀਤੇ ਜਾ ਰਹੇ ਹਨ।

ਦਿਲਚਸਪ ਗੱਲ ਇਹ ਹੈ ਕਿ ਸਵਾਲ ਪੁੱਛਣ ਵਾਲੇ ਪਿੰਡਾਂ ਦੇ ਆਮ ਲੋਕ ਹਨ। ਉਹ ਉਮੀਦਵਾਰਾਂ ਵਲੋਂ ਕੀਤੇ ਵਾਅਦਿਆਂ ਤੇ ਕੰਮਾਂ ਦਾ ਹਿਸਾਬ ਮੰਗਦੇ ਹਨ। ਅਸਲ ਵਿਚ ਸੂਬਾ ਸਰਕਾਰ ਨੂੰ 'ਕੈਪਟਨ ਦੇ ਨੌਂ ਨੁਕਤੇ' ਵੀ ਭਾਰੂ ਪੈ ਰਹੇ ਹਨ।

*(ਬਾਕੀ ਸਫਾ 6 ਉਤੇ)*




*ਪੰਜਾਬ ਟਾਈਮਜ਼ ਦੀ 19ਵੀਂ ਵਰ੍ਹੇਗੰਢ 'ਤੇ 'ਪੰਜਾਬ ਟਾਈਮਜ਼ ਨਾਈਟ' ਲੰਘੇ ਸਨਿਚਰਵਾਰ ਨੂੰ ਮਨਾਈ ਗਈ। ਇਸ ਮੌਕੇ ਵੱਖ ਵੱਖ ਸਟੇਟਾਂ ਤੋਂ ਪੁੱਜੇ ਪੰਜਾਬ ਟਾਈਮਜ਼ ਦੇ ਪ੍ਰਸ਼ੰਸਕਾਂ ਨੇ ਰੌਣਕ ਲਾਈ। ਗੀਤ-ਸੰਗੀਤ ਦਾ ਪ੍ਰੋਗਰਾਮ ਵੀ ਹੋਇਆ, ਜਿਸ ਦੌਰਾਨ ਕੈਲੀਫੋਰਨੀਆ ਤੋਂ ਗਾਇਕ ਰਾਜਨ ਸੰਧੂ ਅਤੇ ਗਾਇਕਾ ਜਸਪਿੰਦਰ ਰੈਣਾ ਗੀਤ ਪੇਸ਼ ਕਰਦੇ ਹੋਏ (ਵਿਸਤ੍ਰਿਤ ਰਿਪੋਰਟ ਅਗਲੇ ਅੰਕ 'ਚ)*

# ਚੋਣ ਕਮਿਸ਼ਨਰ ਦੀ 'ਮੋਦੀ ਭਗਤੀ' ਉਤੇ ਸਵਾਲ

**ਨਵੀਂ ਦਿੱਲੀ:** ਲੋਕ ਸਭਾ ਚੋਣਾਂ ਵਿਚ ਇਸ ਵਾਰ ਵੋਟਾਂ ਨਾਲੋਂ ਭਾਰਤੀ ਚੋਣ ਕਮਿਸ਼ਨਰ ਦੀ 'ਮੋਦੀ ਭਗਤੀ' ਵੱਧ ਚਰਚਾ ਵਿਚ ਹੈ। ਚੋਣ ਕਮਿਸ਼ਨਰ ਦੀ ਮੋਦੀ ਨਾਲ 'ਲਿਹਾਜ਼ਦਾਰੀ' ਦਾ ਮਾਮਲਾ ਇੰਨਾ ਭਖਿਆ ਕਿ ਇਹ ਸੁਪਰੀਮ ਕੋਰਟ ਵਿਚ ਪਹੁੰਚ ਗਿਆ। ਸੁਪਰੀਮ ਕੋਰਟ ਨੂੰ ਵੀ ਪਹਿਲੀ ਨਜ਼ਰੇ ਚੋਣ ਕਮਿਸ਼ਨਰ ਉਤੇ ਲੱਗੇ ਦੋਸ਼ਾਂ ਵਿਚ ਸੱਚਾਈ ਲੱਗੀ ਤੇ ਉਚ ਅਦਾਲਤ ਨੂੰ ਸਖਤ ਹੁਕਮ ਦੇਣੇ ਪਏ।


ਦਰਅਸਲ, ਕਾਂਗਰਸ ਦੀ ਸੰਸਦ ਮੈਂਬਰ ਸੁਸ਼ਮਿਤਾ ਦੇਵ ਨੇ ਸ਼ਿਕਾਇਤ ਕੀਤੀ ਸੀ ਕਿ ਕਾਂਗਰਸ ਵਲੋਂ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਅਤੇ ਭਾਰਤੀ ਜਨਤਾ ਪਾਰਟੀ ਦੇ ਪ੍ਰਧਾਨ ਅਮਿਤ ਸ਼ਾਹ ਵਿਰੁਧ ਕੀਤੀਆਂ 46 ਸ਼ਿਕਾਇਤਾਂ ਵਿਚੋਂ ਸਿਰਫ ਦੋ ਦਾ ਹੀ ਨਿਬੇੜਾ ਕੀਤਾ ਗਿਆ ਹੈ। ਇਹ ਦਲੀਲ ਵੀ ਦਿੱਤੀ ਗਈ ਕਿ ਜੇ ਕਮਿਸ਼ਨ ਦਾ ਕੰਮ ਇਸੇ ਰਫਤਾਰ ਨਾਲ ਚੱਲਦਾ ਰਿਹਾ ਤਾਂ ਇਨ੍ਹਾਂ ਸ਼ਿਕਾਇਤਾਂ ਦਾ ਨਿਬੇੜਾ ਕਰਨ ਲਈ 270 ਦਿਨ ਲੱਗਣਗੇ। ਚੋਣ ਕਮਿਸ਼ਨ ਨੇ ਅਦਾਲਤ ਵਿਚ ਲੱਖ ਦਲੀਲਾਂ ਦਿੱਤੀਆਂ ਪਰ ਅਦਾਲਤ ਕਮਿਸ਼ਨ ਦੀਆਂ ਦਲੀਲਾਂ ਨਾਲ ਸਹਿਮਤ ਨਾ ਹੋਈ ਅਤੇ ਕਮਿਸ਼ਨ ਨੂੰ ਸਭ ਸ਼ਿਕਾਇਤਾਂ ਦਾ ਫੈਸਲਾ 6 ਮਈ ਤੱਕ ਕਰਨ ਦੇ ਹੁਕਮ ਦਿੱਤੇ। ਚੋਣ ਕਮਿਸ਼ਨ ਨੇ ਧੜਾ-

*(ਬਾਕੀ ਸਫਾ 6 ਉਤੇ)*


**India Palace Restaurant**
And Banquet Hall
*Restaurant-Fine Indian Cuisine*
4213 Lafayette Road, Indianapolis, IN
(Ph:317-298-0773)
Banquet Hall Available Up to 550 People
**Amber Indian Restaurant**
*Restaurant-Fine Indian Cuisine*

12510 N. Meridian St., Carmel, IN
Ph: 317-580-0828
We do private party's & catering at your home or business.
*Call, Lakhvir S. Johal*
*Ph: 317-709-7800*
www.indianpalaceindy.com
www.AmberIndianRestaurantCarmel.com


BEST FARE GUARANTEE
WorldWide Travel
www.fly2world.com
866 66 INDIA
46342
734 838 9998


24 ਘੰਟੇ ਐਮਰਜੰਸੀ ਸੇਵਾ
Please call our office for more details on latest fares

**ਮੀਨਾ ਬਾਜ਼ਾਰ**
ਮੀਨਾ ਜਿਊਲਜ਼
MEENA BAZAAR
Meena Jewels
Gold & Diamond
2643 W. Devon Ave.
Chicago, IL 60659
777-338-7777
Rajveer Gill (Rahul)
www.gotombc.com

22kt, Diamonds & 24kt Gold


# ਤਰਸੇਮ ਜੱਸੜ ਤੇ ਜੱਸ ਬਾਜਵਾ ਦੇ 'ਵਿਸਾਖੀ ਟੂਰ 2019' ਦੀਆਂ ਤਿਆਰੀਆਂ ਮੁਕੰਮਲ

**ਨਿਊ ਯਾਰਕ (ਬਿਊਰੋ):** ਪਿਛਲੇ 15 ਸਾਲ ਤੋਂ ਵੱਖ ਵੱਖ ਕਲਾਕਾਰਾਂ ਦੇ ਅਮਰੀਕਾ ਭਰ ਵਿਚ ਸ਼ੋਅ ਕਰਵਾਉਣ ਵਾਲੇ ਉਘੇ ਪ੍ਰੋਮੋਟਰ ਲਖਵੀਰ ਜੌਹਲ ਨੇ ਦੱਸਿਆ ਕਿ ਰਾਜਵੀਰ ਐਂਟਰਟੇਨਮੈਂਟ ਵਲੋਂ ਪ੍ਰਸਿੱਧ ਨੌਜਵਾਨ ਕਲਾਕਾਰ ਤਰਸੇਮ ਜੱਸੜ ਅਤੇ ਜੱਸ ਬਾਜਵਾ ਦਾ 'ਵਿਸਾਖੀ ਟੂਰ 2019' ਕਰਵਾਇਆ ਜਾ ਰਿਹਾ ਹੈ, ਜਿਸ ਲਈ ਕਲਾਕਾਰਾਂ ਦੇ ਵੀਜ਼ਾ ਤੇ ਹੋਰ ਸਭ ਦਸਤਾਵੇਜ਼ ਤਿਆਰ ਹਨ ਅਤੇ ਜਲਦੀ ਹੀ ਅਮਰੀਕਾ ਭਰ ਵਿਚ ਹੋਣ ਵਾਲੇ ਸ਼ੋਆਂ ਦੀਆਂ ਤਰੀਕਾਂ ਦਾ ਐਲਾਨ ਕਰ ਦਿੱਤਾ ਜਾਵੇਗਾ।



*ਲਖਵੀਰ ਜੌਹਲ*

ਸ. ਜੌਹਲ ਨੇ ਦੱਸਿਆ ਕਿ ਪੰਜਾਬੀ ਭਾਈਚਾਰੇ ਵਿਚ ਤਰਸੇਮ ਜੱਸੜ ਅਤੇ ਜੱਸ ਬਾਜਵਾ ਦੇ ਆਮਦ ਪ੍ਰਤੀ ਕਾਫੀ ਉਤਸ਼ਾਹ ਹੈ। ਤਰਸੇਮ ਜੱਸੜ ਦੇ ਜਿੱਥੇ ਦਰਜਨਾਂ ਗੀਤ ਹਿੱਟ ਹੋਏ ਹਨ, ਉਥੇ ਉਸ ਦੀ ਫਿਲਮ 'ਰੱਬ ਦਾ ਰੇਡੀਓ' ਨੇ ਵੀ ਬਾਕਸ ਆਫਿਸ 'ਤੇ ਕਾਮਯਾਬੀ ਦੇ ਝੰਡੇ ਗੱਡੇ ਸਨ, ਜਿਸ ਕਾਰਨ ਉਹ ਨੌਜਵਾਨਾਂ ਦੀ ਪਹਿਲੀ ਪਸੰਦ ਬਣਿਆ ਹੋਇਆ ਹੈ। ਹੋਰ ਜਾਣਕਾਰੀ ਲਈ ਲਖਵੀਰ ਜੌਹਲ ਨਾਲ ਫੋਨ: 718-610-9799 ਰਾਹੀਂ ਸੰਪਰਕ ਕੀਤਾ ਜਾ ਸਕਦਾ ਹੈ।




# ਸਿੰਗਾਪੁਰ 'ਚ ਭਾਰਤੀ ਨੂੰ ਛੇ ਹਫਤਿਆਂ ਦੀ ਜੇਲ੍ਹ

**ਸਿੰਗਾਪੁਰ:** ਮੱਛਰ ਮਾਰਨ ਵਾਲੀ ਕੰਪਨੀ ਦੇ ਦੋ ਅਧਿਕਾਰੀਆਂ ਨੂੰ ਰਿਸ਼ਵਤ ਦੇਣ ਦੇ ਦੋਸ਼ 'ਚ ਭਾਰਤੀ ਮੁੱਥੂਕਰੂਪਣ ਪੇਰੀਆਸਾਮੀ (52) ਨੂੰ ਛੇ ਹਫਤਿਆਂ ਦੀ ਜੇਲ੍ਹ ਦੀ ਸਜ਼ਾ ਸੁਣਾਈ ਗਈ ਹੈ। ਕੰਸਟਰੱਕਸ਼ਨ ਕੰਪਨੀ ਦੇ ਮੈਨੇਜਰ ਪੇਰੀਆਸਾਮੀ ਨੇ ਉਸਾਰੀ ਅਧੀਨ ਥਾਂ 'ਤੇ ਮੱਛਰ ਪੈਦਾ ਹੋਣ ਸਬੰਧੀ ਜਾਂਚ ਦੀ ਅਗਾਊਂ ਸੂਚਨਾ ਲਈ ਚਾਰ ਮਹੀਨੇ 400-400 ਸਿੰਗਾਪੁਰ ਡਾਲਰ ਰਿਸ਼ਵਤ ਦਿੱਤੀ ਸੀ। ਇਸ ਤੋਂ ਪਹਿਲਾਂ ਮਾਰਚ 'ਚ ਦੋਵੇਂ ਮੁਲਾਜ਼ਮਾਂ ਜਗਨਨਾਥ ਅਤੇ ਕਿਓਂਗ ਨੂੰ ਕ੍ਰਮਵਾਰ ਛੇ ਹਫ਼ਤੇ ਤਿੰਨ ਦਿਨ ਅਤੇ 11 ਹਫਤੇ ਪੰਜ ਦਿਨ ਦੀ ਸਜ਼ਾ ਸੁਣਾਈ ਗਈ ਸੀ।

# ਪ੍ਰਧਾਨ ਮੰਤਰੀ ਮੋਦੀ ਬਾਰੇ ਫਿਲਮ ਹੁਣ 24 ਨੂੰ ਹੋਵੇਗੀ ਰਿਲੀਜ਼

**ਮੁੰਬਈ:** ਪ੍ਰਧਾਨ ਮੰਤਰੀ ਨਰਿੰਦਰ ਮੋਦੀ 'ਤੇ ਆਧਾਰਿਤ ਬਾਇਓਪਿਕ ਫਿਲਮ ਦੇ ਨਿਰਮਾਤਾਵਾਂ ਨੇ ਐਲਾਨ ਕੀਤਾ ਹੈ ਕਿ ਲੋਕ ਸਭਾ ਚੋਣਾਂ ਦੇ ਨਤੀਜਿਆਂ ਦੇ ਐਲਾਨ ਤੋਂ ਇਕ ਦਿਨ ਬਾਅਦ 24 ਮਈ ਨੂੰ ਵਿਵੇਕ ਓਬਰਾਏ ਦੀ ਇਹ ਫਿਲਮ ਦੇਸ਼ ਭਰ 'ਚ ਰਿਲੀਜ਼ ਹੋਵੇਗੀ।

'ਪ੍ਰਧਾਨ ਮੰਤਰੀ ਨਰਿੰਦਰ ਮੋਦੀ' ਨਾਂ ਦੀ ਉਕਤ ਫ਼ਿਲਮ ਨੂੰ ਪਹਿਲਾਂ 11 ਅਪ੍ਰੈਲ ਨੂੰ ਰਿਲੀਜ਼ ਕੀਤਾ ਜਾਣਾ ਸੀ ਪਰ ਚੋਣ ਕਮਿਸ਼ਨ ਨੇ ਚੋਣ ਜ਼ਾਬਤੇ ਦਾ ਹਵਾਲਾ ਦਿੰਦੇ ਹੋਏ ਇਸ 'ਤੇ ਪਾਬੰਦੀ ਲਗਾ ਦਿੱਤੀ ਸੀ। ਚੋਣ ਕਮਿਸ਼ਨ ਨੇ ਚੋਣ ਸਮੇਂ ਦੌਰਾਨ ਇਹ ਕਹਿੰਦੇ ਹੋਏ ਫਿਲਮ ਦੀ ਸਕਰੀਨਿੰਗ 'ਤੇ ਪਾਬੰਦੀ ਲਗਾ ਦਿੱਤੀ ਸੀ ਕਿ ਅਜਿਹੀ ਕੋਈ ਵੀ ਫਿਲਮ ਜੋ ਕਿਸੇ ਵੀ ਰਾਜਨੀਤਕ ਇਕਾਈ ਜਾਂ ਵਿਅਕਤੀ ਨੂੰ ਲਾਭ ਪਹੁੰਚਾਉਂਦੀ ਹੈ, ਉਸ ਨੂੰ ਇਲੈਕਟ੍ਰੌਨਿਕ ਮੀਡੀਆ 'ਚ ਪ੍ਰਦਰਸ਼ਿਤ ਨਹੀਂ ਕੀਤਾ ਜਾਣਾ ਚਾਹੀਦਾ ਹੈ। ਫਿਲਮ ਰਿਲੀਜ਼ ਹੋਣ ਤੋਂ ਇਕ ਦਿਨ ਪਹਿਲਾਂ ਚੋਣ ਕਮਿਸ਼ਨ ਦਾ ਆਦੇਸ਼ ਆਇਆ ਸੀ। ਨਿਰਮਾਤਾ ਸੰਦੀਪ ਸਿੰਘ ਨੇ ਕਿਹਾ ਕਿ ਉਨ੍ਹਾਂ ਨੂੰ ਆਸ ਹੈ ਕਿ ਫ਼ਿਲਮ ਸਿਨੇਮਾ ਘਰਾਂ 'ਚ ਚੰਗੀ ਚੱਲੇਗੀ।

# ਗੁਰਦੁਆਰਾ ਪੈਲਾਟਾਈਨ ਦੇ ਗੁਰਮਤਿ ਸਕੂਲ ਦਾ ਸਾਲਾਨਾ ਕੈਂਪ 29 ਜੁਲਾਈ ਤੋਂ

**ਸ਼ਿਕਾਗੋ (ਬਿਊਰੋ):** ਸਿੱਖ ਰਿਲੀਜੀਅਸ ਸੁਸਾਇਟੀ (ਗੁਰਦੁਆਰਾ ਪੈਲਾਟਾਈਨ), ਸ਼ਿਕਾਗੋ ਦੇ ਗੁਰਮਤਿ ਸਕੂਲ ਦਾ ਸਾਲਾਨਾ ਕੈਂਪ 29 ਜੁਲਾਈ ਤੋਂ 2 ਅਗਸਤ ਤੱਕ ਹੋਵੇਗਾ। ਇਸ ਕੈਂਪ ਵਾਸਤੇ ਰਜਿਸਟਰੇਸ਼ਨ 19 ਮਈ ਤੋਂ 22 ਜੁਲਾਈ ਤੱਕ ਹੋਵੇਗੀ। ਰਜਿਸਟਰੇਸ਼ਨ ਆਨ ਲਾਈਨ ਵੀ ਕਰਵਾਈ ਜਾ ਸਕਦੀ ਹੈ ਜਾਂ ਗੁਰਦੁਆਰਾ ਸਾਹਿਬ ਆ ਕੇ ਫਾਰਮ ਭਰਿਆ ਜਾ ਸਕਦਾ ਹੈ।



ਗੁਰਮਤਿ ਸਕੂਲ ਦੇ ਪ੍ਰਿੰਸੀਪਲ ਅਮਰਦੇਵ ਸਿੰਘ ਬਦੇਸ਼ਾ ਵਲੋਂ ਦਿੱਤੀ ਗਈ ਜਾਣਕਾਰੀ ਅਨੁਸਾਰ ਕੈਂਪ ਵਿਚ ਦਾਖਲੇ ਲਈ ਬੱਚਿਆਂ ਦੀ ਉਮਰ 6 ਤੋਂ 15 ਸਾਲ ਤੱਕ ਹੈ। ਕੈਂਪ ਦੌਰਾਨ ਬੱਚਿਆਂ ਨੂੰ ਸਿੱਖ ਇਤਿਹਾਸ, ਗੁਰਮਤਿ ਸਿੱਖਿਆ, ਗਤਕਾ, ਕੀਰਤਨ, ਪਾਠ ਕਰਨਾ ਆਦਿ ਸਿਖਾਇਆ ਜਾਵੇਗਾ। ਕੈਂਪ ਗੁਰੂ ਨਾਨਕ ਦੇਵ ਜੀ ਦੇ 550 ਸਾਲਾ ਪ੍ਰਕਾਸ਼ ਪੁਰਬ ਨੂੰ ਸਮਰਪਿਤ ਹੈ।

ਰਜਿਸਟਰੇਸ਼ਨ ਲਈ ਫੀਸ 80 ਡਾਲਰ ਹੈ ਅਤੇ ਦਾਖਲੇ ਦੀ ਮਿਤੀ ਲੰਘਣ ਪਿਛੋਂ ਦਾਖਲਾ ਲੇਟ ਫੀਸ 120 ਡਾਲਰ ਹੋਵੇਗੀ ਪਰ ਫਿਰ ਵੀ ਪ੍ਰਬੰਧਕਾਂ ਦੀ ਮਨਜ਼ੂਰੀ ਨਾਲ ਹੋਵੇਗੀ। ਜੇ ਗਿਣਤੀ ਪੂਰੀ ਹੋ ਜਾਂਦੀ ਹੈ ਤਾਂ ਮਨਜ਼ੂਰੀ ਮਿਲਣਾ ਮੁਸ਼ਕਿਲ ਹੋ ਸਕਦਾ ਹੈ। ਹੋਰ ਜਾਣਕਾਰੀ ਲਈ ਪ੍ਰਿੰ. ਅਮਰਦੇਵ ਸਿੰਘ ਬਦੇਸ਼ਾ ਨਾਲ ਫੋਨ: 708-612-7963, ਸਾਹਿਬਨੂਰ ਕੌਰ ਨਾਲ ਫੋਨ: 224-235-0889 ਜਾਂ ਈਮੇਲ: principalsrsschool@srschicao.org ਰਾਹੀਂ ਸੰਪਰਕ ਕੀਤਾ ਜਾ ਸਕਦਾ ਹੈ।

# ਅਕਾਲੀਆਂ ਦੇ ਇਸ਼ਾਰੇ 'ਤੇ ਖਰੀਦ 'ਚ ਅੜਿੱਕੇ ਡਾਹ ਰਿਹਾ ਹੈ ਕੇਂਦਰ: ਕੈਪਟਨ

**ਚੰਡੀਗੜ੍ਹ:** ਪੰਜਾਬ ਦੇ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨੇ ਕਿਹਾ ਹੈ ਕਿ ਭਾਜਪਾ ਦੀ ਅਗਵਾਈ ਵਾਲੀ ਕੇਂਦਰ ਸਰਕਾਰ ਅਕਾਲੀਆਂ ਦੇ ਇਸ਼ਾਰੇ 'ਤੇ ਪੰਜਾਬ ਵਿਚ ਬਾਰਦਾਨੇ ਦੀ ਘਾਟ ਪੈਦਾ ਕਰ ਰਹੀ ਹੈ ਤਾਂ ਕਿ ਖਰੀਦ ਪ੍ਰਕਿਰਿਆ ਵਿਚ ਅੜਿੱਕੇ ਡਾਹ ਕੇ ਚੋਣਾਂ ਦੌਰਾਨ ਸੂਬੇ ਵਿਚ ਕਾਂਗਰਸ ਸਰਕਾਰ ਨੂੰ ਬਦਨਾਮ ਕੀਤਾ ਜਾ ਸਕੇ।

ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨੇ ਕਿਹਾ ਕਿ ਪੰਜਾਬ ਵਿਚ ਕਣਕ ਦੀ ਬੰਪਰ ਪੈਦਾਵਾਰ ਹੋਈ ਹੈ ਪਰ ਸੂਬੇ ਨੂੰ ਬਾਰਦਾਨੇ ਤੋਂ ਵਾਂਝਾ ਰੱਖਿਆ ਜਾ ਰਿਹਾ ਹੈ ਜਦਕਿ ਦੂਜੇ ਪਾਸੇ ਕੇਂਦਰ ਸਰਕਾਰ ਵੱਲੋਂ ਹਰਿਆਣਾ ਵਿਚ 12 ਮਈ ਨੂੰ ਹੋਣ ਜਾ ਰਹੀਆਂ ਚੋਣਾਂ ਦੇ ਮੱਦੇਨਜ਼ਰ ਬਾਰਦਾਨੇ ਦੀ ਵਾਧੂ ਸਪਲਾਈ ਦਿੱਤੀ ਜਾ ਰਹੀ ਹੈ। ਉਨ੍ਹਾਂ ਨੇ ਖਰੀਦ ਲਈ ਲੋੜੀਂਦੇ ਬਾਰਦਾਨੇ ਨੂੰ ਪੰਜਾਬ ਤੋਂ ਹਰਿਆਣਾ ਭੇਜਣ 'ਤੇ ਕੇਂਦਰ ਸਰਕਾਰ ਦੀ ਆਲੋਚਨਾ ਕੀਤੀ।

**Punjab Times**
*Punjabtimes1@gmail.com*


## ਗੁਰਦੁਆਰਾ ਪੈਲਾਟਾਈਨ ਲਈ ਲਾਂਗਰੀ ਦੀ ਲੋੜ ਹੈ

ਲਾਂਗਰੀ ਅੰਮ੍ਰਿਤ ਧਾਰੀ, ਰਹਿਤ ਅਤੇ ਗੁਰ ਮਰਿਆਦਾ ਦਾ ਧਾਰਨੀ ਹੋਵੇ। ਸ਼ੁੱਧ ਬਾਣੀ ਵੀ ਪੜ੍ਹਦਾ ਹੋਵੇ। ਘੱਟ ਤੋਂ ਘੱਟ ਪੰਜ ਸਾਲ ਦਾ ਕਿਸੇ ਗੁਰਦੁਆਰਾ ਸਾਹਿਬ ਵਿਚ ਸੇਵਾ ਦਾ ਤਜ਼ਰਬਾ ਹੋਵੇ। ਗ੍ਰੀਨ ਕਾਰਡ ਵਾਲੇ ਉਮੀਦਵਾਰ ਨੂੰ ਪਹਿਲ। ਗੁਰਦੁਆਰਾ ਸਾਹਿਬ ਵੱਲੋਂ ਸਮੇਂ ਸਮੇਂ ਦਿਤੀਆਂ ਜਾਂਦੀਆਂ ਹੋਰ ਸੇਵਾਵਾਂ ਨਿਭਾ ਸਕੇ।

*ਉਮੀਦਵਾਰ ਅਰਜੀਆਂ ਹੇਠ ਲਿਖੇ ਪਤੇ 'ਤੇ ਜਾਂ ਈ-ਮੇਲ ਰਾਹੀਂ ਭੇਜਣ ਦੀ ਕਿਰਪਾਲਤਾ ਕਰਨ।*

e-mail: president@srschicago.org

SIKH Religious Society PALATINE GURDWARA
Sikh Religious Society
1280 Winnetka St., Palatine IL 60067 Phone: (847) 358-1117
www.srschicago.org e-mail: president@srschicago.org



Madan Khatri

**Want to Buy/Sell Homes, THs, Condos!**

Call Madan Khatri

**Ph: 847-530-1550**

www.PropertyZoo.com

*CALL TO BUY / SELL HOME TODAY!*

Top Producer at the office in 2011-2013-2014
*****A Broker who can work with you from Beginning to End, Call Now!!!*****

**BHHS American Heritage**
1010 Rohwing Road, Elk Grove Village, IL

BERKSHIRE HATHAWAY HOMESERVICES BH HS



**The Law Firm Of Fatima Johnson**

3737 N. Meridian St., Ste 106, Indianapolis, IN 46208

vitalvisa THE LAW FIRM OF FATIMA JOHNSON

ਤੁਸੀਂ ਸਾਡੇ ਲਈ ਬਹੁਤ ਅਹਿਮ ਹੋ

Are you planning on going to your immigration interview or court alone? Don't do it!
ਕੀ ਤੁਸੀਂ ਇਕੱਲੇ ਇਮੀਗ੍ਰੇਸ਼ਨ ਇੰਟਰਵਿਊ ਜਾਂ ਅਦਾਲਤ ਜਾਣਾ ਚਾਹੁੰਦੇ ਹੋ? ਇੰਜ ਨਾ ਕਰੋ!
Did you enter the U.S. without a visa?
ਕੀ ਤੁਸੀਂ ਯੂਨਾਈਟਿਡ ਸਟੇਟ ਵਿਚ ਕਿਸੇ ਵੀਜ਼ੇ ਦੇ ਬਿਨਾ ਦਾਖਲ ਹੋਏ ਹੋ?
Do you have family members outside the U.S.?
ਕੀ ਤੁਹਾਡੇ ਪਰਿਵਾਰ ਦੇ ਮੈਂਬਰ ਅਮਰੀਕਾ ਤੋਂ ਬਾਹਰ ਹਨ?
Does your application keep getting denied?
ਕੀ ਤੁਹਾਡੀ ਦਰਖਾਸਤ ਵਾਰ ਵਾਰ ਰੱਦ ਹੋ ਰਹੀ ਹੈ?

*We are experienced in.*

•Deportation Defense •VAWA •Asylum •Work Permit •Family and Marriage Based •Investor Visa (H1B, E-2, EB-5) •SIJS (Special Immigration Juvenile Status)

Come talk to an experienced immigration attorany. Call to schedule an appointment today
ਇੱਕ ਤਜਰਬੇਕਾਰ ਇਮੀਗ੍ਰੇਸ਼ਨ ਅਟਾਰਨੀ ਨਾਲ ਗੱਲ ਕਰੋ। ਅੱਜ ਇਕ ਮੁਲਾਕਾਤ ਤੈਅ ਕਰਨ ਲਈ ਕਾਲ ਕਰੋ

Languages Spoken
•English •Hindi •Punjabi •Urdu •Spanish •French •Arabic •Chinese
ਅਸੀਂ ਅੰਗਰੇਜ਼ੀ, ਹਿੰਦੀ, ਪੰਜਾਬੀ, ਉਰਦੂ, ਸਪੈਨਿਸ਼, ਫਰੈਂਚ, ਅਰਬੀ ਤੇ ਚੀਨੀ ਬੋਲਦੇ ਹਾਂ

*Licensed to Practice Immigration Law in all 50 States.*

**Ph: 317-252-0013**

info@vitalvisa.com

**This is an attorney advertisement**

# ਲੈਨਸਿੰਗ ਵਿਚ ਨਗਰ ਕੀਰਤਨ 11 ਨੂੰ

**ਲੈਨਸਿੰਗ, ਮਿਸ਼ੀਗਨ (ਬਿਊਰੋ):** ਗੁਰੂ ਨਾਨਕ ਸਿੱਖ ਸੈਂਟਰ, ਲੈਨਸਿੰਗ (ਮਿਸ਼ੀਗਨ) ਦੀਆਂ ਸੰਗਤਾਂ ਦੇ ਉਦਮ ਨਾਲ ਖਾਲਸੇ ਦੇ ਸਾਜਨਾ ਦਿਹਾੜੇ ਨੂੰ ਸਮਰਪਿਤ ਸਾਲਾਨਾ ਮਹਾਨ ਨਗਰ ਕੀਰਤਨ ਇਥੇ ਸਨਿਚਰਵਾਰ, 11 ਮਈ ਨੂੰ ਸਜਾਇਆ ਜਾਵੇਗਾ। ਨਗਰ ਕੀਰਤਨ ਦੀ ਸਮਾਪਤੀ 'ਤੇ ਪਿਛਲੇ ਸਾਲ ਵਾਂਗ ਅਡੈਡੋ ਰਿਵਰਫਰੰਟ ਪਾਰਕ (300 ਨਾਰਥ ਗਰੈਂਡ ਐਵੇਨਿਊ, ਲੈਨਸਿੰਗ, ਮਿਸ਼ੀਗਨ 48933) ਵਿਚ ਵਿਸਾਖੀ ਮੇਲਾ ਹੋਵੇਗਾ।

ਸਨਿਚਰਵਾਰ ਨੂੰ ਗੁਰਦੁਆਰਾ ਸਾਹਿਬ ਵਿਖੇ ਸਵੇਰੇ 7 ਵਜੇ ਅਖੰਡ ਪਾਠ ਦੇ ਭੋਗ ਉਪਰੰਤ ਸੰਗਤਾਂ ਅਡੈਡੋ ਰਿਵਰਫਰੰਟ ਪਾਰਕ ਵਿਚ ਇਕੱਤਰ ਹੋਣਗੀਆਂ। ਇਸੇ ਪਾਰਕ ਤੋਂ ਨਗਰ ਕੀਰਤਨ ਗੁਰੂ ਗ੍ਰੰਥ ਸਾਹਿਬ ਦੀ ਛਤਰਛਾਇਆ ਹੇਠ ਅਰੰਭ ਹੋਵੇਗਾ। ਨਗਰ ਕੀਰਤਨ ਆਪਣੇ ਰੂਟ ਤੋਂ ਹੁੰਦਾ ਹੋਇਆ ਵਾਪਸ ਇਸੇ ਪਾਰਕ ਵਿਚ ਆ ਕੇ ਸਮਾਪਤ ਹੋਵੇਗਾ। ਗੁਰੂ ਘਰ ਦੇ ਹੈਡ ਗ੍ਰੰਥੀ ਭਾਈ ਧਨਵੰਤ ਸਿੰਘ ਤੇ ਭਾਈ ਸ਼ਰਨਜੀਤ ਸਿੰਘ ਦੇ ਜਥੇ ਤੋਂ ਇਲਾਵਾ ਪੰਥ ਪ੍ਰਸਿਧ ਕੀਰਤਨੀਏ, ਕਥਾਵਾਚਕ ਅਤੇ ਭਾਈ ਹਰਮੇਲ ਸਿੰਘ ਖੁਸ਼ਦਿਲ ਦਾ ਢਾਡੀ ਜਥਾ ਕੀਰਤਨ, ਕਥਾ ਵਿਆਖਿਆ ਤੇ ਢਾਡੀ ਵਾਰਾਂ ਰਾਹੀਂ ਸੰਗਤਾਂ ਨੂੰ ਨਿਹਾਲ ਕਰਨਗੇ। ਸਮਾਪਤੀ 'ਤੇ ਅਡੈਡੋ ਰਿਵਰਫਰੰਟ ਪਾਰਕ 'ਚ ਸੰਗਤਾਂ ਲਈ ਲੰਗਰ ਦਾ ਖਾਸ ਪ੍ਰਬੰਧ ਹੋਵੇਗਾ।

ਨਗਰ ਕੀਰਤਨ ਤੋਂ ਬਾਅਦ ਇਕ ਸਭਿਆਚਾਰਕ ਪ੍ਰੋਗਰਾਮ ਵੀ ਪੇਸ਼ ਕੀਤਾ ਜਾਏਗਾ, ਜਿਸ ਵਿਚ ਨਾਮੀ ਗਾਇਕ ਗਿੱਲ ਹਰਦੀਪ, ਸੁਰਿੰਦਰ ਛਿੰਦਾ ਤੇ ਮੱਖਣ ਬਰਾੜ ਗਾਇਕੀ ਰਾਹੀਂ ਸਰੋਤਿਆਂ ਦਾ ਮਨੋਰੰਜਨ ਕਰਨਗੇ। ਇਸ ਮੌਕੇ ਗਿੱਧੇ-ਭੰਗੜੇ ਦੀਆਂ ਟੀਮਾਂ ਗਿੱਧੇ-ਭੰਗੜੇ ਦੇ ਜੌਹਰ ਵਿਖਾਉਣਗੀਆਂ। ਸ਼ਿਕਾਗੋ ਵਿਚ ਭਾਰਤੀ ਕੌਂਸਲ ਜਨਰਲ ਸੁਧਾਕਰ ਦਲੇਲਾ ਵਿਸ਼ੇਸ਼ ਮਹਿਮਾਨ ਹੋਣਗੇ।

ਸੰਗਤਾਂ ਲਈ ਤਾਜ਼ਾ ਜਲੇਬੀਆਂ, ਮਿਠਾਈਆਂ, ਚਾਹ-ਪਕੌੜਿਆਂ ਅਤੇ ਕੌਫੀ ਦੀ ਸੇਵਾ ਫਲਿੰਟ ਦੀ ਸੰਗਤ ਵਲੋਂ ਹੋਵੇਗੀ। ਲੰਗਰ ਦੀ ਸੇਵਾ 'ਗਰਿਲ ਆਫ ਇੰਡੀਆ, ਫਲਿੰਟ' ਵਲੋਂ ਅਤੇ ਛੋਲੇ-ਭਠੂਰਿਆਂ ਦੀ ਸੇਵਾ ਦਰਬਾਰ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ, ਕੈਂਟਨ ਦੀ ਸੰਗਤ ਵਲੋਂ ਹੋਵੇਗੀ। ਟਿੱਕੀਆਂ ਤੇ ਗੋਲ-ਗੱਪਿਆਂ ਦੀ ਸੇਵਾ ਸਿੱਖ ਸੁਸਾਇਟੀ ਆਫ ਮਿਸ਼ੀਗਨ, ਸਟਰਲਿੰਗ ਹਾਈਟਸ ਵਲੋਂ, ਗੰਨੇ ਦੇ ਰਸ ਦੀ ਸੇਵਾ ਜੈਕਸਨ ਦੀ ਸੰਗਤ ਵਲੋਂ ਅਤੇ ਛੋਲੇ-ਭਠੂਰਿਆਂ ਦੀ ਸੇਵਾ ਐਸ ਐਂਡ ਐਸ ਟਰੱਕਿੰਗ, ਕੈਲਮਜ਼ੂ ਵਲੋਂ ਹੋਵੇਗੀ। ਇਸ ਮੌਕੇ ਧਾਰਮਿਕ ਤਸਵੀਰਾਂ ਤੇ ਪੇਂਟਿੰਗ ਦਾ ਸਟਾਲ ਵੀ ਲੱਗੇਗਾ।

ਹੋਰ ਜਾਣਕਾਰੀ ਲਈ ਗੁਰਦੁਆਰਾ ਸਾਹਿਬ ਦੇ ਫੋਨ: 517-272-0231, ਲਾਡੀ ਮੁਲਤਾਨੀ ਫੋਨ: 517-204-4171, ਬਲਬੀਰ ਸਿੰਘ ਫੋਨ: 517-402-1811, ਕੁਲਦੀਪ ਸਿੰਘ (ਪ੍ਰਧਾਨ) ਫੋਨ: 517-402-4910 ਜਾਂ ਬਲਬੀਰ ਸਿੰਘ ਹਬੀਬਵਾਲ ਫੋਨ: 517-944-0947 ਰਾਹੀਂ ਸੰਪਰਕ ਕੀਤਾ ਜਾ ਸਕਦਾ ਹੈ।

## ਸਰਹੱਦੀ ਖੇਤਰ 'ਚ ਭਾਜਪਾ ਦੀ ਚੋਣ ਮੁਹਿੰਮ ਠੰਢੀ

**ਚੰਡੀਗੜ੍ਹ:** ਸਰਹੱਦੀ ਖੇਤਰ ਅੰਦਰ ਲੋਕ ਸਭਾ ਦੇ ਅਕਾਲੀ ਭਾਜਪਾ ਦੇ ਸਾਂਝੇ ਉਮੀਦਵਾਰ ਹਰਦੀਪ ਸਿੰਘ ਪੁਰੀ ਦੀਆਂ ਸਰਗਰਮੀਆਂ ਅਜੇ ਤੱਕ ਸ਼ੁਰੂ ਨਾ ਹੋਣ ਕਾਰਨ ਉਹ ਕਾਂਗਰਸ ਪਾਰਟੀ ਦੇ ਉਮੀਦਵਾਰ ਗੁਰਜੀਤ ਸਿੰਘ ਔਜਲਾ ਤੋਂ ਚੋਣ ਪ੍ਰਚਾਰ ਵਿਚ ਪਛੜੇ ਹੋਏ ਹਨ। ਸਰਹੱਦੀ ਖੇਤਰ ਨਾਲ ਲੱਗਦੇ ਇਸ ਹਲਕੇ ਅੰਦਰ ਲੋਕਾਂ ਵਿਚ ਕੇਂਦਰ ਤੇ ਪੰਜਾਬ ਸਰਕਾਰ ਦੋਵਾਂ ਵਿਰੁੱਧ ਰੋਸ ਪਾਇਆ ਜਾ ਰਿਹਾ ਹੈ।

## ਤਿੰਨ ਨੌਜਵਾਨਾਂ ਦੀ ਰੇਲਗੱਡੀ ਹੇਠ ਆਉਣ ਕਾਰਨ ਮੌਤ

**ਕਰਨਾਲ :** ਪਾਣੀਪਤ ਦੇ ਤਾਊ ਦੇਵੀਲਾਲ ਪਾਰਕ ਨੇੜੇ ਦਿੱਲੀ-ਅੰਬਾਲਾ ਰੇਲਵੇ ਲਾਈਨ 'ਤੇ ਟਿਕ-ਟੌਕ ਐਪ ਉਪਰ ਵੀਡੀਓ ਬਣਾ ਰਹੇ ਤਿੰਨ ਨੌਜਵਾਨ ਰੇਲ ਗੱਡੀ ਹੇਠਾਂ ਆ ਗਏ। ਸੂਚਨਾ ਮਿਲਣ 'ਤੇ ਜੀ.ਆਰ.ਪੀ. ਮੌਕੇ 'ਤੇ ਪੁੱਜੀ ਅਤੇ ਲਾਸ਼ਾਂ ਨੂੰ ਸਿਵਲ ਹਸਪਤਾਲ ਭਿਜਵਾ ਦਿੱਤਾ।

ਪੁਲਿਸ ਨੇ ਦੱਸਿਆ ਕਿ ਰਾਕੇਸ਼ ਨਗਰ ਪਾਣੀਪਤ ਵਾਸੀ ਸਨੀ (17 ਸਾਲ) ਪੁੱਤਰ ਸੁਰੇਸ਼ ਤੇ ਚਮਨ (15 ਸਾਲ) ਪੁੱਤਰ ਭੁਪੇਂਦਰ ਅਤੇ ਉੱਤਰ ਪ੍ਰਦੇਸ਼ ਦੇ ਅਲੀਗੜ੍ਹ ਵਾਸੀ ਕ੍ਰਿਸ਼ਨ (20 ਸਾਲ) ਪੁੱਤਰ ਦਯਾਰਾਮ ਸੋਮਵਾਰ ਦੇਰ ਸ਼ਾਮ ਨੂੰ ਸੈਕਟਰ-6 ਸਥਿਤ ਦੇਵੀਲਾਲ ਪਾਰਕ ਕੋਲ ਪੁੱਜੇ। ਮੌਕੇ 'ਤੇ ਮੌਜੂਦ ਲੋਕਾਂ ਨੇ ਦੱਸਿਆ ਕਿ ਤਿੰਨੇ ਦੋਸਤ ਵੱਖ-ਵੱਖ ਪੋਜ਼ ਵਿਚ ਵੀਡੀਓ ਬਣਾ ਰਹੇ ਸਨ ਕਿ ਡਾਊਨ ਲਾਈਨ 'ਤੇ ਐਕਸਪ੍ਰੈਸ ਗੱਡੀ ਦੀ ਸੀਟੀ ਸੁਣਾਈ ਦਿੱਤੀ। ਗੱਡੀ ਦੀ ਰਫ਼ਤਾਰ ਤੇਜ਼ ਹੋਣ ਕਰਕੇ ਤਿੰਨੇ ਡਰ ਗਏ ਅਤੇ ਜਾਨ ਬਚਾਉਣ ਲਈ ਅਪ-ਲਾਈਨ ਵੱਲ ਭੱਜੇ। ਉਦੋਂ ਹੀ ਅੱਪ-ਲਾਈਨ 'ਤੇ ਪਾਣੀਪਤ ਸਟੇਸ਼ਨ ਤੋਂ ਅੰਬਾਲਾ ਵੱਲ ਜਾ ਰਹੀ 303 ਕਾਲਕਾ ਯਾਤਰੀ ਗੱਡੀ ਆ ਰਹੀ ਸੀ। ਤਿੰਨਾਂ ਨੂੰ ਇਸ ਗੱਡੀ ਦੀ ਭਿਣਕ ਤੱਕ ਨਾ ਲੱਗੀ ਅਤੇ ਤਿੰਨੇ ਇਸ ਗੱਡੀ ਹੇਠ ਆ ਗਏ।

## ਮੂਲ ਨਾਨਕਸ਼ਾਹੀ ਕੈਲੰਡਰ ਅਪਨਾਓ

ਮਹੀਨਾ ਵਿਸਾਖ ਤੇ ਜੇਠ

| ਐਤਵਾਰ | ਸੋਮਵਾਰ | ਮੰਗਲਵਾਰ | ਬੁੱਧਵਾਰ | ਵੀਰਵਾਰ | ਸ਼ੁੱਕਰਵਾਰ | ਸਨਿੱਚਰਵਾਰ |
|---|---|---|---|---|---|---|
| 1 ਵਿਸਾਖ 14 ਅਪਰੈਲ | 2 ਵਿਸਾਖ 15 ਅਪਰੈਲ | 3 ਵਿਸਾਖ 16 ਅਪਰੈਲ | 4 ਵਿਸਾਖ 17 ਅਪਰੈਲ | 5 ਵਿਸਾਖ 18 ਅਪਰੈਲ | 6 ਵਿਸਾਖ 19 ਅਪਰੈਲ | 7 ਵਿਸਾਖ 20 ਅਪਰੈਲ |
| 8 ਵਿਸਾਖ 21 ਅਪਰੈਲ | 9 ਵਿਸਾਖ 22 ਅਪਰੈਲ | 10 ਵਿਸਾਖ 23 ਅਪਰੈਲ | 11 ਵਿਸਾਖ 24 ਅਪਰੈਲ | 12 ਵਿਸਾਖ 25 ਅਪਰੈਲ | 13 ਵਿਸਾਖ 26 ਅਪਰੈਲ | 14 ਵਿਸਾਖ 27 ਅਪਰੈਲ |
| 15 ਵਿਸਾਖ 28 ਅਪਰੈਲ | 16 ਵਿਸਾਖ 29 ਅਪਰੈਲ | 17 ਵਿਸਾਖ 30 ਅਪਰੈਲ | 18 ਵਿਸਾਖ 1 ਮਈ | 19 ਵਿਸਾਖ 2 ਮਈ | 20 ਵਿਸਾਖ 3 ਮਈ | 21 ਵਿਸਾਖ 4 ਮਈ |
| 22 ਵਿਸਾਖ 5 ਮਈ | 23 ਵਿਸਾਖ 6 ਮਈ | 24 ਵਿਸਾਖ 7 ਮਈ | 25 ਵਿਸਾਖ 8 ਮਈ | 26 ਵਿਸਾਖ 9 ਮਈ | 27 ਵਿਸਾਖ 10 ਮਈ | 28 ਵਿਸਾਖ 11 ਮਈ |
| 29 ਵਿਸਾਖ 12 ਮਈ | 30 ਵਿਸਾਖ 13 ਮਈ | 31 ਵਿਸਾਖ 14 ਮਈ | 1 ਜੇਠ 15 ਮਈ | 2 ਜੇਠ 16 ਮਈ | 3 ਜੇਠ 17 ਮਈ | 4 ਜੇਠ 18 ਮਈ |
| 5 ਜੇਠ 19 ਮਈ | 6 ਜੇਠ 20 ਮਈ | 7 ਜੇਠ 21 ਮਈ | 8 ਜੇਠ 22 ਮਈ | 9 ਜੇਠ 23 ਮਈ | 10 ਜੇਠ 24 ਮਈ | 11 ਜੇਠ 25 ਮਈ |
| 12 ਜੇਠ 26 ਮਈ | 13 ਜੇਠ 27 ਮਈ | 14 ਜੇਠ 28 ਮਈ | 15 ਜੇਠ 29 ਮਈ | 16 ਜੇਠ 30 ਮਈ | 17 ਜੇਠ 31 ਮਈ | |

19 ਵਿਸਾਖ (2 ਮਈ) ਪ੍ਰਕਾਸ਼ ਦਿਹਾੜਾ ਪਾਤਸ਼ਾਹੀ ਪੰਜਵੀਂ
3 ਜੇਠ (17 ਮਈ) ਛੋਟਾ ਘੱਲੂਘਾਰਾ
9 ਜੇਠ (23 ਮਈ) ਪ੍ਰਕਾਸ਼ ਦਿਹਾੜਾ ਪਾਤਸ਼ਾਹੀ ਤੀਜੀ
21 ਜੇਠ (4 ਜੂਨ) ਘੱਲੂਘਾਰਾ 1984
28 ਜੇਠ (11 ਜੂਨ) ਗੁਰਗੱਦੀ ਦਿਵਸ ਪਾਤਸ਼ਾਹੀ ਛੇਵੀਂ

ਉਹੀ ਤਰੀਕ ਹਰ ਸਾਲ, ਠੀਕ ਇਤਿਹਾਸ ਤਰਤੀਬ ਨਾਲ।

ਸਮੂਹ ਗੁਰਦੁਆਰਾ ਪ੍ਰਬੰਧਕ ਕਮੇਟੀਆਂ ਨੂੰ ਬੇਨਤੀ ਹੈ ਕਿ ਧਾਰਮਕ ਤੇ ਇਤਿਹਾਸਕ ਦਿਹਾੜੇ ਮਨਾਉਣ ਵਿਚ ਇਕਸਾਰਤਾ ਲਿਆਉਣ ਲਈ ਮੂਲ ਨਾਨਕਸ਼ਾਹੀ ਕੈਲੰਡਰ ਨੂੰ ਅਪਨਾਓ

SIKH Religious Society PALATINE GURDWARA
Sikh Religious Society
1280 Winnetka St., Palatine IL 60067 Phone: (847) 358-1117
www.srschicago.org e-mail:contactus@srschicago.org


Indianapolis, Indiana ਵਿਚ ਬਣਾਓ ਆਪਣੇ ਸੁਪਨਿਆਂ ਦਾ ਘਰ

*One of the Fastest Growing City in America and Best School System...*



- ਨਵੇਂ ਨਕੋਰ ਘਰਾਂ ਦੀ ਕੀਮਤ $200,000 ਤੋਂ ਸ਼ੁਰੂ ਹੁੰਦੀ ਹੈ
- 1500 ਵਰਗ ਗਜ ਤੋਂ 5000 ਵਰਗ ਗਜ ਦੇ ਘਰ
- 4-6 ਬੈਡ ਰੂਮ, 3-4 ਬਾਥ ਰੂਮ
- ਬੱਚਿਆਂ ਦੀ ਪੜ੍ਹਾਈ ਲਈ ਬੜੇ ਵਧੀਆ ਸਕੂਲ, ਕਾਲਜ ਅਤੇ ਯੂਨੀਵਰਸਿਟੀਆਂ
- ਬਹੁਤ ਹੀ ਘੱਟ ਪ੍ਰਾਪਰਟੀ ਟੈਕਸ ਅਤੇ ਘਰਾਂ ਦੀ ਇੰਸ਼ੋਰੈਂਸ ਸਸਤੀ




Manjit Singh Nagra
*Realtor/Broker*
**Cell: 317-750-1900**
6979 Hillsdale Court
Indianapolis, Indiana 46250

ਅਸੀਂ ਘਰਾਂ ਅਤੇ ਬਿਜਨਸ ਲਈ ਹਰ ਤਰ੍ਹਾਂ ਦੇ ਲੋਨ ਕਰਦੇ ਹਾਂ, ਮਨਜ਼ੂਰੀ (Approval) ਉਸੇ ਦਿਨ

Gurdeep (Garry) Chhokar
Realtor/Broker
**Cell: 317-500-1247**

Star Alliance BROKERAGE



*We do all type of Home and Commercial Loan. Same day loan approval...*

# ਚੋਣ ਵਾਅਦੇ ਨਿਭਾਉਣ ਪੱਖੋਂ 'ਨਿਕੰਮੀ' ਨਿਕਲੀ ਕਾਂਗਰਸ ਸਰਕਾਰ

## 91 ਫੀਸਦੀ ਵਾਅਦੇ ਪੂਰੇ ਨਾ ਕਰਨ ਦਾ ਦਾਅਵਾ

**ਅੰਮ੍ਰਿਤਸਰ:** ਲੋਕ ਨੀਤੀ ਖੋਜ ਕੇਂਦਰ (ਪੀ.ਪੀ.ਆਰ.ਸੀ.) ਵੱਲੋਂ ਪੰਜਾਬ ਦੀ ਕਾਂਗਰਸ ਸਰਕਾਰ ਦੇ ਚੋਣ ਮਨੋਰਥ ਪੱਤਰ ਦੀ 'ਰੀਵਿਊ ਰਿਪਰੋਟ' ਜਾਰੀ ਕੀਤੀ ਹੈ, ਜਿਸ ਵਿਚ ਦਾਅਵਾ ਕੀਤਾ ਹੈ ਕਿ ਕਾਂਗਰਸ ਨੇ 91 ਫੀਸਦੀ ਵਾਅਦੇ ਪੂਰੇ ਨਹੀਂ ਕੀਤੇ। ਭਾਜਪਾ ਨੇ ਇਸ ਰਿਪੋਰਟ ਬਾਰੇ ਕਾਂਗਰਸ ਸਰਕਾਰ ਨੂੰ ਆਪਣਾ ਪੱਖ ਰੱਖਣ ਲਈ ਕਿਹਾ ਹੈ। 'ਏ ਟੇਲ ਆਫ ਬਿਟਰੇਲ' ਨਾਂ ਦੀ ਇਹ ਰਿਪੋਰਟ ਇਥੇ ਕੇਂਦਰੀ ਮੰਤਰੀ ਤੇ ਅੰਮ੍ਰਿਤਸਰ ਸੰਸਦੀ ਹਲਕੇ ਤੋਂ ਭਾਜਪਾ ਉਮੀਦਵਾਰ ਹਰਦੀਪ ਸਿੰਘ ਪੁਰੀ, ਪੰਜਾਬ ਭਾਜਪਾ ਦੇ ਪ੍ਰਧਾਨ ਸ਼ਵੇਤ ਮਲਿਕ ਅਤੇ ਪੀ.ਪੀ.ਆਰ.ਸੀ. ਦੇ ਆਗੂ ਡਾ. ਸੁਮੀਤ ਭਸੀਨ ਵੱਲੋਂ ਜਾਰੀ ਕੀਤੀ ਗਈ ਹੈ।

ਲੋਕ ਨੀਤੀ ਖੋਜ ਕੇਂਦਰ ਅਜਿਹੀ ਇਕ ਨਿੱਜੀ ਸੰਸਥਾ ਹੈ, ਜਿਸ ਨੇ ਕਈ ਸੂਬਿਆਂ ਦੇ ਚੋਣ ਮਨੋਰਥ ਪੱਤਰਾਂ ਬਾਰੇ ਆਪਣੀ ਖੋਜ ਅਧਿਐਨ ਰਿਪੋਰਟ ਜਾਰੀ ਕੀਤੀ ਹੈ। ਇਹ ਜਥੇਬੰਦੀ ਨੇ ਕੇਂਦਰ ਦੀ ਭਾਜਪਾ ਸਰਕਾਰ ਵੱਲੋਂ ਕੀਤੇ ਵਾਅਦਿਆਂ ਬਾਰੇ ਵੀ ਖੋਜ ਕੀਤੀ ਹੋਈ ਹੈ। ਸੰਸਥਾ ਦੇ ਆਗੂ ਡਾ. ਸੁਮੀਤ ਭਸੀਨ ਨੇ ਕਿਹਾ ਕਿ ਕਾਂਗਰਸ ਨੇ 2017 ਵਿਧਾਨ ਸਭਾ ਚੋਣਾਂ ਸਮੇਂ ਆਪਣੇ ਘੋਸ਼ਣਾ ਪੱਤਰ ਵਿਚ 438 ਵਾਅਦੇ ਕੀਤੇ ਸਨ ਅਤੇ ਇਨ੍ਹਾਂ ਵਿਚੋਂ 398 ਵਾਅਦੇ ਹੁਣ ਤਕ ਪੂਰੇ ਨਹੀਂ ਹੋਏ ਹਨ। ਬਾਕੀ ਰਹਿੰਦੇ 40 ਵਾਅਦੇ ਜੋ ਕਿ ਚੋਣ ਮਨੋਰਥ ਪੱਤਰ ਦਾ ਸਿਰਫ 9 ਫੀਸਦੀ ਹਨ, ਵੀ ਅਮਲ ਅਧੀਨ ਹਨ। ਉਨ੍ਹਾਂ ਦਾਅਵਾ ਕੀਤਾ ਕਿ ਕੀਤੇ ਵਾਅਦਿਆਂ ਵਿਚੋਂ 91 ਫੀਸਦੀ ਵਾਅਦੇ ਕਾਂਗਰਸ ਸਰਕਾਰ ਹੁਣ ਤਕ ਪੂਰੇ ਕਰਨ ਵਿਚ ਅਸਫਲ ਰਹੀ ਹੈ। ਉਨ੍ਹਾਂ ਦਾਅਵਾ ਕੀਤਾ ਕਿ ਜਨਤਕ ਸਿਹਤ ਸੇਵਾਵਾਂ ਦੇ ਖੇਤਰ ਵਿਚ ਪੰਜਾਬ ਪੱਛੜਿਆ ਹੈ। ਵਪਾਰ ਦੇ ਖੇਤਰ ਵਿਚ ਵੀ ਪੰਜਾਬ 2015 ਵਿਚ 16ਵੇਂ ਸਥਾਨ 'ਤੇ ਸੀ ਅਤੇ ਹੁਣ 2018 ਵਿਚ 20ਵੇਂ ਸਥਾਨ 'ਤੇ ਖਿਸਕ ਗਿਆ ਹੈ।



ਪੰਜਾਬ ਭਾਜਪਾ ਦੇ ਪ੍ਰਧਾਨ ਸ਼ਵੇਤ ਮਲਿਕ ਨੇ ਕਿਹਾ ਕਿ ਸੂਬੇ ਦੀ ਕਾਂਗਰਸ ਸਰਕਾਰ ਨੇ ਲੋਕਾਂ ਨਾਲ ਕੀਤੇ ਵਾਅਦੇ ਪੂਰੇ ਨਾ ਕਰਕੇ ਵਿਸ਼ਵਾਸਘਾਤ ਕੀਤਾ ਹੈ। ਦੂਜੇ ਪਾਸੇ ਅੰਮ੍ਰਿਤਸਰ ਸੰਸਦੀ ਹਲਕੇ ਤੋਂ ਕਾਂਗਰਸੀ ਉਮੀਦਵਾਰ ਗੁਰਜੀਤ ਸਿੰਘ ਔਜਲਾ ਨੇ ਕਿਹਾ ਕਿ 2014 ਵਿਚ ਭਾਜਪਾ ਨੇ ਆਪਣੇ ਚੋਣ ਮਨੋਰਥ ਪੱਤਰ ਵਿਚ ਕੀਤੇ ਵਾਅਦਿਆਂ ਵਿਚੋਂ 125 ਵਾਅਦੇ ਪੂਰੇ ਨਹੀਂ ਕੀਤੇ। ਉਨ੍ਹਾਂ ਕਿਹਾ ਕਿ ਭਾਜਪਾ ਦਾ ਇਹ ਚੋਣ ਮਨੋਰਥ ਪੱਤਰ ਝੂਠ ਦਾ ਉਹ ਗੁਬਾਰਾ ਹੈ, ਜਿਸ ਦੀ 23 ਮਈ ਨੂੰ ਚੋਣ ਨਤੀਜਿਆਂ ਦਿਨ ਹਵਾ ਨਿਕਲ ਜਾਵੇਗੀ।

– ਲੋਕ ਸਭਾ ਚੋਣਾਂ –

# ਅਸਲ ਮੁੱਦੇ ਦਰ-ਕਿਨਾਰ, ਦੂਸ਼ਣਬਾਜ਼ੀ ਬਣੀ ਹਥਿਆਰ

**ਚੰਡੀਗੜ੍ਹ:** ਇਸ ਵਾਰ ਦੀਆਂ ਲੋਕ ਸਭਾ ਚੋਣਾਂ ਵਿਚ ਸੂਬੇ ਨਾਲ ਸਬੰਧਤ ਮੁੱਖ ਮੁੱਦੇ ਹਾਸ਼ੀਏ ਉਤੇ ਚਲੇ ਗਏ ਹਨ। ਕਾਂਗਰਸ ਅਤੇ ਸ਼੍ਰੋਮਣੀ ਅਕਾਲੀ ਦਲ ਕਈ ਦਹਾਕਿਆਂ ਤੋਂ ਲੋਕ ਸਭਾ ਚੋਣਾਂ ਸਮੇਂ ਐਸ.ਵਾਈ.ਐਲ. ਨਹਿਰ, ਪਾਣੀਆਂ ਦਾ ਮੁੱਦਾ, ਚੰਡੀਗੜ੍ਹ 'ਤੇ ਪੰਜਾਬ ਦਾ ਹੱਕ, ਪੰਜਾਬੀ ਬੋਲੀ, ਪੰਜਾਬੀ ਬੋਲਦੇ ਇਲਾਕਿਆਂ ਵਰਗੇ ਮੁੱਦੇ ਉਭਾਰ ਕੇ ਖੁਦ ਨੂੰ ਪੰਜਾਬ ਦੇ ਅਸਲ ਹਿਤੈਸ਼ੀ ਸਾਬਤ ਕਰਨ ਦੀ ਕੋਸ਼ਿਸ਼ ਕਰਦਾ ਆ ਰਿਹਾ ਸੀ ਪਰ ਇਸ ਵਾਰ ਸੂਬੇ ਨਾਲ ਜੁੜੇ ਇਨ੍ਹਾਂ ਮੁੱਦਿਆਂ ਨੂੰ ਦਰ-ਕਿਨਾਰ ਕਰ ਦਿੱਤਾ ਗਿਆ ਹੈ। ਇਸ ਦੀ ਥਾਂ ਬੇਦਅਬੀ ਤੇ ਗੁਟਕਾ ਸਾਹਿਬ ਦੀ ਸਹੁੰ ਵਰਗੇ ਮੁੱਦੇ ਹਾਵੀ ਹੋ ਗਏ ਹਨ। ਇਸ ਤੋਂ ਇਲਾਵਾ ਨਿੱਜੀ ਦੂਸ਼ਣਬਾਜ਼ੀ ਨੂੰ ਵੀ ਪ੍ਰਚਾਰ ਦਾ ਹਥਿਆਰ ਬਣਾਇਆ ਜਾ ਰਿਹਾ ਹੈ।

ਰਵਾਇਤੀ ਪਾਰਟੀਆਂ ਕਾਂਗਰਸ ਅਤੇ ਸ਼੍ਰੋਮਣੀ ਅਕਾਲੀ ਦਲ ਵੱਲੋਂ ਆਪਣੇ ਆਪ ਨੂੰ ਪੰਜਾਬ ਦਾ ਹਿਤੈਸ਼ੀ ਦੱਸ ਕੇ ਸੂਬੇ ਨਾਲ ਸਬੰਧਤ ਮੁੱਦਿਆਂ ਨੂੰ ਹੱਲ ਕਰਵਾਉਣ ਲਈ ਦਮਗਜ਼ੇ ਮਾਰੇ ਜਾਂਦੇ ਰਹੇ ਹਨ। ਇਸ ਵਾਰ ਪਾਣੀਆਂ ਦਾ ਰਾਖਾ ਅਖਵਾਉਂਦੇ 'ਕੈਪਟਨ' ਅਤੇ ਪੰਜਾਬ ਦੇ ਰਾਖੇ 'ਬਾਦਲਾਂ' ਵੱਲੋਂ ਇਨ੍ਹਾਂ ਮੁੱਦਿਆਂ ਤੋਂ ਕਿਨਾਰਾ ਕਰ ਲਿਆ ਗਿਆ ਹੈ। ਅਕਾਲੀ ਦਲ ਪੰਥ ਅਤੇ ਪੰਜਾਬ ਦੇ ਨਾਂ 'ਤੇ ਚੋਣਾਂ ਲੜਨ ਦੀ ਥਾਂ ਰਾਸ਼ਟਰਵਾਦ ਅਤੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੇ ਨਾਮ 'ਤੇ ਲੜਦਾ ਦਿਖ ਰਿਹਾ ਹੈ। ਕਾਂਗਰਸ ਨੇ ਬੇਅਦਬੀ ਕਾਂਡ ਨੂੰ ਹੀ ਮੁੱਦਾ ਬਣਾ ਕੇ ਅਕਾਲੀਆਂ ਨੂੰ ਘੇਰਨ ਦੀ ਯੋਜਨਾ ਬਣਾਈ ਹੈ। ਇਨ੍ਹਾਂ ਮੁੱਦਿਆਂ ਤੋਂ ਆਮ ਆਦਮੀ ਪਾਰਟੀ ਅਤੇ ਪੰਜਾਬ ਜਮਹੂਰੀ ਗੱਠਜੋੜ ਨੇ ਵੀ ਕਿਨਾਰਾ ਕੀਤਾ ਹੋਇਆ ਹੈ। ਹਰ ਵਾਰ ਸਿਰਫ ਚੋਣਾਂ ਸਮੇਂ ਹੀ ਵਗਣ ਵਾਲੀ ਐਸ.ਵਾਈ.ਐਲ. ਨਹਿਰ ਵੀ ਇਸ ਵਾਰ ਚੋਣ ਮੁੱਦਾ ਨਾ ਬਣ ਸਕੀ। ਸੰਸਦ ਮੈਂਬਰ ਧਰਮਵੀਰ ਗਾਂਧੀ ਤੋਂ ਇਲਾਵਾ ਸੰਸਦ ਵਿਚ ਕਿਸੇ ਹੋਰ ਐਮ.ਪੀ. ਨੇ ਇਹ ਮੁੱਦਾ ਗੰਭੀਰਤਾ ਨਾਲ ਨਹੀਂ ਉਠਾਇਆ।


2017 ਦੀਆਂ ਵਿਧਾਨ ਸਭਾ ਚੋਣਾਂ ਸਮੇਂ ਅਕਾਲੀ ਦਲ ਵੱਲੋਂ ਪ੍ਰਕਾਸ਼ ਸਿੰਘ ਬਾਦਲ ਦੀ ਤਸਵੀਰ ਵਾਲੇ ਫਲੈਕਸ ਬਣਾ ਕੇ ਪੰਜਾਬ ਦੇ ਪਿੰਡਾਂ ਵਿਚ ਲਗਾਏ ਗਏ ਪਰ ਬਾਦਲ ਦੀ ਨੂੰਹ ਹਰਸਿਮਰਤ ਕੌਰ ਬਾਦਲ ਨੇ ਕੇਂਦਰੀ ਮੰਤਰੀ ਹੁੰਦਿਆਂ ਇਹ ਮਾਮਲਾ ਨਹੀਂ ਉਠਾਇਆ। ਕੈਪਟਨ ਸਰਕਾਰ ਨੇ ਵੀ ਦੋ ਸਾਲਾਂ ਦੇ ਕਾਰਜਕਾਲ ਦੌਰਾਨ ਇਹ ਮੁੱਦਾ ਨਹੀਂ ਚੁੱਕਿਆ।

# ਲੋਕ ਸਭਾ ਚੋਣਾਂ: ਬੇਰੁਜ਼ਗਾਰੀ, ਕਿਸਾਨੀ ਤੇ ਪ੍ਰਦੂਸ਼ਣ ਵੱਡੇ ਮੁੱਦਿਆਂ ਵਜੋਂ ਉਭਰੇ

**ਚੰਡੀਗੜ੍ਹ:** ਪੰਜਾਬ ਦੇ ਵੋਟਰਾਂ ਵੱਲੋਂ ਚੋਣਾਂ ਦੌਰਾਨ ਮਨਮਰਜ਼ੀ ਦੀ ਪਾਰਟੀ ਅਤੇ ਉਮੀਦਵਾਰ ਨੂੰ ਵੋਟ ਪਾਉਣ ਦੇ ਮਾਮਲੇ ਵਿਚ ਜ਼ਿਆਦਾ ਤਰਜੀਹ ਦਿੱਤੀ ਜਾਂਦੀ ਹੈ। ਇਹ ਤੱਥ ਜਮਹੂਰੀ ਸੁਧਾਰਾਂ ਦੀ ਸੰਸਥਾ ਏ.ਡੀ.ਆਰ. ਵੱਲੋਂ ਕੀਤੇ ਸਰਵੇਖਣ ਦੌਰਾਨ ਸਾਹਮਣੇ ਆਏ ਹਨ। ਏ.ਡੀ.ਆਰ. ਦੇ ਨੁਮਾਇੰਦਿਆਂ ਨੇ ਦੱਸਿਆ ਕਿ ਪੰਜਾਬ ਦੇ ਸਾਰੇ 13 ਸੰਸਦੀ ਹਲਕਿਆਂ ਵਿਚੋਂ ਲੋਕਾਂ ਦੀ ਰਾਏ ਦੇ ਆਧਾਰ 'ਤੇ ਇਹ ਰਿਪੋਰਟ ਤਿਆਰ ਕੀਤੀ ਗਈ ਹੈ ਅਤੇ ਹਰੇਕ ਹਲਕੇ ਵਿਚੋਂ 500 ਵੋਟਰਾਂ ਦੀ ਸ਼ਮੂਲੀਅਤ ਯਕੀਨੀ ਬਣਾਈ ਗਈ ਹੈ। ਉਨ੍ਹਾਂ ਦੱਸਿਆ ਕਿ ਪੰਜਾਬ ਸਮੇਤ ਕੌਮੀ ਪੱਧਰ 'ਤੇ ਬੇਰੁਜ਼ਗਾਰੀ ਪ੍ਰਮੁੱਖ ਮੁੱਦੇ ਵਜੋਂ ਉਭਰ ਕੇ ਸਾਹਮਣੇ ਆਇਆ ਹੈ। ਭਾਜਪਾ ਅਤੇ ਕੌਮੀ ਜਮਹੂਰੀ ਗਠਜੋੜ ਦੀਆਂ ਸਹਿਯੋਗੀ ਪਾਰਟੀਆਂ ਵੱਲੋਂ ਅਤਿਵਾਦ ਦੇ ਮੁੱਦੇ ਨੂੰ ਦਿੱਤੀ ਜਾ ਰਹੀ ਹਵਾ ਨੂੰ ਲੋਕਾਂ ਨੇ ਹੁਲਾਰਾ ਨਹੀਂ ਦਿੱਤਾ ਭਾਵ ਵੋਟਰਾਂ ਦੀਆਂ ਨਜ਼ਰਾਂ ਵਿਚ ਇਹ ਮੁੱਦਾ ਨਹੀਂ ਹੈ।

ਪੰਜਾਬ ਦੀ ਗੱਲ ਕਰਦਿਆਂ ਏ.ਡੀ.ਆਰ. ਦੇ ਨੁਮਾਇੰਦਿਆਂ ਨੇ ਦੱਸਿਆ ਕਿ 87 ਫੀਸਦੀ ਵੋਟਰ ਭਾਵੇਂ ਆਪਣੀ ਮਰਜ਼ੀ ਮੁਤਾਬਕ ਵੋਟ ਪਾਉਂਦੇ ਹਨ ਪਰ ਵੋਟਰਾਂ ਦੀ ਨਜ਼ਰ ਵਿਚ ਸਭ ਤੋਂ ਪਹਿਲਾਂ ਪਾਰਟੀ, ਫਿਰ ਉਮੀਦਵਾਰ ਦੀ ਜਾਤ, ਬਰਾਦਰੀ ਆਉਂਦੀ ਹੈ। ਉਮੀਦਵਾਰ ਦੇ ਚੰਗੇ ਜਾਂ ਮਾੜੇ ਕਿਰਦਾਰ ਦੀ ਪੁਣਛਾਣ ਵੋਟਰਾਂ ਵੱਲੋਂ ਅੰਤ ਵਿਚ ਕੀਤੀ ਜਾਂਦੀ ਹੈ। ਇਹ ਤੱਥ ਵੀ ਅਹਿਮ ਹੈ ਕਿ ਮਹਿਜ਼ 6 ਫੀਸਦੀ ਵੋਟਰ ਆਪਣੇ ਪਰਿਵਾਰਕ ਮੈਂਬਰਾਂ ਦੇ ਪ੍ਰਭਾਵ ਅਧੀਨ ਤੇ 5 ਫੀਸਦੀ ਵੋਟਰ ਆਪਣੇ ਜੀਵਨ ਸਾਥੀ ਦੇ ਕਹਿਣ 'ਤੇ ਵੋਟ ਪਾਉਂਦੇ ਹਨ।

ਸਰਵੇਖਣ ਦੌਰਾਨ ਇਹ ਵੀ ਤੱਥ ਸਾਹਮਣੇ ਆਏ ਕਿ ਪੰਜਾਬ ਸਮੇਤ ਤਕਰੀਬਨ ਸਾਰੇ ਸੂਬਿਆਂ




ਵਿਚ ਵੋਟਰਾਂ ਵੱਲੋਂ ਮੁੱਖ ਮੰਤਰੀ ਦੀ ਸ਼ਖ਼ਸੀਅਤ ਨੂੰ ਨਜਰਅੰਦਾਜ਼ ਨਹੀਂ ਕੀਤਾ ਜਾਂਦਾ ਹੈ। ਸੂਬੇ ਵਿਚ ਚੋਣਾਂ ਸਮੇਂ ਸ਼ਰਾਬ ਅਤੇ ਪੈਸੇ ਦੀ ਵਰਤੋਂ ਆਮ ਵਰਤਾਰਾ ਮੰਨਿਆ ਜਾਣ ਲੱਗਿਆ ਹੈ। ਸੂਬੇ ਦੇ 17 ਫੀਸਦੀ ਵੋਟਰਾਂ ਨੇ ਸਰਵੇਖਣ ਦੌਰਾਨ ਕਿਹਾ ਹੈ ਕਿ ਸ਼ਰਾਬ, ਪੈਸਾ ਅਤੇ ਤੋਹਫੇ ਆਦਿ ਉਮੀਦਵਾਰ ਦੇ ਹੱਕ ਵਿਚ ਵੋਟ ਦੇ ਭੁਗਤਾਨ ਵਿਚ ਮਹੱਤਵਪੂਰਨ ਭੂਮਿਕਾ ਨਿਭਾਉਂਦੇ ਹਨ। 80 ਫੀਸਦੀ ਵੋਟਰ ਮੰਨਦੇ ਹਨ ਕਿ ਚੋਣਾਂ ਦੌਰਾਨ ਨਸ਼ੇ ਅਤੇ ਪੈਸੇ ਦੀ ਵਰਤੋਂ ਗੈਰਕਾਨੂੰਨੀ ਹੈ। ਏ.ਡੀ.ਆਰ. ਦੇ ਸਰਵੇਖਣ ਦੌਰਾਨ ਦਿਲਚਸਪ ਤੱਥ ਇਹ ਵੀ ਸਾਹਮਣੇ ਆਇਆ ਕਿ ਪੰਜਾਬ ਦੇ 98 ਫੀਸਦੀ ਵੋਟਰਾਂ ਦਾ ਮੰਨਣਾ ਹੈ ਕਿ ਅਪਰਾਧਿਕ ਮਾਮਲਿਆਂ ਵਿਚ ਘਿਰੇ ਸਿਆਸਤਦਾਨਾਂ ਨੂੰ ਪਾਰਲੀਮੈਂਟ ਵਿਚ ਨਹੀਂ ਜਾਣਾ ਚਾਹੀਦਾ ਹੈ ਪਰ 37 ਫੀਸਦੀ ਵੋਟਰ ਉਮੀਦਵਾਰਾਂ ਦੇ ਅਪਰਾਧਿਕ ਪਿਛੋਕੜ ਨੂੰ ਇਸ ਕਰਕੇ ਨਜਰਅੰਦਾਜ਼ ਕਰ ਦਿੰਦੇ ਹਨ ਕਿਉਂਕਿ ਉਮੀਦਵਾਰ ਹੋਰ ਬਹੁਤ ਚੰਗੇ ਕੰਮ ਵੀ ਕਰਦਾ ਹੁੰਦਾ ਹੈ।

ਇਸੇ ਦੌਰਾਨ 35 ਫੀਸਦੀ ਵੋਟਰਾਂ ਦਾ ਇਹ ਵੀ ਮੰਨਣਾ ਹੈ ਕਿ ਸਿਆਸਤਦਾਨਾਂ ਖਿਲਾਫ ਜਿਸ ਤਰ੍ਹਾਂ ਦੇ ਅਪਰਾਧਿਕ ਮਾਮਲੇ ਦਰਜ ਹੁੰਦੇ ਹਨ, ਉਹ ਜ਼ਿਆਦਾ ਸੰਗੀਨ ਨਹੀਂ ਹੁੰਦੇ ਜਿਸ ਕਰਕੇ ਅੱਖੋਂ ਪਰੋਖੇ ਕਰ ਦਿੱਤਾ ਜਾਂਦਾ ਹੈ। ਦਿਹਾਤੀ ਤੇ ਸ਼ਹਿਰੀ ਖੇਤਰ ਨਾਲ ਸਬੰਧਤ 51.70 ਫੀਸਦੀ ਵੋਟਰਾਂ ਨੇ ਬੇਰੁਜ਼ਗਾਰੀ ਨੂੰ ਸਭ ਤੋਂ ਵੱਡਾ ਮਸਲਾ ਮੰਨਿਆ ਹੈ। ਦਿਹਾਤੀ ਖੇਤਰ ਦੇ 33.85 ਫੀਸਦੀ ਵੋਟਰਾਂ ਨੇ ਕਿਹਾ ਕਿ ਖੇਤੀ ਲਈ ਲੋੜੀਂਦੇ ਕਰਜ਼ੇ ਨਹੀਂ ਮਿਲਦੇ।

ਇਸੇ ਤਰ੍ਹਾਂ 31.39 ਫੀਸਦੀ ਪੇਂਡੂ ਵੋਟਰਾਂ ਦਾ ਮੰਨਣਾ ਹੈ ਕਿ ਕਿਸਾਨਾਂ ਦੀਆਂ ਜਿਣਸਾਂ ਦਾ ਲਾਹੇਵੰਦ ਭਾਅ ਨਹੀਂ ਮਿਲਦਾ। ਸ਼ਹਿਰੀ ਖੇਤਰ ਦੇ ਵੋਟਰਾਂ ਨੇ ਹਵਾ ਤੇ ਪਾਣੀ ਦੇ ਪ੍ਰਦੂਸ਼ਣ ਨੂੰ ਵੀ ਤਵੱਜੋ ਦਿੰਦਿਆਂ ਇਸ ਨੂੰ ਚੋਣ ਮੁੱਦਾ ਮੰਨਿਆ ਹੈ। ਸ਼ਹਿਰੀ ਲੋਕਾਂ ਨੇ ਆਵਾਜਾਈ ਦੀਆਂ ਸਮੱਸਿਆਵਾਂ ਤੇ ਟੁੱਟੀਆਂ ਸੜਕਾਂ ਤੋਂ ਵੀ ਪਰੇਸ਼ਾਨ ਹੋਣ ਦੀ ਗੱਲ ਕਹੀ ਹੈ। ਰੁਜ਼ਗਾਰ ਤੇ ਖੇਤੀ ਖੇਤਰ ਵਿਚ ਸਰਕਾਰ ਦੀ ਕਾਰਗੁਜ਼ਾਰੀ ਨੂੰ ਵੋਟਰਾਂ ਨੇ ਔਸਤ ਨਾਲੋਂ ਹੇਠਲਾ ਦਰਜਾ ਦਿੱਤਾ ਹੈ। ਸੂਬੇ ਦੇ ਲੋਕਾਂ ਦਾ ਸਰਕਾਰ ਦੀ ਕਾਰਗੁਜ਼ਾਰੀ ਤੋਂ ਨਿਰਾਸ਼ ਹੋਣਾ ਕਾਂਗਰਸ ਸਰਕਾਰ ਲਈ ਚੁਣੌਤੀ ਵੀ ਬਣ ਸਕਦਾ ਹੈ।

# ਸੁਖਬੀਰ ਦੇ ਸਿਆਸੀ ਕਿਆਸਾਂ ਨੇ ਉਲਝਾਈ ਅਕਾਲੀ ਲੀਡਰਸ਼ਿਪ

**ਪਟਿਆਲਾ:** ਪਟਿਆਲਾ ਲੋਕ ਸਭਾ ਹਲਕੇ ਵਿਚ ਅਕਾਲੀ ਦਲ ਆਪਣੇ ਆਪ ਨੂੰ ਕਿਹੜੀ ਦੂਜੀ ਪਾਰਟੀ ਨਾਲ ਮੁਕਾਬਲੇ ਵਿਚ ਮੰਨਦੀ ਹੈ, ਬਾਰੇ ਪਾਰਟੀ ਦੀ ਬਹੁਤੀ ਲੀਡਰਸ਼ਿਪ ਹਾਲੇ ਤਾਈਂ ਭੰਬਲਭੂਸੇ ਵਿਚ ਹੀ ਪਈ ਲੱਗਦੀ ਹੈ। ਭਾਵੇਂ ਪਾਰਟੀ ਪ੍ਰਧਾਨ ਸੁਖਬੀਰ ਸਿੰਘ ਬਾਦਲ ਹਿੱਕ ਠੋਕ ਕੇ ਕਹਿ ਰਹੇ ਹਨ ਕਿ ਪਟਿਆਲਾ ਹਲਕੇ ਵਿਚ ਪ੍ਰਨੀਤ ਕੌਰ ਤੀਜੇ ਥਾਂ 'ਤੇ ਅੱਪੜ ਗਏ ਹਨ ਤੇ ਅਕਾਲੀ ਦਲ ਦਾ ਡਾ. ਧਰਮਵੀਰ ਗਾਂਧੀ ਨਾਲ ਸਿੱਧਾ ਮੁਕਾਬਲਾ ਹੋ ਚੁੱਕਾ ਹੈ, ਪਰ ਜ਼ਿਲ੍ਹੇ ਦੀ ਬਹੁਤੀ ਅਕਾਲੀ ਲੀਡਰਸ਼ਿਪ ਆਪਣੇ ਪ੍ਰਧਾਨ ਦੇ ਅਜਿਹੇ ਬਿਆਨਾਂ ਜਾਂ ਕਿਆਸਾਂ 'ਤੇ ਪੂਰੀ ਤਰ੍ਹਾਂ ਸਹਿਮਤ ਨਹੀਂ ਹੈ।



ਖੁਦ ਪਾਰਟੀ ਦੇ ਉਮੀਦਵਾਰ ਸੁਰਜੀਤ ਸਿੰਘ ਰੱਖੜਾ ਵੀ ਮੁਕਾਬਲੇ ਦੀ ਧਿਰ ਦੇ ਮਾਮਲੇ 'ਤੇ ਪਾਰਟੀ ਪ੍ਰਧਾਨ ਦੇ ਬਿਆਨ 'ਤੇ ਸ਼ਸ਼ੋਪੰਜ ਵਿਚ ਹਨ? ਇਥੋਂ ਦੀ ਅਕਾਲੀ ਲੀਡਰਸ਼ਿਪ ਵੀ ਹੈਰਾਨ ਹੈ ਕਿ ਪਾਰਟੀ ਪ੍ਰਧਾਨ ਸੁਖਬੀਰ ਸਿੰਘ ਬਾਦਲ ਕਿਸ ਸਿਆਸੀ ਕਿਆਸੇ ਵਿਚ ਅਕਾਲੀ ਦਲ ਦੀ ਟੱਕਰ ਡਾ. ਗਾਂਧੀ ਨਾਲ ਦੱਸ ਰਹੇ ਹਨ, ਜਦੋਂਕਿ ਕਾਂਗਰਸ ਸੂਬੇ ਦੀ ਸੱਤਾ ਧਿਰ ਹੈ ਤੇ ਮੁੱਖ ਮੰਤਰੀ ਅਮਰਿੰਦਰ ਸਿੰਘ ਅਕਾਲੀ ਦਲ ਦੇ ਖਿਲਾਫ ਪੂਰੇ ਹਮਲਾਵਰ ਰੁਖ ਵਿਚ ਹਨ। ਅਜਿਹੇ ਕਿਆਸਾਂ ਵਿਚ ਇਹ ਵੀ ਸਵਾਲ ਉਠ ਰਿਹਾ ਹੈ ਕਿ ਮੁੱਖ ਮੰਤਰੀ ਆਪਣੀ ਪਤਨੀ ਜਿਹੜੇ ਕਿ ਸਾਬਕਾ ਵਿਦੇਸ਼ ਰਾਜ ਮੰਤਰੀ ਵੀ ਹਨ, ਨੂੰ ਕਿਵੇਂ ਸਿਆਸੀ ਪੱਖ ਜਾਂ ਚੋਣ ਪਿੜ ਤੋਂ ਕਮਜ਼ੋਰ ਹੋਣ ਦੇਣਗੇ।

ਇਹ ਵੀ ਸਵਾਲ ਹੈ ਕਿ 'ਆਪ' ਦੀ ਉਮੀਦਵਾਰ ਸ੍ਰੀਮਤੀ ਨੀਨਾ ਮਿੱਤਲ ਵੀ ਸਖਤ ਮਿਹਨਤ ਕਰ ਰਹੀ ਹੈ ਤੇ ਕਈ ਇਲਾਕਿਆਂ ਵਿਚ ਵੋਟਰਾਂ ਵੱਲੋਂ 'ਆਪ' ਨੂੰ ਹਾਲੇ ਵੀ ਤਵੱਜੋ ਦੇਣ ਦੀ ਗੱਲ ਸਾਹਮਣੇ ਆ ਰਹੀ ਹੈ। ਅਜਿਹੇ ਵਿਚ ਅਕਾਲੀ ਆਗੂ ਤੇ ਸ਼੍ਰੋਮਣੀ ਕਮੇਟੀ ਮੈਂਬਰ ਜਥੇਦਾਰ ਕੁਲਦੀਪ ਸਿੰਘ ਨੱਸੂਪੁਰ ਦਾ ਕਹਿਣਾ ਹੈ ਕਿ ਅਕਾਲੀ ਦਲ ਦਾ ਕਾਂਗਰਸ ਨਾਲ ਮੁਕਾਬਲਾ ਹੈ, ਡਾ. ਗਾਂਧੀ ਜਾਂ ਹੋਰ ਉਮੀਦਵਾਰ ਪਿੱਛੇ ਹਨ। ਅਕਾਲੀ ਦਲ ਦੇ ਜਥੇਬੰਦਕ ਸਕੱਤਰ ਤੇ ਸਾਬਕਾ ਚੇਅਰਮੈਨ ਸੁਰਜੀਤ ਸਿੰਘ ਅਬਲੋਵਾਲ ਜਿਹੜੇ ਕਿ ਉਮੀਦਵਾਰ ਸ੍ਰੀ ਰੱਖੜਾ ਦੀ ਸੱਜੀ ਬਾਂਹ ਮੰਨੇ ਜਾਂਦੇ ਹਨ, ਦਾ ਕਹਿਣਾ ਹੈ ਕਿ ਭਾਵੇਂ ਕਹਿਣ ਨੂੰ ਮੁਕਾਬਲਾ ਡਾ. ਗਾਂਧੀ ਨਾਲ ਪ੍ਰਚਾਰਿਆ ਜਾ ਰਿਹਾ ਹੈ, ਪ੍ਰੰਤੂ ਸਹੀ ਅਰਥਾਂ ਵਿਚ ਅਕਾਲੀ ਦਲ ਦੀ ਪ੍ਰਨੀਤ ਕੌਰ ਨਾਲ ਹੀ ਟੱਕਰ ਹੈ। ਹੋਰ ਬਹੁਤ ਸਾਰੇ ਸਥਾਨਕ ਅਕਾਲੀ ਆਗੂਆਂ ਨੇ ਵੀ ਇਹੋ ਹੀ ਆਖਿਆ। ਅਕਾਲੀ ਉਮੀਦਵਾਰ ਸੁਰਜੀਤ ਸਿੰਘ ਰੱਖੜਾ ਵੀ ਪਾਰਟੀ ਪ੍ਰਧਾਨ ਦੇ ਬਿਆਨ 'ਤੇ ਖੁੱਲ੍ਹ ਕੇ ਸਹਿਮਤੀ ਨਹੀਂ ਦੇ ਰਹੇ, ਉਹ ਇਕੋ ਹੀ ਗੱਲ ਮੁਕਾ ਰਹੇ ਹਨ ਕਿ ਉਨ੍ਹਾਂ ਦਾ ਕਿਸੇ ਨਾਲ ਵੀ ਮੁਕਾਬਲਾ ਨਹੀਂ, ਭਾਵ ਉਹ ਬਿਨਾਂ ਕਿਸੇ ਉਮੀਦਵਾਰ ਦਾ ਨਾ ਲਿਆਂ ਆਪਣੇ ਆਪ ਨੂੰ ਲੀਡ ਦੇ ਰਹੇ ਹਨ, ਜਦੋਂਕਿ ਅਜਿਹੇ ਸਾਰੇ ਸਮੀਕਰਨਾਂ ਦੇ ਉਲਟ ਡਾ. ਧਰਮਵੀਰ ਗਾਂਧੀ ਆਪਣੇ ਮੁਕਾਬਲੇ ਵਿਚ ਪ੍ਰਨੀਤ ਕੌਰ ਗਿਣ ਰਹੇ ਹਨ, ਇਸ ਧਿਰ ਦਾ ਕਹਿਣਾ ਹੈ ਕਿ ਮੁਕਾਬਲੇ ਦੇ ਪਿੜ ਵਿਚੋਂ ਅਕਾਲੀ ਦਲ ਦਾ ਸਫਾਇਆ ਹੋ ਚੁੱਕਾ ਹੈ। ਉਧਰ 'ਆਪ' ਦੀ ਉਮੀਦਵਾਰ ਨੀਨਾ ਮਿੱਤਲ ਦਾ ਕਹਿਣਾ ਹੈ ਕਿ 'ਆਪ' 2014 ਵਾਲਾ ਅਧਿਆਏ ਮੁੜ ਦੁਹਰਾ ਕੇ ਜਿੱਤ ਦਾ ਝੰਡਾ ਜ਼ਰੂਰ ਗੱਡੇਗੀ।

# ਦਿੱਲੀ ਦੇ ਅਕਾਲੀਆਂ ਨੇ ਸੰਭਾਲਿਆ ਬਾਦਲਾਂ ਦੇ ਹੱਕ ਵਿਚ ਮੋਰਚਾ

**ਨਵੀਂ ਦਿੱਲੀ:** ਸ਼੍ਰੋਮਣੀ ਅਕਾਲੀ ਦਲ ਦੇ ਦਿੱਲੀ ਦੇ ਆਗੂਆਂ ਤੇ ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਮੁੱਖ ਅਹੁਦੇਦਾਰਾਂ ਵੱਲੋਂ ਪੰਜਾਬ ਦੇ ਬਠਿੰਡਾ ਤੇ ਫਿਰੋਜਪੁਰ ਵਿਚ ਕ੍ਰਮਵਾਰ ਦਲ ਦੇ ਉਮੀਦਵਾਰਾਂ ਹਰਸਿਮਰਤ ਕੌਰ ਬਾਦਲ ਤੇ ਸੁਖਬੀਰ ਸਿੰਘ ਬਾਦਲ ਲਈ ਚੋਣ ਪ੍ਰਚਾਰ ਕੀਤਾ ਜਾ ਰਿਹਾ ਹੈ। ਭਾਜਪਾ ਦੇ ਅੰਮ੍ਰਿਤਸਰ ਤੋਂ ਤੇ ਗੁਰਦਾਸਪੁਰ ਤੋਂ ਉਮੀਦਵਾਰ ਲਈ ਵੀ ਦਿੱਲੀ ਦੇ ਅਕਾਲੀਆਂ ਵੱਲੋਂ ਚੋਣ ਪ੍ਰਚਾਰ ਕੀਤਾ ਗਿਆ। ਦਿੱਲੀ ਕਮੇਟੀ ਦੇ ਮੌਜੂਦਾ ਪ੍ਰਧਾਨ ਮਨਜਿੰਦਰ ਸਿੰਘ ਸਿਰਸਾ ਵੱਲੋਂ ਬਠਿੰਡਾ ਵਿਚ ਚੋਣ ਪ੍ਰਚਾਰ ਕੀਤਾ ਗਿਆ।

ਇਸੇ ਤਰ੍ਹਾਂ ਸਾਬਕਾ ਪ੍ਰਧਾਨ ਮਨਜੀਤ ਸਿੰਘ ਜੀ.ਕੇ. ਤੇ ਭਰਾ ਹਰਜੀਤ ਸਿੰਘ ਵੱਲੋਂ ਅੰਮ੍ਰਿਤਸਰ ਵਿਚ ਭਾਜਪਾ ਉਮੀਦਵਾਰ ਕੇਂਦਰੀ ਸ਼ਹਿਰੀ ਵਿਕਾਸ ਮੰਤਰੀ ਹਰਦੀਪ ਸਿੰਘ ਪੁਰੀ ਲਈ ਚੋਣ ਪ੍ਰਚਾਰ ਕੀਤਾ ਗਿਆ। ਦੋਵੇਂ ਜੀ.ਕੇ. ਭਰਾ ਗੁਰਦਾਸਪੁਰ ਤੋਂ ਭਾਜਪਾ ਉਮੀਦਵਾਰ ਸਨੀ ਦਿਓਲ ਕੋਲ ਵੀ ਗਏ।

ਦਿੱਲੀ ਕਮੇਟੀ ਦੇ ਸੀਨੀਅਰ ਮੈਂਬਰ ਅਵਤਾਰ ਸਿੰਘ ਹਿਤ ਨੇ ਬਾਦਲ ਪਰਿਵਾਰ ਵਾਲੀਆਂ ਦੋਵਾਂ ਸੀਟਾਂ ਲਈ ਪ੍ਰਚਾਰ ਦੌਰਾਨ ਉੱਥੇ ਹਾਜ਼ਰੀ ਲਵਾਈ। ਦਿੱਲੀ ਕਮੇਟੀ ਦੀ ਸੀਨੀਅਰ ਮੀਤ ਪ੍ਰਧਾਨ ਰਣਜੀਤ ਕੌਰ ਨੇ ਵੀ ਹਰਸਿਮਰਤ ਕੌਰ ਲਈ ਪ੍ਰਚਾਰ ਕੀਤਾ। ਦਿੱਲੀ ਕਮੇਟੀ ਦੇ ਮੁੱਖ ਸਲਾਹਕਾਰ ਕੁਲਵੰਤ ਸਿੰਘ ਬਾਠ ਤੇ ਹੋਰ ਮੈਂਬਰ ਵੀ ਆਪਣੇ ਸਿਆਸੀ ਆਕਾਵਾਂ ਲਈ ਡਿਊਟੀ ਕਰਕੇ ਦਿੱਲੀ ਪਰਤੇ ਹਨ।

ਦਿੱਲੀ ਕਮੇਟੀ ਦੇ ਪ੍ਰਧਾਨ ਮਨਜਿੰਦਰ ਸਿੰਘ ਸਿਰਸਾ ਨੇ ਕਿਹਾ ਕਿ ਮੈਂਬਰਾਂ ਵੱਲੋਂ ਪੰਜਾਬ 'ਚ ਪ੍ਰਚਾਰ ਕੀਤਾ ਜਾ ਰਿਹਾ ਹੈ ਤੇ ਉਹ ਦਿੱਲੀ ਕਮੇਟੀ ਦੇ ਪ੍ਰਬੰਧਾਂ ਨੂੰ ਵੀ ਸਾਂਭ ਰਹੇ ਹਨ। ਸ਼੍ਰੋਮਣੀ ਅਕਾਲੀ ਦਲ (ਦਿੱਲੀ) ਦੇ ਪ੍ਰਧਾਨ ਪਰਮਜੀਤ ਸਿੰਘ ਸਰਨਾ ਨੇ ਵੀ ਬੀਤੇ ਦਿਨ ਲੁਧਿਆਣਾ ਵਿਚ ਪੰਜਾਬ 'ਚ ਬਾਦਲ ਵਿਰੋਧੀ ਧਿਰਾਂ ਲਈ ਪ੍ਰਚਾਰ ਕਰਨ ਦਾ ਐਲਾਨ ਕੀਤਾ ਸੀ।

# ਪੰਜਾਬ 'ਚ ਸਿਆਸੀ ਹਾਸ਼ੀਏ 'ਤੇ ਪੁੱਜੀ ਦਲਿਤ ਸਿਆਸਤ

**ਚੰਡੀਗੜ੍ਹ:** ਦੇਸ਼ ਵਿਚ ਸਭ ਤੋਂ ਵੱਧ ਅਨੁਸੂਚਿਤ ਜਾਤੀ (ਦਲਿਤ) ਨਾਲ ਸਬੰਧਤ ਜਨਸੰਖਿਆ ਹੋਣ ਦੇ ਬਾਵਜੂਦ ਪੰਜਾਬ ਦੇ ਦਲਿਤ ਸਿਆਸੀ ਹਾਸ਼ੀਏ ਉਤੇ ਧੱਕੇ ਦਿਖਾਈ ਦੇ ਰਹੇ ਹਨ। ਸਿਆਸੀ ਪਾਰਟੀਆਂ ਦੀਆਂ ਅਹੁਦੇਦਾਰੀਆਂ, ਸਮਾਜਿਕ ਖੇਤਰ ਦੀਆਂ ਸੰਸਥਾਵਾਂ ਦੇ ਮੁਖੀਆਂ, ਸਰਕਾਰਾਂ ਅੰਦਰ ਵਿਭਾਗਾਂ ਦੀ ਵੰਡ ਸਮੇਂ ਦਲਿਤ ਆਗੂਆਂ ਦੀ ਨਿਗੂਣੀ ਵੁੱਕਤ ਬਾਰੇ ਤੱਥ ਮੂੰਹੋਂ ਬੋਲਦੇ ਹਨ।

17ਵੀਂ ਲੋਕ ਸਭਾ ਚੋਣਾਂ ਦੌਰਾਨ ਭਾਵੇਂ ਸਟਾਰ ਪ੍ਰਚਾਰਕ ਹੋਣ ਜਾਂ ਟਿਕਟਾਂ ਦੀ ਵੰਡ ਦੇ ਮਾਮਲੇ ਵਿਚ ਵੀ ਦਲਿਤਾਂ 'ਚ ਅੰਦਰੂਨੀ ਖਿੱਚੋਤਾਣ ਹੈ।

ਪੰਜਾਬ ਦੀਆਂ ਕੁੱਲ ਅਪ੍ਰੇਸ਼ਨਲ ਭੂਮੀ ਜੋਤਾਂ ਵਿਚ ਦਲਿਤਾਂ ਦਾ ਹਿੱਸਾ 6 ਫੀਸਦੀ ਹੈ। ਦੂਸਰੇ ਵਪਾਰਕ ਕਿੱਤਿਆਂ ਵਿਚ ਇਹ ਚਾਰ ਫੀਸਦੀ ਤੋਂ ਵੱਧ ਨਹੀਂ। ਜਦਕਿ 2011 ਦੀ ਮਰਦਮਸ਼ੁਮਾਰੀ ਦੀ ਰਿਪੋਰਟ ਅਨੁਸਾਰ ਪੰਜਾਬ ਦੀ ਕੁੱਲ 277.43 ਲੱਖ ਆਬਾਦੀ ਵਿਚੋਂ 88.60 ਲੱਖ ਦਲਿਤ ਆਬਾਦੀ ਹੈ, ਜੋ 31.94 ਫੀਸਦੀ ਬਣਦੀ ਹੈ। ਰਾਇ ਸਿੱਖਾਂ ਨੂੰ ਅਨੁਸੂਚਿਤ ਜਾਤੀ ਵਿਚ ਸ਼ਾਮਲ ਕਰਨ ਤੋਂ ਬਾਅਦ ਇਹ 33.3 ਫੀਸਦੀ ਹੋ ਜਾਂਦੀ ਹੈ। ਪੰਜਾਬ ਦੀਆਂ ਵਿਧਾਨ ਸਭਾ ਦੀਆਂ 117 ਸੀਟਾਂ ਵਿਚੋਂ 34 ਸੀਟਾਂ ਰਾਖਵੀਆਂ ਹਨ ਅਤੇ ਲੋਕ ਸਭਾ ਦੀਆਂ 13 ਵਿਚੋਂ ਚਾਰ ਸੀਟਾਂ ਰਾਖਵੀਆਂ ਹਨ, ਜਿਨ੍ਹਾਂ 'ਚ ਫਰੀਦਕੋਟ, ਫਤਿਹਗੜ੍ਹ ਸਾਹਿਬ, ਜਲੰਧਰ ਅਤੇ ਹੁਸ਼ਿਆਰਪੁਰ ਸ਼ਾਮਲ ਹਨ।

ਸਮਾਜਿਕ ਪੱਧਰ ਉਤੇ ਵੀ ਦਲਿਤਾਂ ਦੇ ਵਿਹੜੇ, ਸ਼ਮਸ਼ਾਨਘਾਟ ਅਤੇ ਧਾਰਮਿਕ ਸਥਾਨ ਅਲੱਗ ਹਨ। ਗਰੀਬੀ ਰੇਖਾ ਤੋਂ ਹੇਠਾਂ ਰਹਿਣ ਵਾਲਿਆਂ ਦਾ ਵੱਡਾ ਹਿੱਸਾ ਵੀ ਇਸੇ ਭਾਈਚਾਰੇ ਨਾਲ ਸਬੰਧਤ ਹੈ। ਪੰਜਾਬ ਵਿਚ ਦਲਿਤਾਂ ਦੀ ਪਹਿਲੀ ਖੁਦਮੁਖਤਾਰ ਪਛਾਣ ਬਣਾਉਣ ਵਾਲੀ ਸਿਆਸੀ ਜਮਾਤ ਬਾਬੂ ਮੰਗੂ ਰਾਮ ਦੀ ਅਗਵਾਈ ਵਾਲੀ ਆਦਿਧਰਮੀ ਲਹਿਰ ਸੀ, ਜੋ ਬਾਅਦ ਵਿਚ ਅੰਬੇਦਕਰ ਸ਼ਡਿਊਲਡ ਕਾਸਟ ਫਰੰਟ ਅਤੇ ਉਸ ਤੋਂ ਬਾਅਦ ਰਿਪਬਲਿਕਨ ਪਾਰਟੀ ਆਫ ਇੰਡੀਆ ਵਿਚ ਸ਼ਾਮਲ ਕਰ ਦਿੱਤੀ ਗਈ ਸੀ। ਉਪਰੰਤ ਰੋਪੜ ਜ਼ਿਲ੍ਹੇ ਦੇ ਜੰਮਪਲ ਬਾਬੂ ਕਾਂਸ਼ੀ ਰਾਮ ਵੱਲੋਂ ਬਣਾਈ ਬਹੁਜਨ ਸਮਾਜ ਪਾਰਟੀ (ਬਸਪਾ) ਇਕ ਅਲੱਗ



ਧਾਰਾ ਦੇ ਰੂਪ ਵਿਚ ਸਾਹਮਣੇ ਆਈ। 1984 ਵਿਚ ਬਣੀ ਇਸ ਪਾਰਟੀ ਨੇ 1992 ਦੀਆਂ ਵਿਧਾਨ ਸਭਾ ਚੋਣਾਂ ਦੌਰਾਨ 9 ਵਿਧਾਇਕਾਂ ਰਾਹੀਂ ਮੁੱਖ ਵਿਰੋਧੀ ਧਿਰ ਦਾ ਰੁਤਬਾ ਹਾਸਲ ਕੀਤਾ। ਉਸ ਸਮੇਂ ਅਕਾਲੀ ਦਲ ਨੇ ਚੋਣਾਂ ਦਾ ਬਾਈਕਾਟ ਕੀਤਾ ਹੋਇਆ ਸੀ।

ਇਸ ਤੋਂ ਬਾਅਦ 1996 ਦੀਆਂ ਲੋਕ ਸਭਾ ਚੋਣਾਂ ਸਮੇਂ ਬਸਪਾ ਨੇ ਪੰਜਾਬ ਤੋਂ ਤਿੰਨ ਸੀਟਾਂ ਜਿੱਤੀਆਂ। ਬਸਪਾ ਲਗਾਤਾਰ ਆਪਣਾ ਵੱਕਾਰ ਕਾਇਮ ਨਹੀਂ ਰੱਖ ਸਕੀ ਅਤੇ ਕੇਂਦਰੀਕਰਨ ਦੀ ਸਿਆਸਤ ਕਾਰਨ ਪੰਜਾਬ 'ਚੋਂ ਕੋਈ ਕੱਦਾਵਰ ਆਗੂ ਵੀ ਪੈਦਾ ਨਹੀਂ ਕਰ ਸਕੀ। ਹੁਣ ਇਸ ਵਾਰ ਬਸਪਾ ਪੰਜਾਬ ਡੈਮੋਕਰੈਟਿਕ ਅਲਾਇੰਸ ਨਾਲ ਮਿਲ ਕੇ ਤਿੰਨ ਸੀਟਾਂ ਉਤੇ ਚੋਣ ਲੜ ਰਹੀ ਹੈ। ਪੰਜਾਬ ਤੋਂ ਵੱਡੇ ਦਲਿਤ ਆਗੂ ਪੈਦਾ ਨਾ ਹੋਣ ਦੇ ਕਾਰਨ ਬਾਰੇ ਕੋਈ ਠੋਸ ਚਰਚਾ ਵੀ ਨਹੀਂ ਹੋ ਰਹੀ। ਪੰਜਾਬ ਯੂਨੀਵਰਸਿਟੀ ਦੇ ਰਾਜਨੀਤੀ ਸ਼ਾਸਤਰ ਦੇ ਪ੍ਰੋਫੈਸਰ ਅਤੇ ਦਲਿਤ ਸਿਆਸਤ ਉਤੇ ਅਧਿਐਨ ਕਰਨ ਵਾਲੇ ਡਾ. ਰੌਣਕੀ ਰਾਮ ਮੁਤਾਬਕ ਲੰਬੇ ਸਮੇਂ ਤੋਂ ਦਲਿਤਾਂ ਦੀ ਇਕਜੁੱਟਤਾ ਨਹੀਂ ਰਹੀ। ਪਿਛਲੇ ਸਮੇਂ ਵਿਚ ਇਨ੍ਹਾਂ ਦਾ ਵੱਡਾ ਹਿੱਸਾ ਡੇਰਿਆਂ ਦੇ ਨਾਲ ਜੁੜ ਗਿਆ।

ਮਾਲਵਾ ਖੇਤਰ ਡੇਰਾ ਸਿਰਸਾ ਦੇ ਨਾਲ ਅਤੇ ਦੁਆਬੇ ਵਿਚ ਜਲੰਧਰ ਸਥਿਤ ਡੇਰਾ ਬੱਲਾਂ ਦਾ ਪ੍ਰਭਾਵ ਵਿਆਪਕ ਹੁੰਦਾ ਗਿਆ। ਸਿਆਸੀ ਆਗੂ ਦਲਿਤਾਂ ਨਾਲ ਸਿੱਧੇ ਰਾਬਤੇ ਦੇ ਬਜਾਇ ਡੇਰਾ ਮੁਖੀਆਂ ਨਾਲ ਮਿਲ ਕੇ ਵੋਟ ਦੀ ਗਰੰਟੀ ਲੈਣ ਵਾਲੇ ਪਾਸੇ ਚੱਲਣ ਲੱਗ ਪਏ। ਪੰਜਾਬ ਦੀ ਮੌਜੂਦਾ ਸਥਿਤੀ ਦੇਖੀ ਜਾਵੇ ਤਾਂ ਫਤਿਹਗੜ੍ਹ ਸਾਹਿਬ ਤੋਂ ਦੋਵੇਂ ਪ੍ਰਮੁੱਖ ਪਾਰਟੀਆਂ ਨੇ ਸੇਵਾਮੁਕਤ ਆਈ.ਏ.ਐਸ. ਅਫਸਰਾਂ ਨੂੰ ਟਿਕਟ ਦਿੱਤੀ ਹੈ ਅਤੇ ਦੋਵੇਂ ਹੀ ਹਲਕੇ ਤੋਂ ਬਾਹਰ ਦੇ ਹਨ। ਫਰੀਦਕੋਟ ਲੋਕ ਸਭਾ ਹਲਕੇ ਤੋਂ ਅਕਾਲੀ-ਭਾਜਪਾ ਨੇ ਗੁਲਜ਼ਾਰ ਸਿੰਘ ਰਣੀਕੇ ਅਤੇ ਕਾਂਗਰਸ ਨੇ ਵੀ ਬਾਹਰੋਂ ਲਿਆ ਕੇ ਗਾਇਕ ਮੁਹੰਮਦ ਸਦੀਕ ਨੂੰ ਟਿਕਟ ਦਿੱਤੀ ਹੈ। ਹੁਸ਼ਿਆਰਪੁਰ ਤੋਂ ਕਾਂਗਰਸ ਅਤੇ ਭਾਜਪਾ ਦੋਵੇਂ ਨੇ ਆਪੋ ਆਪਣੇ ਵਿਧਾਇਕਾਂ ਨੂੰ ਟਿਕਟ ਦਿੱਤੀ ਹੈ।

ਜਲੰਧਰ ਤੋਂ ਪੁਰਾਣੇ ਸਿਆਸੀ ਪਰਿਵਾਰ ਦੇ ਚੌਧਰੀ ਸੰਤੋਖ ਸਿੰਘ ਅਤੇ ਅਕਾਲੀ ਦਲ ਨੇ ਚਰਨਜੀਤ ਸਿੰਘ ਅਟਵਾਲ ਨੂੰ ਟਿਕਟ ਦਿੱਤੀ ਹੈ। ਕਾਂਗਰਸ ਨਾਲ ਦਲਿਤ ਨਾਰਾਜ਼ ਹਨ ਕਿ ਉਨ੍ਹਾਂ ਦੇ ਭਾਈਚਾਰੇ ਨੂੰ ਟਿਕਟ ਨਹੀਂ ਮਿਲੀ ਹੈ। ਕਾਂਗਰਸ ਦੇ ਵਿਧਾਨ ਸਭਾ ਵਿਚ 78 ਵਿਚੋਂ 22 ਵਿਧਾਇਕ ਅਨੁਸੂਚਿਤ ਜਾਤੀ ਨਾਲ ਸਬੰਧਤ ਹਨ ਪਰ ਮੰਤਰੀਆਂ ਦੀ ਗਿਣਤੀ ਦਾ ਅਨੁਪਾਤ ਅਤੇ ਵਿਭਾਗਾਂ ਦੇ ਪ੍ਰਭਾਵਸ਼ਾਲੀ ਨਾ ਹੋਣ ਦੀ ਗੱਲਬਾਤ ਨਿੱਜੀ ਤੌਰ ਉਤੇ ਤਾਂ ਹੁੰਦੀ ਹੈ ਪਰ ਇਸ ਮੰਗ 'ਤੇ ਕੋਈ ਵੱਡਾ ਬਖੇੜਾ ਖੜ੍ਹਾ ਨਹੀਂ ਹੋਇਆ।

ਦੋਆਬਾ ਖੇਤਰ ਵਿਚ ਸਭਿਆਚਾਰ ਪੱਖ ਤੋਂ ਨਾਬਰੀ ਦੀ ਆਵਾਜ਼ ਉਠ ਰਹੀ ਹੈ। ਸ਼ਾਮਲਾਟ ਜ਼ਮੀਨਾਂ ਵਿਚੋਂ ਕਾਨੂੰਨੀ ਤੌਰ ਉਤੇ ਬਣਦਾ ਇਕ ਤਿਹਾਈ ਹਿੱਸਾ ਲੈਣ ਦਾ ਅੰਦੋਲਨ ਸਮੇਤ ਕਈ ਅਜਿਹੇ ਸੰਕੇਤ ਹਨ ਜੋ ਦਲਿਤ ਜਾਗਰੂਕਤਾ ਦਾ ਝਲਕਾਰਾ ਦਿੰਦੇ ਹਨ ਪਰ ਅਜੇ ਵੀ ਦਲਿਤਾਂ ਨੂੰ ਸਿਆਸਤ ਵਿਚ ਬਣਦਾ ਹਿੱਸਾ ਲੈਣ ਲਈ ਬਹੁਤ ਕੁਝ ਕਰਨ ਦੀ ਲੋੜ ਹੈ।

## ਛੇਵੇਂ ਪੜਾਅ 'ਚ 20% ਦਾਗੀ ਉਮੀਦਵਾਰ ਮੈਦਾਨ 'ਚ

**ਨਵੀਂ ਦਿੱਲੀ:** ਲੋਕ ਸਭਾ ਚੋਣਾਂ ਦੇ ਛੇਵੇਂ ਪੜਾਅ 'ਚ ਹੋਣ ਵਾਲੀਆਂ ਚੋਣਾਂ 'ਚ 20 ਫੀਸਦੀ




ਉਮੀਦਵਾਰ ਦਾਗੀ ਹਨ। ਇਨ੍ਹਾਂ 20 ਫੀਸਦੀ ਉਮੀਦਵਾਰਾਂ 'ਤੇ ਕੋਈ ਨਾ ਕੋਈ ਅਪਰਾਧਿਕ ਮੁਕੱਦਮਾ ਚੱਲ ਰਿਹਾ ਹੈ, ਜਦਕਿ 15 ਫੀਸਦੀ ਉਮੀਦਵਾਰਾਂ 'ਤੇ ਗੰਭੀਰ ਜੁਰਮ ਦੇ ਮੁਕੱਦਮੇ ਚੱਲ ਰਹੇ ਹਨ। ਇਹ ਖੁਲਾਸਾ ਏ.ਡੀ.ਆਰ. ਦੀ ਰਿਪੋਰਟ 'ਚ ਕੀਤਾ ਗਿਆ ਹੈ। ਰਿਪੋਰਟ ਮੁਤਾਬਿਕ 12 ਮਈ ਨੂੰ 7 ਰਾਜਾਂ ਦੀਆਂ 59 ਲੋਕ ਸਭਾ ਸੀਟਾਂ ਲਈ 979 ਉਮੀਦਵਾਰ ਮੈਦਾਨ 'ਚ ਹਨ।

ਏ.ਡੀ.ਆਰ. ਵਲੋਂ ਇਨ੍ਹਾਂ 'ਚੋਂ 967 ਉਮੀਦਵਾਰਾਂ ਦੇ ਹਲਫਨਾਮੇ ਦੀ ਸਮੀਖਿਆ ਤੋਂ ਬਾਅਦ ਜਾਰੀ ਰਿਪੋਰਟ 'ਚ ਕਿਹਾ ਗਿਆ ਕਿ 21 ਉਮੀਦਵਾਰ ਅਜਿਹੇ ਹਨ ਜਿਨ੍ਹਾਂ 'ਤੇ ਔਰਤਾਂ ਵਿਰੁਧ ਜ਼ੁਲਮਾਂ ਨਾਲ ਸਬੰਧਿਤ ਮਾਮਲੇ ਦਰਜ ਹਨ। ਇਨ੍ਹਾਂ 'ਚੋਂ 2 ਖਿਲਾਫ ਜਬਰ ਜਨਾਹ ਦੇ ਮਾਮਲੇ ਵੀ ਦਰਜ ਹਨ। ਦਾਗੀ ਉਮੀਦਵਾਰਾਂ 'ਚੋਂ ਸਭ ਤੋਂ ਵੱਧ ਗਿਣਤੀ ਭਾਜਪਾ ਦੇ ਉਮੀਦਵਾਰਾਂ ਦੀ ਹੈ।

ਭਾਜਪਾ ਦੇ 54 ਉਮੀਦਵਾਰਾਂ 'ਚੋਂ 26 ਦਾਗੀ ਹਨ, ਜਿਨ੍ਹਾਂ 'ਚੋਂ 18 ਖਿਲਾਫ ਗੰਭੀਰ ਅਪਰਾਧਿਕ ਕੇਸ ਹਨ। ਕਾਂਗਰਸ ਦੇ ਕੁੱਲ 46 ਉਮੀਦਵਾਰਾਂ 'ਚੋਂ 20 ਦਾਗੀ ਉਮੀਦਵਾਰ ਹਨ ਅਤੇ 12 'ਤੇ ਗੰਭੀਰ ਕੇਸ ਦਰਜ ਹਨ। ਭਾਜਪਾ ਦੀ ਹੀ ਗਠਜੋੜ ਭਾਈਵਾਲ ਸ਼ਿਵ ਸੈਨਾ ਦੇ 16 ਉਮੀਦਵਾਰਾਂ 'ਚੋਂ ਪੰਜ ਦਾਗੀ ਉਮੀਦਵਾਰਾਂ 'ਤੇ ਹੀ ਗੰਭੀਰ ਕੇਸ ਦਰਜ ਹਨ। ਬਹੁਜਨ ਸਮਾਜ ਪਾਰਟੀ ਦੇ 49 ਉਮੀਦਵਾਰਾਂ 'ਚੋਂ 19 ਦਾਗੀ ਅਤੇ 17 ਖਿਲਾਫ ਗੰਭੀਰ ਮੁਕੱਦਮੇ ਦਰਜ ਹਨ।

## ਅਦਾਲਤੀ ਫੈਸਲੇ ਬਾਅਦ ਨਰਿੰਦਰ ਸਿੰਘ ਸ਼ੇਰਗਿੱਲ ਦੀ ਨਾਮਜ਼ਦਗੀ ਪ੍ਰਵਾਨ

**ਰੂਪਨਗਰ:** ਲੋਕ ਸਭਾ ਹਲਕਾ ਸ੍ਰੀ ਅਨੰਦਪੁਰ ਸਾਹਿਬ ਤੋਂ ਆਮ ਆਦਮੀ ਪਾਰਟੀ ਦੇ ਉਮੀਦਵਾਰ ਵਜੋਂ ਨਰਿੰਦਰ ਸਿੰਘ ਸ਼ੇਰਗਿੱਲ ਨੂੰ ਜ਼ਿਲ੍ਹਾ ਰਿਟਰਨਿੰਗ ਅਫਸਰ-ਕਮ-ਡੀ. ਸੀ. ਰੂਪਨਗਰ ਨੇ ਹਾਈਕੋਰਟ ਦੇ ਹੁਕਮਾਂ ਤੋਂ ਬਾਅਦ ਨਾਮਜ਼ਦਗੀ ਪ੍ਰਵਾਨ ਕਰਦਿਆਂ ਅਧਿਕਾਰਤ ਉਮੀਦਵਾਰ ਐਲਾਨ ਕਰ ਦਿੱਤਾ ਅਤੇ ਉਨ੍ਹਾਂ ਦੇ ਕਵਰਿੰਗ ਉਮੀਦਵਾਰ ਵਜੋਂ ਭਜਨ ਸਿੰਘ ਸ਼ੇਰਗਿੱਲ ਦੇ ਕਾਗਜ਼ ਰੱਦ ਕਰ ਦਿੱਤੇ।

ਹਾਈਕੋਰਟ ਨੇ ਨਰਿੰਦਰ ਸਿੰਘ ਸ਼ੇਰਗਿੱਲ ਦੀ ਚੋਣ ਕਮਿਸ਼ਨ ਵਲੋਂ ਰੱਦ ਕੀਤੀ ਨਾਮਜ਼ਦਗੀ 'ਤੇ ਰੋਕ ਲਗਾਉਂਦਿਆਂ ਸ਼ੇਰਗਿੱਲ ਨੂੰ ਚੋਣ ਲੜਨ ਦੀ ਪ੍ਰਵਾਨਗੀ ਦੇ ਦਿੱਤੀ। ਸ਼ੇਰਗਿੱਲ ਵਲੋਂ 2017 'ਚ ਮੋਹਾਲੀ ਹਲਕੇ ਤੋਂ ਲੜੀ ਵਿਧਾਨ ਸਭਾ ਚੋਣ ਉਪਰੰਤ ਉਨ੍ਹਾਂ 'ਤੇ ਚੋਣ ਕਮਿਸ਼ਨ ਕੋਲ ਚੋਣ ਖਰਚਿਆਂ ਦਾ ਹਿਸਾਬ ਸਮੇਂ ਸਿਰ ਜਮ੍ਹਾਂ ਨਾ ਕਰਾਉਣ ਦੇ ਦੋਸ਼ਾਂ ਹੇਠ ਤਿੰਨ ਸਾਲ ਲਈ ਚੋਣ ਲੜਨ 'ਤੇ ਪਾਬੰਦੀ ਲਾ ਦਿੱਤੀ ਸੀ, ਜਿਸ ਕਾਰਨ ਲੋਕ ਸਭਾ ਚੋਣ ਲਈ ਸ਼ੇਰਗਿੱਲ ਦੇ ਨਾਮਜ਼ਦਗੀ ਕਾਗਜ਼ ਰੱਦ ਕਰ ਦਿੱਤੇ ਗਏ ਸਨ।

## ਮੁੱਖ ਵਿਰੋਧੀ ਧਿਰ ਵਜੋਂ ਅਕਾਲੀ ਦਲ ਦਾ ਮੁੜ ਦਾਅ ਲੱਗਣ ਦਾ ਰਾਹ ਪੱਧਰਾ

**ਜਲੰਧਰ:** ਪੰਜਾਬ ਵਿਧਾਨ ਸਭਾ ਵਿਚ ਵਿਰੋਧੀ ਧਿਰ ਦਾ ਰੁਤਬਾ ਹਾਸਲ ਕਰਨ ਵਾਲੀ ਆਮ ਆਦਮੀ ਪਾਰਟੀ ਦੇ ਵਿਧਾਇਕਾਂ ਦੀ ਫੁੱਟ ਤੇ ਕਿਰਦੇ ਜਾਣ ਕਾਰਨ ਇਹ ਰੁਤਬਾ ਅਕਾਲੀ ਦਲ ਦੇ ਹੱਥ ਜਾਣ ਲਈ ਰਸਤਾ ਪੱਧਰ ਹੁੰਦਾ ਜਾ ਰਿਹਾ ਹੈ। ਸਾਲ 2017 ਦੀ ਵਿਧਾਨ ਸਭਾ ਚੋਣਾਂ ਵਿਚ 'ਆਪ' ਦੇ 20 ਵਿਧਾਇਕ ਜਿੱਤਣ ਨਾਲ ਵਿਰੋਧੀ ਧਿਰ ਦੇ ਆਗੂ ਦਾ ਰੁਤਬਾ ਉਨ੍ਹਾਂ ਨੂੰ ਮਿਲਿਆ ਸੀ ਤੇ ਕਈ ਵਾਰ ਪੰਜਾਬ ਅੰਦਰ ਰਾਜ ਕਰ ਚੁੱਕੇ ਅਕਾਲੀ ਦਲ ਨੂੰ ਪਹਿਲੀ ਵਾਰ ਮੁੱਖ ਵਿਰੋਧੀ ਧਿਰ ਬਣਨ ਤੋਂ ਵੀ ਹੱਥ ਧੋਣੇ ਪੈ ਗਏ ਸਨ।

ਅਕਾਲੀ ਦਲ ਦੇ 15 ਤੇ ਭਾਈਵਾਲ ਭਾਜਪਾ ਦੇ 3 ਵਿਧਾਇਕ ਜਿੱਤੇ ਸਨ ਪਰ ਇਹ ਵੀ ਪਹਿਲੀ ਵਾਰ ਹੋਇਆ ਕਿ 'ਆਪ' ਮੁੱਖ ਵਿਰੋਧੀ ਧਿਰ ਤਾਂ ਬਣ ਗਈ ਪਰ ਵਿਰੋਧੀ ਧਿਰ ਦੇ ਨੇਤਾ ਬਹੁਤਾ ਸਮਾਂ ਟਿਕ ਨਹੀਂ ਸਕੇ। ਸਭ ਤੋਂ ਪਹਿਲਾਂ ਐਡਵੋਕੇਟ ਐਚ.ਐਸ. ਫੂਲਕਾ ਵਿਰੋਧੀ ਧਿਰ ਦੇ ਨੇਤਾ ਬਣੇ ਪਰ ਛੇ ਮਹੀਨਿਆਂ ਵਿਚ ਉਹ ਅਹੁਦਾ ਛੱਡ ਗਏ। ਫਿਰ ਪਾਰਟੀ ਅੰਦਰ ਮਚੇ ਵੱਡੇ ਘਮਸਾਨ ਬਾਅਦ ਸੁਖਪਾਲ ਸਿੰਘ ਖਹਿਰਾ ਵਿਰੋਧੀ ਧਿਰ ਦੇ ਆਗੂ ਬਣੇ ਪਰ ਸਾਲ ਲੰਘਣ ਤੋਂ ਪਹਿਲਾਂ ਹੀ ਪਾਰਟੀ ਅੰਦਰ ਅਜਿਹਾ ਰੱਫੜ ਖੜ੍ਹਾ ਹੋ ਗਿਆ ਕਿ ਖਹਿਰਾ ਸਣੇ 7 ਵਿਧਾਇਕਾਂ ਨੇ ਬਾਗੀ ਹੋ ਕੇ ਵੱਖਰਾ ਧੜਾ ਖੜ੍ਹਾ ਕਰ ਲਿਆ। 'ਆਪ' ਨੇ ਇਸ ਤੋਂ ਪਹਿਲਾਂ ਖਹਿਰਾ ਨੂੰ ਲਾਹ ਕੇ ਹਰਪਾਲ ਸਿੰਘ ਚੀਮਾ ਨੂੰ ਵਿਰੋਧੀ ਧਿਰ ਦਾ ਨੇਤਾ ਥਾਪ ਦਿੱਤਾ ਸੀ।

ਇਸ ਵੇਲੇ ਐਚ.ਐਸ. ਫੂਲਕਾ, ਸੁਖਪਾਲ ਸਿੰਘ ਖਹਿਰਾ, ਮਾਸਟਰ ਬਲਦੇਵ ਸਿੰਘ, ਅਮਰਜੀਤ ਸਿੰਘ ਸੰਦੋਹਾ ਤੇ ਨਾਜਰ ਸਿੰਘ ਮਾਨਸ਼ਾਹੀਆ ਆਪੋ-ਆਪਣੇ ਅਸਤੀਫੇ ਸਪੀਕਰ ਨੂੰ ਭੇਜ ਚੁੱਕੇ ਹਨ। ਇਨ੍ਹਾਂ ਦੇ ਅਸਤੀਫਿਆਂ ਬਾਰੇ ਫੈਸਲੇ ਅਗਲੇ ਮਹੀਨੇ ਹੋਣ ਦੀ ਉਮੀਦ ਹੈ। ਪਾਰਲੀਮਾਨੀ ਮਾਮਲਿਆਂ ਬਾਰੇ ਜਾਣਕਾਰੀ ਰੱਖਣ ਵਾਲੇ ਸਾਬਕਾ ਮੰਤਰੀ ਮਨੋਰੰਜਨ ਕਾਲੀਆ ਦਾ ਅਨੁਸਾਰ ਇਕੱਲੀ ਪਾਰਟੀ ਦੇ ਵਿਧਾਇਕਾਂ ਜਾਂ ਚੋਣਾਂ ਤੋਂ ਪਹਿਲਾਂ ਗੱਠਜੋੜ ਵਾਲੀਆਂ ਪਾਰਟੀਆਂ ਦੇ ਵਿਧਾਇਕਾਂ ਦੀ ਗਿਣਤੀ ਇਕੱਠੀ ਕੀਤੇ ਜਾਣ ਬਾਰੇ ਫੈਸਲਾ ਬਹੁਤਾ ਕਰਕੇ ਸਪੀਕਰ ਉਪਰ ਹੀ ਨਿਰਭਰ ਕਰਦਾ ਹੈ। ਉਨ੍ਹਾਂ ਕਿਹਾ ਕਿ ਅਜਿਹੀ ਸਥਿਤੀ ਪਹਿਲਾਂ ਕਦੇ ਸਾਹਮਣੇ ਨਹੀਂ ਆਈ। ਅਕਾਲੀ ਦਲ ਦੇ ਇਸ ਵੇਲੇ 14 ਵਿਧਾਇਕ ਹਨ। ਅਜੀਤ ਸਿੰਘ ਕੋਹਾੜ ਦੇ ਸਵਰਗਵਾਸ ਹੋਣ ਕਾਰਨ ਉਨ੍ਹਾਂ ਦੀ ਥਾਂ ਕਾਂਗਰਸ ਉਮੀਦਵਾਰ ਜੇਤੂ ਹੋਣ ਕਾਰਨ ਦਲ ਦਾ ਇਕ ਵਿਧਾਇਕ ਘਟ ਗਿਆ ਹੈ।

## ਸੰਗਰੂਰ, ਫਿਰੋਜ਼ਪੁਰ ਤੇ ਗੁਰਦਾਸਪੁਰ ਵਿਚ ਸਿਆਸੀ ਧਿਰਾਂ ਦੇ 'ਪ੍ਰਧਾਨਾਂ' ਦੀ ਟੱਕਰ

**ਚੰਡੀਗੜ੍ਹ:** ਪੰਜਾਬ ਦੀਆਂ 13 ਲੋਕ ਸਭਾ ਸੀਟਾਂ ਵਿਚੋਂ ਬਠਿੰਡਾ, ਸੰਗਰੂਰ, ਫਿਰੋਜ਼ਪੁਰ ਤੇ ਗੁਰਦਾਸਪੁਰ ਉਤੇ ਦਿਲਚਸਪ ਮੁਕਾਬਲੇ ਬਣ ਗਏ ਹਨ। ਇਨ੍ਹਾਂ ਚਾਰ ਸੀਟਾਂ 'ਤੇ ਸੂਬੇ ਦੀਆਂ ਪ੍ਰਮੁੱਖ ਰਾਜਸੀ ਪਾਰਟੀਆਂ ਦੇ ਪ੍ਰਧਾਨਾਂ ਦਾ ਵੱਕਾਰ









ਦਾਅ 'ਤੇ ਲੱਗਾ ਹੋਇਆ ਹੈ ਅਤੇ ਉਹ ਖੁਦ ਚੋਣ ਮੈਦਾਨ 'ਚ ਉਤਰੇ ਹੋਏ ਹਨ।

ਮਾਲਵੇ ਦੇ ਹਲਕੇ ਸੰਗਰੂਰ 'ਚ ਆਮ ਆਦਮੀ ਪਾਰਟੀ ਦੇ ਸੂਬਾ ਪ੍ਰਧਾਨ ਤੇ ਸੰਸਦ ਮੈਂਬਰ ਭਗਵੰਤ ਮਾਨ ਚੋਣ ਲੜ ਰਹੇ ਹਨ ਤੇ ਉਨ੍ਹਾਂ ਦਾ ਮੁੱਖ ਮੁਕਾਬਲਾ ਕਾਂਗਰਸੀ ਉਮੀਦਵਾਰ ਕੇਵਲ ਸਿੰਘ ਢਿੱਲੋਂ ਤੇ ਅਕਾਲੀ-ਭਾਜਪਾ ਉਮੀਦਵਾਰ ਵਿਧਾਇਕ ਪਰਮਿੰਦਰ ਸਿੰਘ ਢੀਂਡਸਾ ਨਾਲ ਹੈ। ਉਂਜ ਇਥੋਂ ਸ਼੍ਰੋਮਣੀ ਅਕਾਲੀ ਦਲ (ਅੰਮ੍ਰਿਤਸਰ) ਦੇ ਪ੍ਰਧਾਨ ਸਿਮਰਨਜੀਤ ਸਿੰਘ ਮਾਨ ਵੀ ਚੋਣ 'ਚ ਕੁੱਦੇ ਹੋਏ ਹਨ। ਆਮ ਆਦਮੀ ਪਾਰਟੀ ਸੂਬੇ 'ਚ ਆਪਣਾ ਆਧਾਰ ਕਾਇਮ ਰੱਖਣ ਲਈ ਇਸ ਸੀਟ 'ਤੇ ਸਿਰਤੋੜ ਯਤਨ ਕਰ ਰਹੀ ਹੈ ਤੇ ਭਗਵੰਤ ਮਾਨ ਦਾ ਰਾਜਸੀ ਭਵਿੱਖ ਵੀ ਉਨ੍ਹਾਂ ਦੀ ਜਿੱਤ ਹਾਰ 'ਤੇ ਹੀ ਨਿਰਭਰ ਕਰੇਗਾ। ਲੋਕ ਸਭਾ ਹਲਕਾ ਫਿਰੋਜ਼ਪੁਰ ਤੋਂ ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਚੋਣ ਮੈਦਾਨ 'ਚ ਹਨ ਤੇ ਉਨ੍ਹਾਂ ਦਾ ਮੁੱਖ ਮੁਕਾਬਲਾ ਕਾਂਗਰਸੀ ਉਮੀਦਵਾਰ ਤੇ ਸੰਸਦ ਮੈਂਬਰ ਸ਼ੇਰ ਸਿੰਘ ਘੁਬਾਇਆ ਨਾਲ ਹੈ। ਇਥੋਂ ਘੁਬਾਇਆ ਨੂੰ ਆਪਣੀ ਹੀ ਬਿਰਾਦਰੀ ਦੀ ਟੇਕ ਹੈ।

ਇਸੇ ਤਰ੍ਹਾਂ ਲੋਕ ਸਭਾ ਹਲਕਾ ਗੁਰਦਾਸਪੁਰ ਤੋਂ ਕਾਂਗਰਸ ਦੇ ਸੂਬਾ ਪ੍ਰਧਾਨ ਤੇ ਸੰਸਦ ਮੈਂਬਰ ਸੁਨੀਲ ਜਾਖੜ ਚੋਣ ਮੈਦਾਨ 'ਚ ਹਨ ਅਤੇ ਇਨ੍ਹਾਂ ਦੇ ਮੁਕਾਬਲੇ ਅਕਾਲੀ-ਭਾਜਪਾ ਵੱਲੋਂ ਫਿਲਮੀ ਅਦਾਕਾਰ ਸੰਨੀ ਦਿਓਲ ਨੂੰ ਚੋਣ ਅਖਾੜੇ 'ਚ ਉਤਾਰਿਆ ਗਿਆ ਹੈ। ਭਾਵੇਂ ਇਸ ਹਲਕੇ 'ਚ ਪੈਂਦੇ 9 ਵਿਧਾਨ ਸਭਾ ਹਲਕਿਆਂ 'ਚੋਂ ਸੱਤ ਹਲਕਿਆਂ 'ਤੇ ਕਾਂਗਰਸੀ ਵਿਧਾਇਕ ਕਾਬਜ਼ ਹਨ ਜਿਨ੍ਹਾਂ 'ਚੋਂ ਤਿੰਨ ਮੰਤਰੀ ਹਨ ਅਤੇ ਖੁਦ ਸੁਨੀਲ ਜਾਖੜ ਨੇ ਵੀ ਚੋਣ ਪ੍ਰਚਾਰ ਵਿਚ ਸੰਨੀ ਦਿਓਲ ਨੂੰ ਬੁਰੀ ਤਰ੍ਹਾਂ ਪਛਾੜਿਆ ਹੋਇਆ ਹੈ ਪਰ ਉਨ੍ਹਾਂ ਦੇ ਮੁਕਾਬਲੇ ਪ੍ਰਸਿੱਧ ਫਿਲਮੀ ਹਸਤੀ ਹੋਣ ਕਾਰਨ ਉਨ੍ਹਾਂ ਨੂੰ ਹਲਕੇ 'ਚ ਦਿਨ-ਰਾਤ ਮਿਹਨਤ ਕਰਨੀ ਪੈ ਰਹੀ ਹੈ। ਬਠਿੰਡਾ ਤੋਂ ਬਾਦਲ ਪਰਿਵਾਰ ਦੀ ਨੂੰਹ ਮੈਦਾਨ 'ਚ ਹੈ, ਉਨ੍ਹਾਂ ਦਾ ਮੁਕਾਬਲਾ ਸੁਖਪਾਲ ਖਹਿਰਾ ਤੇ ਕਾਂਗਰਸ ਦੇ ਰਾਜਾ ਵੜਿੰਗ ਨਾਲ ਹੈ।

## ਪੰਜਾਬ ਵਿਚ ਲੋਕ ਸਭਾ ਚੋਣਾਂ ਲਈ 278 ਉਮੀਦਵਾਰ ਮੈਦਾਨ 'ਚ

**ਚੰਡੀਗੜ੍ਹ:** ਪੰਜਾਬ ਦੇ 13 ਲੋਕ ਸਭਾ ਹਲਕਿਆਂ ਲਈ ਕੁੱਲ 278 ਉਮੀਦਵਾਰ ਚੋਣ ਮੈਦਾਨ 'ਚ ਹਨ। ਰਾਜ ਦੇ ਮੁੱਖ ਚੋਣ ਅਫਸਰ ਡਾ. ਐਸ. ਕਰੁਣਾ ਰਾਜੂ ਨੇ ਦੱਸਿਆ ਕਿ ਪੰਜਾਬ ਵਿਚ ਕੁੱਲ 385 ਉਮੀਦਵਾਰਾਂ ਨੇ ਨਾਮਜ਼ਦਗੀ ਪੱਤਰ ਦਾਇਰ ਕੀਤੇ ਸਨ। ਹਲਕਾ ਗੁਰਦਾਸਪੁਰ ਤੋਂ 15 ਉਮੀਦਵਾਰ ਮੈਦਾਨ ਵਿਚ ਹਨ। ਅੰਮ੍ਰਿਤਸਰ ਤੋਂ 30, ਖਡੂਰ ਸਾਹਿਬ ਤੋਂ 19, ਜਲੰਧਰ (ਰਾਖਵਾਂ) ਤੋਂ 19 ਹੁਸ਼ਿਆਰਪੁਰ (ਰਾਖਵਾਂ) 8, ਅਨੰਦਪੁਰ ਸਾਹਿਬ ਤੋਂ 26, ਲੁਧਿਆਣਾ ਤੋਂ 22, ਫਤਿਹਗੜ੍ਹ ਸਾਹਿਬ (ਰਾਖਵਾਂ) ਤੋਂ 20, ਫਰੀਦਕੋਟ (ਰਾਖਵਾਂ) ਤੋਂ 20, ਫਿਰੋਜ਼ਪੁਰ ਤੋਂ 22, ਬਠਿੰਡਾ ਤੋਂ 27, ਸੰਗਰੂਰ ਤੋਂ 25, ਪਟਿਆਲਾ ਤੋਂ 25 ਉਮੀਦਵਾਰ ਮੈਦਾਨ ਵਿਚ ਹਨ।

ਡਾ. ਰਾਜੂ ਨੇ ਦੱਸਿਆ ਕਿ ਹੁਣ ਕੁੱਲ 278 ਉਮੀਦਵਾਰ ਮੈਦਾਨ ਵਿਚ ਰਹਿ ਗਏ ਹਨ। ਪੰਜਾਬ ਰਾਜ ਵਿਚ ਕੁਲ 2,07,81,211 ਵੋਟਰ ਹੋ ਗਏ ਹਨ ਜਿਨ੍ਹਾਂ ਵਿਚੋਂ 1,09,50,735 ਪੁਰਸ਼, 98,29,916 ਮਹਿਲਾਵਾਂ ਅਤੇ 560 'ਥਰਡ ਜੈਂਡਰ' ਦੇ ਵੋਟਰ ਹਨ। ਉਨ੍ਹਾਂ ਦੱਸਿਆ ਕਿ ਸੂਬੇ ਵਿਚ ਵੋਟਾਂ 19 ਮਈ ਐਤਵਾਰ ਨੂੰ ਸਵੇਰੇ 7 ਵਜੇ ਤੋਂ ਸ਼ਾਮ 6 ਵਜੇ ਤੱਕ ਪੈਣਗੀਆਂ। ਸੂਬੇ ਵਿਚ 14460 ਪੋਲਿੰਗ ਥਾਂਵਾਂ ਉੱਤੇ 23213 ਪੋਲਿੰਗ ਬੂਥ ਸਥਾਪਿਤ ਕੀਤੇ ਗਏ ਹਨ, ਜਿਨ੍ਹਾਂ ਵਿਚੋਂ 249 ਗੰਭੀਰ, 719 ਨਾਜ਼ੁਕ ਅਤੇ 509 ਅਤਿ ਨਾਜ਼ੁਕ ਹਨ। ਪੰਜਾਬ ਰਾਜ ਵਿਚ ਵੋਟਾਂ ਵਾਲੇ ਦਿਨ 12002 ਬੂਥਾਂ ਤੋਂ ਵੈੱਬ-ਕਾਸਟਿੰਗ ਕੀਤੀ ਜਾਵੇਗੀ।

**Punjab Times**

**Established in 2000**
**20th Year in Publication**

Published every Saturday
by **A B Publication Inc.**
20451 N Plum Grove Rd.
Palatine, IL 60074-2018
**Ph:847-359-0746**
**Fax:847-705-9388**
Email:punjabtimes1@gmail.com
www.punjabtimesusa.com

**Editor:**
Amolak Singh Jammu
**Astt. Editors:**
Jaspreet Kaur
Kuljeet Singh

**Photographer**
Kamaljit Singh Virdi
Ph. 847-502-2703

**Our Columnists**
Gurbakhsh Singh Bhandal
Baljit Basi
Ashok Bhaura
Tarlochan Singh Dupalpur
Major Kular
**Corrspondents**
**Detroit, MI**
Rajinder Syan
734-261-0936
**New York**
Iqbal S. Jabowalia
917-375-6395

Postmaster: Please send address changes to Punjab Times, 20451 N. Plum Grove Rd., Palatine, IL 60074

**Distributed in:**
California, Illinois, Indiana, Ohio, Michigan, Wisconsin, Mississippi, Iowa, Arkansas, Massachusetts, Texas, Virginia, Nevada, Washington, Oregon, Arizona, Georgia, Florida, New York, New Jersey, Connecticut, Oklahoma, Pennsylvania, Missouri, Kentucky, Kansas.

**ਡਾਕ ਰਾਹੀਂ ਪਰਚਾ ਮੰਗਵਾਉਣ ਲਈ**
**ਸਾਲਾਨਾ ਚੰਦਾ: 100 ਡਾਲਰ**
**ਪੰਜ ਸਾਲ ਲਈ: 450 ਡਾਲਰ**

**ਨੋਟ:** ਪੰਜਾਬ ਟਾਈਮਜ਼ ਵਿਚ ਛਪੇ ਲੇਖਾਂ ਵਿਚਲੇ ਵਿਚਾਰਾਂ ਨਾਲ ਅਦਾਰਾ ਪੰਜਾਬ ਟਾਈਮਜ਼ ਦਾ ਸਹਿਮਤ ਹੋਣਾ ਜਰੂਰੀ ਨਹੀਂ ਹੈ। ਇਹ ਪਾਠਕਾਂ ਦੀ ਮਹਿਜ ਜਾਣਕਾਰੀ ਹਿੱਤ ਛਾਪੇ ਜਾਂਦੇ ਹਨ। ਉਨ੍ਹਾਂ ਦੇ ਸਹੀ ਜਾਂ ਗਲਤ ਹੋਣ ਬਾਰੇ ਫੈਸਲਾ ਪਾਠਕਾਂ ਦੇ ਹੱਥ ਵਿਚ ਹੈ।

ਪੰਜਾਬ ਟਾਈਮਜ਼ ਵਿਚ ਛਪੇ ਇਸ਼ਤਿਹਾਰਾਂ ਵਿਚ ਕੀਤੇ ਗਏ ਦਾਅਵਿਆਂ ਦੀ ਜਰੂਰੀ ਨਹੀਂ ਕਿ ਅਦਾਰਾ ਪੰਜਾਬ ਟਾਈਮਜ਼ ਤਾਈਦ ਕਰਦਾ ਹੋਵੇ। ਪਾਠਕ ਕਿਸੇ ਵੀ ਇਸ਼ਤਿਹਾਰ ਦੇ ਦਾਅਵਿਆਂ ਦੀ ਪੁਸ਼ਟੀ ਆਪ ਕਰ ਲੈਣ।

**Disclaimer**

The views expressed in the articles published in the columns of Punjab Times are that of their writers, and it is not implied that Punjab Times endorses them.

Sameway Punjab Times does not necessarily endorses the claims made in the advertisements published in Punjab Times.

**All disputes subject to Chicago jurisdiction.**

# ਸੀ.ਬੀ.ਐਸ.ਈ. ਦਸਵੀਂ ਦੇ ਨਤੀਜਿਆਂ 'ਚ ਵੀ ਕੁੜੀਆਂ ਦੀ ਝੰਡੀ

**ਨਵੀਂ ਦਿੱਲੀ:** ਸੀ.ਬੀ.ਐ.ਸ.ਈ. (ਕੇਂਦਰੀ ਸੈਕੰਡਰੀ ਸਿੱਖਿਆ ਬੋਰਡ) ਵੱਲੋਂ ਐਲਾਨੇ ਦਸਵੀਂ ਜਮਾਤ ਦੇ ਨਤੀਜਿਆਂ ਵਿਚ ਲੜਕੀਆਂ ਨੇ 92.45 ਪਾਸ ਫੀਸਦੀ ਹਾਸਲ ਕਰਦਿਆਂ ਲੜਕਿਆਂ ਨੂੰ 2.31 ਫੀਸਦੀ ਦੇ ਫਰਕ

### ਬਠਿੰਡੇ ਦੀ ਵਿਦਿਆਰਥਣ ਮਾਨਿਆ ਜਿੰਦਲ ਬਣੀ ਟੌਪਰ

ਨਾਲ ਪਛਾੜ ਦਿੱਤਾ ਹੈ। 13 ਵਿਦਿਆਰਥੀਆਂ ਨੇ 500 ਵਿਚੋਂ 499 ਅੰਕ ਹਾਸਲ ਕਰ ਕੇ ਪਹਿਲਾ ਰੈਂਕ ਹਾਸਲ ਕੀਤਾ ਹੈ। ਬਠਿੰਡਾ ਦੇ ਸੇਂਟ ਜ਼ੇਵੀਅਰ ਸਕੂਲ ਦੀ ਵਿਦਿਆਰਥਣ ਮਾਨਿਆ ਜਿੰਦਲ ਨੇ 500 ਵਿਚੋਂ 499 ਅੰਕ ਪ੍ਰਾਪਤ ਕਰ ਕੇ ਸਿਖਰਲੇ 13 ਵਿਦਿਆਰਥੀਆਂ ਵਿਚ ਜਗ੍ਹਾ ਬਣਾਈ ਹੈ। ॥

ਬਠਿੰਡਾ ਦੇ ਸਾਧਾਰਨ ਪਰਿਵਾਰ ਨਾਲ ਸਬੰਧਤ ਮਾਨਿਆ ਦੀ ਮਾਂ ਘਰੇਲੂ ਸੁਆਣੀ ਹੈ ਤੇ ਪਿਤਾ ਸ਼ੇਅਰ ਬਜ਼ਾਰ ਕਿੱਤੇ ਨਾਲ ਜੁੜੇ ਹੋਏ ਹਨ।

ਦੂਜਾ ਰੈਂਕ 24 ਵਿਦਿਆਰਥੀਆਂ ਤੇ ਤੀਜਾ ਰੈਂਕ 58 ਵਿਦਿਆਰਥੀਆਂ ਨੇ ਸਾਂਝਾ ਕੀਤਾ ਹੈ। ਕੁੱਲ 2.25 ਲੱਖ ਵਿਦਿਆਰਥੀਆਂ ਨੇ 90 ਫੀਸਦੀ ਤੋਂ ਜ਼ਿਆਦਾ ਅੰਕ ਹਾਸਲ ਕੀਤੇ ਹਨ ਤੇ 57,256 ਵਿਦਿਆਰਥੀਆਂ ਨੇ 95 ਫੀਸਦੀ ਦਾ ਅੰਕੜਾ ਪਾਰ ਕਰਨ ਵਿਚ ਸਫਲਤਾ ਹਾਸਲ ਕੀਤੀ ਹੈ। ਤ੍ਰਿਵੇਂਦਰਮ ਖੇਤਰ 99.85 ਪਾਸ ਫੀਸਦੀ ਨਾਲ ਪਹਿਲੇ, ਚੇਨਈ 99 ਤੇ ਅਜਮੇਰ 95.89 ਫੀਸਦੀ ਨਾਲ ਤੀਜੇ ਨੰਬਰ 'ਤੇ ਰਿਹਾ ਹੈ। ਇਸ ਵਾਰ ਦੀ ਪਾਸ ਫੀਸਦੀ ਪਿਛਲੇ ਸਾਲ ਨਾਲੋਂ 4.4 ਫੀਸਦੀ ਵੱਧ ਹੈ। 499 ਅੰਕ ਹਾਸਲ ਕਰਨ ਵਾਲੇ ਵਿਦਿਆਰਥੀਆਂ 'ਚ ਲੋਟਸ ਵੈਲੀ ਸਕੂਲ (ਗੌਤਮ ਬੁੱਧ ਨਗਰ) ਦੇ ਸਿਧਾਂਤ ਪੈਨਗੋਰੀਆ, ਬਾਲ ਭਾਰਤੀ ਪਬਲਿਕ ਸਕੂਲ (ਨੋਇਡਾ) ਦੇ ਦਿਵਯਾਂਸ਼ ਵਧਵਾ, ਸੇਂਟ ਪੈਟ੍ਰਿਕ ਸਕੂਲ (ਜੌਨਪੁਰ, ਯੂਪੀ) ਦੇ ਯੋਗੇਸ਼ ਕੁਮਾਰ ਗੁਪਤਾ, ਐਸ.ਏ.ਜੇ. ਸਕੂਲ (ਗਾਜ਼ੀਆਬਾਦ) ਦੇ ਅੰਕੁਰ ਮਿਸ਼ਰਾ, ਦੀਵਾਨ ਪਬਲਿਕ ਸਕੂਲ (ਮੇਰਠ ਛਾਉਣੀ) ਦੇ ਵਤਸਲ ਵਾਰਸ਼ਨੇਯ, ਸੇਂਟ ਜ਼ੇਵੀਅਰ ਸਕੂਲ (ਬਠਿੰਡਾ) ਦੀ ਮਾਨਿਆ ਜਿੰਦਲ, ਨੰਦ ਵਿਦਿਆ ਨਿਕੇਤਨ (ਜਾਮਨਗਰ) ਦਾ ਆਰੀਅਨ ਝਾਅ, ਸੇਂਟ ਏਂਜਲਾ ਸੋਫੀਆ ਸੀਨੀਅਰ ਸੈਕੰਡਰੀ ਸਕੂਲ (ਜੈਪੁਰ) ਦਾ ਤਰੁਨ ਜੈਨ, ਪਲਘਾਟ ਲਾਇਨਜ਼ ਸਕੂਲ (ਕੋਪੱਮ ਪਾਲਾਕਡ, ਕੇਰਲ) ਦੀ ਭਾਵਨਾ ਸ਼ਿਵਾਦਾਸ, ਚੌਧਰੀ ਛਬੀਲ ਦਾਸ ਪਬਲਿਕ ਸਕੂਲ (ਗਾਜ਼ੀਆਬਾਦ) ਦਾ ਈਸ਼ ਮਦਾਨ, ਕਾਨਵੈਂਟ ਆਫ ਜੀਸਸ ਐਂਡ ਮੇਰੀ (ਅੰਬਾਲਾ ਕੈਂਟ) ਦੀ ਦਿਵਜੋਤ ਕੌਰ ਜੱਗੀ, ਉਤਮ ਸਕੂਲ ਫਾਰ ਗਰਲਜ਼ (ਗਾਜ਼ੀਆਬਾਦ) ਦੀ ਅਪੂਰਵਾ ਜੈਨ ਤੇ ਮੈਸੂਰ ਸਕੂਲ (ਨੋਇਡਾ) ਦੀ ਸ਼ਿਵਾਨੀ ਲਾਠ ਸ਼ਾਮਲ ਹਨ।

# ਸਿੱਖ ਜਰਨੈਲ ਨਲਵਾ ਦੀ ਦਸਤਾਰ 'ਚ ਸਜੇ ਗਹਿਣੇ ਦੀ ਨਿਲਾਮੀ

**ਲੰਡਨ :** ਲੰਡਨ ਦੇ ਸੋਥਬੀਜ਼ ਨਿਲਾਮ ਘਰ ਵੱਲੋਂ ਵਿਉਂਤੀ ਬੋਲੀ ਦੌਰਾਨ ਸਿੱਖ ਜਰਨੈਲ ਹਰੀ ਸਿੰਘ ਨਲਵਾ ਦੀ ਦਸਤਾਰ 'ਚ ਸਜਿਆ ਰਤਨਾਂ ਵਾਲਾ ਗਹਿਣਾ (ਸਰਪੇਚ) ਵੱਡੀ ਕੀਮਤ 'ਤੇ ਵਿਕਿਆ। ਦਸਤਾਰ 'ਚ ਮੀਨਾਕਾਰੀ ਵਾਲਾ ਗਹਿਣਾ ਸਾਢੇ 3 ਲੱਖ ਪੌਂਡ 'ਚ ਵਿਕਿਆ ਜਦਕਿ ਇਸ ਦੀ ਬੋਲੀ ਇਕ ਲੱਖ 80 ਹਜ਼ਾਰ ਪੌਂਡ ਤੋਂ ਸ਼ੁਰੂ ਕੀਤੀ ਗਈ ਸੀ।

ਨਿਲਾਮ ਘਰ ਵੱਲੋਂ ਸੋਥਬੀਜ਼ ਨੇ ਮੁਗਲ ਕਾਲ ਦੀਆਂ ਕਈ ਕਲਾਕ੍ਰਿਤਾਂ ਅਤੇ ਹੋਰ ਬੇਸ਼ਕੀਮਤੀ ਵਸਤਾਂ ਨੂੰ ਵੀ ਰੱਖਿਆ ਸੀ। ਸੂਰ ਦਾਸ ਕੋਲੋਂ ਮਿਲੀ 17ਵੀਂ ਸਦੀ ਦੀ ਪੇਂਟਿੰਗ 'ਏ ਬੈਟਲ ਆਊਟਸਾਈਡ ਵਾਲਡ ਫੋਰਟਰੈੱਸ' ਇਕ ਲੱਖ 43 ਹਜ਼ਾਰ 750 ਪੌਂਡ 'ਚ ਵਿਕੀ। ਨਿਲਾਮੀ ਦੌਰਾਨ ਕੁੱਲ 1.80 ਕਰੋੜ ਪੌਂਡ ਤੋਂ ਵੱਧ ਦੀ ਵਿਕਰੀ ਹੋਈ। ਨਿਲਾਮੀ 'ਚ ਕਾਲੀਨ ਖਿੱਚ ਦਾ ਕੇਂਦਰ ਰਹੇ। ਇਰਾਨ ਦੇ ਦੂਜੇ ਬਾਦਸ਼ਾਹ ਫਤਿਹ-ਅਲੀ ਸ਼ਾਹ ਲਈ ਤਿਆਰ ਕੀਤੇ ਗਏ ਸੁਨਹਿਰੀ ਫਾਰਸੀ ਸਿਲਕ ਕਾਲੀਨ 'ਤੇ ਡੇਢ ਲੱਖ ਪੌਂਡ ਦੀ ਬੋਲੀ ਲੱਗੀ।

# ਡਾ. ਬਾਕਿਰ ਪਾਕਿਸਤਾਨ ਸਟੇਟ ਬੈਂਕ ਦੇ ਗਵਰਨਰ ਬਣੇ

**ਇਸਲਾਮਾਬਾਦ:** ਵਿੱਤੀ ਸੰਕਟ ਦੀ ਮਾਰ ਝੱਲ ਰਹੇ ਪਾਕਿਸਤਾਨ ਵੱਲੋਂ ਕੌਮਾਂਤਰੀ ਮੁਦਰਾ ਕੋਸ਼ (ਆਈ.ਐਮ.ਐਫ.) ਤੋਂ ਵਿੱਤੀ ਮਦਦ ਲੈਣ ਦੀਆਂ ਕੋਸ਼ਿਸ਼ਾਂ ਦਰਮਿਆਨ ਮੁਲਕ ਦੇ ਵਿੱਤ ਮੰਤਰੀ, ਕੇਂਦਰੀ ਬੈਂਕ ਦੇ ਗਵਰਨਰ ਅਤੇ ਸਰਵ ਉਚ ਕਰ ਅਧਿਕਾਰੀ ਦੀਆਂ ਨੌਕਰੀਆਂ ਦੀ ਬਲੀ ਲੈ ਲਈ ਗਈ ਹੈ, ਕਿਉਂਕਿ ਕੌਮਾਂਤਰੀ ਸੰਸਥਾ ਨੇ ਪਾਕਿਸਤਾਨ ਨੂੰ ਵਿੱਤੀ ਅਨੁਸ਼ਾਸਨ ਯਕੀਨੀ ਬਣਾਉਣ ਲਈ ਹੋਰ ਕਦਮ ਚੁੱਕਣ ਲਈ ਕਿਹਾ ਹੈ।

ਸਰਕਾਰ ਨੇ ਕੌਮਾਂਤਰੀ ਮੁਦਰਾ ਕੋਸ਼ ਲਈ ਕੰਮ ਕਰ ਰਹੇ ਪਾਕਿਸਤਾਨੀ ਅਰਥ ਸ਼ਾਸਤਰੀ ਡਾ. ਰਜ਼ਾ ਬਾਕਿਰ ਨੂੰ ਸਟੇਟ ਬੈਂਕ ਆਫ ਪਾਕਿਸਤਾਨ ਦਾ ਗਵਰਨਰ ਨਿਯੁਕਤ ਕੀਤਾ ਹੈ। ਉਨ੍ਹਾਂ ਦੀ ਨਿਯੁਕਤੀ ਤਾਰਿਕ ਬਾਜਵਾ ਵਲੋਂ ਪਾਕਿਸਤਾਨ ਦੇ ਕੇਂਦਰੀ ਬੈਂਕ ਦੇ ਗਵਰਨਰ ਵਜੋਂ ਅਸਤੀਫਾ ਦੇਣ ਦੇ ਇਕ ਦਿਨ ਮਗਰੋਂ ਕੀਤੀ ਗਈ ਹੈ। ਸਰਕਾਰ ਨੇ ਅਹਿਮਦ ਮੁਜਤਬਾ ਮੇਮਨ ਨੂੰ ਫੈਡਰਲ ਬੋਰਡ ਆਫ ਰੈਵੇਨਿਊ ਦਾ ਚੇਅਰਮੈਨ ਨਿਯੁਕਤ ਕੀਤਾ ਹੈ। ਇਹ ਅਹੁਦਾ ਵੀ ਜਹਾਨਜ਼ੇਬ ਖਾਨ ਨੂੰ ਅਹੁਦੇ ਤੋਂ ਹਟਾਉਣ ਮਗਰੋਂ ਖਾਲੀ ਹੋ ਗਿਆ ਸੀ। ਡਾ. ਬਾਕਿਰ ਇਸ ਸਮੇਂ ਆਈ.ਐਮ.ਐਫ. ਵਿਚ ਮਿਸਰ ਦੇ ਸੀਨੀਅਰ ਰੈਜੀਡੈਂਟ ਪ੍ਰਤੀਨਿਧੀ ਵਜੋਂ ਸੇਵਾਵਾਂ ਨਿਭਾ ਰਹੇ ਹਨ।

# ਸ਼੍ਰੋਮਣੀ ਕਮੇਟੀ ਦਾ ਵਧੀਕ ਸਕੱਤਰ ਤੇ ਸੇਵਾਦਾਰ ਮੁਅੱਤਲ

**ਅੰਮ੍ਰਿਤਸਰ:** ਸ਼੍ਰੋਮਣੀ ਕਮੇਟੀ ਵਿਚ ਮੁਲਾਜ਼ਮ ਭਰਤੀ ਕਰਾਉਣ ਦੇ ਨਾਂ 'ਤੇ ਲੋਕਾਂ ਕੋਲੋਂ ਪੈਸੇ ਲੈਣ ਸਬੰਧੀ ਸ਼ਿਕਾਇਤਾਂ ਦੇ ਆਧਾਰ 'ਤੇ ਕਾਰਵਾਈ ਕਰਦਿਆਂ ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਗੋਬਿੰਦ ਸਿੰਘ ਲੌਂਗੋਵਾਲ ਨੇ ਸੰਸਥਾ ਦੇ ਵਧੀਕ ਸਕੱਤਰ ਬਿਜੈ ਸਿੰਘ ਅਤੇ ਕਰਮਚਾਰੀ ਗੁਰਤੇਜ ਸਿੰਘ ਸੇਵਾਦਾਰ ਨੂੰ ਮੁਅੱਤਲ ਕਰਨ ਦੇ ਆਦੇਸ਼ ਜਾਰੀ ਕੀਤੇ ਹਨ। ਇਹ ਜਾਣਕਾਰੀ ਸ਼੍ਰੋਮਣੀ ਕਮੇਟੀ ਦੇ ਮੁੱਖ ਸਕੱਤਰ ਡਾ. ਰੂਪ ਸਿੰਘ ਨੇ ਕੀਤੀ ਹੈ।

ਮੁਅੱਤਲੀ ਦੌਰਾਨ ਇਨ੍ਹਾਂ ਦੇ ਹੈੱਡਕੁਆਰਟਰ ਵੀ ਬਦਲ ਦਿੱਤੇ ਗਏ ਹਨ। ਬਿਜੈ ਸਿੰਘ ਨੂੰ ਮੁਅੱਤਲੀ ਦੌਰਾਨ ਤਖ਼ਤ ਸ੍ਰੀ ਕੇਸਗੜ੍ਹ ਸਾਹਿਬ ਵਿੱਚ ਅਤੇ ਗੁਰਤੇਜ ਸਿੰਘ ਸੇਵਾਦਾਰ ਨੂੰ ਗੁਰਦੁਆਰਾ ਸ੍ਰੀ ਚਰਨ ਕੰਵਲ ਸਾਹਿਬ ਮਾਛੀਵਾੜਾ ਵਿਚ ਤਾਇਨਾਤ ਕੀਤਾ ਗਿਆ ਹੈ। ਇਨ੍ਹਾਂ 'ਤੇ ਦੋਸ਼ ਲਾਇਆ ਹੈ ਕਿ ਇਨ੍ਹਾਂ ਨੇ ਸੰਸਥਾ ਵਿਚ ਮੁਲਾਜ਼ਮ ਭਰਤੀ ਕਰਾਉਣ ਲਈ ਵੱਖ-ਵੱਖ ਵਿਅਕਤੀਆਂ ਕੋਲੋਂ ਪੈਸੇ ਲਏ ਹਨ।

ਸ਼੍ਰੋਮਣੀ ਕਮੇਟੀ ਪ੍ਰਧਾਨ ਵੱਲੋਂ ਇਸ ਮਾਮਲੇ ਦੀ ਜਾਂਚ ਲਈ ਪਹਿਲਾਂ ਹੀ ਸਬ ਕਮੇਟੀ ਗਠਿਤ ਕਰ ਦਿੱਤੀ ਗਈ ਸੀ, ਜਿਸ ਨੂੰ ਹੁਣ ਆਦੇਸ਼ ਦਿਤਾ ਗਿਆ ਹੈ ਕਿ ਇਸ ਸਬੰਧੀ ਜਾਂਚ ਦੀ ਰਿਪੋਰਟ ਤੁਰੰਤ ਪੇਸ਼ ਕੀਤੀ ਜਾਵੇ।

ਬਿਜੈ ਸਿੰਘ ਇਸ ਵੇਲੇ ਧਰਮ ਪ੍ਰਚਾਰ ਕਮੇਟੀ ਵਿਚ ਵਧੀਕ ਸਕੱਤਰ ਵਜੋਂ ਕੰਮ ਕਰ ਰਹੇ ਹਨ। ਉਨ੍ਹਾਂ ਨੇ ਦੋਸ਼ਾਂ ਨੂੰ ਰੱਦ ਕਰਦਿਆਂ ਕਿਹਾ ਕਿ ਉਹ ਇਸ ਮਾਮਲੇ ਵਿਚ ਬੇਲੋੜੇ ਸ਼ਿਕਾਰ ਬਣ ਗਏ ਹਨ। ਰੋਸ ਵਿਖਾਵਾ ਕਰਨ ਵਾਲਿਆਂ ਨੇ ਦੋਸ਼ ਲਾਇਆ ਸੀ ਕਿ 40 ਵਿਅਕਤੀਆਂ ਦੀ ਭਰਤੀ ਲਈ 40 ਲੱਖ ਰੁਪਏ ਦੀ ਰਕਮ ਦਿੱਤੀ ਗਈ ਹੈ ਪਰ ਉਨ੍ਹਾਂ ਨੂੰ ਨਾ ਤਾਂ ਨਿਯੁਕਤੀ ਪੱਤਰ ਮਿਲਿਆ ਹੈ ਅਤੇ ਨਾ ਹੀ ਉਨ੍ਹਾਂ ਦੇ ਪੈਸੇ ਵਾਪਸ ਕੀਤੇ ਜਾ ਰਹੇ ਹਨ। ਇਸ ਮਾਮਲੇ ਨੂੰ ਲੈ ਕੇ ਵੀਡੀਓ ਵੀ ਸੋਸ਼ਲ ਮੀਡੀਆ 'ਤੇ ਵਾਇਰਲ ਹੋਈ ਹੈ।

## ਮੇਗਨ ਮਰਕਲ ਨੇ ਪੁੱਤਰ ਨੂੰ ਜਨਮ ਦਿੱਤਾ

**ਲੰਡਨ:** ਪ੍ਰਿੰਸ ਹੈਰੀ ਦੀ ਪਤਨੀ ਮੇਗਨ ਮਰਕਲ ਨੇ ਪੁੱਤਰ ਨੂੰ ਜਨਮ ਦਿੱਤਾ ਹੈ। ਨਵਜੰਮੇ ਬੱਚੇ ਦਾ ਭਾਰ 3.2 ਕਿਲੋਗ੍ਰਾਮ ਹੈ। ਪ੍ਰਿੰਸ ਹੈਰੀ ਨੇ ਦੱਸਿਆ ਕਿ ਮੇਗਨ ਤੇ ਬੱਚਾ ਦੋਵੇਂ ਤੰਦਰੁਸਤ ਹਨ। ਸਥਾਨਕ ਸਮੇਂ ਮੁਤਾਬਕ ਮੇਗਨ ਮਰਕਲ ਨੇ ਸਵੇਰੇ ਬੱਚੇ ਨੂੰ ਜਨਮ ਦਿੱਤਾ। ਮਹਿਲ ਵੱਲੋਂ ਜਾਰੀ ਬਿਆਨ ਮੁਤਾਬਕ ਇਸ ਜੋੜੇ ਨੇ ਲੋਕਾਂ ਵੱਲੋਂ ਉਨ੍ਹਾਂ ਦੇ ਇਸ ਖਾਸ ਸਮੇਂ ਦਿੱਤੇ ਸਹਿਯੋਗ ਲਈ ਧੰਨਵਾਦ ਕੀਤਾ ਤੇ ਆਉਣ ਵਾਲੇ ਦਿਨਾਂ ਵਿਚ ਹੋਰ ਜਾਣਕਾਰੀ ਸਾਂਝੀ ਕੀਤੀ ਜਾਵੇਗੀ। ਇਹ ਸ਼ਾਹੀ ਬੱਚਾ ਮਹਾਰਾਣੀ ਐਲਿਜ਼ਾਬੈਥ ਦੂਜੀ ਦਾ ਅੱਠਵਾਂ ਪੋਤਾ ਹੈ।

# ਲੋਕਾਂ ਦੇ ਸਵਾਲਾਂ ਨੇ ਸਿਆਸਤਦਾਨਾਂ ਨੂੰ ਲਿਆਂਦੀਆਂ ਤਰੇਲੀਆਂ

*(ਸਫਾ ਇਕ ਦੀ ਬਾਕੀ)*

ਵੱਖ-ਵੱਖ ਵਰਗ ਦੇ ਲੋਕਾਂ ਵੱਲੋਂ ਕਾਂਗਰਸ ਦੇ ਉਮੀਦਵਾਰਾਂ ਅੱਗੇ ਚੋਣ ਪ੍ਰਚਾਰ ਵੇਲੇ ਉਠਾਏ ਜਾ ਰਹੇ ਸਵਾਲ ਇਨ੍ਹਾਂ ਨੁਕਤਿਆਂ 'ਤੇ ਹੀ ਆਧਾਰਿਤ ਹਨ। ਜ਼ਿਕਰਯੋਗ ਹੈ ਕਿ ਕਾਂਗਰਸ ਵੱਲੋਂ 2017 'ਚ ਵਿਧਾਨ ਸਭਾ ਚੋਣਾਂ ਮੌਕੇ ਜਾਰੀ ਕੀਤੇ ਗਏ ਮੈਨੀਫੈਸਟੋ ਦੇ ਮੁੱਖ ਪੰਨੇ 'ਤੇ ਸੂਬੇ ਦੇ ਅਹਿਮ ਮਸਲਿਆਂ ਨੂੰ ਉਭਾਰ ਕੇ ਪੇਸ਼ ਕੀਤਾ ਗਿਆ ਸੀ। ਇਹ ਕਿਹਾ ਗਿਆ ਸੀ ਕਿ 'ਕੈਪਟਨ ਦੇ ਨੌਂ ਨੁਕਤੇ' ਨਵਾਂ ਨਰੋਇਆ ਪੰਜਾਬ ਸਿਰਜਣਗੇ ਜਦਕਿ ਇਹ ਸਿਰਫ ਕਾਗਜ਼ਾਂ ਤੱਕ ਹੀ ਸੀਮਤ ਹੋ ਕੇ ਰਹਿ ਗਏ ਤੇ ਲੋਕ ਮਨਾਂ ਵਿਚ ਰੋਹ ਹੈ। ਚੋਣ ਪ੍ਰਚਾਰ ਲਈ ਜਾਂਦੇ ਕਾਂਗਰਸੀ ਉਮੀਦਵਾਰਾਂ ਤੋਂ ਤੰਗ ਹੋਏ ਲੋਕ ਵਿਧਾਨ ਸਭਾ ਚੋਣਾਂ ਮੌਕੇ ਕੀਤੇ ਵਾਅਦਿਆਂ ਦਾ ਲੇਖਾ-ਜੋਖਾ ਮੰਗ ਰਹੇ ਹਨ। ਇਨ੍ਹਾਂ ਨੁਕਤਿਆਂ ਨੂੰ ਆਧਾਰ ਬਣਾ ਕੇ ਲੋਕਾਂ ਨੇ ਬਠਿੰਡਾ ਤੋਂ ਕਾਂਗਰਸੀ ਉਮੀਦਵਾਰ ਰਾਜਾ ਵੜਿੰਗ ਅਤੇ ਸੰਗਰੂਰ 'ਚ ਸਾਬਕਾ ਮੁੱਖ ਮੰਤਰੀ ਰਾਜਿੰਦਰ ਕੌਰ ਭੱਠਲ ਨੂੰ ਘੇਰਿਆ ਸੀ। ਇਨ੍ਹਾਂ ਨੁਕਤਿਆਂ 'ਚ ਇਕ ਮੁੱਖ ਵਾਅਦਾ ਘਰ-ਘਰ ਰੁਜ਼ਗਾਰ ਦੇਣਾ ਵੀ ਹੈ। ਮਨਪ੍ਰੀਤ ਸਿੰਘ ਬਾਦਲ ਦੀ ਅਗਵਾਈ ਵਿਚ ਬਣਾਏ ਇਸ ਚੋਣ ਮਨੋਰਥ ਪੱਤਰ ਵਿਚ ਬੜੇ ਜ਼ੋਰ ਨਾਲ ਸਾਲ 2017 ਤੋਂ 2022 ਤੱਕ ਹਰ ਪਰਿਵਾਰ ਦੇ ਘੱਟੋ-ਘੱਟ ਇਕ ਮੈਂਬਰ ਨੂੰ ਨੌਕਰੀ ਦੇਣ ਦਾ ਟੀਚਾ ਮਿਥਿਆ ਗਿਆ ਹੈ।

ਇਹ ਵਾਅਦਾ ਵੀ ਕੀਤਾ ਗਿਆ ਹੈ ਕਿ ਜਦ ਤੱਕ ਸ਼ਨਾਖਤ ਕੀਤੇ ਬੇਰੁਜ਼ਗਾਰਾਂ ਨੂੰ ਨੌਕਰੀ ਨਹੀਂ ਮਿਲਦੀ, ਉਦੋਂ ਤੱਕ 2,500 ਰੁਪਏ ਪ੍ਰਤੀ ਮਹੀਨਾ ਭੱਤਾ ਦਿੱਤਾ ਜਾਵੇਗਾ, ਹਾਲਾਂਕਿ ਅਜਿਹਾ ਕੁਝ ਨਹੀਂ ਹੋਇਆ। ਇਸੇ ਕਾਰਨ ਹੁਣ ਸੂਬੇ ਵਿਚਲੇ ਲੱਖਾਂ ਬੇਰੁਜ਼ਗਾਰ ਨੌਜਵਾਨਾਂ ਸਮੇਤ ਕਈ ਸਾਲਾਂ ਤੋਂ ਠੇਕੇ ਉਤੇ ਨਿਗੂਣੀਆਂ ਤਨਖਾਹਾਂ 'ਤੇ ਕੰਮ ਕਰਦੇ ਮੁਲਾਜ਼ਮ ਹੁਕਮਰਾਨ ਪਾਰਟੀ ਦੇ ਉਮੀਦਵਾਰਾਂ ਤੇ ਆਗੂਆਂ ਨੂੰ ਠਿੱਠ ਕਰ ਰਹੇ ਹਨ। ਕਾਂਗਰਸ ਨੇ ਸਰਕਾਰ ਬਣਦਿਆਂ ਹੀ ਠੇਕੇ 'ਤੇ ਕੰਮ ਕਰਦੇ ਹਜ਼ਾਰਾਂ ਮੁਲਾਜ਼ਮਾਂ ਨੂੰ ਰੈਗੂਲਰ ਕਰਨ ਦਾ ਵਾਅਦਾ ਕੀਤਾ ਸੀ ਪਰ 25 ਮਹੀਨਿਆਂ ਦੌਰਾਨ ਇਸ ਵਰਗ ਨੂੰ ਮਹਿਜ਼ ਲਾਰੇ ਹੀ ਮਿਲੇ ਹਨ। ਰੈਗੂਲਰ ਮੁਲਾਜ਼ਮਾਂ ਦਾ ਵੀ ਸਰਕਾਰ 15 ਫੀਸਦੀ ਡੀ.ਏ. ਤੇ ਛੇਵਾਂ ਤਨਖਾਹ ਕਮਿਸ਼ਨ ਦੱਬੀ ਬੈਠੀ ਹੈ ਤੇ ਇਹ ਵਰਗ ਵੀ ਸਰਕਾਰ ਨੂੰ ਘੇਰ ਰਿਹਾ ਹੈ। ਮੈਨੀਫੈਸਟੋ ਵਿਚ ਨਸ਼ਿਆਂ ਦਾ ਚਾਰ ਹਫਤਿਆਂ 'ਚ ਖਾਤਮਾ ਕਰਨ, ਨਸ਼ਾ ਕਰਨ ਵਾਲਿਆਂ ਨੂੰ ਮੁੱਖ ਧਾਰਾ 'ਚ ਲਿਆਉਣ ਅਤੇ ਤਸਕਰਾਂ ਖਿਲਾਫ ਕਾਰਵਾਈ ਦਾ ਵਾਅਦਾ ਵੀ ਕੀਤਾ ਗਿਆ ਹੈ ਪਰ ਸੂਬਾ ਸਰਕਾਰ ਦੇ 25 ਮਹੀਨੇ ਬੀਤਣ 'ਤੇ ਵੀ ਇਸ ਦਾ ਕੋਈ ਵਿਆਪਕ ਅਸਰ ਨਜ਼ਰ ਨਹੀਂ ਆ ਰਿਹਾ। ਇਸੇ ਤਰ੍ਹਾਂ ਕਿਸਾਨ ਕਰਜ਼ੇ ਤੇ ਖੁਦਕੁਸ਼ੀਆਂ ਅਤੇ ਹੋਰ ਮਸਲੇ ਵੀ ਵੋਟਾਂ ਮੰਗਣ ਗਏ ਆਗੂਆਂ ਨੂੰ ਚੇਤੇ ਕਰਵਾਏ ਜਾ ਰਹੇ ਹਨ।

# ਚੋਣ ਕਮਿਸ਼ਨਰ ਦੀ 'ਮੋਦੀ ਭਗਤੀ' ਉਤੇ ਸਵਾਲ

*(ਸਫਾ ਇਕ ਦੀ ਬਾਕੀ)*

ਧੜ ਨਿਬੇੜਾ ਕਰਦਿਆਂ ਮੋਦੀ ਤੇ ਸ਼ਾਹ ਨੂੰ ਕਲੀਨ ਚਿੱਟ ਦੇ ਦਿੱਤੀ। ਨਰਿੰਦਰ ਮੋਦੀ ਨੂੰ ਕਲੀਨ ਚਿੱਟ ਦੇਣ ਵਾਲੇ ਮੁਕੰਮਲ ਚੋਣ ਕਮਿਸ਼ਨ ਦੇ ਚੋਣ ਕਮਿਸ਼ਨਰਾਂ 'ਚੋਂ ਇਕ ਨੇ ਇਸ ਫੈਸਲੇ ਨਾਲ ਅਸਹਿਮਤੀ ਜ਼ਾਹਿਰ ਕੀਤੀ।

ਇਸ ਪੂਰੇ ਚੋਣ ਕਮਿਸ਼ਨ 'ਚ ਮੁੱਖ ਚੋਣ ਕਮਿਸ਼ਨਰ ਸੁਨੀਲ ਅਰੋੜਾ, ਚੋਣ ਕਮਿਸ਼ਨਰ ਅਸ਼ੋਕ ਲਵਾਸਾ ਤੇ ਸੁਨੀਲ ਚੰਦਰ ਸ਼ਾਮਲ ਸਨ। ਚੋਣ ਕਮਿਸ਼ਨ ਵੱਲੋਂ ਪ੍ਰਧਾਨ ਮੰਤਰੀ ਨੂੰ ਕਲੀਨ ਚਿੱਟ ਦੇਣ ਦੇ ਫੈਸਲੇ 2-1 ਦੀ ਬਹੁਮਤ ਨਾਲ ਸੁਣਾਏ ਗਏ ਸਨ। ਚੋਣ ਕਮਿਸ਼ਨਰ ਅਸ਼ੋਕ ਲਵਾਸਾ ਨੇ ਮੋਦੀ ਤੇ ਸ਼ਾਹ ਨੂੰ ਕਲੀਨ ਚਿੱਟ ਦੇਣ ਦਾ ਵਿਰੋਧ ਕੀਤਾ। ਉਧਰ, ਸੁਪਰੀਮ ਕੋਰਟ ਨੇ ਚੋਣ ਕਮਿਸ਼ਨ ਵੱਲੋਂ ਮੋਦੀ ਤੇ ਸ਼ਾਹ ਨੂੰ ਦਿੱਤੀ ਕਲੀਨ ਚਿੱਟੇ ਨਾਲ ਸਬੰਧਤ ਹੁਕਮਾਂ ਦੀ ਕਾਪੀ ਤਲਬ ਕਰ ਲਈ ਹੈ। ਸੁਸ਼ਮਿਤਾ ਦੇਵ ਵਲੋਂ ਪੇਸ਼ ਹੋਏ ਸੀਨੀਅਰ ਵਕੀਲ ਅਭਿਸ਼ੇਕ ਮਨੂ ਸਿੰਘਵੀ ਨੇ ਕਿਹਾ ਕਿ ਚੋਣ ਕਮਿਸ਼ਨ ਨੇ ਮੋਦੀ ਤੇ ਸ਼ਾਹ ਖਿਲਾਫ ਆਦਰਸ਼ ਚੋਣ ਜ਼ਾਬਤੇ ਦੀ ਉਲੰਘਣਾ ਨਾਲ ਸਬੰਧਤ ਸ਼ਿਕਾਇਤਾਂ ਨੂੰ ਖਾਰਜ ਕਰਨ ਲਈ ਕੋਈ ਠੋਸ ਕਾਰਨ ਨਹੀਂ ਦਿੱਤਾ ਤੇ ਅਜਿਹੀਆਂ ਰਿਪੋਰਟਾਂ ਹਨ ਕਿ ਚੋਣ ਪੈਨਲ ਦੇ ਕੁਝ ਫੈਸਲਿਆਂ ਨਾਲ ਇਕ ਚੋਣ ਕਮਿਸ਼ਨਰ ਨੇ ਅਸਹਿਮਤੀ ਜਤਾਈ ਹੈ।

ਯਾਦ ਰਹੇ ਕਿ ਮੋਦੀ ਤੇ ਸ਼ਾਹ ਖਿਲਾਫ ਚੋਣ ਰੈਲੀਆਂ ਵਿਚ ਫਿਰਕੂ ਭਾਸ਼ਣਾਂ ਨਾਲ ਸਬੰਧਤ ਸ਼ਿਕਾਇਤਾਂ ਆਈਆਂ ਸਨ। ਕੁਝ ਵੋਟਰਾਂ ਨੇ ਇਲੈਕਟਰਾਨਿਕ ਵੋਟਿੰਗ ਮਸ਼ੀਨਾਂ ਬਾਰੇ ਵੀ ਸ਼ਿਕਾਇਤਾਂ ਕੀਤੀਆਂ ਸਨ। ਕੁਝ ਵੋਟਰਾਂ ਦਾ ਕਹਿਣਾ ਸੀ ਕਿ ਜਦੋਂ ਉਨ੍ਹਾਂ ਨੇ ਕਿਸੇ ਉਮੀਦਵਾਰ ਦੇ ਹੱਕ ਵਿਚ ਬਟਨ ਦਬਾਇਆ ਪਰ ਮਸ਼ੀਨ ਦੁਆਰਾ ਕੱਢੀ ਗਈ ਪੇਪਰ ਸਲਿੱਪ 'ਤੇ ਵੋਟ ਕਿਸੇ ਹੋਰ ਉਮੀਦਵਾਰ ਨੂੰ ਪਾਈ ਗਈ ਦਿਖਾਈ ਦਿੱਤੀ। ਇਹੋ ਜਿਹੀ ਸ਼ਿਕਾਇਤ ਕਰਨ ਵਾਲਿਆਂ ਵਿਚ ਆਸਾਮ ਦਾ ਸੇਵਾਮੁਕਤ ਡਾਇਰੈਕਟਰ ਜਨਰਲ ਆਫ ਪੁਲਿਸ ਹਰੀ ਕ੍ਰਿਸ਼ਨ ਡੇਕਾ ਵੀ ਸ਼ਾਮਲ ਹੈ।

## ਪੰਜਾਬ ਟਾਈਮਜ਼ ਦਾ ਆਨਰੇਰੀ ਸਲਾਹਕਾਰ ਬੋਰਡ

| | | | |
|---|---|---|---|
| (ਡਾ.) ਨਵਦੀਪ ਕੌਰ | ਡਾ. ਗੁਰਦਿਆਲ ਸਿੰਘ ਬਸਰਾਨ | ਡਾ. ਹਰਗੁਰਮੁਖਪਾਲ ਸਿੰਘ | ਡਾ. ਗੁਰਚਰਨ ਸਿੰਘ ਗਰੇਵਾਲ |
| ਬਲਵਿੰਦਰ (ਨਿੱਕੀ) ਕੌਰ ਸੇਖੋਂ | ਬਲਵਿੰਦਰ ਸਿੰਘ ਸੰਧੂ | ਅਯੁਧਿਆ ਸਲਵਾਨ | ਰਾਜਿੰਦਰ ਸਿੰਘ ਬੈਂਸ |
| ਸਵਰਨਜੀਤ ਸਿੰਘ ਢਿਲੋਂ | ਹਰਜੀਤ ਸਿੰਘ ਸਾਹੀ | ਡਾ. ਤੇਜਿੰਦਰ ਸਿੰਘ ਮੰਡੇਰ | ਮਨਦੀਪ ਸਿੰਘ ਭੂਰਾ |
| ਅਮੋਲਕ ਸਿੰਘ ਗਾਖਲ | ਸਰਵਣ ਸਿੰਘ ਟਿਵਾਣਾ | ਜਗਦੀਸ਼ਰ ਸਿੰਘ ਕਲੇਰ | ਗੁਲਜ਼ਾਰ ਸਿੰਘ ਮੁਲਤਾਨੀ |
| ਦਰਸ਼ਨ ਸਿੰਘ ਗਰੇਵਾਲ | ਜੈਦੇਵ ਸਿੰਘ ਭੱਠਲ | ਰਘਬੀਰ ਸਿੰਘ ਘੁੰਨ | ਅਵਤਾਰ ਸਿੰਘ ਸਪਰਿੰਗਫੀਲਡ |
| ਹਰਦਿਆਲ ਸਿੰਘ ਦਿਓਲ | ਜਸਵਿੰਦਰ ਸਿੰਘ (ਜੱਸੀ) ਗਿੱਲ | ਦਰਸ਼ਨ ਸਿੰਘ ਦਰੜ | ਗੁਰਵੀਰ ਸਿੰਘ ਗਿੱਲ |

# ਬੈਂਕ ਫਰਾਡ ਵਿਚ ਚਾਰ ਜਣਿਆਂ ਨੂੰ ਕੈਦ ਅਤੇ ਲੱਖਾਂ ਡਾਲਰ ਦੀ ਸਜ਼ਾ

**ਸ਼ਿਕਾਗੋ (ਬਿਊਰੋ):** ਇਥੋਂ ਦੀਆਂ ਸਬਰਬਾਂ ਵਿਚ ਰਹਿੰਦੇ ਤਿੰਨ ਜਣਿਆਂ ਅਤੇ ਇਕ ਹੋਰ ਵਿਅਕਤੀ ਨੂੰ ਬੈਂਕ ਫਰਾਡ ਦੇ ਦੋਸ਼ ਕਬੂਲ ਲੈਣ ਪਿਛੋਂ ਜੇਲ੍ਹ ਦੀ ਸਜ਼ਾ ਤੇ ਲੱਖਾਂ ਡਾਲਰ ਮੋੜਨ ਦੀ ਸਜ਼ਾ ਸੁਣਾਈ ਗਈ ਹੈ।

ਅਖਬਾਰ 'ਡੇਲੀ ਹੈਰਲਡ' ਵਿਚ ਛਪੀ ਖਬਰ ਵਿਚ ਦੱਸਿਆ ਗਿਆ ਹੈ ਕਿ ਇਸਤਗਾਸਾ ਧਿਰ ਅਨੁਸਾਰ ਪੈਲਾਟਾਈਨ ਦੇ 39 ਸਾਲਾ ਚਰਨਪਾਲ ਘੁੰਮਣ ਅਤੇ ਬਲੂਮਿੰਗਡੇਲ ਦੇ ਆਗਾ ਖਾਨ, ਗੈਸ ਸਟੇਸ਼ਨ ਫਲਿਪਿੰਗ ਸਕੀਮ ਵਿਚ ਬਿਜਨਸ ਪਾਰਟਨਰ ਸਨ। ਉਨ੍ਹਾਂ ਨੇ ਬਿਜਨਸ ਉਨ੍ਹਾਂ ਲੋਕਾਂ ਨੂੰ ਵੇਚੇ ਜਿਨ੍ਹਾਂ ਬਾਰੇ ਉਨ੍ਹਾਂ ਨੂੰ ਪਤਾ ਸੀ ਕਿ ਉਹ ਕਰਜ਼ਾ ਲੈਣ ਦੇ ਯੋਗ ਨਹੀਂ ਹਨ। ਦੋਹਾਂ ਨੇ ਰਲ ਕੇ ਜਾਅਲੀ ਦਰਖਾਸਤਾਂ ਦੇਣ ਲਈ ਇਕ ਲੋਨ ਅਫਸਰ ਨਾਲ ਸਾਜਿਸ਼ ਰਚੀ ਅਤੇ ਇਕ ਅਕਾਊਂਟੈਂਟ ਨੇ ਜਾਅਲੀ ਟੈਕਸ ਰਿਟਰਨਾਂ ਦੇਣ ਵਿਚ ਉਨ੍ਹਾਂ ਦੀ ਮਦਦ ਕੀਤੀ, ਜਿਸ ਰਾਹੀਂ ਉਹ ਸਾਲ 2006 ਤੋਂ 2009 ਤੱਕ ਚਾਲੀ ਮਿਲੀਅਨ ਡਾਲਰ ਤੋਂ ਵੱਧ ਦੇ ਕਰਜ਼ੇ ਲੈਣ ਵਿਚ ਕਾਮਯਾਬ ਰਹੇ। ਇਨ੍ਹਾਂ ਚਾਰਾਂ ਨੂੰ 2013 ਵਿਚ ਦੋਸ਼ੀ ਠਹਿਰਾਇਆ ਗਿਆ ਸੀ, ਜਦੋਂ ਬੈਂਕ ਨੂੰ ਕਰਜ਼ੇ ਦੇਣ ਕਰਕੇ ਲੱਖਾਂ ਡਾਲਰਾਂ ਦਾ ਨੁਕਸਾਨ ਸਹਿਣਾ ਪਿਆ ਸੀ। ਘੁੰਮਣ ਨੂੰ 5 ਸਾਲ ਅਤੇ 6 ਮਹੀਨੇ ਦੀ ਕੈਦ ਹੋਈ ਸੀ। ਉਸ ਨੂੰ 2 ਮਿਲੀਅਨ ਡਾਲਰ ਦਾ ਜੁਰਮਾਨਾ ਵੀ ਹੋਇਆ ਸੀ। ਆਗਾ ਖਾਨ ਨੂੰ ਤਿੰਨ ਸਾਲਾਂ ਦੀ ਕੈਦ ਅਤੇ ਇਕ ਮਿਲੀਅਨ ਡਾਲਰ ਦਾ ਜ਼ੁਰਮਾਨਾ ਹੋਇਆ ਸੀ।

ਪਹਿਲਾਂ ਨੇਪਰਵਿਲ ਰਹਿੰਦਾ ਅਤੇ ਹੁਣ ਟੈਕਸਸ ਵਸਦਾ ਅਕਾਸ਼ ਬ੍ਰਹਮਭੱਟ ਲੋਨ ਅਫਸਰ ਸੀ। ਉਸ ਨੂੰ ਤਿੰਨ ਸਾਲਾਂ ਦੀ ਕੈਦ ਅਤੇ ਇਕ ਮਿਲੀਅਨ ਡਾਲਰ ਦਾ ਜ਼ੁਰਮਾਨਾ ਹੋਇਆ।

ਐਲਕ ਗਰੂਵ ਵਿਲੇਜ ਵਿਚ ਰਹਿੰਦਾ 53 ਸਾਲਾ ਸ਼ੀਤਲ ਮਹਿਤਾ ਅਕਾਊਂਟੈਂਟ ਸੀ, ਜਿਸ ਨੇ ਜਾਅਲੀ ਟੈਕਸ ਰਿਟਰਨਾਂ ਭਰੀਆਂ। ਉਸ ਨੂੰ ਇਕ ਸਾਲ ਤੇ ਇਕ ਦਿਨ ਦੀ ਸਜ਼ਾ ਹੋਈ ਅਤੇ 5 ਲੱਖ ਡਾਲਰ ਦਾ ਜ਼ੁਰਮਾਨਾ ਹੋਇਆ।

ਇਸ ਤੋਂ ਇਲਾਵਾ ਘੁੰਮਣ, ਖਾਨ ਅਤੇ ਬ੍ਰਹਮਭੱਟ ਨੂੰ ਬ੍ਰਹਮਭੱਟ ਦੇ ਸਾਬਕਾ ਇੰਪਲਾਇਰ ਨੂੰ ਹਰਜ਼ਾਨੇ ਵਜੋਂ 10.3 ਮਿਲੀਅਨ ਡਾਲਰ ਭਰਨ ਦਾ ਹੁਕਮ ਵੀ ਹੋਇਆ ਹੈ।


## ਵੇਟਰ ਦੀ ਲੋੜ ਹੈ

ਮੈਡੀਸਨ, ਵਿਸਕਾਨਸਿਨ ਵਿਚ ਭਾਰਤੀ ਰੈਸਟੋਰੈਂਟ 'ਢਾਬਾ' ਲਈ ਵੇਟਰ ਦੀ ਲੋੜ ਹੈ।

ਮੁਫਤ ਖਾਣਾ ਤੇ ਹੋਰ ਸਹੂਲਤਾਂ

ਸੰਪਰਕ ਕਰੋ: ਮਿਸਟਰ ਸਿੰਘ

ਫੋਨ: 608-886-2500

17-20



## SUPER TRAVEL

847-676-9090, 773-465-5566

E-mail: supertravel2003@live.com

Lowest Fares With Excellent Service

United Airlines
British Airways



Etihad, Air India, KLM, Lufthansa, Delta, Qatar Airlines.

For Emergency Call anytime at 847-673-3825

EARLY BIRD SALE!!!!

Domestic fares available



## Desi Bazar

916 E. Main Street #118, Greenwood, IN, 46143
Tel: 317-888-2040, Fax: 317-887-6116

We specialize in all kind of Indian Groceries and Sweets

- FRESH VEGETABLES EVERY THURSDAY
- FRESH GOAT MEAT

10% off on all Gurudwara supplies and Religious programs!!

We Are Open 7 Days a Week

ਖੁਲ੍ਹਾ ਤੇ ਸਾਫ ਸੁਥਰਾ ਸਟੋਰ, ਪੰਜਾਬੀਆਂ ਦਾ ਮਾਣ ਦੇਸੀ ਬਾਜ਼ਾਰ


## ਚੰਬਲ ਦਾ ਡਕੈਤ ਮਲਖਾਨ ਚੋਣ ਮੈਦਾਨ 'ਚ

**ਲਖਨਊ :** ਉੱਤਰ ਪ੍ਰਦੇਸ਼ ਦੀ ਚੰਬਲ ਦੀ ਘਾਟੀ ਤੇ ਮੱਧ ਪ੍ਰਦੇਸ਼ 'ਚ 70 ਦੇ ਦਹਾਕੇ 'ਚ ਮਸ਼ਹੂਰ ਡਕੈਤ ਰਿਹਾ ਮਲਖਾਨ ਸਿੰਘ ਰਾਜਪੂਤ ਚੋਣ ਮੈਦਾਨ 'ਚ ਕਿਸਮਤ ਅਜਮਾ ਰਿਹਾ ਹੈ। 76 ਸਾਲਾ ਮਲਖਾਨ ਨੇ ਸ਼ਿਵਪਾਲ ਯਾਦਵ ਦੀ ਪ੍ਰਗਤੀਸ਼ੀਲ ਸਮਾਜਵਾਦੀ ਪਾਰਟੀ (ਲੋਹੀਆ) ਵੱਲੋਂ ਲੋਕ ਸਭਾ ਹਲਕਾ ਧੌਹਾਰਾ ਤੋਂ ਕਾਗਜ ਭਰੇ ਹਨ।

1970 ਦੌਰਾਨ ਚੰਬਲ ਵਿਚ ਡਕੈਤਾਂ ਦੇ ਸਰਦਾਰ ਰਹੇ ਮਲਖਾਨ ਸਿੰਘ ਰਾਜਪੂਤ ਨੇ ਕਿਹਾ ਕਿ ਮਾਹੌਲ ਚੰਗਾ ਹੈ, ਧੂੰਆਂਧਾਰ ਲੜ ਰਹੇ ਹਾਂ। ਮੈਂ ਜਿੱਤਾਂਗਾ। ਮੇਰੀ ਪਾਰਟੀ ਮਜ਼ਬੂਤ ਹੈ ਅਤੇ ਮੈਂ ਜਦੋਂ ਵੀ ਹਲਕੇ 'ਚ ਜਾ ਰਿਹਾ ਹਾਂ ਵਧੀਆ ਹੁੰਗਾਰਾ ਮਿਲ ਰਿਹਾ ਹੈ। ਉਸ ਨੇ ਕਿਹਾ ਕਿ ਮੈਂ ਲੋਕ ਹਿੱਤਾਂ ਨਾਲ ਜੁੜੇ ਮੁੱਦਿਆਂ ਲਈ ਮਜਬੂਤੀ ਨਾਲ ਖੜ੍ਹਾ ਹਾਂ ਤੇ ਲੋਕਾਂ ਨੂੰ ਉਨ੍ਹਾਂ ਡਕੈਤਾਂ ਤੋਂ ਬਚਾਉਣਾ ਚਾਹੁੰਦਾ ਹਾਂ ਜਿਨ੍ਹਾਂ ਨੂੰ ਉਹ ਰੋਜ਼ ਝੱਲ ਰਹੇ ਹਨ। ਮੈਂ ਗਰੀਬਾਂ, ਮਹਿਲਾਵਾਂ 'ਤੇ ਹੋ ਰਹੇ ਜ਼ੁਲਮ ਖਿਲਾਫ ਡੱਟ ਕੇ ਖੜ੍ਹਾ ਰਹਾਂਗਾ। ਉਨ੍ਹਾਂ ਕਿਹਾ ਕਿ ਆਪਣੀ ਅਣਖ ਦੀ ਰਾਖੀ ਖਾਤਰ ਬੰਦੂਕ ਚੁੱਕੀ ਸੀ।

## ਅਨੰਤਨਾਗ 'ਚ ਭਾਜਪਾ ਵਰਕਰ ਨੂੰ ਗੋਲੀ ਮਾਰੀ

**ਸ੍ਰੀਨਗਰ:** ਜੰਮੂ ਕਸ਼ਮੀਰ ਦੇ ਅਨੰਤਨਾਗ ਜ਼ਿਲ੍ਹੇ 'ਚ ਸ਼ੱਕੀ ਅਤਿਵਾਦੀਆਂ ਨੇ ਭਾਜਪਾ ਵਰਕਰ ਨੂੰ ਗੋਲੀ ਮਾਰ ਕੇ ਕਤਲ ਕਰ ਦਿੱਤਾ। ਪੁਲਿਸ ਨੇ ਦੱਸਿਆ ਕਿ ਨੌਗਾਮ ਵੈਰੀਨਾਗ 'ਚ ਅਣਪਛਾਤੇ ਅਤਿਵਾਦੀਆਂ ਨੇ ਗੁਲ ਅਹਿਮਦ ਮੀਰ ਨਾਂ ਦੇ ਭਾਜਪਾ ਵਰਕਰ ਨੂੰ ਗੋਲੀ ਮਾਰ ਦਿੱਤੀ। ਮੀਰ ਨੂੰ ਤੁਰੰਤ ਹਸਪਤਾਲ ਲਿਜਾਇਆ ਗਿਆ ਜਿੱਥੇ ਉਸ ਨੇ ਦਮ ਤੋੜ ਦਿੱਤਾ। ਹਮਲਾਵਰਾਂ ਨੂੰ ਫੜਨ ਲਈ ਇਲਾਕੇ ਦੀ ਨਾਕਾਬੰਦੀ ਕੀਤੀ ਗਈ ਹੈ।


## Matrimonials

### ਲੜਕੀ ਦੀ ਲੋੜ ਹੈ

Jatt Sikh 28, 5'-8", only boy, B.Com, own business & properties in Jalandhar City. Like to settle in California. Family is looking for girl with moral values. Contact, Ph: 805-889-4848 17-20

Looking for Punjabi Jatt (Girl), Bachelor in 3-D animation from Canada, did one year advance program of sketching in London (UK). Working in (Hollywood Movie studio, The Mill) Canada. Contact, Ph: 216-471-0305 16-

Looking for Punjabi Jatt (Girl) for smart, handsome boy, Age 22. Graduate in Hotel Management from Kolata. Living in Colorado, USA. On work visa. Contact, Ph: 440-901-8806 16-

### ਲੜਕੀ ਦੀ ਲੋੜ ਹੈ

Well established, educated small Jatt Sikh, Sekhon Family seeks a US born, or Green Card holder match for their well educated, hard worker, 23 years old son, 6'-1", currently doing Business Administration in a Private University, on F1 visa. He is in the United States since 2015. Clean record. Contact, Ph: 561-221-7559, 815-276-3557 or e-mail: sherisekhon88@gmail.com

Wanted US citizen Suitable girl for Dental specialist Arora Sikh boy, 30, 5'-10", practicing and teaching endodontic. Mother senior professor, father retired Deputy Director, Department of animal husbandry, well settled. Caste no bar. Contact: 91-94174-05453 {Punjab} 13-16



## ਬਜ਼ੁਰਗ ਮਾਤਾ ਦੀ ਸੰਭਾਲ ਲਈ ਲੋੜ ਹੈ

ਬਜ਼ੁਰਗ ਮਾਤਾ ਦੀ ਸਾਂਭ ਸੰਭਾਲ ਲਈ ਇਕ ਰਿਟਾਇਰ ਲੇਡੀ/ਜੋੜੇ ਦੀ ਲੋੜ ਹੈ, ਜੋ ਨਾਰਥਵਿਲ, ਮਿਸ਼ੀਗਨ ਵਿਚ ਸਾਡੇ ਘਰ ਰਹਿ ਸਕੇ। ਹਫਤਾਵਾਰ ਤਨਖਾਹ। ਰਿਹਾਇਸ਼ ਫਰੀ।

ਸੰਪਰਕ ਕਰੋ:

ਕਮਲਜੀਤ ਕੌਰ ਫੋਨ: 248-396-9993

ਜਾਂ ਐਂਡੀ, ਫੋਨ: 248-390 0682

18-19



## ਪ੍ਰੋਫੈਸ਼ਨਲ ਤੰਦੂਰੀਏ ਦੀ ਲੋੜ ਹੈ

ਆਇਓਵਾ ਸਟੇਟ ਵਿਚ ਇੰਡੀਅਨ ਰੈਸਟੋਰੈਂਟ ਲਈ ਪ੍ਰੋਫੈਸ਼ਨਲ ਤੰਦੂਰੀਏ ਦੀ ਲੋੜ ਹੈ ਜੋ ਤੰਦੂਰ ਦਾ ਸਾਰਾ ਕੰਮ ਜਾਣਦਾ ਹੋਵੇ।

ਚੰਗੀ ਤਨਖਾਹ; ਖਾਣਾ ਤੇ ਰਿਹਾਇਸ਼ ਮੁਫਤ

ਸੰਪਰਕ ਕਰੋ: ਮਿ. ਸਿੰਘ

ਫੋਨ: 515-291-1961

17-20



## ਖੁੱਲ੍ਹ ਗਿਆ ਹੈ ! ਖੁੱਲ੍ਹ ਗਿਆ ਹੈ ! !




916 East Main Street # 120
Greenwood, Indiana 46143
*(Next to Desi Bazaar)*



Ph: 317-886-7176

Fax: 317-886-7180

6-9



## ਤੰਦੂਰੀਏ ਤੇ ਹਲਵਾਈ ਦੀ ਲੋੜ ਹੈ

ਹਿਊਸਟਨ (ਟੈਕਸਸ) ਵਿਚ ਇਕ ਭਾਰਤੀ ਰੈਸਟੋਰੈਂਟ ਲਈ ਮਿਠਾਈਆਂ ਬਣਾਉਣ ਵਾਲੇ ਕਾਰੀਗਰ ਅਤੇ ਤੰਦੂਰੀਏ ਦੀ ਲੋੜ ਹੈ

ਚੰਗੀ ਤਨਖਾਹ ਅਤੇ ਇਕੱਲੇ ਬੰਦੇ ਲਈ ਰਿਹਾਇਸ਼ ਦਾ ਪ੍ਰਬੰਧ

ਸੰਪਰਕ ਕਰੋ

ਮੁਖਤਿਆਰ ਸਿੰਘ, ਫੋਨ: 713-884-9547

ਸੁਖਦੇਵ ਸਿੰਘ, ਫੋਨ: 832-724-1635

4-

# ਕੀ ਸਾਨੂੰ ਮਾਂਵਾਂ ਬਣਨਾ ਆਇਆ?

**ਮਾਂ ਦਿਵਸ 'ਤੇ ਵਿਸ਼ੇਸ਼**

ਪੱਛਮ ਨੇ ਸਾਰੇ ਸੰਸਾਰ ਨੂੰ ਆਪਣੇ ਕਲਾਵੇ ਵਿਚ ਇਸ ਪ੍ਰਕਾਰ ਲੈ ਲਿਆ ਹੈ ਕਿ ਸੰਸਾਰ ਦੀਆਂ ਸਾਰੀਆਂ ਸਭਿਆਤਾਵਾਂ ਆਪਣਾ ਪਿਛੋਕੜ ਛੱਡ ਕੇ ਕਦੋਂ ਭਾਂਤ-ਭਾਂਤ ਦੀਆਂ ਕਿਸਮਾਂ ਦੇ ਫੁੱਲ ਖਰੀਦਣ ਲੱਗ ਪਈਆਂ, ਪਤਾ ਹੀ ਨਹੀਂ ਲੱਗਾ। ਸਭ ਢਕੋਸਲਿਆਂ ਵਿਚੋਂ ਇਕ ਹੈ, 'ਮਾਂ ਦਿਵਸ' ਜਿੱਦਣ ਬੱਚਿਆਂ ਨੂੰ ਮਾਂ ਦੇ ਅਭਾਰੀ ਹੋਣ ਦਾ ਚੇਤਾ ਆਉਂਦਾ ਹੈ। ਇਥੋਂ ਤੱਕ ਕਿ ਬਿਰਧ ਆਸ਼ਰਮਾਂ ਵਿਚ ਛੱਡੀਆਂ ਮਾਂਵਾਂ ਦੇ ਫੁੱਲ ਤਾਰਨ ਨੂੰ ਉਡੀਕਦੇ ਬੱਚੇ ਉਨ੍ਹਾਂ ਨੂੰ ਫੁੱਲ ਭੇਟਾ ਕਰਨਾ ਨਹੀਂ ਭੁੱਲਦੇ।

ਮਾਂ ਦਾ ਰੋਲ ਬੱਚੇ ਦੀ ਜ਼ਿੰਦਗੀ ਵਿਚ ਕੰਪਿਊਟਰ ਦੇ ਪਾਸਵਰਡ ਵਰਗਾ ਹੁੰਦਾ ਹੈ, ਜਿਸ ਅੰਦਰ ਉਸ ਦੇ ਸਾਰੇ ਭੇਤ ਹੁੰਦੇ ਹਨ। ਪੇਕੇ ਗਈ ਧੀ ਨੂੰ ਵੀ ਜੇ ਮਾਂ ਨਾ ਦਿਸੇ ਤਾਂ ਉਹ ਘਰ ਉਸ ਨੂੰ ਸੁੰਨ-ਮਸਾਨ ਲੱਗਦਾ ਹੈ। ਐਵੇਂ ਤਾਂ ਨਹੀਂ ਕਿਸੇ ਕਿਹਾ:

ਗੁਰਜੀਤ ਕੌਰ
ਫੋਨ: 713-469-2474

ਪਹਿਲੀ ਵਾਰੀ ਜਦੋਂ ਕੋਈ ਮੈਂ ਨਾਂ ਲੈਣਾ ਸਿਖਿਆ,
ਰੱਬ ਤੋਂ ਵੀ ਪਹਿਲਾਂ ਸੀ ਮੈਂ ਮਾਂ ਕਹਿਣਾ ਸਿਖਿਆ।

ਪੇਕੇ ਘਰ ਜਿਹੜੀ ਕੁੜੀ ਢੋਲ-ਨਗਾਰਿਆਂ ਦੀ ਥਾਪ 'ਤੇ ਵੀ ਨਾ ਉਠੇ, ਬੱਚਾ ਹੋਣ ਤੋਂ ਬਾਅਦ ਉਸ ਦੀ ਮਾੜੀ ਜਿਹੀ ਚੀਂ-ਚੀਂ 'ਤੇ ਘੂਕ ਨੀਂਦ ਵਿਚੋਂ ਜਾਗ ਪੈਂਦੀ ਹੈ। ਬੱਚੇ ਦਾ ਜੇ ਰੱਜ ਨਾ ਹੋਵੇ ਤਾਂ ਉਹ ਪੂਰੇ ਹੱਕ ਨਾਲ ਮਾਂ ਦਾ ਹਿੱਸਾ ਖਾ ਜਾਂਦਾ ਹੈ ਤੇ ਬੱਚੇ ਦਾ ਵੀ ਇਹੋ ਜਿਹਾ ਰਿਸ਼ਤਾ ਮਾਂ ਨਾਲ ਬਣਦਾ ਹੈ, ਜਿਹਦੇ ਲਈ ਉਹ ਆਪਣੇ ਪਿਤਾ ਨਾਲ ਵੀ ਦੁਸ਼ਮਣੀ ਲੈਣ ਤੋਂ ਪਰਹੇਜ਼ ਨਹੀਂ ਕਰਦਾ। ਇਕ ਉਮਰ ਤੱਕ ਮਾਂ ਬੱਚਿਆਂ ਦੀ ਅੰਗ-ਰੱਖਿਅਕ ਹੁੰਦੀ ਹੈ ਤੇ ਇਕ ਉਮਰ ਤੋਂ ਬਾਅਦ ਬੱਚੇ ਉਸ ਦੀ ਸੰਜੋਅ ਬਣ ਜਾਂਦੇ ਹਨ। ਇਥੋਂ ਤੱਕ ਕਿ ਬੱਚੇ ਨੂੰ ਚੁੱਪ ਕਰਾਉਣ ਲਈ ਪਿਤਾ ਵੀ ਉਸ ਨੂੰ ਮਾਂ ਦੇ ਗਲ ਪਾਉਂਦਾ ਹੈ, ਭਾਵੇਂ ਬੱਚਾ ਅੱਧਾ ਉਸ ਦਾ ਵੀ ਹੈ। ਇਸੇ ਕਰਕੇ ਹੀ 'ਮਾਪੇ' ਕਿਹਾ ਜਾਂਦਾ ਹੈ, ਨਾ ਕਿ 'ਪੇਮਾ'; ਭਾਵ ਮਾਂ ਪਹਿਲਾਂ ਆਉਂਦੀ ਹੈ। ਸ਼ਾਇਦ ਤਾਹੀਉਂ ਹੀ ਮਾਂ ਨੂੰ ਰੱਬ ਦਾ ਰੂਪ ਕਿਹਾ ਜਾਂਦਾ ਹੈ ਪਰ ਇਹੀ ਗੱਲ ਹੀ ਮੇਰੀ ਜਿਗਿਆਸਾ ਦਾ ਕਾਰਨ ਬਣੀ ਕਿ ਜੇ ਮਾਂ ਨੂੰ ਰੱਬ ਦਾ ਰੂਪ ਕਿਹਾ ਗਿਆ ਹੈ ਤੇ ਫਿਰ ਸਾਡਾ ਸਮਾਜ ਰਸਾਤਲ ਵੱਲ ਕਿਉਂ ਜਾ ਰਿਹਾ ਹੈ? ਜੇ ਇਸੇ ਗ੍ਰਹਿ 'ਤੇ ਰੱਬ ਥਾਂ-ਥਾਂ ਤੁਰੇ ਫਿਰਦੇ ਨੇ, ਫਿਰ ਵੀ ਇਹ ਸਮਾਜ ਗਰਕਣ 'ਤੇ ਕਿਉਂ ਆਇਆ ਹੋਇਆ ਹੈ? ਗੁਰੂ ਸਾਹਿਬਾਨ ਦਾ ਹੁਕਮ ਹੈ:

ਭੁਲਣ ਅੰਦਰਿ ਸਭੁ ਕੋ ਅਭੁਲੁ ਗੁਰੂ ਕਰਤਾਰੁ॥

ਇਸ ਕਰਕੇ ਕਹਿ ਸਕਦੇ ਹਾਂ ਕਿ ਮਾਂ ਦੀ ਰੱਬੀ ਸਲਤਨਤ ਦੀ ਹੱਦਬੰਦੀ ਉਸ ਤਰ੍ਹਾਂ ਹੈ, ਜਿਸ ਤਰ੍ਹਾਂ ਰੱਬ ਦੀ ਹੋਂਦ ਸਿਰਫ ਮੱਕੇ ਜਾਂ ਸ਼ਿਵਾਲੇ ਵਿਚ ਸਮਝਣਾ। ਜੇ ਦੁਨਿਆਵੀ ਰੱਬ ਵਿਚ ਗਲਤੀਆਂ ਕਰਨ ਦੀ ਗੁੰਜਾਇਸ਼ ਨਾ ਹੋਵੇ ਤਾਂ ਔਖੀ ਘੜੀ ਵਿਚ ਧਰਤੀ 'ਤੇ ਬਿਰਾਜਮਾਨ ਰੱਬ ਅਕਾਲ ਪੁਰਖ ਪਾਸੋਂ ਸੁਖ ਸਾਂਦ ਨਾ ਮੰਗੇ।

ਜਿਸ ਤਰ੍ਹਾਂ ਪੰਜਾਬ ਦੀ ਪਰਿਭਾਸ਼ਾ ਅਜੋਕੇ ਜ਼ਮਾਨੇ ਵਿਚ ਆਪਣਾ ਪੰਜਾਬ, ਘਰ ਦੀ ਸ਼ਰਾਬ, ਪਟਿਆਲਾ ਪੈੱਗ, ਸਾਗ, ਮੱਕੀ ਦੀ ਰੋਟੀ, ਪਰਾਂਦੀ, ਗਿੱਧੇ-ਭੰਗੜੇ, ਢਾਬੇ ਤੱਕ ਹੀ ਸੀਮਤ ਕਰ ਦਿੱਤੀ ਗਈ ਹੈ, ਉਸੇ ਤਰ੍ਹਾਂ ਮਾਂ ਦੀ ਵਿਆਖਿਆ ਕਰਨ ਲਈ ਉਸ ਦੇ ਜਣੇਪੇ ਦੀਆਂ ਪੀੜਾਂ, ਉਸ ਦੇ ਆਪ ਗਿੱਲੇ ਥਾਂ ਸੌਂ ਕੇ ਬੱਚੇ ਨੂੰ ਸੁੱਕੇ ਥਾਂ ਪਾਉਣਾ, ਉਸ ਨੂੰ ਸਕੂਲ ਛੱਡਣਾ, ਰਾਤਾਂ ਜਾਗਣੀਆਂ ਤੱਕ ਹੀ ਮਹਿਦੂਦ ਕਰ ਦਿੱਤਾ ਗਿਆ ਹੈ। ਧਿਆਨ ਨਾਲ ਦੇਖੀਏ ਤਾਂ ਜਣੇਪੇ ਦੀਆਂ ਪੀੜਾਂ ਨੂੰ ਛੱਡ ਕੇ ਇਹ ਸਭ ਤਾਂ ਪਿਤਾ ਵੀ ਕਰ ਸਕਦਾ ਸੀ, ਫਿਰ ਇਹੋ ਜਿਹੀ ਕਿਹੜੀ ਗੱਲ ਹੋਈ ਕਿ ਗੁਰੂ ਸਾਹਿਬ ਨੇ ਫੁਰਮਾਇਆ, 'ਭੰਡੁ ਮੁਆ ਭੰਡੁ ਭਾਲੀਐ॥' ਕਾਰਨ? 'ਭੰਡਿ ਹੋਵੈ ਬੰਧਾਨੁ॥' ਕਿਉਂਕਿ ਮਾਂ ਕਰਕੇ ਹੀ ਸਾਰਾ ਪਰਿਵਾਰ ਬੱਝਾ ਹੁੰਦਾ ਹੈ। ਜੇ ਇਸਤਰੀ ਕਰਕੇ ਪਰਿਵਾਰਕ ਸਾਂਝ ਕਾਇਮ ਰਹਿੰਦੀ ਹੈ ਤਾਂ ਫਿਰ ਇਹੋ ਜਿਹਾ ਕੀ ਹੋ ਜਾਂਦਾ ਹੈ ਕਿ ਤਮਾਮ ਪਰਿਵਾਰ ਮਿਲ ਕੇ ਸਮਾਜਕ ਸਾਂਝ ਨਹੀਂ ਬਣਾ ਸਕਦਾ।

ਇਕ ਵਾਰ ਆਪਣੇ ਸਿਰੋਂ ਵਡਿਆਈਆਂ ਦਾ ਤਾਜ ਲਾਹ ਕੇ ਦੇਖੀਏ ਤਾਂ ਕਈ ਨੁਕਤੇ ਨਜ਼ਰ ਆ ਜਾਣਗੇ, ਜਿਥੋਂ ਲੱਗੇਗਾ ਕਿ ਅਸੀਂ ਮਾਂਵਾਂ ਪਰਵਰਿਸ਼ ਤੇ ਲਾਡ-ਪਿਆਰ ਵਿਚ ਫਰਕ ਨਹੀਂ ਕਰ ਸਕੀਆਂ ਤੇ ਸਾਡੇ ਘਰ ਦੇ ਕਾਨੂੰਨਾਂ ਨੇ ਗੁਰੂ ਦੇ ਚਲਾਏ ਧਰਮ ਦੀ ਥਾਂ ਆਪਣਾ ਧਰਮ ਸਥਾਪਿਤ ਕਰ ਲਿਆ ਹੈ। ਮੈਂ ਨਹੀਂ ਕਹਿੰਦੀ ਕਿ ਮੈਂ ਹੀ ਠੀਕ ਹਾਂ, ਪਰ ਆਪਣੀਆਂ ਊਣਤਾਈਆਂ ਨੂੰ ਉਜਾਗਰ ਕਰਨ ਵਿਚ ਹਰਜ ਹੀ ਕੀ ਹੈ? ਗੁਰੂ ਸਾਹਿਬ ਵੀ ਮਾਂ ਤੋਂ ਉਮੀਦਾਂ ਲਾਉਂਦੇ ਫੁਰਮਾਨ ਕਰਦੇ ਹਨ ਕਿ ਜਿਸ ਘਰ ਗਿਆਨ ਦਾ ਘਾਟਾ ਹੈ, ਉਸ ਘਰ ਦੀਆਂ ਔਰਤਾਂ ਰੰਡੀਆਂ ਕਿਉਂ ਨਾ ਹੋ ਗਈਆਂ:

ਜਿਹ ਕੁਲਿ ਪੂਤੁ ਨ ਗਿਆਨ ਬੀਚਾਰੀ॥
ਬਿਧਵਾ ਕਸ ਨ ਭਈ ਮਹਤਾਰੀ॥

ਅਸੀਂ ਖਬਰਾਂ ਵਿਚ ਆਮ ਦੇਖਦੇ ਹਾਂ ਕਿ ਨਵੀਆਂ ਜੰਮੀਆਂ ਬੱਚੀਆਂ ਕੂੜੇ ਦੇ ਢੇਰ ਜਾਂ ਨਹਿਰਾਂ ਵਿਚ ਰੁੜ੍ਹਦੀਆਂ ਲੱਭਦੀਆਂ ਨੇ। ਪੁੱਤਰ ਦੀ ਪ੍ਰਾਪਤੀ ਦੀ ਉਮੀਦ ਲੈ ਕੇ ਔਰਤ ਕਿੰਨੀਆਂ ਕੁੜੀਆਂ ਨੂੰ ਜੰਮਣ ਤੋਂ ਪਹਿਲਾਂ ਹੀ ਖਤਮ ਕਰਵਾ ਦਿੰਦੀ ਹੈ; ਇਥੇ ਪ੍ਰਸ਼ਨ ਉਠਦਾ ਹੈ ਕਿ ਕੋਈ ਹਤਿਆਰਨ ਰੱਬ ਦਾ ਰੂਪ ਕਿਵੇਂ ਬਣ ਗਈ? ਉਸ ਦੀ ਮਮਤਾ ਬੱਚੇ ਦੇ ਜੰਮਣ ਤੋਂ ਬਾਅਦ ਹੀ ਕਿਉਂ ਉਜਾਗਰ ਹੋਈ? ਹੋਰ ਤਾਂ ਹੋਰ, ਬਾਕੀ ਔਰਤਾਂ ਵੀ ਉਸ ਦੀ ਇਸ ਹਰਕਤ ਨੂੰ ਪ੍ਰਵਾਨਗੀ ਦਿੰਦੀਆਂ ਹਨ; ਤੇ ਜਦੋਂ ਕਿਤੇ ਪਤਾ ਲੱਗਦਾ ਹੈ ਕਿ ਡਾਕਟਰ ਨੇ ਪੈਸੇ ਲਈ ਅਣਜਨਮੇ ਮੁੰਡੇ ਦਾ ਘਾਣ ਕਰ ਦਿੱਤਾ ਹੈ ਤਾਂ ਫਿਰ ਮਮਤਾ ਵੱਸ ਕਈ ਤਾਂ ਦਿਮਾਗੀ ਸੰਤੁਲਨ ਹੀ ਗੁਆ ਬੈਠਦੀਆਂ ਹਨ। ਧਿਆਨ ਨਾਲ ਦੇਖੀਏ ਤਾਂ ਸਮਾਜ ਦੀ ਤਰੱਕੀ ਸਿਰਫ ਵਿਗਿਆਨਕ ਪੱਖ ਤੋਂ ਹੋਈ ਹੈ। ਧੀ ਤੇ ਪੁੱਤਰ ਵਿਚ ਤਾਂ ਫਰਕ ਰਹਿਣਾ ਹੀ ਹੈ। ਅਸੀਂ ਜਿੰਨੇ ਮਰਜ਼ੀ ਦਮਗਜ਼ੇ ਮਾਰ ਲਈਏ। ਧੀ ਨਾਲ ਤਾਂ ਉਹ ਨਹੀਂ ਆਵੇਗੀ, ਉਸ ਦੀ ਚਿੰਤਾ ਹੋਰ ਤਰ੍ਹਾਂ ਹੋਵੇਗੀ; ਪੁੱਤਰ ਨਹੀਂ ਆਵੇਗਾ ਤਾਂ ਉਸ ਦੀ ਚਿੰਤਾ ਹੋਰ ਤਰ੍ਹਾਂ। ਐਵੇਂ ਨਹੀਂ ਕਹਿੰਦੇ ਕਿ ਧੀਆਂ ਨੂੰ ਸੂਰਜ ਵਰਗੀਆਂ ਬਣਾਉ ਨਾ ਕਿ ਚੰਨ ਵਰਗੀਆਂ ਕਿ ਜਣਾ-ਖਣਾ ਗਹੁ ਨਾਲ ਦੇਖੇ। ਇਹ ਸਭ ਕੁਝ ਪੁੱਤਰ ਬਾਰੇ ਨਹੀਂ ਕਿਹਾ ਜਾਂਦਾ। ਪੁੱਤਰ ਗਲੀ ਦੀ ਨੁੱਕਰ 'ਤੇ ਢਾਣੀ ਵਿਚ ਖੜ੍ਹਾ ਮਾਂ ਨੂੰ ਨਹੀਂ ਰੜਕੇਗਾ। ਜੇ ਉਸੇ ਢਾਣੀ ਕੋਲੋਂ ਆਪਣੀ ਹੀ ਧੀ ਡਰ ਕੇ ਲੰਘੇਗੀ ਤਾਂ ਮਾਂ ਉਸ ਦੇ ਡਰ 'ਤੇ ਮਾਣ ਕਰੇਗੀ। ਮੇਰੇ ਹਿਸਾਬ ਨਾਲ ਪੁੱਤਰ ਦੀ ਪਰਵਰਿਸ਼ ਪ੍ਰਤੀ ਮਾਂ ਦੀ ਅਣਗਹਿਲੀ ਦੀ ਸ਼ੁਰੂਆਤ ਇਥੋਂ ਹੀ ਹੋ ਜਾਂਦੀ ਹੈ। ਗੱਲ ਇਹ ਕਿ ਪੁੱਤਰ ਆਉਂਦੀਆਂ ਜਾਂਦੀਆਂ ਧੀਆਂ, ਭੈਣਾਂ ਵੱਲ ਝਾਕ ਸਕਦਾ ਹੈ; ਇਉਂ ਅਸਿੱਧੇ ਤੌਰ 'ਤੇ ਮਾਂ ਉਸ ਦੀ ਮਰਦ ਮਾਨਸਿਕਤਾ ਨੂੰ ਪੱਠੇ ਪਾ ਰਹੀ ਹੁੰਦੀ ਹੈ, 'ਤੇਰਾ ਕੀਤਾ ਸਭ ਪ੍ਰਵਾਨ ਹੈ, ਤੈਨੂੰ ਆਵਾਰਗੀ ਵੀ ਮੁਆਫ!' ਬੱਸ, ਇਹੀ ਸਮਾਜ ਦੀ ਬਣਤਰ ਹੈ।

ਫਿਰ ਜਦੋਂ ਬੱਚੀਆਂ ਦੀ ਪੱਤ ਰੁਲਦੀ ਹੈ ਤਾਂ ਮਾਂਵਾਂ ਸਮਾਜ ਤੇ ਸਰਕਾਰ ਨੂੰ ਜ਼ਿੰਮੇਵਾਰ ਠਹਿਰਾਉਂਦੀਆਂ ਨਹੀਂ ਥੱਕਦੀਆਂ। ਕਿਤੇ ਆਪਣੇ ਆਪ ਨੂੰ ਸਵਾਲ ਨਹੀਂ ਕਰਦੀਆਂ ਕਿ ਘਰੋਂ ਨਿਕਲਣ ਤੇ ਵਾਪਸ ਪਰਤਣ ਦਾ ਸਮਾਂ ਉਨ੍ਹਾਂ ਸਿਰਫ ਬੱਚੀਆਂ ਲਈ ਕਿਉਂ ਬਣਾਇਆ? ਕਿਉਂ ਨਹੀਂ ਉਹੀ ਨੇਮ ਪੁੱਤਰਾਂ ਲਈ ਵੀ ਬਣਾਏ? ਮਾਂਵਾਂ ਹੀ ਕਹਿੰਦੀਆਂ ਨੇ ਕਿ ਰੱਬ ਇਕ ਪੁੱਤ ਦੇ ਦੇਵੇ, ਮੇਰੀਆਂ ਧੀਆਂ ਢਕੀਆਂ ਜਾਣਗੀਆਂ। ਬਾਹਰਲੇ ਮੁਲਕਾਂ ਦਾ ਕਿੰਨਾ ਲਾਣਾ ਤੁਰਿਆ ਹੁੰਦਾ ਹੈ, ਪਿੰਡਾਂ ਵੱਲ ਨੂੰ, ਪੁੱਤਰ ਦੀ ਪ੍ਰਾਪਤੀ ਲਈ ਸੁੱਖੇ ਅਖੰਡ ਪਾਠ ਕਰਾਉਣ! ਇਹ ਵਿਤਕਰੇ ਦੁਨੀਆਵੀ ਰੱਬ ਹੀ ਕਰ ਸਕਦਾ ਹੈ।

ਧੀਆਂ ਨੂੰ ਹਰ ਵੇਲੇ ਬੇਗਾਨਾ ਧਨ ਹੋਣ ਦਾ ਚੇਤਾ ਕਰਵਾਇਆ ਜਾਂਦਾ ਹੈ, ਪਰ ਪੁੱਤਰ ਨੂੰ ਬੇਗਾਨੇ ਧਨ ਦਾ ਸਤਿਕਾਰ ਕਰਨ ਦੀ ਸਿਖਿਆ ਮਾਂ ਸ਼ਾਇਦ ਕਦੀ ਨਹੀਂ ਦਿੰਦੀ। ਆਮ ਕਰਕੇ ਪਤੀ ਦੇ ਮਾੜੇ ਵਰਤਾਓ ਕਰਕੇ ਧੀਆਂ ਅੱਕ ਕੇ ਸਹੁਰਾ ਘਰ ਛੱਡ ਦਿੰਦੀਆਂ ਹਨ। ਰੱਬ ਦਾ ਸਿੰਘਾਸਣ ਮੱਲੀ ਮਾਂ ਨੇ ਆਪਣੇ ਬਣਾਏ ਨੇਮ ਪਰਿਵਾਰ 'ਤੇ ਲਾਗੂ ਕਰ ਲਏ ਪਰ ਗੁਰੂ ਦਾ ਇਹ ਫੁਰਮਾਨ ਕਦੇ ਨਾ ਚੇਤੇ ਕਰਵਾਇਆ,

ਭੈ ਕਾਹੂ ਕਉ ਦੇਤ ਨਹਿ ਨਹਿ ਭੈ ਮਾਨਤ ਆਨ॥

ਹੋਣਾ ਤਾਂ ਇਹ ਚਾਹੀਦਾ ਹੈ ਕਿ ਮਾਂ ਕੇਵਲ ਬੱਚਿਆਂ ਦੀ ਮਾਂ ਅਖਵਾਵੇ, ਨਾ ਕਿ ਧੀਆਂ-ਪੁੱਤਾਂ ਦੀ; ਮਾਂ ਬੱਚੇ ਦਾ ਕਿਉਂਕਿ ਪਹਿਲਾ ਸਕੂਲ ਹੁੰਦੀ ਹੈ ਤੇ ਸੁਭਾਵਿਕ ਹੈ ਕਿ ਜੇ ਬੱਚਾ ਚੰਗਾ ਨਾ ਨਿਕਲੇ ਤਾਂ ਪਰਿਵਾਰ ਦੇ ਨਾਲ-ਨਾਲ ਸਮਾਜ ਵੀ ਇਹੀ ਕਹਿੰਦਾ ਹੈ ਕਿ ਮਾਂ ਕੀ ਕਰਦੀ ਰਹੀ? ਅੱਜ ਹਰ ਇਕ ਦੀ ਜ਼ਬਾਨ 'ਤੇ ਪੰਜਾਬ ਵਿਚ ਫੈਲੀ ਨਸ਼ਿਆਂ ਦੀ ਲਤ ਬਾਰੇ ਗੱਲ ਚੜ੍ਹੀ ਹੋਈ ਹੈ। ਕੀ ਇਥੇ ਮਾਂ ਦੀ ਭੂਮਿਕਾ ਨੂੰ ਅੱਖੋਂ ਓਹਲੇ ਕਰਕੇ ਸਿਰਫ ਪ੍ਰਸ਼ਾਸਨ ਨੂੰ ਦੋਸ਼ੀ ਕਰਾਰ ਦੇਣਾ, ਅਤਿਕਥਨੀ ਨਹੀਂ? ਸਿਆਣੀ-ਬਿਆਣੀ ਮਾਂ ਨਾਲ ਉਸ ਦੇ ਬੱਚੇ ਵੰਨ-ਸੁਵੰਨੇ ਵੇਸ ਬਣਾ ਕੇ ਤੇ ਊਟ-ਪਟਾਂਗ ਸਿਰ ਮੁਨਾਈ ਘੁੰਮਦੇ ਦੇਖਣ ਨੂੰ ਮਿਲਦੇ ਹਨ। ਇਹ ਹੈ ਰਸਾਤਲ ਵੱਲ ਜਾਂਦੀ ਪਹਿਲੀ ਪੌੜੀ ਜੋ ਉਹ ਚੜ੍ਹ ਗਏ ਤੇ ਬਾਕੀ ਪੌੜੀਆਂ ਚੜ੍ਹਦਿਆਂ ਉਨ੍ਹਾਂ ਕਿਹੜੀ ਝਿਜਕ ਮੰਨਣੀ ਹੈ! ਕੀ ਇਸ ਸਭ ਲਈ ਵੀ ਪ੍ਰਸ਼ਾਸਨ ਜ਼ਿੰਮੇਵਾਰ ਹੈ?

ਗੱਲ ਇਹ ਹੈ ਕਿ ਇਕ ਸਿਖਿਆ ਬੱਚੇ ਨੂੰ ਸਕੂਲ, ਕਾਲਜ ਨੇ ਦੇਣੀ ਹੁੰਦੀ ਹੈ, ਪਰ ਨੈਤਿਕ ਸਿਖਿਆ ਦੇਣਾ ਮਾਂ ਦਾ ਫਰਜ਼ ਹੁੰਦਾ ਹੈ। ਜੇ ਮਾਂ ਮੂੰਹੋਂ ਨਾ ਵੀ ਕੁਝ ਕਹੇ ਤਾਂ ਵੀ ਉਸ ਦਾ ਜ਼ਿੰਦਗੀ ਜਿਉਣ ਦਾ ਆਪਣਾ ਢੰਗ ਇੰਦਾਂ ਦਾ ਹੋਵੇ ਕਿ ਬੱਚਾ ਹਰ ਕਦਮ ਪੁੱਟਣ ਤੋਂ ਪਹਿਲਾਂ ਮਾਂ ਦੀਆਂ ਭਾਵਨਾਵਾਂ ਬਾਰੇ ਸੌ ਵਾਰ ਸੋਚੇ। ਕਈ ਥਾਂਵਾਂ 'ਤੇ ਮਾਂਵਾਂ ਪਰਵਰਿਸ਼ ਦੇ ਪਰਚਮ ਹੇਠ ਬੱਚਿਆਂ ਦੇ ਵਿਕਾਸ ਦੇ ਰਾਹ ਵਿਚ ਰੁਕਾਵਟਾਂ ਪੈਦਾ ਕਰ ਦਿੰਦੀਆਂ ਹਨ; ਮਸਲਨ ਅੰਧ-ਵਿਸ਼ਵਾਸਾਂ ਵਿਚ ਪਾ ਕੇ; ਖਾਸ ਕਰਕੇ ਧੀ ਨੂੰ ਆਪਣੀ ਮਾਂ ਹਮੇਸ਼ਾ ਦਰੁਸਤ ਲੱਗਦੀ ਹੈ। ਮੰਨੂ ਜਾਂ ਵਰਣ ਆਸ਼ਰਮ ਧਰਮ ਨੂੰ ਪੱਖਾ ਝਲਣ ਵਿਚ ਮਾਂਵਾਂ ਨੇ ਕੋਈ ਕਸਰ ਨਹੀਂ ਛੱਡੀ ਤੇ ਅੱਜ ਸਾਡਾ ਬ੍ਰਾਹਮਣਵਾਦ ਵਿਚ ਫਸਿਆ ਹੋਣਾ ਜੱਗ ਜਾਹਰ ਹੈ। ਹਰ ਗੱਲ 'ਤੇ ਤਿਥ-ਵਾਰ ਸੋਚਣਾ, ਮੱਸਿਆ-ਪੁੰਨਿਆ ਦਾ ਵਿਚਾਰ, ਪਿੱਛੋਂ ਆਵਾਜ਼ ਨਾ ਮਾਰਨ ਦਾ ਕਾਨੂੰਨ, ਰੱਖੜੀਆਂ, ਟੇਵੇ ਆਦਿ ਨੇ ਬੱਚਿਆਂ ਦੇ ਦਿਮਾਗੀ ਵਿਕਾਸ ਦੀ ਗਤੀ ਹੌਲੀ ਕਰ ਦਿੱਤੀ ਹੈ। ਕੁੜੀਆਂ ਹਰ ਗੱਲ 'ਤੇ ਸਫਾਈ ਦਿੰਦੀਆਂ ਨੇ, "ਸਾਡੀ ਮਾਂ ਵੀ ਇੰਦਾਂ ਕਰਦੀ ਹੁੰਦੀ ਸੀ।" ਗੱਲ ਦੇ ਮੁੱਢ ਦਾ ਕਿਸੇ ਨੂੰ ਪਤਾ ਨਹੀਂ ਹੁੰਦਾ।

ਉਂਜ ਤਾਂ ਸਿਹਰਾ ਬੰਨਣ ਦੀ ਰਸਮ ਮਰਦਾਂ ਲਈ ਬਣੀ ਹੈ, ਪਰ ਸੰਤ ਸਮਾਜ ਨੂੰ ਪ੍ਰਫੁੱਲਤਾ ਬਖਸ਼ਣ ਦਾ ਸਿਹਰਾ ਮਾਂਵਾਂ ਦੇ ਸਿਰ 'ਤੇ ਹੀ ਬੱਝਦਾ ਹੈ। ਡੇਰੇ 'ਤੇ ਜਾਣ ਦੀ ਬੱਚੇ ਦੀ ਸ਼ੁਰੂਆਤ ਮਾਂ ਦੀ ਉਂਗਲ ਫੜ ਕੇ ਹੁੰਦੀ ਹੈ। ਇਥੇ ਹੀ ਬੱਚੇ ਦੀ ਆਲੋਚਨਾਤਮਕ ਸ਼ਕਤੀ ਦੀ ਹੱਤਿਆ ਹੁੰਦੀ ਹੈ ਤੇ ਫਿਰ ਸ਼ੁਰੂਆਤ ਹੁੰਦੀ ਹੈ, ਅੰਨ੍ਹੇ ਖੂਹ ਵਿਚ ਡਿੱਗਣ ਦੀ। ਬੱਚਾ ਗੁਰੂ ਨੂੰ ਛੱਡ ਕੇ ਅਖੌਤੀ ਬਾਬਿਆਂ ਦੇ ਡੇਰੇ ਦੀ ਮਰਿਆਦਾ ਸਿਖਦਾ ਹੈ, ਜੋ ਉਸ ਨੂੰ ਡਰਾਕਲ ਲੇਲਾ ਜਾਂ ਗੁੰਡਾ ਬਣਾ ਦਿੰਦੀ ਹੈ। ਜਿਹੜਾ ਬੱਚਾ ਸਾਰੀ ਉਮਰ ਖੂਹ ਜਾਂ ਟੋਭੇ ਨੂੰ ਹੀ ਸਮੁੰਦਰ ਸਮਝੀ ਗਿਆ, ਉਹਨੇ ਗੁਰੂ ਨਾਨਕ ਦੇ ਚਲਾਏ ਨਿਰਮਲ ਪੰਥ ਵੱਲ ਝਾਕਣਾ ਵੀ ਨਹੀਂ, ਤੇ ਜਿਸ ਬੱਚੇ ਦਾ ਕਿਰਦਾਰ ਕਿਸੇ ਭੁਲਣਹਾਰ ਨੇ ਘੜਿਆ, ਉਸ ਨੇ ਸਮਾਜ ਦਾ ਕੀ ਸੁਆਰਨਾ ਹੈ?

ਖਸਮੁ ਛੋਡਿ ਦੂਜੈ ਲਗੇ ਡੁਬੇ ਸੇ ਵਣਜਾਰਿਆ॥

ਅੱਜ ਦੀਆਂ ਮਾਂਵਾਂ ਦੇ ਸਦਕੇ ਜਾਈਏ, ਜਿਨ੍ਹਾਂ ਨੂੰ ਇਹ ਨਹੀਂ ਪਤਾ ਕਿ ਉਨ੍ਹਾਂ ਦੀ ਆਪਣੀ ਮਾਂ ਬੋਲੀ ਕੀ ਸੀ? ਪੰਜਾਬੀ ਜ਼ੁਬਾਨ ਦੀ ਵਰਤੋਂ ਤੋਂ ਗੁਰੇਜ਼ ਇਹ ਕਹਿ ਕੇ ਕਰਦੀਆਂ ਨੇ ਕਿ ਇਹ ਗਵਾਰਾਂ ਦੀ ਬੋਲੀ ਹੈ; ਯਾਨਿ ਮਾਂ ਆਪ ਅਖਵਾਉਣਾ ਹੈ ਤੇ ਬੱਚੇ ਨੂੰ ਬੋਲੀ ਗੁਆਂਢਣ ਦੀ ਸਿਖਾਉਣੀ ਹੈ।

ਗੁਰੂ ਸਾਹਿਬ ਦਾ ਫੁਰਮਾਨ ਹੈ,
ਧੰਨੁ ਸੁ ਵੰਸੁ ਧੰਨੁ ਸੁ ਪਿਤਾ
ਧੰਨੁ ਸੁ ਮਾਤਾ ਜਿਨਿ ਜਨ ਜਣੇ॥

ਧਿਆਨ ਨਾਲ ਦੇਖੀਏ ਕਿ ਗੁਰੂ ਨੇ ਧੰਨ ਹਰ ਇਕ ਕੁੱਲ, ਪਿਤਾ ਤੇ ਮਾਤਾ ਨੂੰ ਨਹੀਂ ਦਿੱਤਾ; ਜੇ ਇਥੇ ਸਿਰਫ ਮਾਤਾ ਦੀ ਗੱਲ ਹੀ ਕਰੀਏ ਤਾਂ ਬਹੁਤ ਥੋੜ੍ਹੀਆਂ ਮਾਂਵਾਂ ਹੀ ਦਿਸਦੀਆਂ ਨੇ ਜੋ ਮਾਂ ਦਿਵਸ (ਮਦਰਜ਼ ਡੇ) 'ਤੇ ਵਧਾਈਆਂ ਲੈਣ ਦੀਆਂ ਹੱਕਦਾਰ ਹਨ। ਸਾਧਾਰਨ ਮਾਂ ਬੱਚੇ ਦਾ ਪਾਲਣ-ਪੋਸ਼ਣ ਆਪਣੇ ਬੁਢਾਪੇ ਦੇ ਸਹਾਰੇ ਦੇ ਹਿਤ ਵਿਚ ਕਰਦੀ ਹੈ। ਬੱਚੇ ਨੂੰ ਉਸ ਦੇ ਪੈਰਾਂ 'ਤੇ ਖੜ੍ਹੇ ਹੋਏ ਨੂੰ ਦੇਖ ਕੇ ਸਾਰੀ ਜ਼ਿੰਮੇਵਾਰੀ ਤੋਂ ਆਪਣੇ ਆਪ ਨੂੰ ਸੁਰਖਰੂ ਹੋਇਆ ਮਹਿਸੂਸ ਕਰਦੀ ਹੈ। ਹੁਣ ਇਸ ਤੋਂ ਬਾਅਦ ਕੀ? ਜੇ ਕੋਈ ਸਾਨੂੰ ਸੱਚਾਈ ਦੱਸੇ ਕਿ ਅਸੀਂ ਬੱਚੇ ਲਈ ਜੋ ਕੁਝ ਵੀ ਕੀਤਾ, ਉਹ ਸਾਡਾ ਫਰਜ਼ ਸੀ, ਨਾ ਕਿ ਬੱਚੇ 'ਤੇ ਅਹਿਸਾਨ। ਅਹਿਸਾਨ ਕਰਨਾ ਹੀ ਸੀ ਤਾਂ ਸਮਾਜ 'ਤੇ ਕਰਦੀਆਂ, ਜਿਸ ਤਰ੍ਹਾਂ ਭਗਤ ਪੂਰਨ ਸਿੰਘ ਦੀ ਮਾਂ ਨੇ ਕੀਤਾ, ਉਨ੍ਹਾਂ ਵਿਚ ਚੰਗੀਆਂ ਕਦਰਾਂ-ਕੀਮਤਾਂ ਪਾ ਕੇ।

ਮਾਂ ਉਹ ਹੀ ਧੰਨ ਹੈ, ਜਿਸ ਦੇ ਪੁੱਤਰ ਦਾ ਮਕਸਦ ਹਿੰਦੁਸਤਾਨ ਦੀ ਫੌਜ ਦਾ ਜਰਨੈਲ ਬਣਨ ਤੋਂ ਬਾਅਦ ਅਰੰਭ ਹੋਇਆ ਤੇ ਅਜੇ ਵੀ ਮਾਂ ਨੂੰ ਪੁੱਤਰ ਦੀ ਮ੍ਰਿਤਕ ਦੇਹ ਨਹੀਂ ਸਗੋਂ ਦਰਬਾਰ ਸਾਹਿਬ ਦਾ ਉਹ ਸੁਪਨਾ ਦਿਸਿਆ, ਜੋ ਉਸ 'ਤੇ ਹੋਏ ਅਣਮਨੁੱਖੀ ਹਮਲੇ ਤੋਂ ਬਾਅਦ ਵੀ ਬਰਕਰਾਰ ਸੀ। ਧੰਨ ਕੇਵਲ ਉਹ ਮਾਂਵਾ ਜਿਨ੍ਹਾਂ ਪੁੱਤਰਾਂ ਦੀ ਫਾਂਸੀ ਦੀ ਖਬਰ ਸੁਣ ਕੇ ਪੁੱਤਰਾਂ ਦੇ ਕਹਿਣ 'ਤੇ ਕੋਤਵਾਲੀ ਵਿਚ ਘੋੜੀਆਂ ਗਾਈਆਂ ਤੇ ਗਿੱਧਾ ਪਾਇਆ ਤੇ ਸ਼ਹਾਦਤ ਤੋਂ ਬਾਅਦ ਪੂਰੇ ਸ਼ਹਿਰ ਵਿਚ ਲੱਡੂ ਵੰਡੇ। ਸ਼ਲਾਘਾਯੋਗ ਹੈ ਉਹ ਮਾਂ ਜਿਸ ਨੂੰ ਪਤੀ ਦੀ ਲਾਸ਼ ਵੀ ਦੇਖਣੀ ਨਸੀਬ ਨਾ ਹੋਈ ਤੇ ਉਸ ਨੇ ਬੱਚਿਆਂ ਦੀ ਪਰਵਰਿਸ਼ ਦੇ ਨਾਲ-ਨਾਲ ਪਤੀ ਦੇ ਮਕਸਦ ਨੂੰ ਬੇਖੌਫ ਜਿਉਂਦਾ ਰੱਖਿਆ ਤੇ ਜਿਸ ਦਾ ਬੱਚਾ ਬੜੇ ਮਾਣ ਨਾਲ ਆਪਣੇ ਪਰਿਵਾਰਕ ਸੰਘਰਸ਼ ਤੇ ਸ਼ਹੀਦੀਆਂ ਨੂੰ ਪੁਸ਼ਤੈਨੀ ਰਵਾਇਤਾਂ ਦਾ ਨਾਂ ਦਿੰਦਾ ਹੈ। ਨਹੀਂ ਤਾਂ ਅਸੀਂ ਮਾਂਵਾਂ ਬੱਚੇ ਨੂੰ ਹਾਲਾਤ ਦਾ ਮੁਕਾਬਲਾ ਕਰਨ ਜੋਗਾ ਬਣਾਉਣ ਦੀ ਥਾਂ ਉਨ੍ਹਾਂ ਨੂੰ ਹਾਲਾਤ ਮੁਤਾਬਕ ਢਲ ਜਾਣ ਨੂੰ ਕਹਿੰਦੀਆਂ ਹਾਂ; ਮਸਲਨ ਬੱਚਾ ਬਾਰਾਂ ਵਰ੍ਹੇ ਸਕੂਲ ਜਾਂਦਾ ਹੈ ਤੇ ਯੂਨੀਵਰਸਿਟੀ ਜਾਣ ਤੋਂ ਪਹਿਲਾਂ ਉਸ ਦੇ ਸਰੂਪ ਦਾ ਕਿਸੇ ਬੇਸਿਰ-ਪੈਰ ਵਾਲੇ ਡਰ ਹੇਠ ਆ ਕੇ ਘਾਣ ਕਰ ਦਿੰਦੀਆਂ ਹਾਂ। ਇਹੀ ਨਹੀਂ, ਆਪਣੀ ਬੁਜ਼ਦਿਲੀ ਨੂੰ ਬਿਆਨਣ ਲਈ ਸਾਡੇ ਕੋਲ ਕਈ ਕੋਝੀਆਂ ਦਲੀਲਾਂ ਵੀ ਹੁੰਦੀਆਂ ਹਨ। ਇਕ ਗੱਲ ਤਾਂ ਮੈਂ ਪੱਕੇ ਪੈਰੀਂ ਕਹਿ ਸਕਦੀ ਹਾਂ ਕਿ ਜੇ ਕਿਤੇ ਮਾਂਵਾਂ ਨੇ ਦੂਜਿਆਂ ਦੇ ਘਰਾਂ ਵਿਚ ਬੁਝਾਏ ਜਾ ਚੁੱਕੇ ਜਿਉਂਦੇ ਜਾਗਦੇ ਚਿਰਾਗਾਂ ਤੋਂ ਬਾਅਦ ਆਪਣੇ ਘਰਾਂ ਵਿਚ ਅਖੌਤੀ ਦੀਵਾਲੀਆਂ ਨਾ ਮਨਾਈਆਂ ਹੁੰਦੀਆਂ ਤਾਂ ਢੇਹ ਕਰ ਦਿੱਤੇ ਗਏ ਅਕਾਲ ਤਖਤ ਦੀ ਉਸਾਰੀ ਰਹਿੰਦੀ ਦੁਨੀਆਂ ਤੱਕ ਬੱਚੇ ਕਰਦੇ ਰਹਿੰਦੇ। ਕਿਸੇ ਨੂੰ ਉਹ ਮੁੜ ਉਸਰਿਆ ਹੋਇਆ ਮਹਿਸੂਸ ਨਾ ਹੁੰਦਾ। ਜੇ ਰੱਖੜੀਆਂ ਦੀ ਰਸਮ ਬੰਦ ਕਰ ਦਿੰਦੀਆਂ ਤਾਂ ਧੀਆਂ ਅਤੇ ਪੁੱਤਰਾਂ ਦਰਮਿਆਨ ਬਰਾਬਰੀ ਅਟੱਲ ਸੀ।

ਅਖੀਰ ਵਿਚ ਮੈਂ ਕਹਿ ਸਕਦੀ ਹਾਂ ਕਿ ਮਨੂੰ ਦੁਨੀਆਂ 'ਤੇ ਆਇਆ ਤੇ ਮਰ ਵੀ ਗਿਆ, ਪਰ ਅਸੀਂ ਮਾਂਵਾਂ ਉਸ ਦੀ ਵਿਚਾਰਧਾਰਾ ਨੂੰ ਨਹੀਂ ਮਰਨ ਦੇ ਰਹੀਆਂ। ਅਸੀਂ ਆਪਣੀ ਸੋਚ ਦਾ ਦਾਇਰਾ ਹੁਣ ਵੱਡਾ ਕਰੀਏ, ਕਿਉਂਕਿ ਸਮਾਜ ਦੇ ਗਰਕਣ ਦੀ ਹੁਣ ਕੋਈ ਅਗਲੀ ਪੌੜੀ ਨਹੀਂ ਹੋ ਸਕਦੀ। ਮਾਂਵਾਂ ਦੇ ਬੱਚਿਆਂ ਦੇ ਟੋਟੇ ਗਲ ਪਾਉਣ ਤੋਂ ਬਾਅਦ ਫਿਰ ਖਾਲਸਾ ਰਾਜ ਸਥਾਪਿਤ ਹੋ ਗਿਆ ਕਿਉਂਕਿ ਮੁਗਲ ਰਾਜ ਨੇ ਜੁੱਸੇ ਢਾਹੇ, ਨਾ ਕਿ ਕਦਰਾਂ ਕੀਮਤਾਂ ਪਰ ਹੁਣ ਵਾੜ ਖੇਤ ਨੂੰ ਖਾ ਕੇ ਖੁਸ਼ ਹੋ ਰਹੀ ਹੈ। ਹੁਣ ਵੇਲਾ ਸੁਚੇਤ ਹੋਣ ਅਤੇ ਫਰਜ਼ ਸਮਝਣ ਦਾ ਹੈ।

## ਹੈਪੀ ਹੈਪੀ ਮਦਰ'ਜ਼ ਡੇਅ

ਉਹ ਅੰਮੜੀ ਜੋ ਸਾਡੀ ਮਾਂ ਹੈ
ਉਹ ਅੰਮੜੀ ਜੋ ਠੰਢੜੀ ਛਾਂ ਹੈ।
ਉਹ ਅੰਮੜੀ ਜੋ ਜਗ ਜਨਨੀ ਹੈ
ਪੀੜਾਂ ਨਾਲ ਹੋਈ ਛਲਨੀ ਹੈ।
ਉਹ ਅੰਮੜੀ ਜੋ ਹੱਸਦੀ ਰਹਿੰਦੀ
ਨੈਣਾਂ ਰਾਹੀਂ ਵੱਸਦੀ ਰਹਿੰਦੀ।
ਉਹ ਅੰਮੜੀ ਜੋ ਸਭ ਕੁਝ ਸਹਿੰਦੀ
ਫਿਰ ਵੀ ਮੂੰਹੋਂ ਕੁਝ ਨਾ ਕਹਿੰਦੀ।
ਅੱਜ ਸਾਡੀ ਅੰਮੜੀ ਦਾ ਦਿਨ ਹੈ।

ਛੋਟਾ ਜਿਹਾ ਇਕ ਗਿਫਟ ਲਿਆਈਏ
ਉਠ ਸਵੇਰੇ ਮਾਂ ਕੋਲ ਜਾਈਏ।
ਮਾਂ ਆਪਣੀ ਦਾ ਦਿਲ ਬਹਿਲਾਈਏ
ਹੈਪੀ ਮਦਰ'ਜ਼ ਡੇਅ ਕਹਿ ਆਈਏ।
ਮਾਂ ਦਾ ਕੀ ਹੈ, ਕੀ ਕਰ ਲਏਗੀ
ਦਿਲ ਉਤੇ ਪੱਥਰ ਧਰ ਲਏਗੀ।
ਦੋ ਚਾਰ ਅੱਥਰੂ ਡੋਲ੍ਹ ਲਵੇਗੀ
ਦੋ ਪਲ ਮਗਰੋਂ ਬੋਲ ਪਵੇਗੀ।
ਅੱਜ ਸਾਡੀ ਅੰਮੜੀ ਦਾ ਦਿਨ ਹੈ।

ਸਾਰੇ ਉਸ ਨੂੰ ਮਾਂ ਕਹਿੰਦੇ ਨੇ
ਸਾਰੇ ਹੀ ਠੰਢੜੀ ਛਾਂ ਕਹਿੰਦੇ ਨੇ।
ਮਾਂ ਦਾ ਜਗ ਵਿਚ ਘਰ ਨਾ ਕੋਈ
ਮਾਂ ਲਈ ਜਗ ਵਿਚ ਦਰ ਨਾ ਕੋਈ।

ਮਾਂਵਾਂ ਘਰ 'ਚੋਂ ਬਾਹਰ ਨਾ ਕੱਢੋ
ਓਲਡ ਹੋਮਾਂ ਵਿਚ ਨਾ ਛੱਡੋ।
ਯਾਦ ਕਰੋ ਬੀਤੇ ਹੋਏ ਵੇਲੇ
ਮਾਂ ਨੇ ਕੀ ਕੀ ਦੁੱਖੜੇ ਝੇਲੇ।
ਅੱਜ ਸਾਡੀ ਅੰਮੜੀ ਦਾ ਦਿਨ ਹੈ।

ਮਾਂਵਾਂ ਦੀ ਜਿੰਦ ਜਾਨ ਅਸੀਂ ਹਾਂ
ਮਾਂਵਾਂ ਦੀ ਸੰਤਾਨ ਅਸੀਂ ਹਾਂ।
ਮਾਂ ਦਾ ਮਾਣ ਤੇ ਤਾਣ ਅਸੀਂ ਹਾਂ
ਮਾਂਵਾਂ ਦੇ ਅਰਮਾਨ ਅਸੀਂ ਹਾਂ।
ਮਾਂਵਾਂ ਨੂੰ ਗਲ ਨਾਲ ਲਾਈਏ
ਮਾਂਵਾਂ ਦੀਆਂ ਅਸੀਸਾਂ ਪਾਈਏ।
ਜਿਸ ਦਿਨ ਮਾਂ ਹੀ ਮੁੱਕ ਜਾਵੇਗੀ
ਧਰਤ ਦੀ ਧੜਕਣ ਰੁਕ ਜਾਵੇਗੀ।
ਅੱਜ ਸਾਡੀ ਅੰਮੜੀ ਦਾ ਦਿਨ ਹੈ।

ਸਮਾਂ ਬੀਤਿਆ ਹੱਥ ਨਹੀਂ ਆਉਣਾ
ਮਗਰੋਂ ਪੈਣਾ ਏ ਪਛਤਾਉਣਾ।
ਰੱਜ ਰੱਜ ਮਾਂ ਨੂੰ ਪਿਆਰ ਵੀ ਕਰੀਏ
ਮਾਂਵਾਂ ਦਾ ਸਤਿਕਾਰ ਵੀ ਕਰੀਏ।
ਰੱਬ ਵੀ ਮਾਂ ਜਿਹਾ ਹੋ ਨਹੀਂ ਸਕਦਾ
ਇੰਨੇ ਜ਼ਖਮ ਲੁਕੋ ਨਹੀਂ ਸਕਦਾ।
ਰੱਬ ਨਾਲੋਂ ਮੇਰੀ ਮਾਂ ਚੰਗੀ ਏ
ਮਮਤਾ ਦੇ ਰੰਗ ਵਿਚ ਰੰਗੀ ਏ।
ਅੱਜ ਸਾਡੀ ਅੰਮੜੀ ਦਾ ਦਿਨ ਹੈ।

ਰਬ ਵੀ ਜਦ ਧਰਤੀ 'ਤੇ ਆਵੇ
ਮਾਂ ਹੀ ਉਸ ਨੂੰ ਗੋਦ ਖਿਡਾਵੇ।
ਮਾਂ ਬਿਨ ਕਰੋ ਨਾ ਘਰ ਨੂੰ ਖਾਲੀ
ਮਾਂ 'ਸੁਰਜੀਤ' ਬਾਗ ਦੀ ਮਾਲੀ।
ਮਾਂਵਾਂ ਦੀ ਨਿਤ ਖੈਰ ਮਨਾਵਾਂ
ਮਾਂਵਾਂ ਲਈ ਮੈਂ ਕਰਾਂ ਦੁਆਵਾਂ।
ਸ਼ਾਲਾ ਜੁਗ ਜੁਗ ਜੀਵਣ ਮਾਂਵਾਂ
ਉਹ ਮਾਂਵਾਂ ਜੋ ਠੰਢੀਆਂ ਛਾਂਵਾਂ।
ਅੱਜ ਸਾਡੀ ਅੰਮੜੀ ਦਾ ਦਿਨ ਹੈ।

*-ਬੀਬੀ ਸੁਰਜੀਤ ਕੌਰ ਸੈਕਰਾਮੈਂਟੋ*

## ਮਾਂ ਨੂੰ ਯਾਦ ਕਰਦਿਆਂ

ਮਾਂ ਸਾਡੀ ਸੀ ਛੋਟੇ ਪਿੰਡਾਂ ਤੋਂ
ਜਿਥੇ ਕੁੜੀਆਂ ਵੀ ਬਾਪ ਨਾਲ
ਖੇਤਾਂ 'ਚ ਹੱਥ ਵਟਾਉਂਦੀਆਂ
ਪੱਕਾ ਟੋਕਰਾ ਰੋਟੀਆਂ ਦਾ ਉਥੇ ਲੈ ਕੇ ਜਾਣਾ
ਪੜ੍ਹਨ ਨਹੀਂ ਸਨ ਸਕੂਲ ਭੇਜਦੇ
ਮੀਲਾਂ ਬੱਧੀ ਤੁਰ ਕੇ ਵੀ ਨਹੀਂ ਸੀ ਥੱਕਦੀ,
ਰਹੀ ਵਿਰਵਾ ਪੜ੍ਹਾਈ ਤੋਂ।

ਬਾਪ ਸਾਡਾ ਸੀ ਫੌਜੀ, ਮਨ ਦਾ ਮੌਜੀ।
ਸਾਰੀ ਜ਼ਿੰਮੇਵਾਰੀ ਮਾਂ ਸਿਰ ਪੈਂਦੀ।
ਬੜੇ ਤੜਕੇ ਤੋਂ ਉਠ ਰਾਤ ਤੱਕ ਮਸ਼ਰੂਫ
ਪਾ ਪੱਠਾ ਦੱਥਾ ਪਸ਼ੂਆਂ ਨੂੰ
ਚੋਅ ਧਾਰਾਂ, ਗੋਹਾ ਕੂੜਾ ਨਿਬੇੜ
ਪਾ ਮਧਾਣੀ, ਕੱਢ ਮੱਖਣ
ਰੋਟੀ ਪਾਣੀ ਦਾ ਆਹਰ ਸਭ ਕਰਦੀ
ਆ ਜਾਵੇ ਮੀਂਹ ਹਨੇਰੀ।
ਕੱਚੇ ਕੋਠੇ ਸਭ ਚੋਂਦੇ
ਚੜ੍ਹ ਛੱਤ 'ਤੇ ਲਿੰਪਦੀ ਪੋਚਦੀ
ਪਾ ਦਾਣੇ ਚੱਕੀ 'ਚ ਹੱਥ ਨਾਲ ਪੀਸਦੀ।

ਆਖਰ ਵਕਤ ਆਇਆ ਐਸਾ
ਅਧਰੰਗ ਨੇ ਸੁੱਟ ਦਿਤਾ ਮੰਜੇ 'ਤੇ
ਚੱਕਣਾ, ਬੋਲਣਾ ਸਭ ਨਿਰਭਰਤਾ।
ਆਵਾਜ਼ਾਂ ਮਾਰ ਮਾਰ ਆਵਾਜ਼ਾਰ ਹੁੰਦੀ
ਆਈਂ ਵੇ ਫਲਾਣਿਆ ਆਈਂ
ਮੈਂ ਗੁਸਲਖਾਨੇ ਜਾਣਾ।
ਆਪਣੇ ਦੂਜੇ ਪੋਤੇ ਨੂੰ ਹਾਕਾਂ ਮਾਰਦੀ।
ਅੱਗੋਂ ਪੋਤਾ ਕਹਿੰਦਾ, ਸੌਂ ਜਾ ਬੀਬੀ
ਤੈਨੂੰ ਹੁਣੇ ਤਾਂ ਕਰਾਇਆ।

ਬੁਢਾਪਾ ਵੀ ਕੁੱਤੀ ਸ਼ੈਅ
ਜੋ ਤੋੜ ਦਿੰਦਾ ਬੰਦੇ ਦਾ ਸਿਰੜ।
ਪੁੱਤ ਉਸ ਦੇ ਸਾਰੇ ਹੀ ਵਿਦੇਸ਼ੀ
ਪੈਨਸ਼ਨ ਫੌਜ ਦੀ ਮਾਂ ਨੂੰ ਸੀ ਆਉਂਦੀ।
ਬੀਬੀ ਸਾਡੀ ਦਿਲ ਦੀ ਸਾਫ
ਕਹਿ ਨਾ ਸਕਦੀ ਕੁਝ
ਪੈ ਗਈ ਮੰਜੇ 'ਤੇ ਜਦ।
ਢੇਰ ਸਲਾਮਾਂ, ਮਾਂ ਨੂੰ ਯਾਦ ਕਰਦਿਆਂ।

*-ਦਰਸ਼ਨਪਾਲ ਦੋਸਾਂਝ*

# ਪਾਰਲੀਮੈਂਟ ਚੋਣਾਂ, ਚੋਣ ਕਮਿਸ਼ਨ ਅਤੇ ਚੋਣ ਪ੍ਰਕ੍ਰਿਆ ਦੇ ਕਿੱਸੇ

**ਸਿਆਸਤ ਦਾ ਪਿੜ**



ਜਤਿੰਦਰ ਪਨੂੰ
ਫੋਨ: 91-98140-68455

ਭਾਰਤ ਦੀ ਪਾਰਲੀਮੈਂਟ ਲਈ ਚੋਣ ਪ੍ਰਕ੍ਰਿਆ ਜਿਸ ਪੜਾਅ 'ਤੇ ਪਹੁੰਚ ਗਈ ਹੈ, ਜੇ ਚੋਣ ਕਮਿਸ਼ਨ ਵਲੋਂ ਪਾਬੰਦੀ ਨਾ ਲੱਗੀ ਹੁੰਦੀ ਤਾਂ ਇਸ ਵੇਲੇ ਤੱਕ ਕਈ ਚੈਨਲਾਂ ਨੇ ਚੋਣ ਸਰਵੇਖਣ ਦੇ ਨਾਂ 'ਤੇ ਲੋਕਾਂ ਅੱਗੇ ਕਈ ਕੁਝ ਪਰੋਸ ਦੇਣਾ ਸੀ। ਫਿਰ ਵੀ ਕੁਝ ਨਾ ਕੁਝ ਪਰੋਸਿਆ ਜਾਣ ਦਾ ਅਮਲ ਜਾਰੀ ਹੈ ਤੇ ਅਖੀਰ ਤੱਕ ਜਾਰੀ ਰਹਿਣਾ ਹੈ। ਅਣ-ਐਲਾਨੇ ਚੋਣ ਸਰਵੇਖਣ ਦੇ ਕੰਮ ਵਿਚ ਇਸ ਵਾਰੀ ਦੇਸ਼ ਦੀ ਮੌਜੂਦਾ ਸਰਕਾਰ ਦੀ ਅਗਵਾਈ ਕਰਦੀ ਭਾਰਤੀ ਜਨਤਾ ਪਾਰਟੀ ਨਾਲ ਜੁੜਿਆ ਇੱਕ ਬਹੁ-ਚਰਚਿਤ ਆਗੂ ਸੁਬਰਾਮਨੀਅਮ ਸਵਾਮੀ ਵੀ ਬੋਲਿਆ ਹੈ। ਉਸ ਨੇ ਦਾਅਵਾ ਕੀਤਾ ਹੈ ਕਿ ਇਸ ਵਾਰੀ ਭਾਜਪਾ ਦੀਆਂ ਆਪਣੀਆਂ ਸੀਟਾਂ ਸਵਾ ਦੋ ਸੌ ਦੇ ਨੇੜੇ ਆਉਣਗੀਆਂ ਤੇ ਉਸ ਦੇ ਭਾਈਵਾਲਾਂ ਦੀਆਂ ਮਿਲਾ ਕੇ ਬਹੁ-ਸੰਮਤੀ ਦੇ ਜੁਗਾੜ ਕਰਨ ਦੇ ਨੇੜੇ ਜਾ ਸਕਦੀਆਂ ਹਨ ਤੇ ਨਹੀਂ ਵੀ ਜਾ ਸਕਦੀਆਂ। ਦੂਜੀ ਗੱਲ ਇਹ ਆਖੀ ਕਿ ਜੇ ਸਚਮੁੱਚ ਸਵਾ ਦੋ ਸੌ ਸੀਟਾਂ ਤੱਕ ਭਾਜਪਾ ਜਾ ਕੇ ਰੁਕ ਗਈ ਤਾਂ ਭਾਈਵਾਲ ਧਿਰਾਂ ਅਗਲੇ ਪ੍ਰਧਾਨ ਮੰਤਰੀ ਬਣਨ ਵਾਸਤੇ ਨਰਿੰਦਰ ਮੋਦੀ ਦੇ ਨਾਂ 'ਤੇ ਸਹਿਮਤ ਨਹੀਂ ਹੋ ਸਕਣੀਆਂ ਤੇ ਕੋਈ ਹੋਰ ਲੱਭਣਾ ਪਵੇਗਾ।

ਇਹ ਵੀ ਕਮਾਲ ਦੀ ਗੱਲ ਹੈ ਕਿ ਜਿਸ ਭਾਜਪਾ ਆਗੂ ਦਾ ਨਾਂ ਅਗਲੇ ਪ੍ਰਧਾਨ ਮੰਤਰੀ ਵਾਸਤੇ ਨਰਿੰਦਰ ਮੋਦੀ ਦੇ ਬਦਲ ਵਜੋਂ ਚਰਚਾ ਵਿਚ ਆਇਆ ਹੈ, ਉਸ ਬਾਰੇ ਉਸੇ ਦਿਨ ਤੋਂ ਬੀਮਾਰ ਹੋਣ ਦੀਆਂ ਖਬਰਾਂ ਆਏ ਦਿਨ ਆਉਣ ਲੱਗ ਪਈਆਂ ਹਨ। ਇਸ ਦਾ ਆਪਸ ਵਿਚ ਕਿਸੇ ਤਰ੍ਹਾਂ ਦਾ ਸਬੰਧ ਹੈ ਜਾਂ ਨਹੀਂ, ਕਹਿਣਾ ਬੜਾ ਮੁਸ਼ਕਿਲ ਹੈ, ਪਰ ਵੱਡੀ ਗੱਲ ਇਹ ਹੈ ਕਿ ਭਾਜਪਾ ਅੰਦਰ ਇਹ ਚਰਚਾ ਚੱਲਦੀ ਪਈ ਹੈ ਕਿ ਇਸ ਵਾਰੀ ਉਨ੍ਹਾਂ ਦੀਆਂ ਸੀਟਾਂ ਅੱਗੇ ਵਾਂਗ ਆਪਣੇ ਸਿਰ ਬਹੁਗਿਣਤੀ ਜੋਗੀਆਂ ਨਹੀਂ ਆ ਸਕਣੀਆਂ। ਅੰਦਰ ਦੀ ਇਸ ਚਰਚਾ ਦੇ ਪ੍ਰਭਾਵ ਹੇਠ 'ਰਾਸ਼ਟਰ ਭਗਤੀ' ਦਾ ਮੁੱਦਾ ਉਭਾਰਨ ਦਾ ਕੰਮ ਹੋਰ ਤੇਜ਼ੀ ਨਾਲ ਹੋਣ ਲੱਗ ਪਿਆ ਹੈ।

ਸਾਨੂੰ ਇਹ ਮੰਨਣ ਵਿਚ ਕੋਈ ਹਰਜ਼ ਨਹੀਂ ਕਿ ਪ੍ਰਧਾਨ ਮੰਤਰੀ ਮੋਦੀ ਬੁਲਾਰਾ ਬਹੁਤ ਜ਼ਬਰਦਸਤ ਹੈ, ਪਰ ਸਿਰਫ ਬੁਲਾਰਾ ਨਹੀਂ, ਤੱਥਾਂ ਨੂੰ ਭੰਨ-ਤੋੜ ਕੇ ਪੇਸ਼ ਕਰਨ ਅਤੇ ਕਾਲੇ ਨੂੰ ਚਿੱਟਾ ਕਹਿਣ ਤੋਂ ਵਧ ਕੇ ਏਦਾਂ ਦੀ ਪੇਸ਼ਕਾਰੀ ਵਿਚ ਵੀ ਬਹੁਤ ਮਾਹਰ ਹੈ। ਮੁਹਾਰਤ ਏਨੀ ਕਮਾਲ ਦੀ ਹੈ ਕਿ ਲੋਕਾਂ ਨੂੰ ਭਾਸ਼ਣ ਵਾਲੀ ਜਾਦੂ ਦੀ ਪਟਾਰੀ ਵਿਚ ਕਰੇਲੇ ਰੱਖਣ ਮਗਰੋਂ ਖਰਬੂਜ਼ੇ ਨਿਕਲਦੇ ਵਿਖਾ ਸਕਦਾ ਹੈ। ਲੋਕ ਬਿਨਾਂ ਕਿਸੇ ਘੋਖ ਕੀਤੇ ਤੋਂ ਸੱਚ ਮੰਨ ਲੈਂਦੇ ਹਨ। ਇਸ ਦੀ ਇੱਕ ਮਿਸਾਲ ਇਹ ਹੈ ਕਿ ਪ੍ਰਧਾਨ ਮੰਤਰੀ ਨੇ ਕਹਿ ਦਿੱਤਾ ਕਿ ਜਦੋਂ ਪੰਡਿਤ ਜਵਾਹਰ ਲਾਲ ਨਹਿਰੂ ਪ੍ਰਧਾਨ ਮੰਤਰੀ ਹੁੰਦਿਆਂ ਕੁੰਭ ਦੇ ਮੇਲੇ ਵਿਚ ਆਇਆ ਸੀ, ਹਜ਼ਾਰ ਦੇ ਕਰੀਬ ਲੋਕ ਭਾਜੜ ਵਿਚ ਮਰ ਗਏ ਸਨ ਤੇ ਕਾਂਗਰਸ ਸਰਕਾਰ ਨੇ ਬਦਨਾਮੀ ਤੋਂ ਬਚਣ ਵਾਸਤੇ ਇਹ ਖਬਰ ਦਬਾ ਦਿੱਤੀ ਸੀ। ਫਿਰ ਕੁਝ ਚੈਨਲਾਂ ਨੇ ਰਿਕਾਰਡ ਪੇਸ਼ ਕੀਤਾ ਕਿ ਜਿਸ ਦਿਨ ਕੁੰਭ ਮੇਲੇ ਦਾ ਕਾਂਡ ਵਾਪਰਿਆ ਸੀ, ਪ੍ਰਧਾਨ ਮੰਤਰੀ ਉਸ ਦਿਨ ਦਿੱਲੀ ਵਿਚ ਪਾਰਲੀਮੈਂਟ ਵਿਚ ਬੋਲਦਾ ਪਿਆ ਸੀ ਤੇ ਕੁੰਭ ਮੇਲੇ ਵਿਚ ਇੱਕ ਦਿਨ ਪਹਿਲਾਂ ਆਇਆ ਸੀ, ਉਸ ਦਿਨ ਕੁੰਭ ਮੇਲੇ ਵਿਚ ਦੇਸ਼ ਦਾ ਰਾਸ਼ਟਰਪਤੀ ਡਾ. ਰਾਜਿੰਦਰ ਪ੍ਰਸਾਦ ਗਿਆ ਸੀ। ਪ੍ਰਧਾਨ ਮੰਤਰੀ ਮੋਦੀ ਦੇ ਮਗਰ ਜੁੜੀ ਹੋਈ ਵਫਾਦਾਰ ਫੋਰਸ ਨੇ ਉਸ ਦਾ ਭਾਸ਼ਣ ਇਸ ਦਾ ਸੱਚ ਸੁਣੇ ਬਗੈਰ ਸਭ ਥਾਂ ਫੈਲਾਇਆ ਪਿਆ ਸੀ। ਰਾਹੁਲ ਗਾਂਧੀ ਏਦਾਂ ਦੀ ਕਲਾਕਾਰੀ ਆਪਣੇ ਭਾਸ਼ਣਾਂ ਵਿਚ ਦਿਖਾਉਣ ਜੋਗਾ ਨਹੀਂ ਅਤੇ ਉਸ ਦੇ ਪਿੱਛੇ ਖੜੀ ਪਾਰਟੀ ਸਾਰੇ ਭਾਰਤ ਦੇ ਲੋਕਾਂ ਤੱਕ ਇਹ ਗੱਲ ਪੁਚਾਉਣ ਜੋਗੀ ਨਹੀਂ ਕਿ ਸਾਡਾ ਆਗੂ ਵੀ ਆਹ ਕੁਝ ਬੋਲਦਾ ਹੈ।

ਇਹ ਸਾਰੀ ਕਹਾਣੀ ਅਸੀਂ ਇਸ ਲਈ ਪੇਸ਼ ਕੀਤੀ ਹੈ ਕਿ ਭਾਰਤ ਵਿਚ ਇਸ ਵਕਤ ਲੋਕਾਂ ਦੀ ਰਾਏ ਲੋਕਤੰਤਰ ਦੇ ਅਸੂਲਾਂ ਨਾਲ ਪ੍ਰਚਾਰੇ ਜਾਂਦੇ ਕਿਸੇ ਚੋਣ ਮੈਨੀਫੈਸਟੋ ਨਾਲ ਨਹੀਂ ਬਣਦੀ, ਜਿੰਨਾ ਵੱਡਾ ਗਪੌੜ ਕੋਈ ਛੱਡੇਗਾ, ਓਨੀ ਹੀ ਉਸ ਦੀ ਪਾਰਟੀ ਦੇ ਪੱਖ ਵਿਚ ਪ੍ਰਭਾਵ ਬਣਦਾ ਸਮਝਿਆ ਜਾਣ ਲੱਗੇਗਾ। ਦੇਸ਼ ਵਿਚ ਕਾਨੂੰਨ ਦਾ ਰਾਜ ਹੈ। ਇਹ ਗੱਲ ਅੱਜ ਤੱਕ ਅਸੀਂ ਬਹੁਤ ਵਾਰੀ ਸੁਣੀ ਹੈ, ਪਰ ਕਾਨੂੰਨ ਪ੍ਰਤੀ ਜੋ ਵਫਾ ਦੀ ਆਸ ਸਾਡੇ ਆਮ ਲੋਕਾਂ ਤੋਂ ਰੱਖੀ ਜਾਂਦੀ ਹੈ, ਭਾਰਤ ਦੀ ਵਾਗ ਸੰਭਾਲ ਚੁਕੇ ਜਾਂ ਸੰਭਾਲਣ ਦੇ ਖਾਹਿਸ਼ਮੰਦਾਂ ਵਿਚ ਉਸ ਹੱਦ ਤੱਕ ਨਹੀਂ ਲੱਭਦੀ। ਮਿਸਾਲ ਵਜੋਂ ਦੇਸ਼ ਨੇ ਦਲ-ਬਦਲੀਆਂ ਰੋਕਣ ਦਾ ਇੱਕ ਕਾਨੂੰਨ ਬਣਾਇਆ ਹੈ, ਜਿਸ ਦੇ ਦੋਸ਼ੀ ਸਾਬਤ ਹੋਏ ਵਿਧਾਇਕ ਜਾਂ ਪਾਰਲੀਮੈਂਟ ਮੈਂਬਰ ਨੂੰ ਮੈਂਬਰੀ ਛੱਡਣੀ ਪੈ ਸਕਦੀ ਹੈ। ਇਸ ਉਤੇ ਅਮਲ ਬਹੁਤ ਘੱਟ ਹੁੰਦਾ ਹੈ। ਫਿਰ ਵੀ ਕਾਨੂੰਨ ਮੁਤਾਬਕ ਜਿਨ੍ਹਾਂ ਆਗੂਆਂ ਨੇ ਦਲ-ਬਦਲੀ ਕਰਨੀ ਹੈ, ਉਨ੍ਹਾਂ ਉਤੇ ਮੈਂਬਰੀ ਖੁੱਸਣ ਦਾ ਕੁਹਾੜਾ ਇਸ ਲਈ ਲਟਕਦਾ ਹੈ ਕਿ ਇਹ ਦੇਸ਼ ਦੇ ਕਾਨੂੰਨ ਮੁਤਾਬਕ ਜੁਰਮ ਦਾ ਕੰਮ ਗਿਣਿਆ ਜਾਂਦਾ ਹੈ। ਮੈਂਬਰੀ ਖੋਹਣ ਦੇ ਫੈਸਲੇ ਵਿਚ ਵੀ ਲਿਖਿਆ ਜਾਂਦਾ ਹੈ ਕਿ ਇਸ ਮੈਂਬਰ ਨੇ ਏਦਾਂ ਦਾ ਜੁਰਮ ਕੀਤਾ ਹੈ।

ਇਹ ਗੱਲ ਭਾਰਤ ਦੇ ਪ੍ਰਧਾਨ ਮੰਤਰੀ ਨੂੰ ਹੋਰਨਾਂ ਤੋਂ ਵੱਧ ਸਮਝਣੀ ਚਾਹੀਦੀ ਹੈ। ਇਸ ਦੇ ਬਾਵਜੂਦ ਦੇਸ਼ ਦਾ ਪ੍ਰਧਾਨ ਮੰਤਰੀ ਪੱਛਮੀ ਬੰਗਾਲ ਜਾ ਕੇ ਕਹਿ ਦਿੰਦਾ ਹੈ ਕਿ ਤ੍ਰਿਣਮੂਲ ਕਾਂਗਰਸ ਦੇ ਚਾਲੀ ਵਿਧਾਇਕ ਮੇਰੇ ਸੰਪਰਕ ਵਿਚ ਹਨ ਅਤੇ ਲੋਕ ਸਭਾ ਚੋਣਾਂ ਲੰਘਦੇ ਸਾਰ ਦਲ-ਬਦਲੀ ਕਰ ਕੇ ਸਾਡੇ ਨਾਲ ਆ ਜਾਣਗੇ। ਸਾਫ ਹੈ ਕਿ ਪ੍ਰਧਾਨ ਮੰਤਰੀ ਕਾਨੂੰਨ ਤੋੜਨ ਦਾ ਜੁਰਮ ਕਰਨ ਲਈ ਹੋਰਨਾਂ ਨੂੰ ਉਕਸਾਉਣ ਦਾ ਇਕਬਾਲ ਕਰੀ ਜਾਂਦਾ ਹੈ। ਜਿਸ ਦੇਸ਼ ਵਿਚ ਗੈਰ-ਕਾਨੂੰਨੀ ਕੰਮਾਂ ਲਈ ਲੋਕਾਂ ਨੂੰ ਉਕਸਾਉਣ 'ਚ ਪ੍ਰਧਾਨ ਮੰਤਰੀ ਨੂੰ ਹਰਜ ਨਹੀਂ ਜਾਪਦਾ, ਉਹ ਸਾਡਾ ਭਾਰਤ ਹੀ ਹੈ।

ਅਗਲੀ ਗੱਲ ਇਹ ਕਿ ਦੇਸ਼ ਦੇ ਲੋਕਾਂ ਨੂੰ ਇਸ ਵਕਤ ਦੇ ਚੋਣ ਕਮਿਸ਼ਨ ਦਾ ਪੱਖਪਾਤੀ ਹੋਣਾ ਬੜਾ ਚੁਭਦਾ ਹੈ ਤੇ ਇਸ ਬਾਰੇ ਸੁਪਰੀਮ ਕੋਰਟ ਤੱਕ ਸ਼ਿਕਾਇਤਾਂ ਹੋ ਰਹੀਆਂ ਹਨ। ਚੋਣ ਕਮਿਸ਼ਨ ਪੱਖਪਾਤੀ ਹੈ ਅਤੇ ਉਥੇ ਬੈਠੇ ਅਜੋਕੇ ਚੋਣ ਕਮਿਸ਼ਨਰ ਹੀ ਵਿਹਾਰ ਤੋਂ ਪੱਖਪਾਤੀ ਨਹੀਂ ਕਹੇ ਜਾਣਗੇ, ਕਈ ਪਿਛਲੇ ਵੀ ਪੱਖਪਾਤੀ ਸਨ। ਜੇ ਉਹ ਪੱਖਪਾਤੀ ਨਾ ਹੁੰਦੇ ਤਾਂ ਪਿਛਲੀ ਵਾਰ ਦੀ ਪਾਰਲੀਮੈਂਟ ਚੋਣ ਨੂੰ ਪੰਜ ਸਾਲ ਲੰਘਣ ਤੱਕ ਉਨ੍ਹਾਂ ਨੂੰ ਇਸ ਗੱਲ ਦਾ ਪਤਾ ਕਿਉਂ ਨਾ ਲੱਗਾ ਕਿ ਪ੍ਰਧਾਨ ਮੰਤਰੀ ਸਮੇਤ ਬਹੁਤ ਸਾਰੇ ਆਗੂਆਂ ਨੇ ਚੋਣਾਂ ਪਿੱਛੋਂ ਖਰਚੇ ਦਾ ਲੇਖਾ ਦੇਣ ਵਾਸਤੇ ਜਦੋਂ ਐਫੀਡੇਵਿਟ ਪੇਸ਼ ਕੀਤੇ ਤਾਂ ਨਿਰਾ ਝੂਠ ਗੁੰਨ੍ਹਿਆ ਗਿਆ ਸੀ।

ਇਹ ਗੱਲ ਅਸੀਂ ਭਾਜਪਾ ਦੀ ਥਾਂ ਬਿਹਾਰ ਦੇ ਰਾਸ਼ਟਰੀ ਜਨਤਾ ਦਲ ਤੋਂ ਸ਼ੁਰੂ ਕਰ ਸਕਦੇ ਹਾਂ। ਲਾਲੂ ਪ੍ਰਸਾਦ ਸਮੇਤ ਪੰਜ ਆਗੂਆਂ ਨੇ ਖਰਚੇ ਵਿਚ ਲਿਖਿਆ ਹੈ ਕਿ ਉਨ੍ਹਾਂ ਦੀ ਪਾਰਟੀ ਨੇ ਉਨ੍ਹਾਂ ਨੂੰ ਅਠਾਈ ਲੱਖ ਰੁਪਏ ਮਦਦ ਦਿੱਤੀ ਸੀ, ਪਰ ਲਾਲੂ ਪ੍ਰਸਾਦ ਦੀ ਆਪਣੀ ਪ੍ਰਧਾਨਗੀ ਵਾਲੀ ਪਾਰਟੀ ਨੇ ਇਸ ਦੀ ਥਾਂ ਇਹ ਐਫੀਡੇਵਿਟ ਪੇਸ਼ ਕੀਤਾ ਹੈ ਕਿ ਅਸੀਂ ਕਿਸੇ ਵੀ ਉਮੀਦਵਾਰ ਨੂੰ ਚੋਣ ਲੜਨ ਵਾਸਤੇ ਕੋਈ ਪੈਸਾ ਨਹੀਂ ਦਿੱਤਾ ਅਤੇ ਇਸ ਕੰਮ ਲਈ ਉਨ੍ਹਾਂ ਦਾ ਕੀਤਾ ਖਰਚ ਪਾਰਟੀ ਖਾਤੇ ਵਿਚ ਨਾ ਗਿਣਿਆ ਜਾਵੇ। ਉਮੀਦਵਾਰ ਵਜੋਂ ਲਾਲੂ ਪ੍ਰਸਾਦ ਹੋਰ ਬਿਆਨ ਦਿੰਦਾ ਹੈ ਤੇ ਪਾਰਟੀ ਪ੍ਰਧਾਨ ਵਜੋਂ ਇਸ ਤੋਂ ਉਲਟ ਬਿਆਨ ਦਿੰਦਾ ਹੈ, ਤੇ ਚੋਣ ਕਮਿਸ਼ਨ ਚੈਕ ਹੀ ਨਹੀਂ ਕਰਦਾ। ਇਹੋ ਹਾਲ ਹੋਰਨਾਂ ਪਾਰਟੀਆਂ ਦਾ ਹੈ ਅਤੇ ਸਭ ਤੋਂ ਨਿਰਾਲਾ ਕਿੱਸਾ ਖੁਦ ਪ੍ਰਧਾਨ ਮੰਤਰੀ ਤੇ ਉਨ੍ਹਾਂ ਦੀ ਪਾਰਟੀ ਦਾ ਹੈ।

ਮੋਹਾਲੀ ਦੇ ਰਾਮ ਕੁਮਾਰ ਨੇ ਇਸ ਸੰਬੰਧੀ ਇੱਕ ਅਰਜ਼ੀ ਪੰਜਾਬ ਅਤੇ ਹਰਿਆਣਾ ਹਾਈ ਕੋਰਟ ਵਿਚ ਦਾਇਰ ਕੀਤੀ ਹੈ, ਜਿਸ ਦੀ ਸੁਣਵਾਈ 22 ਜੁਲਾਈ ਨੂੰ ਹੋਣੀ ਹੈ। ਐਸੋਸੀਏਸ਼ਨ ਫਾਰ ਡੈਮੋਕ੍ਰੇਟਿਕ ਰਿਫਾਰਮਜ਼ ਤੋਂ ਮਿਲੇ ਅੰਕੜੇ ਪੇਸ਼ ਕਰ ਕੇ ਰਾਮ ਕੁਮਾਰ ਨੇ ਪਾਰਲੀਮੈਂਟ ਚੋਣਾਂ ਪਿੱਛੋਂ ਆਗੂਆਂ ਵੱਲੋਂ ਦਿੱਤੇ ਵੇਰਵੇ ਨੂੰ ਜਾਚਣ ਦੀ ਮੰਗ ਕੀਤੀ ਹੈ। ਅਰਜ਼ੀ ਵਿਚ ਇਹ ਕਿਹਾ ਗਿਆ ਹੈ ਕਿ ਸਾਧਵੀ ਉਮਾ ਭਾਰਤੀ, ਕੇਂਦਰੀ ਮੰਤਰੀ ਮੇਨਕਾ ਗਾਂਧੀ, ਉਸ ਦੇ ਪੁੱਤਰ ਵਰੁਣ ਗਾਂਧੀ ਤੇ ਫਿਲਮ ਸਟਾਰ ਹੇਮਾ ਮਾਲਿਨੀ ਤੱਕ ਨੇ ਪਿਛਲੀ ਵਾਰ ਚੋਣ ਖਰਚ ਲਈ ਭਾਜਪਾ ਤੋਂ ਲੱਖਾਂ ਰੁਪਏ ਮਿਲਣ ਦੀ ਗੱਲ ਆਪਣੇ ਐਫੀਡੇਵਿਟ ਵਿਚ ਲਿਖੀ ਹੈ। ਦੂਜੇ ਪਾਸੇ ਭਾਜਪਾ ਨੇ ਲਿਖਿਆ ਹੈ ਕਿ ਇਨ੍ਹਾਂ ਨੂੰ ਚੋਣਾਂ ਲੜਨ ਵਾਸਤੇ ਕੋਈ ਪੈਸਾ ਨਹੀਂ ਦਿੱਤਾ ਗਿਆ।

ਝੂਠ ਪਾਰਟੀ ਬੋਲਦੀ ਹੈ ਜਾਂ ਪਾਰਟੀ ਦਾ ਉਮੀਦਵਾਰ, ਪਰ ਚੋਣ ਕਮਿਸ਼ਨ ਨੂੰ ਇਸ ਦੀ ਕੋਈ ਚਿੰਤਾ ਕਦੇ ਨਹੀਂ ਹੋਈ। ਹੁੰਦੀ ਇਸ ਲਈ ਨਹੀਂ ਕਿ ਜੇ ਚਿੰਤਾ ਕੀਤੀ ਜਾਣ ਲੱਗੀ ਤਾਂ ਮਾਮਲਾ ਉਪਰ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਤੱਕ ਚਲਾ ਜਾਂਦਾ ਹੈ। ਨਰਿੰਦਰ ਮੋਦੀ ਨੇ ਆਪਣੇ ਐਫੀਡੇਵਿਟ ਵਿਚ ਲਿਖਿਆ ਹੈ ਕਿ ਪਿਛਲੀ ਵਾਰੀ ਲੋਕ ਸਭਾ ਚੋਣ ਲੜਨ ਵਾਸਤੇ ਉਸ ਨੂੰ ਭਾਜਪਾ ਦੇ ਫੰਡ ਵਿਚੋਂ ਬੱਤੀ ਲੱਖ ਤਰਵੰਜਾ ਹਜ਼ਾਰ ਰੁਪਏ ਮਦਦ ਵਜੋਂ ਦਿੱਤੇ ਗਏ ਸਨ, ਪਰ ਪਾਰਟੀ ਨੇ ਇਹ ਗੱਲ ਨਹੀਂ ਕਹੀ ਕਿ ਉਨ੍ਹਾਂ ਨੇ ਨਹੀਂ ਦਿੱਤੇ, ਸਗੋਂ ਇਹ ਦੱਸਿਆ ਹੈ ਕਿ ਨਰਿੰਦਰ ਮੋਦੀ ਨਾਂ ਦੇ ਉਮੀਦਵਾਰ ਨੂੰ ਚੋਣ ਲੜਨ ਵਾਸਤੇ ਚਾਲੀ ਲੱਖ ਰੁਪਏ ਦਿੱਤੇ ਸਨ। ਸਾਡਾ ਚੋਣ ਕਮਿਸ਼ਨ ਪੰਜ ਸਾਲ ਲੰਘਣ ਪਿੱਛੋਂ ਵੀ ਉਦੋਂ ਵਾਲੇ ਉਮੀਦਵਾਰਾਂ, ਜਿਨ੍ਹਾਂ ਵਿਚ ਇਸ ਦੇਸ਼ ਦਾ ਪ੍ਰਧਾਨ ਮੰਤਰੀ ਤੱਕ ਸ਼ਾਮਲ ਸੀ, ਦੇ ਐਫੀਡੇਵਿਟ ਵੇਖਣ ਦਾ ਵਕਤ ਨਹੀਂ ਕੱਢ ਸਕਿਆ। ਉਸ ਚੋਣ ਦੌਰਾਨ ਵੀ. ਐਸ. ਸੰਪਤ ਮੁੱਖ ਚੋਣ ਕਮਿਸ਼ਨਰ ਹੁੰਦਾ ਸੀ, ਫਿਰ ਹਰੀ ਸ਼ੰਕਰ ਬ੍ਰਹਮਾ, ਨਸੀਮ ਜ਼ੈਦੀ, ਅਚਲ ਕੁਮਾਰ ਜੋਤੀ, ਓਮ ਪ੍ਰਕਾਸ਼ ਰਾਵਤ ਵੀ ਬਣੇ ਸਨ ਤੇ ਅੱਜ ਕੱਲ੍ਹ ਛੇਵੇਂ ਮੁੱਖ ਚੋਣ ਕਮਿਸ਼ਨਰ ਸੁਨੀਲ ਅਰੋੜਾ ਦੇ ਹੱਥ ਵਿਚ ਕਮਾਨ ਹੈ, ਪਰ ਐਫੀਡੇਵਿਟ ਵੇਖਣ ਦਾ ਵਕਤ ਇਨ੍ਹਾਂ ਵਿਚੋਂ ਕਿਸੇ ਇੱਕ ਦਾ ਵੀ ਨਹੀਂ ਲੱਗਾ ਜਾਪਦਾ।

ਸਾਨੂੰ ਇਹ ਸਮਝ ਕੇ ਆਪਣੇ ਮਨ ਨੂੰ ਧਰਵਾਸ ਦੇ ਲੈਣਾ ਚਾਹੀਦਾ ਹੈ ਕਿ ਸਿਰ ਖੁਰਕਣ ਜੋਗਾ ਵਿਹਲ ਤਾਂ ਸਰਪੰਚੀ ਕਿਸੇ ਬੰਦੇ ਨੂੰ ਨਹੀਂ ਦਿੰਦੀ, ਏਡੇ ਵੱਡੇ ਅਹੁਦੇ ਉਤੇ ਜਾ ਕੇ 'ਛੋਟੇ-ਛੋਟੇ' ਕੰਮਾਂ ਲਈ ਸਮਾਂ ਕਿੱਥੇ ਬਚਦਾ ਹੈ!

# ਸੂਓ-ਮੋਟੋ, ਸੂਆ-ਸਪੌਂਟੇ ਤੇ ਦੋਧੀਗਿਰੀ

**ਸੋਚ ਵਿਚਾਰ**

ਇਹ ਦੋ ਲਾਤੀਨੀ ਟਰਮਾਂ ਹਨ, ਜਿਨ੍ਹਾਂ ਦਾ ਅਰਥ ਇਕੋ ਹੈ। ਕਈ ਵਾਰ ਕੋਈ ਗੱਲ ਸਹਿਵਨ ਹੀ ਜੱਜ ਦੇ ਧਿਆਨ ਵਿਚ ਆ ਜਾਂਦੀ ਹੈ ਤੇ ਅਦਾਲਤ ਹਰਕਤ ਵਿਚ ਆ ਜਾਂਦੀ ਹੈ; ਇਸ ਨੂੰ ਕਹਿੰਦੇ ਹਨ, ਸੂਓ-ਮੋਟੋ ਜਾਂ ਸੂਆ-ਸਪੌਂਟੇ।

ਜਦ ਕਿਤੇ ਤੱਕੜੀ ਵਾਲੀ ਤਿੱਕੜੀ ਦੀ ਛਤਰ ਛਾਇਆ ਵਾਲੇ ਕਿਸੇ ਵੱਡੇ ਸਿਆਸੀ ਨੇਤਾ ਦੇ ਕਿਸੇ ਉਪੱਦਰ ਬਾਰੇ ਕੁਝ ਕਰਨ ਲਈ ਕਿਹਾ ਜਾਵੇ ਤਾਂ ਅਕਾਲ ਤਖਤ ਸਾਹਿਬ ਦੇ ਜਥੇਦਾਰ ਅਕਸਰ ਆਖ ਦਿੰਦੇ ਹਨ, 'ਅਸੀਂ ਇਹ ਵੀਡੀਓ ਹਾਲੇ ਦੇਖੀ ਨਹੀਂ' ਜਾਂ ਕਹਿੰਦੇ ਹਨ, 'ਹਾਲੇ ਸਾਡੇ ਕੋਲ ਸ਼ਿਕਾਇਤ ਨਹੀਂ ਅੱਪੜੀ।'

ਹੁਣ ਪਿਛਲੇ ਦਿਨੀਂ ਕਿਸੇ ਦੋਧੀ ਨੇ ਅੰਮ੍ਰਿਤਸਰ ਵਿਚ ਕਿਸੇ ਬੋਰਡ 'ਤੇ 'ਸੁਨਹਿਰੀ ਮੰਦਰ' ਲਿਖਿਆ ਦੇਖਿਆ। ਉਸ ਨੇ ਮੋਟਰ ਸਾਈਕਲ ਰੋਕਿਆ, ਬੋਰਡ ਦੀ ਫੋਟੋ ਖਿੱਚੀ ਤੇ ਫੇਸਬੁੱਕ 'ਤੇ ਪਾ ਦਿੱਤੀ; ਨਾਲ ਹੀ ਕੁਮੈਂਟਰੀ (ਟਿੱਪਣੀਆਂ) ਦੀ ਝੜੀ ਲਾ ਦਿੱਤੀ ਕਿ ਇਸ ਵਿਚ ਸਰਕਾਰ ਦੀ ਕੋਈ 'ਗਹਿਰੀ ਸਾਜ਼ਿਸ਼' ਲੱਗਦੀ ਹੈ। ਫੇਸਬੁੱਕ, ਵੱਟਸਐਪ ਤੇ ਯੂਟਿਊਬ 'ਤੇ ਸਦਾ ਹਾਜ਼ਰ ਨਾਜ਼ਰ ਰਹਿਣ ਵਾਲੇ ਸਾਡੇ ਜਥੇਦਾਰ ਸਾਹਿਬ ਝੱਟ-ਪੱਟ ਸੂਆ-ਸਪੌਂਟੇ ਹਰਕਤ ਵਿਚ ਆ ਗਏ ਤੇ ਫੁਰਮਾਨ ਜਾਰੀ ਕਰ ਦਿਤਾ ਕਿ 'ਸੁਨਹਿਰੀ ਮੰਦਰ' ਦੀ ਥਾਂ 'ਸੱਚ ਖੰਡ ਸ੍ਰੀ ਹਰਿਮੰਦਰ ਸਾਹਿਬ' ਲਿਖਿਆ ਜਾਵੇ।



ਅਵਤਾਰ ਸਿੰਘ (ਪ੍ਰੋ.)
ਫੋਨ: 91-94175-18384

ਸਾਡੀ ਦੋਧੀ-ਮਾਰਕਾ ਸੋਚ ਹੋਰ ਅੱਗੇ ਵਧੀ ਤਾਂ ਕਈਆਂ ਨੂੰ ਸੱਚ ਖੰਡ ਸ੍ਰੀ ਹਰਿਮੰਦਰ ਸਾਹਿਬ ਵਿਚ ਆਰ. ਐਸ. ਐਸ. ਦੀ 'ਗਹਿਰੀ ਸਾਜ਼ਿਸ਼' ਨਜ਼ਰ ਆਈ। ਬੜੀ ਹੈਰਾਨੀ ਦੀ ਗੱਲ ਹੈ ਕਿ ਚਾਹੇ ਸਰਕਾਰੀ ਹੋਵੇ ਚਾਹੇ ਆਰ. ਐਸ. ਐਸ. ਦੀ ਹੋਵੇ, ਉਹ 'ਸਾਜ਼ਿਸ਼' ਕਿੰਨੀ ਕੁ 'ਗਹਿਰੀ' ਹੋ ਸਕਦੀ ਹੈ, ਜੋ ਰਾਜਦੂਤ 'ਤੇ ਚੜ੍ਹੇ ਜਾਂਦੇ ਦੋਧੀ ਨੂੰ ਸਭ ਤੋਂ ਪਹਿਲਾਂ ਪਤਾ ਲੱਗ ਜਾਂਦੀ ਹੈ।

ਵੈਸੇ ਇਹ ਗੱਲ ਆਸ਼ਾਜਨਕ ਵੀ ਕਹੀ ਜਾ ਸਕਦੀ ਹੈ ਕਿ ਜਿਸ ਸਮਾਜ ਦੇ ਦੋਧੀ ਇੰਨੇ ਨਿਧੜਕ ਤੇ ਸੁਜੱਗ ਹੋਣ, ਉਹ ਸਮਾਜ ਜ਼ਰੂਰ ਬੁਲੰਦੀਆਂ ਵੱਲ ਵਧ ਰਿਹਾ ਹੋਵੇਗਾ; ਪਰ ਇਹ ਗੱਲ ਸ਼ਰਤ ਲਾ ਕੇ ਕਹੀ ਜਾ ਸਕਦੀ ਹੈ ਕਿ ਪੰਜਾਬ ਦਾ ਸ਼ਾਇਦ ਹੀ ਕੋਈ ਦੋਧੀ ਹੋਵੇ, ਜੋ ਬਨਾਉਟੀ ਦੁੱਧ ਨਾ ਵੇਚਦਾ ਹੋਵੇ। ਪੰਜਾਬੀ ਘਰਾਂ ਵਿਚ ਬੇਸ਼ੱਕ ਵਡੇਰੀ ਉਮਰ ਦੇ ਲੋਕ ਚਾਹ ਦੇ ਸ਼ੌਕੀਨ ਹੁੰਦੇ ਹਨ, ਪਰ ਸਾਰੇ ਨਿੱਕੇ ਬੱਚਿਆਂ ਨੂੰ ਦੁੱਧ ਹੀ ਪਿਲਾਉਂਦੇ ਹਨ।

ਜਿਹੜੇ ਦੋਧੀ ਨਿੱਕੇ ਨਿੱਕੇ ਬਾਲਾਂ ਦੀ ਮਨਪਸੰਦ ਇੱਕੋ ਇੱਕ ਖੁਰਾਕ ਵਿਚ ਹਰ ਰੋਜ਼ ਜ਼ਹਿਰ ਘੋਲ ਸਕਦੇ ਹਨ, ਉਹ ਆਪਣੇ ਸਮਾਜ ਦੇ ਕਿੰਨੇ ਕੁ ਸਕੇ ਸੋਧਰੇ ਜਾਂ ਖੈਰਖਵਾਹ ਹੋ ਸਕਦੇ ਹਨ, ਇਸ ਦਾ ਅੰਦਾਜ਼ਾ ਲਾਉਣਾ ਮੁਸ਼ਕਿਲ ਨਹੀਂ ਹੈ।

ਇਸ ਲਿਖਤ ਦਾ ਮਨੋਰਥ ਦੁੱਧ ਜਾਂ ਦੋਧੀ ਨਹੀਂ ਹਨ, ਸਗੋਂ ਉਸ ਦੋਧੀਗਿਰੀ ਵੱਲ ਸੰਕੇਤ ਕਰਨਾ ਹੈ, ਜੋ ਪਾਕਿ ਪਵਿੱਤਰ ਅਤੇ ਅੰਮ੍ਰਿਤ ਰੂਪ ਦੁੱਧ ਜਿਹੇ ਸਾਂਝੀਵਾਲਤਾ ਵਾਲੇ ਪਾਵਨ ਮਾਹੌਲ ਵਿਚ ਵੀ ਜ਼ਹਿਰ ਘੋਲਣ ਤੋਂ ਗੁਰੇਜ਼ ਨਹੀਂ ਕਰਦੀ।

ਸਾਡੇ ਗੁਰਦੁਆਰਿਆਂ 'ਚ ਗੁਰੂ ਗ੍ਰੰਥ ਸਾਹਿਬ ਤੋਂ ਬਾਅਦ ਇੱਕੋ ਇੱਕ ਗ੍ਰੰਥ ਅਜਿਹਾ ਹੈ, ਜਿਸ ਦਾ ਪ੍ਰਕਾਸ਼ ਕਰਕੇ ਕਥਾ ਕੀਤੀ ਜਾਂਦੀ ਹੈ, ਉਸ ਦਾ ਨਾਂ ਹੈ, 'ਗੁਰਪ੍ਰਤਾਪਸੂਰਯੋਦਯ', ਜਿਸ ਨੂੰ 'ਸੂਰਜ ਪ੍ਰਕਾਸ਼' ਵੀ ਕਹਿ ਲਈਦਾ ਹੈ।

ਗੁਰੂ ਸਾਹਿਬਾਨ ਦੇ ਸਥਾਨ 'ਤੇ ਉਸਾਰੇ ਗਏ ਗੁਰਦੁਆਰਿਆਂ ਤੋਂ ਇਲਾਵਾ ਇੱਕੋ ਇੱਕ ਗੁਰਦੁਆਰਾ ਅਜਿਹਾ ਹੈ, ਜੋ ਕਿਸੇ ਵਿਦਵਾਨ ਦੇ ਜਨਮ ਸਥਾਨ 'ਤੇ ਉਸਾਰਿਆ ਗਿਆ ਹੋਵੇ; ਉਹ ਹੈ 'ਸੂਰਜ ਪ੍ਰਕਾਸ਼' ਗ੍ਰੰਥ ਦੇ ਕਰਤਾ ਚੂੜਾਮਣੀ 'ਕਿਲਾ ਕਵੀਰਾਜ ਭਾਈ ਸੰਤੋਖ ਸਿੰਘ', ਜੋ ਤਰਨ ਤਾਰਨ ਸਾਹਿਬ ਦੇ ਨਜ਼ਦੀਕ ਨੂਰਦੀਨ ਦੀ ਸਰਾਏ ਕੋਲ ਸਥਿਤ ਹੈ; ਜਿੱਥੇ ਹਰ ਸਾਲ 18, 19 ਅਤੇ 20 ਸਤੰਬਰ ਨੂੰ ਵੱਡਾ ਜੋੜ-ਮੇਲਾ ਲੱਗਦਾ ਹੈ।




ਭਾਈ ਸੰਤੋਖ ਸਿੰਘ ਗੁਰ ਇਤਿਹਾਸ ਲਿਖਦਿਆਂ ਪ੍ਰਾਪਤ ਤੱਥਾਂ ਦੀ ਵਿਆਖਿਆ ਲਈ ਕਈ ਕਈ ਦਿਨ ਲਗਾਤਾਰ ਚਿੰਤਨਸ਼ੀਲ ਮੁਦਰਾ ਵਿਚ ਲੀਨ ਹੋ ਜਾਂਦੇ ਸਨ।

ਸਨਾਤਨ ਮੱਤ ਵਿਚ ਅਕਾਲ ਪੁਰਖ ਦੇ ਤਿੰਨ ਪ੍ਰਕਾਰਜ ਅਨੁਮਾਨੇ ਗਏ ਹਨ-ਉਤਪਤੀ, ਸੰਭਾਲ ਅਤੇ ਸੰਘਾਰ। ਅਕਾਲ ਪੁਰਖ ਦੇ ਉਤਪਤੀ ਵਾਲੇ ਗੁਣ ਅਤੇ ਰੂਪ ਦਾ ਨਾਂ ਬ੍ਰਹਮਾ ਹੈ, ਪਾਲਣ ਪੋਸ਼ਣ ਤੇ ਸੰਭਾਲ ਵਾਲੇ ਰੂਪ ਦਾ ਨਾਂ ਵਿਸ਼ਨੂੰ ਹੈ ਤੇ ਸੰਘਾਰ ਵਾਲੇ ਰੂਪ ਦਾ ਨਾਂ ਸ਼ਿਵ।

ਭਾਈ ਸੰਤੋਖ ਸਿੰਘ ਲਿਖਦੇ ਹਨ ਕਿ ਰਾਜੇ ਇਕਸ਼ਵਾਕੂ ਨੇ ਯੱਗ ਪਿੱਛੋਂ ਕਾਮਨਾ ਕੀਤੀ ਕਿ ਧਰਤੀ 'ਤੇ ਅਜਿਹਾ ਤੀਰਥ ਅਸਥਾਨ ਪ੍ਰਗਟ ਤੇ ਸਥਾਪਤ ਕੀਤਾ ਜਾਵੇ, ਜੋ ਸਦਾ ਕਾਇਮ ਰਹੇ, ਜੋ ਸਰਬ ਸਾਂਝਾ ਹੋਵੇ ਅਤੇ ਜਿੱਥੇ ਅਕਾਲ ਪੁਰਖ ਹਮੇਸ਼ਾ ਹਾਜ਼ਰ ਨਾਜ਼ਰ ਰਹੇ। ਇਸ ਤੋਂ ਖੁਸ਼ ਹੋ ਕੇ ਵਿਸ਼ਨੂੰ ਜੀ ਨੇ ਵਰ ਦਿੱਤਾ ਸੀ ਕਿ ਕਲਜੁਗ ਵਿਚ ਅਜਿਹਾ ਤੀਰਥ ਅਵੱਸ਼ ਪ੍ਰਗਟ ਹੋਵੇਗਾ।

ਸਾਖੀ ਪ੍ਰਚਲਿਤ ਹੈ ਕਿ ਪੰਚਮ ਪਾਤਸ਼ਾਹ ਦੇ ਸਮੇਂ ਅਕਾਲ ਪੁਰਖ ਦੇ ਵਿਸ਼ਨੂੰ ਰੂਪ ਨੇ ਕਾਰ ਸੇਵਾ ਵਿਚ ਵੀ ਖੁਦ ਹਿੱਸਾ ਲਿਆ ਸੀ, ਜਿਸ ਦਾ ਜ਼ਿਕਰ ਬਾਣੀ ਵਿਚ ਵੀ ਆਇਆ ਹੈ: ਸੰਤਾ ਕੇ ਕਾਰਜਿ ਆਪਿ ਖਲੋਇਆ ਹਰਿ ਕੰਮੁ ਕਰਾਵਣਿ ਆਇਆ ਰਾਮ॥ ਇੱਥੇ ਵੀ ਅਕਾਲ ਪੁਰਖ ਦੇ 'ਹਰਿ' ਅਰਥਾਤ ਵਿਸ਼ਨੂੰ ਰੂਪ ਨੂੰ ਯਾਦ ਕੀਤਾ ਗਿਆ।

ਵਿਸ਼ਨੂੰ ਨੂੰ ਹਰਿ ਵੀ ਕਿਹਾ ਜਾਂਦਾ ਹੈ ਤੇ ਹਰਿ ਦਾ ਅਰਥ ਸੁਨਹਿਰੀ ਹੈ। ਹਰਿਮੰਦਰ ਅਤੇ ਸੁਨਹਿਰੀ ਮੰਦਰ ਪਰਿਆਇਵਾਚੀ ਸ਼ਬਦ ਹਨ; ਇਨ੍ਹਾਂ ਬਾਬਤ ਰੌਲ ਘਚੋਲਾ ਪਾਉਣਾ ਉਜੱਡਪੁਣੇ ਜਾਂ ਮੂਰਖਪੁਣੇ ਤੋਂ ਵੱਧ ਕੁਝ ਨਹੀਂ ਹੈ। ਜੇ ਸੰਸਕ੍ਰਿਤ ਕੋਸ਼ ਅਨੁਸਾਰ 'ਹਰਿ' ਦਾ ਅਰਥ ਸੁਨਹਿਰੀ ਹੈ ਤਾਂ ਹਰਿਮੰਦਰ ਨੂੰ ਸੁਨਹਿਰੀ ਮੰਦਰ ਕਿਹਾ ਜਾ ਸਕਦਾ ਹੈ। ਪਰ ਜਦੋਂ ਪੰਚਮ ਪਾਤਸ਼ਾਹ ਦੇ ਇਸ ਸਰਬ ਸਾਂਝੇ ਧਾਮ ਦਾ ਨਾਂ ਹਰਿਮੰਦਰ ਪ੍ਰਚਲਿਤ ਹੈ ਤਾਂ ਫਿਰ ਸੁਨਹਿਰੀ ਮੰਦਰ ਕਹਿਣ ਲਿਖਣ ਦੀ ਕੋਈ ਤੁਕ ਨਹੀਂ ਬਣਦੀ।

ਭਗਤ ਨਾਮ ਦੇਵ ਦੀ ਬਾਣੀ ਵਿਚ ਸੱਚ ਖੰਡ ਦਾ ਅਲੌਕਿਕ ਦ੍ਰਿਸ਼ ਵਰਣਨ ਹੋਇਆ ਹੈ,

ਜਹ ਝਿਲਿ ਮਿਲਿ ਕਾਰੁ ਦਸੰਤਾ॥
ਤਹ ਅਨਹਦ ਸਬਦ ਬਜੰਤਾ॥
ਰਤਨ ਕਮਲ ਕੋਠਰੀ॥
ਚਮਕਾਰ ਬੀਜੁਲ ਤਹੀ॥

ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਦੀ ਦਰਸ਼ਨੀ ਡਿਓਢੀ ਵਿਚੋਂ ਤੱਕਿਆਂ ਸਾਹਮਣੇ ਜੋ ਦ੍ਰਿਸ਼ ਸਾਕਾਰ ਹੁੰਦਾ ਹੈ, ਜਾਣੋ ਉਹ ਭਗਤ ਨਾਮ ਦੇਵ ਵਾਲਾ ਵਰਨਣ ਹੀ ਧਰਤੀ 'ਤੇ ਉਤਾਰ ਦਿੱਤਾ ਗਿਆ ਹੋਵੇ। ਪਵਿੱਤਰ ਸਰੋਵਰ ਦੇ ਜਲ ਵਿਚ ਸੁਨਹਿਰੀ ਗੁੰਬਦ ਦੀ ਉਹੀ ਝਿਲਮਿਲ ਝਿਲਮਿਲ, ਅਨਹਦ ਸ਼ਬਦ ਕੀਰਤਨ ਤੇ ਉਹੀ ਅਖੰਡ ਜੋਤ ਦਾ ਬਿਜਲਈ ਪ੍ਰਕਾਸ਼। ਇਹ ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਦਾ ਨਜ਼ਾਰਾ ਹੈ, "ਡਿਠੇ ਸਭੇ ਥਾਵ ਨਹੀ ਤੁਧੁ ਜੇਹਿਆ॥"

ਸੱਚ ਖੰਡ ਦੇ ਹਜ਼ੂਰੀ ਕੀਰਤਨੀਏ ਅਕਸਰ ਗਾਉਂਦੇ ਹਨ, "ਵਡਾ ਤੇਰਾ ਦਰਬਾਰੁ ਸਚਾ ਤੁਧੁ ਤਖਤੁ॥" ਸ਼ਾਇਦ ਇਸ ਕਰਕੇ ਹੀ ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਦਾ ਛੋਟਾ ਅਤੇ ਪਿਆਰਾ ਨਾਂ ਸ੍ਰੀ ਦਰਬਾਰ ਸਾਹਿਬ ਵੀ ਪ੍ਰਚਲਿਤ ਹੋ ਗਿਆ ਹੋਵੇ। ਇਸ ਵਿਚ ਕੁਝ ਵੀ ਬੁਰਾ ਨਹੀਂ ਹੈ; ਪਰ ਸਾਨੂੰ ਵਿਸ਼ੇਸ਼ ਅਸਥਾਨਾਂ ਦੇ ਖਾਸ ਨਾਂਵਾਂ ਬਾਰੇ ਜਨਸੰਘੀ ਕਿਸਮ ਦੀ ਸ਼ਾਵਨਿਸਟਿਕ (ਤੰਗਨਜ਼ਰ) ਹਠ-ਧਰਮੀ ਨਹੀਂ ਅਪਨਾਉਣੀ ਚਾਹੀਦੀ। ਜਿਵੇਂ ਘਰ ਵਿਚ ਪਿਆਰੇ ਦੁਲਾਰੇ ਬੱਚਿਆਂ ਦੇ ਸਭ ਨੇ ਹੀ ਆਪੋ ਆਪਣੇ ਲਾਡਲੇ ਨਾਂ ਰੱਖੇ ਹੋਏ ਹੁੰਦੇ ਹਨ, ਇਵੇਂ ਸਾਡੇ ਗੁਰਧਾਮਾਂ ਦੇ ਵੀ ਅਨੇਕ ਨਾਂ ਹੋ ਸਕਦੇ ਹਨ, "ਸਭੁ ਕੋ ਮੀਤੁ ਹਮ ਆਪਨ ਕੀਨਾ ਹਮ ਸਭਨਾ ਕੇ ਸਾਜਨ॥"

ਉਂਜ ਅਸੀਂ ਆਖਦੇ ਹਾਂ ਕਿ ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਸਰਬ ਸਾਂਝੀਵਾਲਤਾ ਦਾ ਮਹਾਂ ਧਾਮ ਹੈ ਤੇ ਨਾਲ ਹੀ ਅਸੀਂ ਧਮਕੀਆਂ 'ਤੇ ਉਤਰ ਆਉਂਦੇ ਹਾਂ ਕਿ ਇਹ 'ਸਾਡਾ' ਹੈ। ਗਮਲੇ 'ਤੇ ਕੋਈ ਵੀ ਕਬਜ਼ਾ ਕਰ ਸਕਦਾ ਹੈ, ਪਰ ਫੁੱਲ ਦੀ ਮਹਿਕ ਨੂੰ ਫੈਲਣੋਂ ਕੋਈ ਨਹੀਂ ਰੋਕ ਸਕਦਾ। ਸਾਡੀ ਸੋਚ ਸੱਚਖੰਡ ਵਿਖੇ ਚੜ੍ਹਨ ਵਾਲੇ ਚੜ੍ਹਾਵੇ ਤੱਕ ਸੀਮਤ ਹੈ। ਅਸੀਂ ਚੜ੍ਹਾਵੇ 'ਤੇ ਕਬਜ਼ਾ ਕਰ ਸਕਦੇ ਸਾਂ ਤੇ ਕਰ ਲਿਆ ਹੈ, ਪਰ ਅਸੀਂ ਸੱਚ ਖੰਡ ਦੀ ਆਸਥਾ 'ਤੇ ਕਬਜ਼ਾ ਨਹੀਂ ਕਰ ਸਕਦੇ; ਇਹ ਸਰਬ ਸਾਂਝੀ ਹੈ।

ਆਓ, ਸੱਚ ਖੰਡ 'ਤੇ ਕੀਤੀ ਜਾ ਰਹੀ ਹਰ ਪ੍ਰਕਾਰ ਦੀ ਸਿਆਸਤ ਦਾ ਤਿਆਗ ਕਰੀਏ ਤੇ ਦੋਧੀਗਿਰੀ ਤੋਂ ਬਾਜ ਆਈਏ।

ਪੰਜਾਬ ਟਾਈਮਜ਼

*ਸਨਿਚਰਵਾਰ, 11 ਮਈ 2019*

# ਸਿਆਸਤ ਉਤੇ ਸਵਾਲ

ਪੰਜਾਬ ਵਿਚ ਲੋਕ ਸਭਾ ਚੋਣਾਂ ਦਾ ਪਿੜ ਹੁਣ ਆ ਕੇ ਭਖਿਆ ਹੈ। ਚੋਣ ਕਮਿਸ਼ਨ ਨੇ ਸਭ ਤੋਂ ਅਖੀਰਲੇ ਅਤੇ ਸੱਤਵੇਂ ਗੇੜ (19 ਮਈ ਨੂੰ) ਤਹਿਤ ਪੰਜਾਬ ਵਿਚ ਚੋਣਾਂ ਦਾ ਸ਼ਡਿਊਲ ਜਾਰੀ ਕੀਤਾ ਸੀ। ਉਸ ਵਕਤ ਜਦੋਂ ਚੋਣਾਂ ਦਾ ਐਲਾਨ ਹੋਇਆ ਸੀ, ਪੰਜਾਬ ਵਿਚ ਵੋਟਾਂ ਪੈਣ ਨੂੰ ਪੂਰੇ ਦੋ ਮਹੀਨੇ ਰਹਿੰਦੇ ਸਨ। ਇੰਨਾ ਲੰਮਾ ਸਮਾਂ ਚੋਣ ਪ੍ਰਚਾਰ ਮਘਾਈ ਰੱਖਣਾ ਕਿਸੇ ਵੀ ਸਿਆਸੀ ਧਿਰ ਲਈ ਮੁਕਾਬਲਤਨ ਔਖਾ ਹੀ ਹੁੰਦਾ ਹੈ। ਇਸੇ ਕਰਕੇ ਪਹਿਲਾਂ-ਪਹਿਲ ਪੰਜਾਬ ਵਿਚਲੀ ਚੋਣ ਮੁਹਿੰਮ ਮੱਠੀ ਹੀ ਸੀ, ਪਰ ਜਿਉਂ ਹੀ ਇਸ ਵਿਚ ਤੇਜ਼ੀ ਆਉਂਦੀ ਗਈ, ਲੋਕਾਂ ਦੀ ਸ਼ਮੂਲੀਅਤ ਵੀ ਵਧਦੀ ਗਈ। ਜਿਸ ਤਰ੍ਹਾਂ ਦੇਸ਼ ਦੀਆਂ ਇਹ ਚੋਣਾਂ ਕੁਝ ਕਾਰਨਾਂ ਕਰਕੇ ਇਸ ਵਾਰ ਯਾਦਗਾਰੀ ਬਣ ਗਈਆਂ ਹਨ, ਉਸੇ ਤਰ੍ਹਾਂ ਪੰਜਾਬ ਦੀਆਂ ਲੋਕ ਸਭਾ ਚੋਣਾਂ ਵੀ ਐਤਕੀਂ ਨਿਵੇਕਲੀਆਂ ਹੋ ਨਿੱਬੜੀਆਂ ਹਨ। ਮੁਲਕ ਦਾ ਹਾਲ ਇਹ ਹੈ ਕਿ ਇਨ੍ਹਾਂ ਚੋਣਾਂ ਵਿਚ ਭਾਰਤੀ ਜਨਤਾ ਪਾਰਟੀ ਵਲੋਂ ਹਾਸਲ ਕੀਤੀਆਂ ਜਾਣ ਵਾਲੀਆਂ ਸੀਟਾਂ ਉਤੇ ਦੇਸ਼ ਦੀ ਅਗਲੀ ਸਿਆਸਤ ਨਿਰਭਰ ਕਰਨੀ ਹੈ। ਪਿਛਲੇ ਪੰਜ ਸਾਲ ਦੌਰਾਨ ਜਿਸ ਤਰ੍ਹਾਂ ਹਿੰਦੂਤਵੀ ਤਾਕਤਾਂ ਨੇ ਦੇਸ਼ ਭਰ ਵਿਚ ਊਧਮ ਮਚਾਈ ਰੱਖਿਆ ਹੈ, ਉਹ ਇਨ੍ਹਾਂ ਚੋਣਾਂ ਵਿਚ ਚਰਚਾ ਦਾ ਵਿਸ਼ਾ ਬਣਿਆ ਹੈ ਅਤੇ ਸੰਜੀਦਾ ਹਲਕਿਆਂ ਵਿਚੋਂ ਇਹ ਸੁਰ ਲਗਾਤਾਰ ਉਚੀ ਹੁੰਦੀ ਰਹੀ ਹੈ ਕਿ ਦੇਸ਼ ਦੀ ਸਹੀ ਦਸ਼ਾ ਅਤੇ ਦਿਸ਼ਾ ਲਈ ਇਸ ਪਾਰਟੀ ਅਤੇ ਇਸ ਦੀ ਸਰਪ੍ਰਸਤ ਕੱਟੜਪੰਥੀ ਜਥੇਬੰਦੀ ਰਾਸ਼ਟਰੀ ਸਵੈਮਸੇਵਕ ਸੰਘ (ਆਰ. ਐਸ. ਐਸ.) ਦੀ ਪਿੱਠ ਲੱਗਣੀ ਹੀ ਚਾਹੀਦੀ ਹੈ।

ਪੰਜਾਬ ਵਿਚ ਇਨ੍ਹਾਂ ਕੱਟੜ ਜਥੇਬੰਦੀਆਂ ਦੀ ਉਸ ਰੂਪ ਵਿਚ ਤਾਂ ਚੜ੍ਹਤ ਨਹੀਂ ਦੇਖੀ ਗਈ, ਪਰ ਸਿਆਸੀ ਵਿਸ਼ਲੇਸ਼ਕ ਲਗਾਤਾਰ ਖਬਰਦਾਰ ਕਰਦੇ ਆ ਰਹੇ ਹਨ ਕਿ ਕਈ ਕਾਰਨਾਂ ਕਰਕੇ ਪੰਜਾਬ ਪਿਛਲੇ ਕੁਝ ਸਮੇਂ ਤੋਂ ਆਰ. ਐਸ. ਐਸ. ਦੇ ਏਜੰਡੇ ਉਤੇ ਹੈ ਅਤੇ ਇਹ ਜਥੇਬੰਦੀਆਂ ਸੂਬੇ ਦੀ ਸਿਆਸਤ ਨੂੰ ਆਪਣੇ ਹਿਸਾਬ ਨਾਲ ਚਲਾਉਣ ਦੀ ਕੋਸ਼ਿਸ਼ ਕਰਦੀਆਂ ਆ ਰਹੀਆਂ ਹਨ। ਇਸ ਨੇ ਸੂਬੇ ਅੰਦਰ ਸ਼੍ਰੋਮਣੀ ਅਕਾਲੀ ਦਲ ਨਾਲ ਸਿਆਸੀ ਸਾਂਝ ਬਣਾ ਕੇ ਪੈਰ ਧਰਾਵਾ ਕੀਤਾ ਹੀ ਹੋਇਆ ਹੈ ਅਤੇ ਹੁਣ ਇਹ ਆਪਣੀ ਸਿਆਸਤ ਨੂੰ ਕਿਸੇ ਨਾ ਕਿਸੇ ਤਰੀਕੇ ਅਗਾਂਹ ਵਧਾਉਣ ਲਈ ਪਰ ਤੋਲ ਰਹੀਆਂ ਹਨ। ਪਿਛਲੀਆਂ ਵਿਧਾਨ ਸਭਾ ਚੋਣਾਂ ਵਿਚ ਇਹ ਚਰਚਾ ਖੂਬ ਚੱਲੀ ਸੀ ਕਿ ਇਸ ਨੇ ਆਮ ਆਦਮੀ ਪਾਰਟੀ ਦੇ ਪੈਰਾਂ ਹੇਠੋਂ ਜਮੀਨ ਖਿਸਕਾਉਣ ਵਿਚ ਵੱਡਾ ਰੋਲ ਨਿਭਾਇਆ ਸੀ ਅਤੇ ਪੂਰੀ ਸਰਗਰਮੀ ਕਰਕੇ ਕਾਂਗਰਸ ਦੇ ਹੱਕ ਵਿਚ ਵੋਟਾਂ ਭੁਗਤਾਈਆਂ ਸਨ। ਇਸ ਤੱਥ ਵਿਚ ਕਿੰਨੀ ਕੁ ਸੱਚਾਈ ਹੈ, ਇਹ ਤਾਂ ਵੱਖਰਾ ਮਸਲਾ ਹੈ, ਪਰ ਇਕ ਗੱਲ ਐਨ ਸਾਫ ਹੈ ਕਿ ਉਸ ਵਕਤ ਕਾਂਗਰਸ ਨੂੰ ਵੀ ਵਿਧਾਨ ਸਭਾ ਚੋਣਾਂ ਵਿਚ ਆਪਣੀ ਇੰਨੀ ਵੱਡੀ ਜਿੱਤ ਬਾਰੇ ਯਕੀਨ ਨਹੀਂ ਸੀ।

ਉਂਜ, ਇਹ ਵੀ ਸੱਚਾਈ ਹੈ ਕਿ ਪੰਜਾਬ ਦੀ ਸਿਆਸਤ ਦਾ ਵੱਖਰਾ, ਨਿਆਰਾ ਅਤੇ ਨਿਵੇਕਲਾ ਰੂਪ ਕਿਸੇ ਨਾ ਕਿਸੇ ਰੂਪ ਵਿਚ ਹਾਜ਼ਰ ਹੁੰਦਾ ਰਿਹਾ ਹੈ। ਐਤਕੀਂ ਲੋਕ ਸਭਾ ਚੋਣਾਂ ਵਿਚ ਵੀ ਇਹ ਰੰਗ ਦੇਖਣ ਨੂੰ ਮਿਲਿਆ ਹੈ। ਲੋਕ ਵੱਖ-ਵੱਖ ਉਮੀਦਵਾਰਾਂ ਨੂੰ ਤਿੱਖੇ ਅਤੇ ਤੁਰਸ਼ ਸਵਾਲ ਕਰ ਰਹੇ ਹਨ, ਜਦੋਂ ਉਨ੍ਹਾਂ ਦੇ ਪਿੰਡ ਜਾਂ ਮੁਹੱਲੇ ਅੰਦਰ ਵੋਟਾਂ ਮੰਗਣ ਆ ਰਹੇ ਹਨ। ਕੱਲ੍ਹ ਤੱਕ ਇਹ ਸਮਝਿਆ ਜਾ ਰਿਹਾ ਸੀ ਕਿ ਬੇਅਦਬੀ ਵਾਲੇ ਕੇਸਾਂ ਨੂੰ ਸਹੀ ਢੰਗ ਨਾਲ ਨਜਿੱਠਣ ਵਿਚ ਬੁਰੀ ਤਰ੍ਹਾਂ ਨਾਕਾਮ ਰਹੇ ਸ਼੍ਰੋਮਣੀ ਅਕਾਲੀ ਦਲ ਦੀ ਲੀਡਰਸ਼ਿਪ ਅਤੇ ਵੱਡੇ-ਛੋਟੇ ਆਗੂਆਂ ਨੂੰ ਲੋਕਾਂ ਦੇ ਗੁੱਸੇ ਦਾ ਸ਼ਿਕਾਰ ਹੋਣਾ ਪੈ ਰਿਹਾ ਹੈ, ਪਰ ਲੋਕ ਚੋਣ ਪਿੜ ਵਿਚ ਹੁਣ ਹਰ ਪਾਰਟੀ ਦੇ ਉਮੀਦਵਾਰ ਅਤੇ ਇਨ੍ਹਾਂ ਉਮੀਦਵਾਰਾਂ ਦੇ ਜੋਟੀਦਾਰਾਂ ਉਤੇ ਸਵਾਲਾਂ ਦੀ ਵਾਛੜ ਕਰ ਰਹੇ ਹਨ। ਇਸ ਮਾਮਲੇ ਵਿਚ ਦੇਸ਼ ਦੇ ਕੁਝ ਹੋਰ ਹਿੱਸਿਆਂ ਵਿਚੋਂ ਵੀ ਭਾਵੇਂ ਇਸ ਤਰ੍ਹਾਂ ਉਮੀਦਵਾਰਾਂ ਨੂੰ ਘੇਰਨ ਦੀਆਂ ਖਬਰਾਂ ਦੇਖਣ-ਸੁਣਨ ਨੂੰ ਮਿਲ ਰਹੀਆਂ ਹਨ, ਪਰ ਇਸ ਮਸਲੇ 'ਤੇ ਪੰਜਾਬੀਆਂ ਦੀ ਝੰਡੀ ਹੈ।

ਅਸਲ ਵਿਚ ਪਿਛਲੇ ਕੁਝ ਸਮੇਂ ਤੋਂ ਵੱਖ-ਵੱਖ ਕਾਰਨਾਂ ਕਰਕੇ ਪੰਜਾਬ ਜਿਸ ਤਰ੍ਹਾਂ ਗੋਡਣੀਆਂ ਭਾਰ ਹੋਇਆ ਪਿਆ ਹੈ, ਇਸ ਨੇ ਹੁਣ ਸ਼ਾਇਦ ਲੋਕਾਂ ਦੇ ਸਬਰ ਦਾ ਪਿਆਲਾ ਭਰ ਦਿੱਤਾ ਹੈ। ਲੋਕਾਂ ਨੇ 2007 ਤੋਂ 2017 ਤੱਕ ਸ਼੍ਰੋਮਣੀ ਅਕਾਲੀ ਦਲ ਤੇ ਭਾਰਤੀ ਜਨਤਾ ਪਾਰਟੀ ਦਾ ਰਾਜ ਦੇਖਿਆ ਹੈ ਅਤੇ ਪਿਛਲੇ ਦੋ ਸਾਲਾਂ ਤੋਂ ਕਾਂਗਰਸ ਦਾ ਰਾਜ ਦੇਖ ਰਹੇ ਹਨ। ਅਕਾਲੀ-ਭਾਜਪਾ ਸਰਕਾਰ ਦੌਰਾਨ ਜਿਸ ਤਰ੍ਹਾਂ ਮਸਲੇ ਉਲਝੇ, ਉਸ ਨੇ ਇਕ ਵਾਰ ਤਾਂ ਸਮੁੱਚੇ ਸੂਬੇ ਦਾ ਤਾਣਾ-ਬਾਣਾ ਹੀ ਵਿਗਾੜ ਕੇ ਰੱਖ ਦਿੱਤਾ। ਇਹ ਭਾਵੇਂ ਪ੍ਰਸ਼ਾਸਨ ਦਾ ਮਸਲਾ ਸੀ ਜਾਂ ਲੋਕਾਂ ਨੂੰ ਦਰਪੇਸ਼ ਸਮੱਸਿਆਵਾਂ ਸਨ, ਅਕਾਲੀ-ਭਾਜਪਾ ਸਰਕਾਰ ਚਲਾਉਣ ਵਾਲਿਆਂ ਨੇ ਇਸ ਪਾਸੇ ਰੱਤੀ ਭਰ ਵੀ ਧਿਆਨ ਨਹੀਂ ਦਿੱਤਾ। ਇਨ੍ਹਾਂ ਦਾ ਸਾਰਾ ਧਿਆਨ ਸੱਤਾ ਵਿਚ ਬਰਕਰਾਰ ਰਹਿਣਾ ਹੀ ਬਣ ਗਿਆ। ਇਸ ਤੋਂ ਬਾਅਦ ਜਦੋਂ ਕਾਂਗਰਸ ਪਾਰਟੀ ਸੱਤਾ ਵਿਚ ਆਈ, ਤਾਂ ਇਸ ਨੇ ਸੂਬੇ ਦੀ ਹੋਣੀ ਬਣੇ ਇਸ ਜਮੂਦ ਨੂੰ ਤੋੜਨ ਦੀ ਕੋਸ਼ਿਸ਼ ਤੱਕ ਨਾ ਕੀਤੀ। ਇਸ ਪ੍ਰਸੰਗ ਵਿਚ ਨਸ਼ਿਆਂ ਦਾ ਮਸਲਾ ਸਭ ਤੋਂ ਭਿਅੰਕਰ ਰੂਪ ਵਿਚ ਸਾਹਮਣੇ ਆਇਆ। ਨਸ਼ਿਆਂ ਕਾਰਨ ਪਹਿਲਾਂ ਘਰਾਂ ਦੇ ਘਰ ਬਰਬਾਦ ਹੋਏ ਅਤੇ ਫਿਰ ਨੌਜਵਾਨਾਂ ਦੀਆਂ ਮੌਤਾਂ ਨਾਲ ਘਰਾਂ ਦੇ ਘਰ ਖਾਲੀ ਹੋਣੇ ਸ਼ੁਰੂ ਹੋ ਗਏ, ਪਰ ਕਿਸੇ ਦੇ ਕੰਨ ਉਤੇ ਜੂੰਅ ਤੱਕ ਨਹੀਂ ਸਰਕੀ। ਬੇਵਸ ਹੋਏ ਲੋਕ ਸਿਆਸਤਦਾਨਾਂ ਦੇ ਮੂੰਹਾਂ ਵੱਲ ਦੇਖਦੇ ਰਹੇ, ਪਰ ਕਿਸੇ ਵੀ ਸਿਆਸੀ ਧਿਰ ਨੇ ਇਨ੍ਹਾਂ ਵੱਲ ਸਵੱਲੀ ਨਿਗ੍ਹਾ ਨਹੀਂ ਸੁੱਟੀ। ਇਸੇ ਵਿਚੋਂ ਹੀ ਫਿਰ ਸੋਸ਼ਲ ਮੀਡੀਏ ਵਿਚ ਨਸ਼ਿਆਂ ਖਿਲਾਫ ਮੁਹਿੰਮ ਦਾ ਆਗਾਜ਼ ਹੋਇਆ, ਪਰ ਇਸ ਮੁਹਿੰਮ ਨੂੰ ਚਲਾਉਣ ਵਾਲੇ ਵੀ ਛੇਤੀ ਖਾਮੋਸ਼ ਹੋ ਗਏ। ਸਿੱਟੇ ਵਜੋਂ ਪਰਨਾਲਾ ਉਥੇ ਦਾ ਉਥੇ ਹੀ ਰਹਿ ਗਿਆ ਅਤੇ ਲੋਕਾਂ ਦੇ ਪੱਲੇ ਬੇਵਸੀ ਹੀ ਰਹਿ ਗਈ। ਹੁਣ ਇਹ ਬੇਵਸੀ ਚੋਣਾਂ ਦੇ ਪਿੜ ਵਿਚ ਸਵਾਲ ਬਣ ਕੇ ਇਕ ਵਾਰ ਫਿਰ ਹਾਜ਼ਰ ਹੋਈ ਹੈ। ਸਾਫ ਜਾਹਰ ਹੈ ਕਿ ਪੰਜਾਬ ਹਾਰਿਆ ਨਹੀਂ ਅਤੇ ਆਪਣੇ ਅਗਲੇ ਨਾਇਕਾਂ ਨੂੰ ਉਡੀਕ ਰਿਹਾ ਹੈ।

## ਠਾਹ-ਸੋਟਾ

-ਚਾਚਾ ਬੇਲਿਹਾਜ਼

### *ਕਾਲੀਆਂ ਝੰਡੀਆਂ ਦਾ ਡਰ?*

ਉਦੋਂ ਡਰੇ ਨਾ ਤਖਤ ਅਕਾਲ ਤੋਂ ਵੀ, ਜਥੇਦਾਰਾਂ ਨੂੰ 'ਹੁਕਮ' ਸੁਣਾਉਣ ਵੇਲੇ।
ਹੈਂਕੜ ਨਾਲ ਚਲਾਈਆਂ ਚੰਮ ਦੀਆਂ, ਦੇ ਕੇ ਮਾਫੀਆਂ ਫੇਰ ਮੁਕਰਾਉਣ ਵੇਲੇ।
ਖਾਧਾ ਖੌਫ ਨਾ ਗ੍ਰੰਥ ਤੇ ਪੰਥ ਵਾਲਾ, ਵੋਟਾਂ ਵਾਸਤੇ ਬੇਅਦਬੀ ਕਰਾਉਣ ਵੇਲੇ।
ਬੇਖੌਫ ਹੋ ਲੁਟਿਆ ਗੋਲਕਾਂ ਨੂੰ, ਨਾਲੇ ਸੰਗਤ 'ਤੇ ਗੋਲੀ ਚਲਵਾਉਣ ਵੇਲੇ।
ਰਾਜ ਮਦ ਵਿਚ ਹੋਏ ਹੰਕਾਰਿਆਂ ਦਾ, ਬਚਣਾ ਹੁੰਦਾ ਏ ਮੁਸ਼ਕਿਲ ਹੀ ਭੰਡੀਆਂ ਤੋਂ।
ਹਾਕਮ ਹੁੰਦਿਆਂ ਡਰੇ ਨਾ ਰੱਬ ਕੋਲੋਂ, ਹੁਣ ਡਰਦੇ ਆ ਕਾਲੀਆਂ ਝੰਡੀਆਂ ਤੋਂ!

# ਮੁੱਕ ਨਹੀਂ ਰਹੀਆਂ ਪੰਜਾਬ ਦੀਆਂ ਮੁਸੀਬਤਾਂ

***ਸ. ਮਨੋਹਰ ਸਿੰਘ ਗਿੱਲ, ਮਨਮੋਹਨ ਸਿੰਘ ਸਰਕਾਰ ਵੇਲੇ ਕੇਂਦਰੀ ਖੇਡ ਮੰਤਰੀ ਰਹਿ ਚੁਕੇ ਹਨ। ਇਸ ਤੋਂ ਪਹਿਲਾਂ ਉਹ ਮੁੱਖ ਚੋਣ ਕਮਿਸ਼ਨਰ ਵਜੋਂ ਰਿਟਾਇਰ ਹੋਏ ਸਨ। ਇਲੈਕਟ੍ਰੌਨਿਕ ਵੋਟਿੰਗ ਮਸ਼ੀਨਾਂ (ਈ.ਵੀ.ਐਮ.) ਦੀ ਸ਼ੁਰੂਆਤ ਉਨ੍ਹਾਂ ਦੇ ਕਾਰਜਕਾਲ ਦੌਰਾਨ ਹੀ ਹੋਈ ਸੀ। ਇਸ ਲੇਖ ਵਿਚ ਉਨ੍ਹਾਂ ਪੰਜਾਬ ਦੇ ਹਾਲਾਤ ਉਤੇ ਟਿੱਪਣੀ ਕੀਤੀ ਹੈ। ਇਸ ਵਿਚ ਕੇਂਦਰੀ ਪੱਧਰ ਉਤੇ ਪੰਜਾਬ ਨਾਲ ਹੁੰਦੇ ਵਿਤਕਰੇ ਦੀਆਂ ਕਨਸੋਆਂ ਪੈਂਦੀਆਂ ਹਨ। -ਸੰਪਾਦਕ***

ਪੰਜਾਬ ਦੀ ਵੰਡ ਬਹੁਤ ਹੀ ਭਿਆਨਕ ਤਬਾਹੀ ਸੀ। ਕਿੰਨੀਆਂ ਜਾਨਾਂ ਗਈਆਂ, ਕਿੰਨੇ ਲੋਕ ਬੇਘਰ ਹੋਏ ਅਤੇ ਹੋਰ ਬਹੁਤ ਕੁਝ ਮੰਦਭਾਗਾ ਵਾਪਰਿਆ ਜਿਸ ਦੇ ਜ਼ਖਮ ਅਜੇ ਤਕ ਰਿਸ ਰਹੇ ਹਨ। ਵਕਤ ਦੀ ਇਸ ਮਾਰ ਕਾਰਨ ਸਾਨੂੰ ਸਿੱਖਾਂ ਦੀਆਂ ਬਣਾਈਆਂ ਵੈਸਟ ਕਨਾਲ ਕਲੋਨੀਆਂ ਛੱਡਣੀਆਂ ਪਈਆਂ ਅਤੇ ਬਦਲੇ ਵਿਚ ਤੀਜਾ ਹਿੱਸਾ ਜ਼ਮੀਨ ਹੀ ਮਿਲ ਸਕੀ, ਉਹ ਵੀ ਰੇਤਲੀ। ਲੁਧਿਆਣੇ ਵਿਚ ਉਦੋਂ ਟਿੱਬੇ ਹੀ ਟਿੱਬੇ ਸਨ ਜਿਥੇ ਸਿਰਫ ਮੂੰਗਫਲੀ ਉਗਦੀ ਸੀ। ਪੰਜਾਬ ਦੇ ਦਰਿਆ ਵੰਡ ਲਏ ਗਏ ਅਤੇ ਪੰਜਾਬ ਨੂੰ ਮਹਿਜ਼ 1.58 ਕਰੋੜ ਏਕੜ-ਫੁੱਟ ਪਾਣੀ ਮਿਲਿਆ।

ਫਿਰ ਸੰਵਿਧਾਨ ਅਤੇ ਰਿਪੇਰੀਅਨ ਕਾਨੂੰਨਾਂ ਦੀਆਂ ਧੱਜੀਆਂ ਉਡਾਉਂਦਿਆਂ 80 ਲੱਖ ਏਕੜ ਫੁੱਟ ਪਾਣੀ ਰਾਜਸਥਾਨ ਨੂੰ ਭੇਟ ਕਰ ਦਿੱਤਾ ਗਿਆ। ਮਹਾਰਾਜਾ ਗੰਗਾ ਸਿੰਘ 1920



**ਮਨੋਹਰ ਸਿੰਘ ਗਿੱਲ**
ਫੋਨ: +91-98681-81000

ਵਿਚ ਗੰਗਾਨਗਰ ਦੇ ਵਿਕਾਸ ਲਈ ਲੋੜੀਂਦਾ ਪਾਣੀ ਲੈਣ ਬਦਲੇ ਪੰਜਾਬ ਨੂੰ ਲਗਾਤਾਰ ਰਾਇਲਟੀ ਅਦਾ ਕਰਦੇ ਰਹੇ। ਇਸ ਤੋਂ ਬਾਅਦ 1966 ਵਿਚ ਪੰਜਾਬ ਦੇ ਤਿੰਨ ਹੋਰ ਟੁਕੜੇ ਹੋ ਗਏ। ਇਸ ਤਰ੍ਹਾਂ ਕੇਂਦਰੀ ਹੁਕਮਾਂ 'ਤੇ ਇਕ ਵਾਰੀ ਮੁੜ, ਪੰਜਾਬ ਦਾ 70 ਲੱਖ ਏਕੜ ਫੁੱਟ ਪਾਣੀ ਹਰਿਆਣਾ ਨਾਲ ਅੱਧਾ ਅੱਧਾ ਵੰਡ ਦਿੱਤਾ ਗਿਆ। ਇਸ ਦਾ ਸਿੱਟਾ ਇਹ ਹੋਇਆ ਕਿ ਤਿੰਨ ਪੂਰਬੀ ਦਰਿਆਵਾਂ ਦੇ ਮਾਲਕ, ਪੰਜਾਬ ਕੋਲ ਮਹਿਜ਼ 35 ਲੱਖ ਏਕੜ ਫੁੱਟ ਪਾਣੀ ਰਹਿ ਗਿਆ। ਬਾਅਦ ਵਿਚ, ਅਦਾਲਤੀ ਫੈਸਲਿਆਂ ਨੇ ਸਾਡੀਆਂ ਚਿੰਤਾਵਾਂ ਨੂੰ ਹੋਰ ਜ਼ਿਆਦਾ ਵਧਾ ਦਿੱਤਾ। ਸਾਡੇ ਉਤੇ ਲਗਾਤਾਰ ਕਿਸੇ ਨਾ ਕਿਸੇ ਤਰ੍ਹਾਂ ਕਾਨੂੰਨੀ ਤਲਵਾਰ ਲਟਕਦੀ ਹੀ ਰਹਿੰਦੀ ਹੈ ਪਰ ਮਸਲੇ ਦਾ ਹੱਲ ਫਿਰ ਵੀ ਕਿਸੇ ਤਣ-ਪੱਤਣ ਨਹੀਂ ਲੱਗ ਰਿਹਾ।



ਇਸ ਦੇ ਬਾਵਜੂਦ ਸਾਡੇ ਬਜ਼ੁਰਗ ਛੇਤੀ ਹੀ ਉਸਾਰੂ ਕੰਮਾਂ ਵਿਚ ਜੁੱਟ ਗਏ। ਅਸੀਂ 1950ਵਿਆਂ ਵਿਚ ਹੀ ਪਹਿਲੋਂ-ਪਹਿਲੇ ਟਰੈਕਟਰ ਤੇ ਟਿਊਬਵੈੱਲ ਵਰਤਣੇ ਸ਼ੁਰੂ ਕਰ ਦਿੱਤੇ ਸਨ। ਜ਼ਮੀਨੀ ਸੁਰੱਖਿਆ ਤੇ ਮੁਜਾਰਿਆਂ ਨਾਲ ਸਬੰਧਤ ਕਾਨੂੰਨਾਂ ਨੇ ਪੰਜਾਬ ਵਿਚ ਖ਼ੁਦ ਕਾਸ਼ਤਕਾਰੀ ਕਰਨ ਵਾਲੇ ਕਿਸਾਨਾਂ ਤੇ ਮੁਜਾਰਿਆਂ ਨੂੰ ਜ਼ਮੀਨਾਂ ਦੇ ਮਾਲਕ ਬਣਾ ਦਿੱਤਾ। ਅਸੀਂ 1967-68 ਵਿਚ ਕਣਕ ਦੀ ਪੈਦਾਵਾਰ ਦੇ ਅੰਬਾਰ ਲਾਉਂਦਿਆਂ ਸਾਰੇ ਮੁਲਕ ਦਾ ਢਿੱਡ ਭਰਨਾ ਸ਼ੁਰੂ ਕਰ ਦਿੱਤਾ। ਸਾਡੀਆਂ ਫਸਲਾਂ ਸਬੰਧੀ ਚੋਣਾਂ ਹਮੇਸ਼ਾ ਕੇਂਦਰ ਸਰਕਾਰ ਦੀਆਂ ਹਦਾਇਤਾਂ ਮੁਤਾਬਕ ਹੁੰਦੀਆਂ ਅਤੇ ਇਸ ਦੇ ਲਈ ਸਰਕਾਰ ਅਜਿਹੀਆਂ ਨੀਤੀਆਂ ਬਣਾਉਂਦੀ ਰਹੀ ਜੋ ਕੇਂਦਰ ਦੇ ਮੁਆਫਕ ਹੁੰਦੀਆਂ। ਸਾਨੂੰ ਲਗਾਤਾਰ ਵੱਧ ਤੋਂ ਵੱਧ ਅਨਾਜ, ਕਣਕ ਤੇ ਚੌਲ ਦੀ ਪੈਦਾਵਾਰ ਕਰਨ ਲਈ ਹੱਲਾਸ਼ੇਰੀ ਦਿੱਤੀ ਗਈ ਤਾਂ ਕਿ ਕੇਂਦਰੀ ਅੰਨ ਭੰਡਾਰ ਦਾ ਘਾਟਾ ਪੂਰਿਆ ਜਾ ਸਕੇ।

ਫਿਰ ਮੈਨੂੰ ਇਕਦਮ ਕੇਂਦਰ ਸਰਕਾਰ ਦਾ ਬਦਲਿਆ ਰੁਖ ਦੇਖਣ ਦਾ ਮੌਕਾ ਮਿਲਿਆ। ਯੂ.ਪੀ.ਏ. ਸਰਕਾਰ ਦੇ ਖੇਤੀਬਾੜੀ ਮੰਤਰੀ ਸ਼ਰਦ ਪਵਾਰ ਨੇ ਚੰਡੀਗੜ੍ਹ ਵਿਚ ਐਲਾਨ ਕੀਤਾ ਸੀ, "ਹੁਣ ਸਾਨੂੰ ਤੁਹਾਡੇ (ਪੰਜਾਬ ਦੇ) ਉਗਾਏ ਅੰਨ ਦੀ ਕੋਈ ਲੋੜ ਨਹੀਂ ਹੈ, ਤੁਸੀਂ ਹੁਣ ਕੁਝ ਹੋਰ ਕਰੋ। ਭਾਰਤ ਕੋਲ ਵਾਧੂ ਵਿਦੇਸ਼ੀ ਮੁਦਰਾ ਹੈ ਜਿਸ ਨਾਲ ਲੋੜ ਪੈਣ 'ਤੇ ਅੰਨ ਦਰਾਮਦ ਕੀਤਾ ਜਾ ਸਕਦਾ ਹੈ।"

ਹੁਣ ਸਾਡਾ ਜ਼ਮੀਨਦੋਜ਼ ਪਾਣੀ ਜ਼ਹਿਰੀਲਾ ਹੋ ਚੁੱਕਾ ਹੈ। ਟਿਊਬਵੈੱਲਾਂ ਦੇ ਬੋਰਾਂ ਦੀ ਡੂੰਘਾਈ 300 ਫੁੱਟ ਤੋਂ ਵੀ ਅਗਾਂਹ ਜਾ ਚੁੱਕੀ ਹੈ ਅਤੇ ਪੰਜਾਬ ਸਿੰਜਾਈ ਲਈ ਨਹਿਰਾਂ 'ਤੇ ਨਹੀਂ ਸਗੋਂ ਇਨ੍ਹਾਂ ਟਿਊਬਵੈੱਲਾਂ ਉਤੇ ਨਿਰਭਰ ਹੈ। ਇਥੋਂ ਤੱਕ ਕਿ ਹੁਣ ਤਾਂ ਯਮੁਨਾ ਦੇ ਇਲਾਕਿਆਂ ਲਈ ਰਾਵੀ ਦੇ ਪਾਣੀ ਦਾ ਹਿੱਸਾ ਮੰਗਿਆ ਜਾ ਰਿਹਾ ਹੈ। ਜੇ ਰਾਵੀ ਦਾ ਪਾਣੀ ਵੰਡਿਆ ਜਾਂਦਾ ਹੈ ਤਾਂ ਯਮੁਨਾ, ਜੋ ਪੰਜਾਬ ਦੇ ਦੂਜੇ ਸਿਰੇ ਉਤੇ ਹੈ, ਦਾ ਪਾਣੀ ਵੀ ਸਾਂਝੇ ਖ਼ਾਤੇ ਵਿਚ ਗਿਣਿਆ ਜਾਣਾ ਚਾਹੀਦਾ ਹੈ ਪਰ ਦਿੱਲੀ ਵਿਚ ਚੁੱਪ-ਚਾਪ ਹੋਈ ਚਾਲਬਾਜ਼ੀ ਰਾਹੀਂ ਯਮੁਨਾ ਦਾ ਪਾਣੀ ਹਰਿਆਣਾ, ਉਤਰ ਪ੍ਰਦੇਸ਼ (ਯੂ.ਪੀ.) ਹੀ ਨਹੀਂ ਸਗੋਂ ਰਾਜਸਥਾਨ ਤੱਕ ਨੂੰ ਵੰਡ ਦਿੱਤਾ ਗਿਆ। ਅਜਿਹਾ ਕਿਵੇਂ ਕੀਤਾ ਗਿਆ? ਇਨਸਾਫ ਦੇ ਕਿਸ ਤਕਾਜ਼ੇ ਨਾਲ ਕੀਤਾ ਗਿਆ, ਇਸ ਬਾਰੇ ਕੋਈ ਵੀ ਨਹੀਂ ਜਾਣਦਾ।

ਹੁਣ ਪੰਜਾਬ ਇਥੋਂ ਅਗਾਂਹ ਕਿਥੇ ਜਾਵੇ? ਹੁਣ ਇਸ ਨੂੰ ਕੁਝ ਨਾ ਕੁਝ ਬਦਲਵੀਆਂ ਫਸਲਾਂ ਅਤੇ ਨਾਲ ਹੀ ਫਲਾਂ, ਸਬਜ਼ੀਆਂ, ਫੁੱਲਾਂ, ਡੇਅਰੀ ਆਦਿ ਕਿੱਤਿਆਂ ਵੱਲ ਵੱਧ ਤੋਂ ਵੱਧ ਧਿਆਨ ਦੇਣਾ ਪਵੇਗਾ। ਇਸ ਪੱਖ ਤੋਂ ਦੇਖੀਏ ਤਾਂ ਯੂਰਪ ਨੂੰ ਫਲ, ਸਬਜ਼ੀਆਂ ਆਦਿ ਬਰਾਮਦ ਕਰਨ ਦੀਆਂ ਕੀਤੀਆਂ ਗਈਆਂ ਕੁਝ ਦਲੇਰਾਨਾ ਕੋਸ਼ਿਸ਼ਾਂ ਨਾਂਹਪੱਖੀ ਹਵਾਬਾਜ਼ੀ ਨੀਤੀਆਂ ਕਾਰਨ ਨਾਕਾਮ ਹੋ ਗਈਆਂ, ਕਿਉਂਕਿ ਇਨ੍ਹਾਂ ਨੀਤੀਆਂ ਕਾਰਨ ਅੰਮ੍ਰਿਤਸਰ ਹਵਾਈ ਅੱਡੇ ਤੋਂ ਅਜਿਹੀਆਂ ਸਰਗਰਮੀਆਂ ਠੱਪ ਹੋ ਕੇ ਰਹਿ ਗਈਆਂ। ਦਿੱਲੀ ਹਵਾਈ ਅੱਡੇ ਦੇ ਪ੍ਰਾਈਵੇਟ ਮਾਲਕਾਂ ਦੀ ਲਾਬੀ ਅਤੇ ਸੈਰ-ਸਪਾਟਾ ਖੇਤਰ ਦੀ ਤਾਕਤਵਰ ਲਾਬੀ ਇਸ ਦੀ ਇਜਾਜ਼ਤ ਕਿਉਂ ਦੇਵੇਗੀ? ਯੂ.ਪੀ.ਏ. ਵਿਚ 12 ਸਾਲ ਰਾਜ ਸਭਾ ਮੈਂਬਰ ਰਹਿੰਦਿਆਂ ਮੈਂ ਇਹ ਸਾਰਾ ਕੁਝ ਦੇਖਿਆ ਪਰ ਕਰ ਕੁਝ ਨਹੀਂ ਸਕਿਆ। ਪਾਕਿਸਤਾਨ ਨਾਲ ਸਿੱਧਾ ਵਪਾਰ ਖੁੱਲ੍ਹ ਸਕਦਾ ਹੈ ਅਤੇ ਪਾਕਿਸਤਾਨ ਰਾਹੀਂ ਅਫ਼ਗਾਨਿਸਤਾਨ ਹੀ ਨਹੀਂ, ਕਈ ਯੂਰਪੀ ਸ਼ਹਿਰਾਂ ਜਿਵੇਂ ਮਾਸਕੋ, ਪੈਰਿਸ, ਲੰਡਨ ਆਦਿ ਨਾਲ ਵੀ ਵਪਾਰ ਹੋ ਸਕਦਾ ਹੈ ਪਰ ਕਸ਼ਮੀਰ ਨੂੰ ਲੈ ਕੇ ਜਾਰੀ ਤੇ ਕਦੇ ਨਾ ਮੁੱਕਣ ਵਾਲਾ ਝਗੜਾ, ਪੰਜਾਬ 'ਤੇ 1947 ਦੀ ਵੰਡ ਦੀ ਮਾਰ ਦਾ ਅਸਰ ਖ਼ਤਮ ਨਹੀਂ ਹੋਣ ਦਿੰਦਾ। ਪੰਜਾਬ ਨੂੰ 1965 ਅਤੇ 1971 ਦੀਆਂ ਜੰਗਾਂ ਦੀ ਵੀ ਭਾਰੀ ਕੀਮਤ ਚੁਕਾਉਣੀ ਪਈ ਅਤੇ ਉਹ ਆਰਥਿਕ ਨਾਕੇਬੰਦੀਆਂ ਕਾਰਨ ਬਣਦੀ ਨਾਂਹਪੱਖੀ ਹਾਲਤ ਕਰ ਕੇ ਲਗਾਤਾਰ ਇਹ ਕੀਮਤ ਚੁਕਾ ਰਿਹਾ ਹੈ।

ਫਿਰ ਵਾਜਪਾਈ ਸਰਕਾਰ ਵਲੋਂ ਪਹਾੜੀ ਰਾਜਾਂ ਨੂੰ ਛੋਟਾਂ ਦੇ ਦਿੱਤੀਆਂ ਗਈਆਂ। ਇਨ੍ਹਾਂ ਰਾਜਾਂ ਨੂੰ ਦਿੱਤੀਆਂ ਛੋਟਾਂ ਦਾ ਸਿੱਟਾ ਇਹ ਨਿਕਲਿਆ ਕਿ ਸਾਡੇ ਛੋਟੇ ਰਾਈਸ ਸ਼ੈੱਲਰ ਤੇ ਹੋਰ ਛੋਟੀਆਂ ਸਨਅਤਾਂ ਤੱਕ ਗੁਆਂਢੀ ਸੂਬੇ ਹਿਮਾਚਲ ਪ੍ਰਦੇਸ਼ ਦੇ ਬੱਦੀ ਤੇ ਹੋਰਨੀਂ ਥਾਈਂ ਚਲੀਆਂ ਗਈਆਂ। ਇਨ੍ਹਾਂ ਛੋਟਾਂ ਦੀ ਗ਼ਲਤ ਵਰਤੋਂ ਕੀਤੀ ਗਈ ਅਤੇ ਇਹ ਅੱਜ ਵੀ ਜਾਰੀ ਹੈ। ਯੂ.ਪੀ.ਏ.-1 ਦੌਰਾਨ ਮੈਨੂੰ ਚੇਤੇ ਹੈ, ਜਦੋਂ ਮੈਂ ਇਸ ਬਾਰੇ ਸਖਤ ਸ਼ਿਕਾਇਤ ਪ੍ਰਧਾਨ ਮੰਤਰੀ ਕੋਲ ਕੀਤੀ ਸੀ ਤਾਂ ਉਨ੍ਹਾਂ ਇਸ ਦਾ ਪੂਰੀ ਨਿਰਾਸ਼ਾ ਨਾਲ ਜਵਾਬ ਦਿੱਤਾ ਸੀ ਕਿ ਜੇ ਇਸ ਹਾਲਾਤ ਨੂੰ ਸੁਧਾਰਨ ਲਈ ਸੋਚਿਆ ਵੀ ਗਿਆ ਤਾਂ ਪਾਰਟੀ ਨੂੰ ਹਿਮਾਚਲ ਪ੍ਰਦੇਸ਼ ਵਿਚ ਵੋਟਾਂ ਪੱਖੋਂ ਨੁਕਸਾਨ ਹੋਵੇਗਾ। ਹੁਣ ਸਾਰਾ ਕੁਝ ਤਾਂ ਵੋਟਾਂ ਦੀ ਸਿਆਸਤ ਹੱਥੇ ਚੜ੍ਹਿਆ ਹੋਇਆ ਹੈ ਅਤੇ ਕੋਈ ਵੀ ਪਾਰਟੀ ਇਹ ਨੁਕਸਾਨ ਕਰਵਾਉਣਾ ਨਹੀਂ ਚਾਹੁੰਦੀ।

ਜਦੋਂ ਮੈਂ 1958 ਵਿਚ ਅਫਸਰ ਵਜੋਂ ਪ੍ਰਸ਼ਾਸਕੀ ਜ਼ਿੰਮੇਵਾਰੀ ਸੰਭਾਲੀ ਤਾਂ ਪ੍ਰਤਾਪ ਸਿੰਘ ਕੈਰੋਂ ਮੁੱਖ ਮੰਤਰੀ ਸੀ। ਮੇਰਾ ਇਹੋ ਖ਼ਿਆਲ ਸੀ ਕਿ ਕਿਸੇ ਵੀ ਸਰਕਾਰ ਦੀ ਇਕੋ-ਇਕ ਜ਼ਿੰਮੇਵਾਰੀ ਅਮਨ-ਕਾਨੂੰਨ ਕਾਇਮ ਰੱਖਣਾ ਅਤੇ ਸ਼ਹਿਰੀਆਂ ਨੂੰ ਸਿਹਤ ਤੇ ਸਿੱਖਿਆ ਮੁਹੱਈਆ ਕਰਾਉਣਾ ਹੁੰਦਾ ਹੈ। ਉਨ੍ਹਾਂ ਅਜਿਹਾ ਕੀਤਾ ਵੀ। ਪਿੰਡਾਂ ਵਿਚ ਕੋਈ ਸਕੂਲ ਅਤੇ ਪੱਕੀਆਂ ਸੜਕਾਂ ਨਹੀਂ ਸਨ। ਮੈਨੂੰ ਇਕ ਹੁਲਾਰੇ ਦੀ ਅੱਜ ਵੀ ਐਨ ਯਾਦ ਹੈ: "ਤੁਸੀਂ ਰਸਤਿਆਂ ਉਤੇ ਮਿੱਟੀ ਪਵਾਉਣ ਦਾ ਕੰਮ ਕਰੋ, ਪੱਕੀਆਂ ਸੜਕਾਂ ਮੈਂ ਬਣਾਵਾਂਗਾ।"

ਮੈਂ ਅਕਸਰ ਪਿੰਡਾਂ ਵਿਚ ਹੋਣ ਵਾਲੀ ਸਾਂਝੇ 'ਸ਼੍ਰਮਦਾਨ' ਵਿਚ ਸ਼ਾਮਲ ਹੁੰਦਾ ਸਾਂ। ਉਦੋਂ ਮੁੱਖ ਮੰਤਰੀ ਕੈਰੋਂ ਨੇ ਹਰ ਇਕ ਪਿੰਡ ਦੇ ਵਾਸੀਆਂ ਨੂੰ ਆਖਿਆ, "ਤੁਸੀਂ ਕੁਝ ਕਮਰੇ ਬਣਵਾ ਦਿਉ, ਮੈਂ ਪ੍ਰਾਇਮਰੀ ਸਕੂਲ ਖੋਲ੍ਹ ਦੇਵਾਂਗਾ। ਜੇ ਤੁਸੀਂ ਕੁਝ ਹੋਰ ਕਮਰੇ ਬਣਵਾ ਦਿਉਗੇ ਤਾਂ ਮੈਂ ਮਿਡਲ ਹੀ ਨਹੀਂ, ਹਾਈ ਸਕੂਲ ਵੀ ਖੋਲ੍ਹਾਂਗਾ।" ਅੱਜ ਮੈਂ ਦੇਖਦਾ ਹਾਂ ਕਿ ਪੰਜਾਬ ਸਰਕਾਰ ਨੇ ਆਪਣੇ ਆਪ ਨੂੰ ਲੋਕਾਂ ਪ੍ਰਤੀ ਇਸ ਬੁਨਿਆਦੀ ਜ਼ਿੰਮੇਵਾਰੀ ਤੋਂ ਲਾਂਭੇ ਕਰ ਲਿਆ ਹੈ। ਕੇਰਲ ਨੇ ਇਸ ਪੱਖੋਂ ਕਾਫੀ ਕੁਝ ਕੀਤਾ ਹੈ ਪਰ ਅਸੀਂ ਤਾਂ ਬੱਸ ਆਪਣੇ ਹੀ ਲੋਕਾਂ ਪ੍ਰਤੀ ਆਪਣੀ ਇਸ ਅਹਿਮ ਜ਼ਿੰਮੇਵਾਰੀ ਨੂੰ ਹੋਰਾਂ ਦੇ ਭਰੋਸੇ ਛੱਡ ਦਿੱਤਾ ਹੈ, ਭਾਵੇਂ ਉਹ ਕਿੰਨੇ ਵੀ ਸ਼ੋਸ਼ਣਕਾਰੀ ਕਿਉਂ ਨਾ ਹੋਣ। ਇਹ ਹਾਲਤ ਬੇਹੱਦ ਅਫਸੋਸਨਾਕ ਹੈ ਅਤੇ ਇਸ ਦੇ ਮਾੜੇ ਨਤੀਜੇ ਹੁਣ ਦਿਸਣੇ ਆਰੰਭ ਹੋ ਗਏ ਹਨ। ਸਿਖਿਆ ਢਾਂਚਾ ਗੋਡਣੀਆਂ ਪਰਨੇ ਜਾ ਪਿਆ ਹੈ।

ਕਿਸੇ ਸਮੇਂ ਫੌਜ ਪਿੰਡਾਂ ਵਾਲਿਆਂ ਲਈ ਸੇਵਾ ਅਤੇ ਪੈਨਸ਼ਨ ਪੱਖੋਂ ਵੱਡੀ ਉਮੀਦ ਹੁੰਦੀ ਸੀ। ਜਵਾਹਰ ਲਾਲ ਨਹਿਰੂ ਦੇ ਸਮੇਂ ਨੀਤੀ ਬਦਲ ਦਿੱਤੀ ਗਈ ਅਤੇ ਫੌਜ ਵਿਚ ਭਰਤੀ ਦਾ ਆਧਾਰ ਆਬਾਦੀ ਦੀ ਗਿਣਤੀ ਨੂੰ ਬਣਾ ਦਿੱਤਾ ਗਿਆ। ਇਸ ਤਰ੍ਹਾਂ ਪੰਜਾਬ ਦੇ ਪਿੰਡਾਂ ਵਾਲੇ ਹਥਿਆਰਬੰਦ ਫੌਜਾਂ ਵਿਚੋਂ ਗੁਆਚਣ ਲੱਗ ਪਏ। ਇਹੋ ਢੰਗ-ਤਰੀਕਾ ਕੇਂਦਰੀ ਪੁਲਿਸ ਦੀਆਂ ਲੱਖਾਂ ਨੌਕਰੀਆਂ ਲਈ ਅਪਣਾਇਆ ਗਿਆ। ਕਿਸਾਨੀ ਦੀਆਂ ਔਸਤ ਜੋਤਾਂ ਦੋ ਏਕੜ ਤੋਂ ਘੱਟ ਦੀਆਂ ਹਨ। ਪੰਜਾਬ ਵਿਚ ਕੋਈ ਸਨਅਤ ਨਹੀਂ ਹੈ, ਬਹਾਨਾ ਇਹ ਕਿ ਤੁਸੀਂ ਸਰਹੱਦੀ ਰਾਜ ਹੋ। ਲਾਹੌਰ ਵਿਚ ਸਨਅਤ ਹੋ ਸਕਦੀ ਹੈ ਪਰ ਅੰਮ੍ਰਿਤਸਰ ਨੇ 'ਧਾਰੀਵਾਲ' ਵਰਗੇ ਸਾਰੇ ਪੁਰਾਣੇ ਸਨਅਤੀ ਕੇਂਦਰ ਗੁਆ ਲਏ ਹਨ। ਅੱਜ ਪੰਜਾਬ ਦਾ ਸੰਕਟ ਬਹੁਤ ਭਿਆਨਕ ਹੈ। ਹਾਕਮਾਂ ਦੀ ਨੀਤੀ ਕਬੂਤਰ ਵਾਲੀ ਹੈ; ਅੱਖਾਂ ਬੰਦ ਕਰ ਲਓ, ਸਭ ਠੀਕ ਹੋ ਜਾਵੇਗਾ। ਇਸ ਦੇ ਬਾਵਜੂਦ, ਮੈਨੂੰ ਅਜੇ ਵੀ ਪੰਜਾਬੀਆਂ ਉਤੇ ਪੂਰਾ ਭਰੋਸਾ ਹੈ ਕਿ ਭਾਵੇਂ ਜੋ ਵੀ ਮੁਸ਼ਕਿਲਾਂ ਆਉਣ, ਉਹ ਉਨ੍ਹਾਂ ਤੋਂ ਪਾਰ ਪਾ ਲੈਣਗੇ।

# ਚੋਣ ਕਮਿਸ਼ਨ ਦੀ ਅੱਖ ਦਾ ਟੀਰ

ਬਹੁਤ ਲੰਮਾ ਚੱਲਣ ਵਾਲੀ ਚੋਣ ਮੁਹਿੰਮ ਵੋਟਰਾਂ, ਉਮੀਦਵਾਰਾਂ, ਪਾਰਟੀਆਂ ਅਤੇ ਸਿਆਸੀ ਵਿਚਾਰਧਾਰਾਵਾਂ ਦੀ ਨਹੀਂ ਸਗੋਂ ਸਾਡੇ ਲੋਕਤੰਤਰ ਦੀ ਸੰਸਥਾਈ ਪ੍ਰੀਖਿਆ ਵੀ ਲੈ ਰਹੀ ਹੈ। ਇਸ ਦੇ ਕੁਝ ਉਦਾਹਰਨ ਸੁਪਰੀਮ ਕੋਰਟ, ਚੋਣ ਕਮਿਸ਼ਨ, ਨੀਤੀ ਆਯੋਗ ਦੇ ਰੂਪ ਵਿਚ ਸਾਹਮਣੇ ਆਏ ਹਨ। ਦੇਸ਼ ਦੀ ਸੁਪਰੀਮ ਕੋਰਟ ਦਾ ਭਾਵੇਂ ਅਜਿਹਾ ਕੋਈ ਇਰਾਦਾ ਨਾ ਹੀ ਹੋਵੇ ਪਰ ਅਦਾਲਤ ਕੋਲ ਘੱਟੋ-ਘੱਟ ਤਿੰਨ ਅਜਿਹੇ ਮਾਮਲੇ ਹਨ ਜਿਨ੍ਹਾਂ ਉਤੇ ਉਸ ਦਾ ਰੁਖ ਚੋਣਾਂ 'ਤੇ ਅਸਰ ਪਾ ਸਕਦਾ ਹੈ। ਅਦਾਲਤ ਨੇ ਤੈਅ ਕਰਨਾ ਹੈ ਕਿ ਰਾਹੁਲ ਗਾਂਧੀ ਖਿਲਾਫ 'ਚੌਕੀਦਾਰ ਚੋਰ ਹੈ' ਵਾਲੇ ਮਾਮਲੇ ਵਿਚ ਉਹ ਉਨ੍ਹਾਂ ਦੀ ਮੁਆਫੀ ਸਵੀਕਾਰ ਕਰੇਗੀ ਜਾਂ ਨਹੀਂ? ਦੂਸਰੇ ਪਾਸੇ ਰਾਫੇਲ ਸੌਦੇ 'ਤੇ ਅਦਾਲਤ

**ਅਭੈ ਕੁਮਾਰ ਦੂਬੇ**

ਦਾ ਕੋਈ ਵੀ ਆਦੇਸ਼ ਚੋਣ ਪ੍ਰਚਾਰ ਦੇ ਰੁਖ ਨੂੰ ਪ੍ਰਭਾਵਿਤ ਕਰ ਸਕਦਾ ਹੈ।

ਇਸੇ ਤਰ੍ਹਾਂ ਰਾਮ ਮੰਦਰ ਦੇ ਸਵਾਲ 'ਤੇ ਅਦਾਲਤ ਨੇ ਜੇ ਕੁਝ ਕਹਿ ਦਿੱਤਾ ਤਾਂ ਉਸ ਦਾ ਵੀ ਸਿਆਸੀ ਅਸਰ ਪੈਣਾ ਲਾਜ਼ਮੀ ਹੈ। ਨੀਤੀ ਆਯੋਗ ਦੇ ਚੇਅਰਮੈਨ ਰਾਜੀਵ ਕੁਮਾਰ ਕਾਂਗਰਸ ਦੀ 'ਨਿਆਏ ਯੋਜਨਾ' ਵਿਰੁਧ ਬੇਲੋੜੀ ਬਿਆਨਬਾਜ਼ੀ ਕਰ ਕੇ ਭਾਜਪਾ ਵੱਲ ਝੁਕੇ ਹੋਣ ਦੀ ਤੋਹਮਤ ਮੁੱਲ ਲੈ ਚੁੱਕੇ ਹਨ। ਇਨ੍ਹਾਂ ਦੋਵੇਂ ਸੰਸਥਾਵਾਂ ਤੋਂ ਵੀ ਜ਼ਿਆਦਾ ਡੂੰਘੀ ਅਤੇ ਸਖ਼ਤ ਪ੍ਰੀਖਿਆ ਚੋਣ ਕਮਿਸ਼ਨ ਨੂੰ ਦੇਣੀ ਪੈ ਰਹੀ ਹੈ। ਉਸ ਨੂੰ ਤਾਂ ਲਗਪਗ ਹਰ ਰੋਜ਼ ਫ਼ੈਸਲਾ ਕਰਨਾ ਪੈ ਰਿਹਾ ਹੈ ਕਿ ਕੌਣ ਚੋਣ ਜ਼ਾਬਤੇ ਦੀ ਉਲੰਘਣਾ ਕਰ ਰਿਹਾ ਹੈ ਅਤੇ ਕੌਣ ਨਹੀਂ। ਇਹ ਮੁਸ਼ਕਿਲ ਉਸ ਸਮੇਂ ਹੋਰ ਵੀ ਵਧ ਜਾਂਦੀ ਹੈ ਜਦੋਂ ਕਮਿਸ਼ਨ ਨੂੰ ਦੇਸ਼ ਦੀਆਂ ਵੱਡੀਆਂ ਤੋਂ ਵੱਡੀਆਂ ਹਸਤੀਆਂ ਦੇ ਚਰਿਤਰ ਨੂੰ ਕਸੌਟੀਆਂ 'ਤੇ ਕੱਸਣਾ ਪੈਂਦਾ ਹੈ। ਇਸ ਸੂਰਤ ਵਿਚ ਜੇ ਖੁਦ ਚੋਣ ਕਮਿਸ਼ਨ ਦੇ ਅੰਦਰ ਮਤਭੇਦ ਹੋ ਜਾਣ ਤਾਂ ਹਾਲਾਤ ਹੋਰ ਗੰਭੀਰ ਹੋ ਸਕਦੇ ਹਨ। ਬਦਕਿਸਮਤੀ ਨਾਲ ਕਮਿਸ਼ਨ ਮੌਜੂਦਾ ਸਮੇਂ ਇਸੇ ਤਰ੍ਹਾਂ ਦੀਆਂ ਸਥਿਤੀਆਂ ਦਾ ਸਾਹਮਣਾ ਕਰ ਰਿਹਾ ਹੈ।

ਭਾਰਤ ਦਾ ਚੋਣ ਕਮਿਸ਼ਨ ਸੰਸਾਰ ਪ੍ਰਸਿੱਧ ਹੀ ਨਹੀਂ, ਸਾਰੀ ਦੁਨੀਆ ਵਿਚ ਉਤਮ ਹੈ। ਇਹ ਚੋਣ ਕਰਵਾਉਣ ਦੇ ਮਾਮਲੇ ਵਿਚ ਵਿਕਸਿਤ ਦੇਸ਼ਾਂ ਨੂੰ ਵੀ ਸਲਾਹ ਦੇਣ ਦੀ ਹਾਲਤ ਵਿਚ ਰਹਿੰਦਾ ਹੈ। ਕਿਤੇ ਵੀ ਜਾਓ, ਜੇ ਚੋਣ ਅਮਲ 'ਤੇ ਕੋਈ ਕੌਮਾਂਤਰੀ ਵਿਚਾਰ-ਵਟਾਂਦਰਾ ਹੋ ਰਿਹਾ ਹੋਵੇ ਤਾਂ ਭਾਰਤ ਦੇ ਚੋਣ ਅਨੁਭਵ ਦਾ ਪ੍ਰਸੰਗ ਸਾਰਿਆਂ ਦੀ ਜ਼ਬਾਨ 'ਤੇ ਰਹਿੰਦਾ ਹੈ। ਜਿਹੜੇ ਦੇਸ਼ਾਂ ਵਿਚ ਨਵਾਂ-ਨਵਾਂ ਲੋਕਤੰਤਰ ਆਉਂਦਾ ਹੈ, ਉਥੋਂ ਤਾਂ ਸਾਡੇ ਕਮਿਸ਼ਨ ਨੂੰ ਪਹਿਲੀ ਵਾਰ ਨਮੂਨੇ ਵਜੋਂ ਚੋਣਾਂ ਕਰਵਾਉਣ ਦਾ ਸੱਦਾ ਵੀ ਮਿਲਦਾ ਰਹਿੰਦਾ ਹੈ।

ਕਮਿਸ਼ਨ ਵੀ ਆਪਣੇ ਇਸ ਵਧੇ ਹੋਏ ਮਾਣ-ਸਨਮਾਨ ਵਿਚ ਯੋਗਦਾਨ ਕਰਨ ਲਈ ਖੋਜੀ ਸੰਸਥਾਵਾਂ ਵਲੋਂ ਤਰ੍ਹਾਂ-ਤਰ੍ਹਾਂ ਦੇ ਅਧਿਐਨ ਕਰਵਾਉਂਦਾ ਰਹਿੰਦਾ ਹੈ ਤਾਂ ਕਿ ਵੋਟਰਾਂ ਦੇ ਮਨ ਵਿਚ ਝਾਕਿਆ ਜਾ ਸਕੇ ਅਤੇ ਉਸ ਅਮਲ ਨਾਲ ਚੋਣ ਨੂੰ ਹੋਰ ਬਿਹਤਰ ਬਣਾਉਣ ਵਿਚ ਸਫਲਤਾ ਪ੍ਰਾਪਤ ਹੋਵੇ। ਇਸ ਸੰਸਥਾ ਦਾ ਢਾਂਚਾ ਵੀ ਲੋਕਤੰਤਰਕ ਕਿਸਮ ਦਾ ਹੈ। ਕਿਸੇ ਇਕ ਵਿਅਕਤੀ ਦੇ ਹੱਥਾਂ ਵਿਚ ਪੂਰੇ ਅਧਿਕਾਰ ਦੇਣ ਦੀ ਬਜਾਏ ਤਿੰਨ ਚੋਣ ਕਮਿਸ਼ਨਰਾਂ ਦੀ ਵਿਵਸਥਾ ਕੀਤੀ ਗਈ ਹੈ ਜਿਨ੍ਹਾਂ ਵਿਚੋਂ ਇਕ ਮੁੱਖ ਚੋਣ ਕਮਿਸ਼ਨਰ ਹੁੰਦਾ ਹੈ। ਕਾਨੂੰਨ ਕਹਿੰਦਾ ਹੈ ਕਿ ਇਨ੍ਹਾਂ ਤਿੰਨਾਂ ਕਮਿਸ਼ਨਰਾਂ ਨੂੰ ਸਾਰੇ ਫ਼ੈਸਲੇ ਆਪਸੀ ਸਹਿਮਤੀ ਨਾਲ ਲੈਣ ਦੀ ਤਰਜੀਹ 'ਤੇ ਅਮਲ ਕਰਨਾ ਚਾਹੀਦਾ ਹੈ ਪਰ ਜੇ ਉਨ੍ਹਾਂ ਵਿਚਕਾਰ ਸਹਿਮਤੀ ਕਾਇਮ ਨਾ ਹੋ ਸਕੇ ਤਾਂ ਬਹੁਮਤ ਦਾ ਫ਼ੈਸਲਾ ਮੰਨਣਯੋਗ ਹੋਵੇਗਾ।

ਜ਼ਾਹਰ ਹੈ ਕਿ ਜੇ ਕਿਸੇ ਸਵਾਲ 'ਤੇ ਕਮਿਸ਼ਨ ਨੂੰ ਕਦੇ-ਕਦੇ ਬਹੁਮਤ ਦਾ ਸਹਾਰਾ ਲੈਣਾ ਪਵੇ ਤਾਂ ਗੱਲ ਸਮਝ ਵਿਚ ਆਉਂਦੀ ਹੈ ਪਰ ਜੇ ਵਾਰ-ਵਾਰ ਅਜਿਹਾ ਹੋਵੇ ਤਾਂ ਉਹ ਹਾਲਾਤ ਸੰਕਟ ਵੱਲ ਇਸ਼ਾਰਾ ਕਰਦੇ ਹਨ। ਪਿਛਲੇ ਦਿਨਾਂ ਵਿਚ ਕਮਿਸ਼ਨ ਨੇ ਕਈ ਮਾਮਲਿਆਂ ਵਿਚ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਅਤੇ ਭਾਜਪਾ ਪ੍ਰਧਾਨ ਅਮਿਤ ਸ਼ਾਹ ਵਿਰੁਧ ਚੋਣ ਜ਼ਾਬਤੇ ਦੀ ਉਲੰਘਣ ਦੀਆਂ ਸ਼ਿਕਾਇਤਾਂ 'ਤੇ ਜਿਹੜੇ ਫ਼ੈਸਲੇ ਦਿੱਤੇ ਹਨ, ਉਨ੍ਹਾਂ ਵਿਚ ਕੁਝ ਅਜਿਹੀ ਹੀ ਹਾਲਤ ਬਣੀ ਹੈ।

ਅਜਿਹੇ ਪੰਜ ਮਾਮਲੇ ਹਨ ਜਿਨ੍ਹਾਂ ਵਿਚ ਕਮਿਸ਼ਨ ਆਮ ਸਹਿਮਤੀ ਨਾਲ ਕੰਮ ਨਹੀਂ ਕਰ ਸਕਿਆ। ਇਕ ਚੋਣ ਕਮਿਸ਼ਨਰ ਅਸ਼ੋਕ ਲਵਾਸਾ ਨੇ ਆਪਣੀ ਅਸਹਿਮਤੀ ਦਰਜ ਕਰਵਾਈ ਅਤੇ ਮੋਦੀ-ਸ਼ਾਹ ਨੂੰ 'ਕਲੀਨ ਚਿੱਟ' ਦੇਣ ਦਾ ਵਿਰੋਧ ਕੀਤਾ। ਹਰ ਵਾਰ ਮਾਮਲਾ ਬਹੁਗਿਣਤੀ, ਘੱਟ-ਗਿਣਤੀ, ਪਾਕਿਸਤਾਨ ਨਾਲ ਤੁਲਨਾ ਜਾਂ ਬਾਲਾਕੋਟ ਹਵਾਈ ਹਮਲਾ ਅਤੇ ਜਵਾਨਾਂ ਦੇ ਬਲਿਦਾਨ ਦੀ ਚੁਣਾਵੀ ਵਰਤੋਂ ਨਾਲ ਜੁੜਿਆ ਹੋਇਆ ਸੀ। ਤਿੰਨ ਮਾਮਲੇ ਅਜਿਹੇ ਵੀ ਹਨ ਜਿਨ੍ਹਾਂ ਵਿਚ ਚੋਣ ਕਮਿਸ਼ਨਰਾਂ ਵਿਚਕਾਰ ਸਹਿਮਤੀ ਰਹੀ। ਕਮਿਸ਼ਨ ਦੇ ਅੰਦਰੂਨੀ ਕੰਮਕਾਜ ਵਿਚ ਇਸ ਤਰ੍ਹਾਂ ਦੇ ਮੱਤਭੇਦ ਕਿਉਂਕਿ ਲਗਾਤਾਰ ਪੈਦਾ ਹੋ ਰਹੇ ਹਨ, ਇਸ ਲਈ ਇਹ ਮੰਨਿਆ ਜਾ ਸਕਦਾ ਹੈ ਕਿ ਚੋਣ ਖਤਮ ਹੋਣ ਤੋਂ ਬਾਅਦ ਸਾਡੀ ਇਸ ਉਤਮ ਸੰਸਥਾ ਦੀ ਸਾਖ ਉਸ ਤਰ੍ਹਾਂ ਦੀ ਨਹੀਂ ਰਹੇਗੀ, ਜਿਸ ਤਰ੍ਹਾਂ ਦੀ ਪਹਿਲਾਂ ਸੀ।




ਹਾਲ ਹੀ ਵਿਚ ਇਕ ਟੀ.ਵੀ. ਬਹਿਸ ਵਿਚ ਜਦੋਂ ਮੈਂ ਚੋਣ ਕਮਿਸ਼ਨ ਦੀ ਸਮੱਸਿਆ ਦਾ ਚਿੰਤਾਜਨਕ ਲਹਿਜ਼ੇ ਵਿਚ ਜ਼ਿਕਰ ਕੀਤਾ ਤਾਂ ਇਕ ਹੋਰ ਸਮੀਖਿਅਕ ਨੇ ਅਜੀਬ ਜਿਹੀ ਦਲੀਲ ਦਿੱਤੀ। ਇਸ ਦਲੀਲ ਮੁਤਾਬਿਕ ਪਿਛਲੀਆਂ ਸਾਰੀਆਂ ਚੋਣਾਂ ਦਾ ਅਧਿਐਨ ਕੀਤਾ ਜਾਵੇ ਤਾਂ ਪਤਾ ਲੱਗੇਗਾ ਕਿ ਚੋਣ ਕਮਿਸ਼ਨ ਪ੍ਰਧਾਨ ਮੰਤਰੀ ਦੇ ਮਾਮਲੇ ਵਿਚ ਕੋਈ ਸਜ਼ਾਯੋਗ ਕਦਮ ਚੁੱਕਣ ਤੋਂ ਪਰਹੇਜ਼ ਕਰਦਾ ਰਿਹਾ ਹੈ। ਇਹ ਇਕ ਕਮੀ (ਗਰੇਅ ਏਰੀਆ) ਜ਼ਰੂਰ ਹੈ ਪਰ ਪ੍ਰਧਾਨ ਮੰਤਰੀ ਦਾ ਲਿਹਾਜ਼ ਕਰਨ ਦੀ ਪਰੰਪਰਾ ਬਣ ਗਈ ਹੈ। ਹੁਣ ਸਵਾਲ ਇਹ ਹੈ: ਕੀ ਇਸ ਰਵੱਈਏ ਨੂੰ ਸਵਾਗਤਯੋਗ ਰਿਵਾਜ ਮੰਨਿਆ ਜਾ ਸਕਦਾ ਹੈ? ਮੇਰੀ ਮਾਨਤਾ ਹੈ ਕਿ ਜੇ ਕਿਸੇ ਵਜ੍ਹਾ ਨਾਲ ਅਜਿਹਾ ਰਿਵਾਜ ਬਣ ਵੀ ਗਿਆ ਹੈ ਤਾਂ ਉਸ ਨੂੰ ਖਤਮ ਕਰਨ ਦਾ ਇਹੋ ਸਹੀ ਮੌਕਾ ਹੈ। ਕਿਸੇ ਵੀ ਪਾਰਟੀ ਦਾ ਪ੍ਰਧਾਨ ਮੰਤਰੀ ਹੋਵੇ ਜਾਂ ਲੋਕਤੰਤਰ ਦਾ ਕੋਈ ਹੋਰ ਕਾਰਕੁਨ, ਚੋਣ ਲੜਦੇ ਸਮੇਂ ਉਸ ਨੂੰ ਤਰਜੀਹ ਦੇਣਾ ਲੋਕਤੰਤਰਕ ਨਿਰਪੱਖਤਾ ਦੇ ਨਿਯਮਾਂ ਦੀ ਖੁੱਲ੍ਹੀ ਉਲੰਘਣਾ ਹੈ ਅਤੇ ਇਸ ਨੂੰ ਜਾਰੀ ਨਹੀਂ ਰੱਖਿਆ ਜਾ ਸਕਦਾ।

> ***ਜ਼ਾਹਰ ਹੈ ਕਿ ਜੇ ਕਿਸੇ ਸਵਾਲ 'ਤੇ ਕਮਿਸ਼ਨ ਨੂੰ ਕਦੇ-ਕਦੇ ਬਹੁਮਤ ਦਾ ਸਹਾਰਾ ਲੈਣਾ ਪਵੇ ਤਾਂ ਗੱਲ ਸਮਝ ਵਿਚ ਆਉਂਦੀ ਹੈ ਪਰ ਜੇ ਵਾਰ-ਵਾਰ ਅਜਿਹਾ ਹੋਵੇ ਤਾਂ ਉਹ ਹਾਲਾਤ ਸੰਕਟ ਵੱਲ ਇਸ਼ਾਰਾ ਕਰਦੇ ਹਨ। ਪਿਛਲੇ ਦਿਨਾਂ ਵਿਚ ਕਮਿਸ਼ਨ ਨੇ ਕਈ ਮਾਮਲਿਆਂ ਵਿਚ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਅਤੇ ਭਾਜਪਾ ਪ੍ਰਧਾਨ ਅਮਿਤ ਸ਼ਾਹ ਵਿਰੁਧ ਚੋਣ ਜ਼ਾਬਤੇ ਦੀ ਉਲੰਘਣ ਦੀਆਂ ਸ਼ਿਕਾਇਤਾਂ 'ਤੇ ਜਿਹੜੇ ਫੈਸਲੇ ਦਿੱਤੇ ਹਨ, ਉਨ੍ਹਾਂ ਵਿਚ ਕੁਝ ਅਜਿਹੀ ਹੀ ਹਾਲਤ ਬਣੀ ਹੈ।***

ਆਖਰ ਚੋਣ ਕਮਿਸ਼ਨ ਦਾ ਕਰਤੱਵ ਕੀ ਹੈ? ਉਸ ਦਾ ਕੰਮ ਹੈ, ਚੋਣਾਂ ਦੌਰਾਨ ਹਰ ਸਿਆਸੀ ਸ਼ਕਤੀ ਨੂੰ ਮੁਕਾਬਲੇ ਲਈ ਬਰਾਬਰ ਧਰਾਤਲ ਮੁਹੱਈਆ ਕਰਵਾਉਣਾ। ਜੇ ਕਮਿਸ਼ਨ ਪ੍ਰਧਾਨ ਮੰਤਰੀ ਨੂੰ ਚੋਣ ਜ਼ਾਬਤੇ ਦੀ ਉਲੰਘਣਾ ਕਰਨ ਦੀ ਛੋਟ ਦਿੰਦਾ ਨਜ਼ਰ ਆਏਗਾ ਤਾਂ ਉਹ ਆਪਣੇ ਇਸ ਕਰਤੱਵ ਦਾ ਪਾਲਣ ਕਿਵੇਂ ਕਰ ਸਕੇਗਾ? ਆਖਰ ਪ੍ਰਧਾਨ ਮੰਤਰੀ ਦੇ ਅਹੁਦੇ ਦਾ ਕਿਰਦਾਰ ਕੀ ਹੈ? ਕੀ ਉਹ ਕੋਈ ਚੁਣਿਆ ਹੋਇਆ ਨੁਮਾਇੰਦਾ ਨਹੀਂ? ਕੀ ਉਹ ਅਜਿਹਾ ਰਾਜਾ ਹੈ ਜੋ ਖੁਦ ਨਿਯਮ ਬਣਾਉਂਦਾ ਹੈ ਅਤੇ ਖੁਦ ਨੂੰ ਨਿਯਮਾਂ ਤੋਂ ਉਪਰ ਰੱਖਦਾ ਹੈ? ਚੋਣ ਕਮਿਸ਼ਨ ਹੇਠਲੇ ਅਤੇ ਮੱਧ ਪੱਧਰ ਦੇ ਨੇਤਾਵਾਂ 'ਤੇ ਬਿਨਾਂ ਕਿਸੇ ਔਖਿਆਈ ਦੇ ਇਕ ਤੋਂ ਤਿੰਨ ਦਿਨ ਤੱਕ ਚੋਣ ਪ੍ਰਚਾਰ ਕਰਨ ਦੀ ਰੋਕ ਲਗਾ ਦਿੰਦਾ ਹੈ। ਇਹ ਰੋਕ ਸਰਬਉੱਚ ਪੱਧਰ ਦੇ ਨੇਤਾਵਾਂ 'ਤੇ ਉਹ ਕਿਉਂ ਨਹੀਂ ਲਗਾ ਸਕਦਾ?

ਮੇਰਾ ਤਾਂ ਮੰਨਣਾ ਇਹ ਹੈ ਕਿ ਪ੍ਰਧਾਨ ਮੰਤਰੀ ਦੇ ਪਹਿਲੀ ਨਜ਼ਰ ਵਿਚ ਇਤਰਾਜ਼ਯੋਗ ਲੱਗਣ ਵਾਲੇ ਕਈ ਬਿਆਨਾਂ ਨੂੰ ਛੋਟ ਦੇਣ ਦਾ ਨਤੀਜਾ ਇਹ ਵੀ ਨਿਕਲ ਸਕਦਾ ਹੈ ਕਿ ਕਮਿਸ਼ਨ ਨਿਰਪੱਖ ਲੱਗਣ ਦੀ ਕੋਸ਼ਿਸ਼ ਵਿਚ ਇਸ ਤਰ੍ਹਾਂ ਦੀ ਰਿਆਇਤ ਵਿਰੋਧੀ ਧਿਰ ਦੇ ਵੱਡੇ ਨੇਤਾਵਾਂ ਨੂੰ ਵੀ ਦਿੰਦਾ ਨਜ਼ਰ ਆਉਣ ਲੱਗ ਸਕਦਾ ਹੈ। ਅਜਿਹਾ ਹੁੰਦਾ ਹੋਇਆ ਕੁਝ-ਕੁਝ ਦਿਖਾਈ ਵੀ ਦੇ ਰਿਹਾ ਹੈ।

ਕੋਈ ਸੰਸਥਾ ਜਦੋਂ ਕਾਰਜ ਪ੍ਰਣਾਲੀ ਸਬੰਧੀ ਜ਼ਾਬਤੇ ਤੋਂ ਕਤਰਾਉਣ ਦੀ ਕੋਸ਼ਿਸ਼ ਕਰਦੀ ਹੈ, ਉਹ ਢਲਾਣ ਤੋਂ ਤਿਲਕਦੇ ਹੋਏ ਦਿਸਣ ਲਗਦੀ ਹੈ। ਕਮਿਸ਼ਨ ਦਾ ਵੱਕਾਰ ਅਜੇ ਤੱਕ ਬਰਕਰਾਰ ਹੈ। ਇਸ ਨੂੰ ਉਦੋਂ ਹੀ ਕਾਇਮ ਰੱਖਿਆ ਜਾ ਸਕਦਾ ਹੈ, ਜਦੋਂ ਕਮਿਸ਼ਨ ਇਹ ਦਿਖਾਏ ਕਿ ਉਹ ਅਸਲ ਵਿਚ ਸੰਵਿਧਾਨਕ ਅਥਾਰਟੀ ਹੈ। ਮਰਾਠਾ ਸਾਮਰਾਜ ਦੇ ਨਿਆਂਕਾਰ ਰਾਮ ਸ਼ਾਸਤਰੀ ਦੀ ਉਦਾਹਰਨ ਸਾਨੂੰ ਯਾਦ ਰੱਖਣੀ ਚਾਹੀਦੀ ਹੈ। ਉਨ੍ਹਾਂ ਦਾ ਨਾਂ ਸੈਂਕੜੇ ਸਾਲ ਬਾਅਦ ਵੀ ਸ਼ਰਧਾ ਨਾਲ ਲਿਆ ਜਾਂਦਾ ਹੈ ਕਿ ਉਨ੍ਹਾਂ ਨੇ ਪੰਤ ਪ੍ਰਧਾਨ ਜਾਂ ਪੇਸ਼ਵਾ ਤੱਕ ਨੂੰ ਸਜ਼ਾ ਦੇ ਦਿੱਤੀ ਸੀ। ਰਾਮ ਸ਼ਾਸਤਰੀ ਦੇ ਮਾਣ-ਸਨਮਾਨ ਦੇ ਕਾਰਨ ਹੀ ਦੂਜੀਆਂ ਰਿਆਸਤਾਂ ਵਿਚ ਇਨਸਾਫ਼ ਕਰਨ ਲਈ ਬੁਲਾਇਆ ਜਾਂਦਾ ਸੀ। ਠੀਕ ਉਸੇ ਕਾਰਨ ਜਿਵੇਂ ਭਾਰਤ ਦੇ ਚੋਣ ਕਮਿਸ਼ਨ ਨੂੰ ਦੂਸਰੇ ਦੇਸ਼ ਸਲਾਹ-ਮਸ਼ਵਰੇ ਤੋਂ ਲੈ ਕੇ ਚੋਣ ਕਰਵਾਉਣ ਤੱਕ ਦਾ ਸੱਦਾ ਦਿੰਦੇ ਹਨ। ਚੋਣ ਕਮਿਸ਼ਨਰ ਦਾ ਅਹੁਦਾ ਸਰਬਉੱਚ ਹੈ ਅਤੇ ਇਸ ਤੋਂ ਬਾਅਦ ਅਧਿਕਾਰੀ ਸੇਵਾ-ਮੁਕਤ ਹੀ ਹੋ ਜਾਂਦੇ ਹਨ। ਉਹ ਚਾਹੁਣ ਤਾਂ ਆਪਣਾ ਨਾਂ ਰਾਮ ਸ਼ਾਸਤਰੀ ਵਾਂਗ ਇਤਿਹਾਸ ਵਿਚ ਲਿਖਵਾ ਸਕਦੇ ਹਨ।

---

# ਜਆਲੀ ਖਬਰਾਂ ਦਾ ਘਾਤਕ ਵਰਤਾਰਾ

ਹੁਣ ਜਦੋਂ ਦੇਸ਼ ਵਿਚ ਚੋਣ ਮਾਹੌਲ ਤਿੱਖੀ ਚਾਲ ਫੜ ਚੁੱਕਾ ਹੈ ਤਾਂ ਇਨ੍ਹਾਂ ਹਾਲਾਤ ਵਿਚ ਮੀਡੀਆ ਦਾ ਮਾਹੌਲ ਵੀ ਤਣਾਅਪੂਰਨ ਪਲਾਂ 'ਚੋਂ ਗੁਜ਼ਰ ਰਿਹਾ ਹੈ। ਟੈਲੀਵਿਜ਼ਨ 'ਤੇ ਬੇਸਿਰ ਪੈਰ ਅਤੇ ਸ਼ੋਰ-ਸ਼ਰਾਬੇ ਵਾਲੀਆਂ ਬਹਿਸਾਂ ਦਾ ਦੌਰ ਹੈ। ਇਸ ਅਹਿਮ ਮੌਕੇ 'ਫੇਕ ਨਿਊਜ਼' (ਜਾਅਲੀ ਖਬਰਾਂ) ਤੇ 'ਪੇਡ ਨਿਊਜ਼' (ਮੁੱਲ ਦੀਆਂ ਖਬਰਾਂ) ਦੀ ਮੰਡੀ ਦਾ ਭਾਅ ਵੀ ਆਪਣੀ ਬਹਾਰ 'ਤੇ ਤਾਜ਼ਾ ਹੋ ਗਿਆ। ਅਮਰੀਕੀ ਪ੍ਰੈਸ ਮੀਡੀਆ ਚੋਣ

**ਕ੍ਰਿਸ਼ਨ ਕੁਮਾਰ ਰੱਤੂ**
ਫੋਨ: +91-94787-30156

ਸਰਵੇਖਣਾਂ ਦੀ ਤਾਜ਼ਾ ਰਿਪੋਰਟ ਦੱਸਦੀ ਹੈ ਕਿ ਭਾਰਤ ਦਾ ਮਹਿੰਗਾ ਚੋਣ ਪ੍ਰਚਾਰ ਇਸ ਵਾਰੀ ਮੀਡੀਆ ਬਾਜ਼ਾਰ ਵਿਚ ਅਮਰੀਕੀ ਮੀਡੀਆ ਚੋਣ ਪ੍ਰਚਾਰ ਨੂੰ ਵੀ ਪਿੱਛੇ ਛੱਡ ਜਾਵੇਗਾ। ਇਕ ਅਰਬ ਡਾਲਰ ਤੋਂ ਜ਼ਿਆਦਾ ਦਾ ਬਾਜ਼ਾਰ ਅਤੇ ਸੱਟਾ ਬਾਜ਼ਾਰ, ਪਰਦੇ ਪਿੱਛੇ ਕੰਮ ਕਰ ਰਿਹਾ ਹੈ।

ਫੇਕ ਨਿਊਜ਼ ਤੇ ਪੇਡ ਨਿਊਜ਼ ਨੇ ਮੀਡੀਆ ਦੀ ਭਰੋਸੇਯੋਗਤਾ ਨੂੰ ਖਤਮ ਕਰ ਦਿੱਤਾ ਹੈ। ਹੁਣ ਇਹ ਪਤਾ ਲਗਾਉਣਾ ਮੁਸ਼ਕਿਲ ਹੋ ਗਿਆ ਹੈ ਕਿ ਅਸਲੀ ਕੀ ਹੈ ਤੇ ਨਕਲੀ ਕੀ ਹੈ; ਭਾਵ 'ਪੇਡ ਨਿਊਜ਼' ਕੀ ਹੈ ਤੇ 'ਫੇਕ ਨਿਊਜ਼' ਨਾਲ ਅਸਲ ਖਬਰ ਕੀ ਹੈ।

ਅੱਜ ਸੂਚਨਾ ਤਕਨੀਕ ਨੇ ਸਭ ਕੁਝ ਬਦਲ ਦਿੱਤਾ ਹੈ। ਮੀਡੀਆ ਦੀ ਨਵੀਂ ਮੰਡੀ, ਭਾਵ ਸੰਸਾਰ ਵਿਆਪੀ ਬਾਜ਼ਾਰ ਤਿਆਰ ਹੋ ਗਿਆ ਹੈ ਜੋ ਕਦੀ ਸਟਿੰਗ ਅਪਰੇਸ਼ਨ ਤੇ ਵਿਕੀਲੀਕਸ 'ਤੇ ਖੁਫ਼ੀਆ ਜਾਣਕਾਰੀ ਪ੍ਰਧਾਨ ਹੁੰਦਾ ਸੀ ਪਰ ਪਿਛਲੇ 5 ਵਰ੍ਹਿਆਂ ਦੌਰਾਨ ਇਹ ਬਾਜ਼ਾਰ ਪੂਰੀ ਦੁਨੀਆਂ ਵਿਚ ਫੇਕ ਨਿਊਜ਼ ਤੇ ਪੇਡ ਨਿਊਜ਼ ਵਿਚਕਾਰ ਵੰਡਿਆ ਗਿਆ ਅਤੇ ਅਰਬਾਂ ਡਾਲਰ ਦਾ ਮੀਡੀਆ ਨਿਊਜ਼ ਬਾਜ਼ਾਰ ਇਸ ਦੇ ਆਸ-ਪਾਸ ਤਿਆਰ ਹੋ ਗਿਆ ਹੈ।

ਹੁਣ ਅਸਲੀ ਖਬਰ ਛੁਪ ਜਾਂਦੀ ਹੈ ਜਾਂ ਛੁਪਾ ਦਿੱਤੀ ਜਾਂਦੀ ਹੈ ਅਤੇ ਆਪਣੇ ਹਿੱਤ ਪੂਰਨ ਵਾਲੀ ਖਬਰ ਮੀਡੀਆ ਦੇ ਸੰਚਾਰ ਸਾਧਨਾਂ ਰਾਹੀਂ ਇਸ ਤਰ੍ਹਾਂ ਪਰੋਸੀ ਜਾਂਦੀ ਹੈ ਕਿ ਤੁਹਾਨੂੰ ਪਤਾ ਹੀ ਨਹੀਂ ਲਗਦਾ ਕਿ ਇਹ ਅਸਲੀ/ਸਹੀ ਖਬਰ ਹੈ ਜਾਂ ਫੇਕ ਨਿਊਜ਼ ਜਾਂ ਫਿਰ ਪੇਡ ਨਿਊਜ਼ ਹੈ। ਮੀਡੀਆ ਸਰਚ ਇੰਜਨ 'ਗੂਗਲ' ਨੇ ਪਿਛਲੇ ਦਿਨੀਂ ਜਦੋਂ ਭਾਰਤ ਦੇ 8000 ਪੱਤਰਕਾਰਾਂ ਨੂੰ ਇਹ ਟ੍ਰੇਨਿੰਗ ਦਿੱਤੀ ਕਿ ਫੇਕ ਬਾਜ਼ਾਰ ਨੂੰ ਕਿਵੇਂ ਪਛਾਣਨਾ ਹੈ ਤੇ ਕਿਵੇਂ ਖਬਰ ਨੂੰ ਪਛਾਣਨਾ ਹੈ ਤਾਂ ਇਹ ਵਿਸ਼ਾ ਹੋਰ ਵੀ ਰੌਚਕ ਹੋ ਗਿਆ। ਪ੍ਰਸ਼ਨ ਇਹ ਵੀ ਹੈ ਕਿ ਤੁਸੀਂ ਕਿਸ ਪੈਮਾਨੇ ਨਾਲ ਪੱਤਰਕਾਰੀ ਦੀ ਇਸ ਅਸਲੀਅਤ ਨੂੰ ਆਪਣੇ ਮਾਪਦੰਡਾਂ ਨਾਲ ਪਛਾਣੋਗੇ।

ਪੱਤਰਕਾਰ ਝੂਠੀ ਖਬਰ ਤੇ ਝੂਠ ਦਾ ਪਸਾਰ ਕਰਦਾ ਹੈ, ਭਾਵ ਅਸਲੀ ਖਬਰ ਨੂੰ ਛੁਪਾ ਕੇ ਉਸ ਖਬਰ ਲਈ ਸਮਾਚਾਰ ਮਾਲਕ ਨੂੰ ਆਪਣੇ ਹਿੱਤ ਸਾਧਣ ਲਈ ਉਸ ਦਾ ਮੋਹਰਾ ਬਣ ਜਾਂਦਾ ਹੈ ਜਾਂ ਫਿਰ ਖਬਰ ਦੀ ਹਿੱਸੇਦਾਰੀ ਵਿਚ ਆਪਣੀ ਸਾਰੀ ਵਿਸ਼ਵਾਸਪਾਤਰਤਾ, ਭਰੋਸੇਯੋਗਤਾ ਤੇ ਸਾਖ ਨੂੰ ਦਾਅ 'ਤੇ ਲਗਾ ਕੇ ਖਤਮ ਕਰ ਦਿੰਦਾ ਹੈ। ਸਾਧਾਰਨ ਪਾਠਕ ਤੇ ਰੇਡੀਓ ਟੀ.ਵੀ. ਦਾ ਸਰੋਤਾ ਤੇ ਦਰਸ਼ਕ ਇਹ ਅੰਦਾਜ਼ਾ ਹੀ ਨਹੀਂ ਲਗਾ ਸਕਦਾ ਕਿ ਉਸ ਦੇ ਸਾਹਮਣੇ ਪੜ੍ਹਨ/ਸੁਣਨ ਲਈ ਜੋ ਕੁਝ ਪਰੋਸਿਆ ਜਾ ਰਿਹਾ ਹੈ, ਉਹ ਕਿੰਨਾ ਅਸਲੀ ਤੇ ਕਿੰਨਾ ਨਕਲੀ ਹੈ। ਇਸ ਸਾਰੇ ਬਾਜ਼ਾਰ ਵਿਚ ਪੇਡ ਨਿਊਜ਼ ਤੇ ਫੇਕ ਨਿਊਜ਼ 'ਤੇ ਚੱਲ ਰਹੀ ਸੱਟਾ ਬਾਜ਼ਾਰੀ ਲੋਕਤੰਤਰ ਦੇ ਨਾਂ 'ਤੇ ਮੂੰਹ ਚਿੜਾ ਰਹੀ ਹੈ ਤੇ ਭਾਰਤ ਉਸ ਬਾਜ਼ਾਰ ਦੇ ਮੋਹਰੀ ਦੇਸ਼ਾਂ ਦੀ ਸੂਚੀ ਵਿਚ ਸਭ ਤੋਂ ਵੱਡਾ ਨਾਮ ਹੈ। ਇਨ੍ਹਾਂ ਦਿਨਾਂ ਦੇ ਮੀਡੀਆ ਸਰਵੇਖਣ ਇਹ ਵੀ ਦੱਸਦੇ ਹਨ ਕਿ ਇਹ ਮੀਡੀਆ ਬਾਜ਼ਾਰ ਹੁਣ ਕੋਈ ਲੁਕਿਆ ਖੇਡ ਨਹੀਂ ਹੈ।

ਹੁਣ ਫੋਟੋ ਬਾਜ਼ਾਰ ਵਿਚ ਪੇਡ ਖਬਰਾਂ ਤੇ ਪੇਡ ਫੋਟੋ ਬਾਜ਼ਾਰ ਦੀ ਆਪਣੀ ਫੋਟੋ ਮੰਡੀ ਹੈ ਤੇ ਸਭ ਤੋਂ ਹੈਰਾਨ ਕਰਨ ਵਾਲੀ ਖਬਰ ਇਹ ਵੀ ਹੈ ਕਿ ਇਹ ਬਾਜ਼ਾਰ ਪੰਜਾਬੀ ਖਬਰਾਂ ਵਿਚ ਅਖਬਾਰਾਂ ਤੇ ਚੈਨਲਾਂ 'ਤੇ ਸਭ ਤੋਂ ਜ਼ਿਆਦਾ ਹੈ। ਉਸ ਵਿਚ ਪੰਜਾਬ ਤੋਂ ਛਪਦੇ ਕੌਮੀ ਹਿੰਦੀ ਤੇ ਅੰਗਰੇਜ਼ੀ ਅਖਬਾਰ ਵੀ ਪਿੱਛੇ ਨਹੀਂ, ਇਹੀ ਵੱਡਾ ਕਾਰਨ ਹੈ ਕਿ ਮੁੱਦੇ ਦੀ ਖਬਰ ਹੀ ਗਾਇਬ ਹੋ ਜਾਂਦੀ ਹੈ। ਉਹੀ ਥਾਂ ਉਸ ਨੂੰ ਮਿਲ ਜਾਂਦੀ ਹੈ ਜਿਸ ਦੀ ਕੋਈ ਅਹਿਮੀਅਤ ਹੀ ਨਹੀਂ। ਇਹ ਵਤੀਰਾ ਤੇ ਵਰਤਾਰਾ ਠੀਕ ਨਹੀਂ ਹੈ। ਇਸ ਦਾ ਦੂਜਾ ਪਹਿਲੂ ਇਸ ਤੋਂ ਵੀ ਜ਼ਿਆਦਾ ਘਾਤਕ ਹੈ। ਉਹ ਹੈ ਇਸ ਦਾ ਸੰਚਾਲਨ ਤੇ ਇਸ ਨੂੰ ਸਮਾਜ ਵਿਚ ਭੇਜਣ ਵਾਲਾ ਵਰਗ ਜੋ ਝੂਠ ਦੇ ਪਸਾਰ ਵਿਚ ਆਪਣੀ ਦੁਕਾਨ ਚਲਾ ਕੇ ਸਮੁੱਚੇ ਸਮਾਜ ਨੂੰ ਝੂਠ ਵਿਚ ਬਦਲ ਰਿਹਾ ਹੈ, ਜਿਥੇ ਸੱਚ ਛੁਪ ਰਿਹਾ ਹੈ ਤੇ ਪੇਡ ਤੇ ਫੇਕ ਦੇ ਸਹਾਰੇ ਜੋ ਉਹ ਚਾਹੁੰਦਾ ਹੈ, ਉਹ ਤੁਹਾਡੇ ਤਕ ਕਿਸੇ ਨਾ ਕਿਸੇ ਤਰੀਕੇ ਨਾਲ ਪਹੁੰਚ ਰਿਹਾ ਹੈ।

ਹਾਲਾਂਕਿ ਪੂਰੀ ਦੁਨੀਆਂ ਦੀਆਂ ਸਰਕਾਰਾਂ ਫੇਕ ਨਿਊਜ਼ ਤੇ ਪੇਡ ਨਿਊਜ਼ ਨੂੰ ਰੋਕਣ ਦਾ ਯਤਨ ਕਰ ਰਹੀਆਂ ਹਨ ਪਰ ਸਮੇਂ ਦਾ ਸੱਚ ਇਹ ਵੀ ਹੈ ਕਿ ਕੁਝ ਦੇਸ਼ਾਂ ਦੀਆਂ ਸਰਕਾਰਾਂ ਇਸ ਵਪਾਰ ਨੂੰ ਹੱਲਾਸ਼ੇਰੀ ਵੀ ਦੇ ਰਹੀਆਂ ਹਨ ਜੋ ਸਿਆਸੀ, ਸਮਾਜਿਕ ਤੇ ਮੀਡੀਆ ਲਈ ਖਤਰਨਾਕ ਹੈ। ਇਸ ਵੇਲੇ 32.6 ਕਰੋੜ ਸੋਸ਼ਲ ਮੀਡੀਆ ਯੂਜ਼ਰ ਇਕੱਲੇ ਭਾਰਤ ਵਰਗੇ ਵਿਕਾਸਸ਼ੀਲ ਦੇਸ਼ ਵਿਚ ਹਨ ਅਤੇ 2018 ਦੇ ਅੰਕੜਿਆਂ ਮੁਤਾਬਿਕ 46.2 ਕਰੋੜ ਇੰਟਰਨੈੱਟ ਸੇਵੀ ਹਨ। ਇਹ ਗੂਗਲ ਦੇ ਅੰਕੜੇ ਹਨ ਪਰ ਇਹ ਗਿਣਤੀ ਵਧ ਵੀ ਸਕਦੀ ਹੈ ਕਿਉਂਕਿ ਇੰਟਰਨੈੱਟ ਸੇਵਾ ਹੁਣ ਹਰ ਇਕ ਲਈ ਮੋਬਾਈਲ ਫੋਨ 'ਤੇ ਪਹੁੰਚ ਗਈ ਹੈ ਅਤੇ ਪੂਰੇ ਭਾਰਤ ਦੀ ਇਕ ਤਿਹਾਈ, ਭਾਵ 47 ਕਰੋੜ ਆਬਾਦੀ ਇੰਟਰਨੈੱਟ ਰਾਹੀਂ ਯੂ-ਟਿਊਬ ਚੈਨਲਾਂ ਨਾਲ ਜੁੜ ਕੇ ਸੰਸਾਰ ਸੂਚਨਾ ਸੰਸਾਰ ਨਾਲ ਸਿੱਧੇ ਤੌਰ 'ਤੇ ਜੁੜ ਗਈ ਹੈ। ਜੋ ਸੂਚਨਾ ਸਮਾਜ ਦੀ ਤਬਦੀਲੀ ਲਈ ਵਰਤੀ ਜਾ ਸਕਦੀ ਹੈ, ਉਹ ਆਪਣਾ ਕੀਮਤੀ ਸਮਾਂ ਫਜ਼ੂਲ ਤੇ ਫੇਕ ਨਿਊਜ਼ 'ਤੇ ਖਰਚ ਕਰ ਰਿਹਾ ਹੈ। ਇਹ ਖਤਰਨਾਕ ਰੁਝਾਨ ਹੈ।

> ***ਫੋਟੋ ਬਾਜ਼ਾਰ ਦੀ ਆਪਣੀ ਫੋਟੋ ਮੰਡੀ ਹੈ ਤੇ ਸਭ ਤੋਂ ਹੈਰਾਨ ਕਰਨ ਵਾਲੀ ਖਬਰ ਇਹ ਵੀ ਹੈ ਕਿ ਇਹ ਬਾਜ਼ਾਰ ਪੰਜਾਬੀ ਖਬਰਾਂ ਵਿਚ ਅਖਬਾਰਾਂ ਤੇ ਚੈਨਲਾਂ 'ਤੇ ਸਭ ਤੋਂ ਜ਼ਿਆਦਾ ਹੈ। ਉਸ ਵਿਚ ਪੰਜਾਬ ਤੋਂ ਛਪਦੇ ਕੌਮੀ ਹਿੰਦੀ ਤੇ ਅੰਗਰੇਜ਼ੀ ਅਖਬਾਰ ਵੀ ਪਿੱਛੇ ਨਹੀਂ, ਇਹੀ ਵੱਡਾ ਕਾਰਨ ਹੈ ਕਿ ਮੁੱਦੇ ਦੀ ਖਬਰ ਹੀ ਗਾਇਬ ਹੋ ਜਾਂਦੀ ਹੈ। ਉਹੀ ਥਾਂ ਉਸ ਨੂੰ ਮਿਲ ਜਾਂਦੀ ਹੈ ਜਿਸ ਦੀ ਕੋਈ ਅਹਿਮੀਅਤ ਹੀ ਨਹੀਂ। ਇਹ ਵਤੀਰਾ ਤੇ ਵਰਤਾਰਾ ਠੀਕ ਨਹੀਂ ਹੈ।***

ਹੁਣ ਜਦੋਂ 2019 ਵਿਚ ਫੇਕ ਨਿਊਜ਼ ਦਾ ਮੁੱਦਾ ਇਕ ਵਾਰੀ ਫਿਰ ਤੋਂ ਮਘ ਗਿਆ ਤਾਂ ਫੇਸਬੁੱਕ ਤੇ ਵਟਸਐਪ ਕੰਪਨੀਆਂ ਨੇ ਫੈਕਟ-ਚੈਕਿੰਗ ਸਮੱਗਰੀ ਦੇ ਆਦੇਸ਼ ਦਿੱਤੇ ਹਨ। ਫੇਸਬੁੱਕ ਬਾਰੇ ਬੜੇ ਦਿਨਾਂ ਤੋਂ ਫੇਕ ਸਮੱਗਰੀ ਤੇ ਪ੍ਰਾਪੇਗੰਡੇ ਦਾ ਇਲਜ਼ਾਮ ਲਾਇਆ ਜਾ ਰਿਹਾ ਸੀ। ਇਸ ਸਮੇਂ ਪੂਰੀ ਦੁਨੀਆਂ ਦੇ ਦੇਸ਼ਾਂ ਵਿਚ 43 ਫੈਕਟ-ਚੈਕਿੰਗ ਵਾਲੇ ਸੰਗਠਨਾਂ ਨਾਲ ਮਿਲ ਕੇ ਕੰਪਨੀ ਨੇ ਲੱਖਾਂ ਮੇਲ ਤੇ ਹੋਰ ਸਮੱਗਰੀ ਹਟਾ ਦਿੱਤੀ ਹੈ। ਵਿਸ਼ੇਸ਼ ਤੌਰ 'ਤੇ ਸਿਆਸੀ ਟਿੱਪਣੀਆਂ ਵਾਲੀ ਸਮੱਗਰੀ।

ਇਸ ਤਰ੍ਹਾਂ ਦੀ ਫੇਕ ਨਿਊਜ਼ ਤੇ ਪੇਡ ਪ੍ਰਚਾਰ 'ਤੇ ਦੁਨੀਆਂ ਦੇ ਦੂਸਰੇ ਦੇਸ਼ਾਂ ਵਿਚ ਪ੍ਰਤੀਕਿਰਿਆ ਹੋਈ ਹੈ। ਉਸ ਵਿਚ ਰੂਸ ਨੇ ਵੈੱਬਸਾਈਟ ਬਲਾਕ ਕਰਨ ਤੇ ਜਰਮਨੀ ਨੇ 5 ਕਰੋੜ ਯੂਰੋ ਦਾ ਜੁਰਮਾਨਾ ਲਾਇਆ ਹੈ। ਸਿੰਗਾਪੁਰ ਵਰਗਾ ਉਦਯੋਗਿਕ ਤੇ ਸਾਫ਼ ਪ੍ਰਸ਼ਾਸਨ ਵਾਲਾ ਦੇਸ਼ ਵੀ ਇਸ ਦੀ ਪਕੜ ਵਿਚ ਹੈ। ਉਸ ਨੇ ਇਕ ਕਾਨੂੰਨ ਰਾਹੀਂ ਸਾਫ ਕੀਤਾ ਹੈ ਕਿ ਉਹ ਜਨਹਿਤ ਵਿਚ ਸਾਰੀਆਂ ਫੇਕ ਨਿਊਜ਼ ਹਟਾ ਦੇਵੇਗਾ ਤਾਂ ਕਿ ਪ੍ਰੈਸ ਫਰੀਡਮ ਇੰਡੈਕਸ ਵਿਚ ਉਸ ਦੀ ਸ਼੍ਰੇਣੀ ਠੀਕ ਹੋ ਸਕੇ ਜੋ ਹੁਣ 180 ਦੇਸ਼ਾਂ ਦੀ ਰੈਂਕਿੰਗ ਵਿਚ 151ਵੀਂ ਹੈ।

ਉਧਰ ਯੂਰਪੀ ਦੇਸ਼ਾਂ ਦੀ ਯੂਨੀਅਨ ਤੇ ਫਰਾਂਸ ਵੀ ਇਸ ਬਾਰੇ ਚਿੰਤਤ ਹਨ ਪਰ ਭਾਰਤ ਸਰਕਾਰ ਅਜੇ ਉਸ ਤਰ੍ਹਾਂ ਦਾ ਹੌਸਲਾ ਨਹੀਂ ਕਰ ਸਕੀ ਕਿ ਕੋਈ ਠੋਸ ਉਪਾਅ ਕੀਤਾ ਜਾਵੇ। ਭਾਰਤ ਵਰਗੇ ਦੇਸ਼ ਵਿਚ ਜਿਥੇ ਕਦੀ ਮੀਡੀਆ ਮਿਸ਼ਨ ਹੁੰਦਾ ਸੀ, ਉਥੇ ਹੁਣ ਲੋਕਤੰਤਰੀ ਆਵਾਜ਼ ਨੂੰ ਪੈਸੇ ਨਾਲ ਮਨਚਾਹਿਆ ਰੂਪ ਦਿੱਤਾ ਜਾ ਰਿਹਾ ਹੈ ਜੋ ਸਮਾਜ ਤੇ ਮੀਡੀਆ ਦੇ ਨਾਲ ਨਾਲ ਦੇਸ਼ ਲਈ ਬੇਹੱਦ ਖਤਰਨਾਕ ਹੈ।

# ਓ ਜਾਗ ਬਈ ਪੰਜਾਬ ਸਿਆਂ...

ਮੂੰਹ ਆਈ ਬਾਤ



ਮੇਜਰ ਕੁਲਾਰ ਬੋਪਾਰਾਏਕਲਾਂ
ਫੋਨ:916-273-2856
www.boparaisudhar.com

"ਸੁਣਾ ਬਈ ਕਰਤਾਰ ਸਿਆਂ! ਕਦੋਂ ਆਇਆ ਇੰਡੀਆ ਤੋਂ।" ਬਾਬਾ ਪਾਖਰ ਸਿਉਂ ਨੇ ਪੁੱਛਿਆ।

"ਪਰਸੋਂ ਰਾਤ ਨੂੰ ਆ ਗਿਆ ਸੀ। ਸੋਚਿਆ, ਪਾਰਕ ਵਾਲੇ ਬੇਲੀਆਂ ਨੂੰ ਮਿਲ ਆਵਾਂ।" ਕਰਤਾਰੇ ਬਾਬੇ ਨੇ ਬੈਂਚ 'ਤੇ ਬਹਿੰਦਿਆਂ ਕਿਹਾ।

"ਸੁਣਾ ਕੋਈ ਵਤਨਾਂ ਦੀ ਨਵੀਂ ਤਾਜ਼ੀ।" ਫੌਜੀ ਨੇ ਪੱਗ ਦਾ ਲੜ ਠੀਕ ਕਰਦਿਆਂ ਪੁੱਛਿਆ।

"ਤਿੰਨ ਮਹੀਨਿਆਂ ਵਿਚ 18 ਵਿਆਹ ਦੇਖੇ, ਯਾਨਿ ਦੋ ਵਿਆਹ ਸੀ ਤੇ ਸੌਲਾਂ ਸਮਝੌਤੇ।" ਕਰਤਾਰੇ ਬਾਬੇ ਨੇ ਗੱਲ ਗੋਲ ਜਿਹੀ ਕਰ ਦਿੱਤੀ।

"ਕਰਤਾਰ ਸਿਆਂ! ਉਹ ਭਾਈ ਕਿਵੇਂ?" ਪਾਖਰ ਸਿਉਂ ਨੂੰ ਹੈਰਾਨੀ ਹੋਈ।

"ਇਕ ਵਿਆਹ ਤਾਂ ਅਮਰੀਕਾ ਤੋਂ ਮੁੰਡਾ ਗਿਆ ਸੀ। ਬੜਾ ਸਾਦਾ ਵਿਆਹ ਕੀਤਾ ਉਸ ਨੌਜੁਆਨ ਨੇ। ਕੋਈ ਦਾਜ ਨਹੀਂ ਲਿਆ ਪਰ ਕੁੜੀ ਪੜ੍ਹੀ-ਲਿਖੀ ਪਸੰਦ ਕੀਤੀ। ਦੂਜਾ ਵਿਆਹ ਸੀ-ਕੈਨੇਡਾ ਤੋਂ ਕੁੜੀ ਗਈ ਜਿਸ ਨੇ ਪੜ੍ਹੇ-ਲਿਖੇ ਮੁੰਡੇ ਨਾਲ ਲਾਵਾਂ ਲਈਆਂ ਤੇ ਦੋਵਾਂ ਧਿਰਾਂ ਦਾ ਖਰਚਾ ਬਹੁਤ ਥੋੜ੍ਹਾ ਹੋਇਆ। ਬਾਕੀ ਸੌਲਾਂ ਵਿਆਹ ਸਨ, ਕੁੜੀਆਂ ਨੇ ਆਈਲੈਟਸ ਕਰਕੇ ਬੈਂਡ ਲਏ ਹੋਏ ਸੀ, ਜਿਥੇ-ਜਿਥੇ ਪੱਕ-ਠੱਕ ਹੋਇਆ, ਉਥੇ ਸਮਝੌਤਾ ਕੀਤਾ ਗਿਆ ਕਿ ਵਿਆਹ ਦਾ ਸਾਰਾ ਖਰਚਾ ਮੁੰਡੇ ਵਾਲੇ ਕਰਨਗੇ। ਕੁੜੀ ਦਾਜ ਵਿਚ ਬੈਂਡ ਲੈ ਕੇ ਆਵੇਗੀ ਤੇ ਵਿਆਹ ਤੋਂ ਬਾਅਦ ਕੈਨੇਡਾ, ਆਸਟਰੇਲੀਆ, ਨਿਊਜ਼ੀਲੈਂਡ ਆਦਿ ਦੇਸ਼ਾਂ ਵਿਚ ਜਾ ਕੇ ਮੁੰਡੇ ਦੇ ਪੇਪਰ ਭਰ ਦੇਵੇਗੀ ਤੇ ਮੁੰਡੇ ਨੂੰ ਆਪਣੇ ਕੋਲ ਸੱਦ ਲਵੇਗੀ।" ਕਰਤਾਰੇ ਬਾਬੇ ਨੇ ਦੱਸਿਆ।

"ਫਿਰ ਤਾਂ ਸਮਝੋ ਮੁੰਡੇ ਵਾਲੇ ਮੁੰਡੇ ਦਾ ਨਹੀਂ ਸਗੋਂ ਕੁੜੀ ਦਾ ਵਿਆਹ ਕਰ ਰਹੇ ਹਨ।" ਫੌਜੀ ਨੇ ਗੱਲ ਘੋਖੀ।

"ਬਿਲਕੁਲ ਫੌਜੀਆ! ਲੋਕ ਕੁੜੀਆਂ ਜੰਮਣ ਤੋਂ ਡਰਦੇ ਹਨ ਤੇ ਮੁੰਡੇ ਲਈ ਸੁੱਖਣਾ ਸੁਖਦੇ ਹਨ, ਜਦਕਿ ਕੁੜੀਆਂ ਪੜ੍ਹ-ਲਿਖ ਕੇ ਆਈਲੈਟਸ ਕਰਕੇ ਬੈਂਡ ਲੈਂਦੀਆਂ ਹਨ ਤਾਂ ਉਹ ਮਾਪਿਆਂ ਦਾ ਵਿਆਹ ਵਾਲਾ ਖਰਚਾ ਮੁਆਫ ਕਰਵਾ ਦਿੰਦੀਆਂ ਨੇ। ਪੜ੍ਹੇ-ਲਿਖੇ ਗੱਭਰੂ ਪੁੱਤ ਵਿਹਲੇ ਫਿਰਦੇ ਦੇਖ ਕੇ ਮਾਪੇ ਸੋਚਦੇ ਹਨ ਕਿ ਇਕ ਕਿੱਲਾ ਵੇਚੋ ਤੇ ਵਿਆਹ 'ਤੇ ਖਰਚਾ ਕਰੋ; ਨਾਲੇ ਤਾਂ ਪੁੱਤ ਵਿਆਹਿਆ ਗਿਆ ਤੇ ਨਾਲੇ ਬਾਹਰਲੇ ਦੇਸ਼ ਚਲਿਆ ਜਾਵੇਗਾ। ਦੋਹਾਂ ਧਿਰਾਂ ਨੂੰ ਫਾਇਦਾ ਹੁੰਦਾ ਹੈ ਤੇ ਇਹ ਸਮਝੌਤਾ ਬਣ ਜਾਂਦਾ ਹੈ।" ਕਰਤਾਰੇ ਬਾਬੇ ਨੇ ਵਿਚਲੀ ਗੱਲ ਆਖ ਸੁਣਾਈ।

"ਹੋਰ ਕੋਈ ਨਵੀਂ-ਤਾਜ਼ੀ ਇਨ੍ਹਾਂ ਵਿਆਹਾਂ ਦੀ ਸੁਣਾ ਬਾਈ!" ਪਿਆਰੇ ਠੇਕੇਦਾਰ ਨੇ ਹਾਜ਼ਰੀ ਭਰਦਿਆਂ ਪੁੱਛਿਆ।

"ਪਿਆਰਾ ਸਿਆਂ! ਪੈਲੇਸਾਂ ਵਿਚ ਤਾਂ ਜਾ ਕੇ ਇੰਜ ਲਗਦਾ ਹੈ, ਕਿਹੜਾ ਜੱਟ ਕਰਜ਼ਾਈ ਐ? ਲੋਕ ਸ਼ਰਾਬਾਂ ਪੀਂਦੇ, ਮੁਰਗਾ-ਮੱਛੀ ਖਾਂਦੇ, ਲਲਕਾਰੇ ਵੱਜਦੇ। ਜਣਾ-ਖਣਾ ਦੋਨਾਲੀ ਪਾਈ ਫਿਰਦਾ ਤੇ ਡੱਬ ਵਿਚ ਪਿਸਤੌਲ। ਵਿਆਹਾਂ ਦਾ ਮਾਹੌਲ ਘੱਟ, ਕਬਜ਼ੇ ਲੈਣ ਵਾਲਾ ਵੱਧ ਲੱਗਦਾ। ਜਿਹੜੇ ਬੰਦੇ ਕੋਲ ਗੁੰਜਾਇਸ਼ ਹੈ, ਉਹ ਕਲਾਕਾਰ ਲਵਾ ਲੈਂਦਾ ਤੇ ਬਾਕੀ ਡਾਂਸਰ ਕੁੜੀਆ ਸੱਦ ਲੈਂਦੇ ਆ। ਉਹ ਸਟੇਜ 'ਤੇ ਚੜ੍ਹ ਕੇ ਗਾਣਿਆਂ ਦੀ ਸੀ. ਡੀ. ਲਾ ਕੇ ਨੱਚਦੀਆਂ। ਬੰਦੇ ਸ਼ਰਾਬ ਦੇ ਸਰੂਰ ਵਿਚ ਸਟੇਜ 'ਤੇ ਚੜ੍ਹ ਕੇ ਕੁੜੀਆਂ 'ਤੇ ਨੋਟਾਂ ਦਾ ਮੀਂਹ ਵਰ੍ਹਾਉਂਦੇ। ਇਕ ਦੂਜੇ ਤੋਂ ਉਤੋਂ ਦੀ ਆਪਣੀ ਅਮੀਰੀ ਜਾਂ ਫੁਕਰਪੁਣੇ ਦਾ ਪ੍ਰਗਟਾਵਾ ਕਰਦੇ। ਕਈ ਸਿਆਣੇ-ਬਿਆਣੇ ਬੰਦੇ ਤਾਂ ਆਪਣੀ ਪੋਤੀ ਦੀਆਂ ਹਾਣਨ ਕੁੜੀਆਂ ਨਾਲ ਗਲਤ ਹਰਕਤਾਂ ਵੀ ਕਰਦੇ ਆ। 'ਪੰਜਾਬ ਵੱਸਦਾ ਗੁਰਾਂ ਦੇ ਨਾਂ 'ਤੇ' ਦੇ ਸ਼ਬਦਾਂ ਨੂੰ ਲੋਕ ਇੰਜ ਲਾਜ ਲਾ ਰਹੇ ਹਨ। ਉਸ ਸਮੇਂ ਤਾਂ ਸਾਰੇ ਮੱਸੇ ਰੰਗੜ ਬਣੇ ਹੁੰਦੇ। ਅੱਜ ਕੱਲ੍ਹ ਦੇ ਵਿਆਹ ਦੇਖ ਕੇ ਇੰਜ ਲੱਗਦਾ ਕਿ ਸਿੱਖ ਕੌਮ ਵਿਚ ਸਿਰੇ ਦੀ ਗਿਰਾਵਟ ਆ ਗਈ ਐ। ਜੋ ਕੁਝ ਉਥੇ ਲੋਕਾਂ ਨਾਲ ਵਾਪਰ ਰਿਹਾ ਹੈ, ਲੋਕ ਆਪ ਇਸ ਸਭ ਕੁਝ ਦੇ ਜ਼ਿੰਮੇਵਾਰ ਨੇ।" ਕਰਤਾਰੇ ਬਾਬੇ ਨੇ ਹੁਣ ਦੇ ਪੰਜਾਬ ਦਾ ਸ਼ੀਸ਼ਾ ਦਿਖਾਉਂਦਿਆਂ ਦੱਸਿਆ।

"ਕਰਤਾਰ ਸਿਆਂ! ਪੰਜੇ ਉਂਗਲਾਂ ਬਰਾਬਰ ਨਹੀਂ ਹੁੰਦੀਆਂ। ਗੁਰੂ ਪਿਆਰੇ ਵੀ ਵਸਦੇ ਨੇ ਉਥੇ, ਤੂੰ ਇਕੋ ਰੱਸੇ ਨਾ ਬੰਨ੍ਹ ਸਾਰਿਆਂ ਨੂੰ।" ਪਾਖਰ ਬਾਬੇ ਨੇ ਕਿਹਾ।

"ਮੈਂ ਇਸ ਤਰ੍ਹਾਂ ਤਾਂ ਕਿਹਾ ਨਹੀਂ ਪਰ ਬਹੁਤੇ ਇਸੇ ਤਰ੍ਹਾਂ ਦੇ ਲੋਕ ਹਨ।" ਕਰਤਾਰੇ ਬਾਬੇ ਨੇ ਸਫਾਈ ਦਿੱਤੀ।

"ਜ਼ਮਾਨਾ ਬਾਹਲਾ ਅਡਵਾਂਸ ਹੋ ਗਿਆ। ਕਹਿਣ ਨੂੰ ਤਾਂ ਤਰੱਕੀ ਹੈ ਪਰ ਇਹ ਸਭ ਉਜਾੜੇ ਦਾ ਘਰ ਐ।" ਫੌਜੀ ਜਿਵੇਂ ਦਿਲੋਂ ਫਿਕਰ ਕਰ ਗਿਆ ਹੋਵੇ।

"ਸੱਚ ਫੌਜੀਆ! ਤੂੰ ਜਾ ਆਇਆ ਰਿਸ਼ਤੇਦਾਰਾਂ ਵੱਲ।" ਪਿਆਰੇ ਨੇ ਪੁੱਛਿਆ।

"ਮੈਂ ਵੀ ਜਾ ਆਇਆ, ਨੂੰਹ ਰਾਣੀ ਦੇ ਭਤੀਜੇ ਦਾ ਜਨਮ ਦਿਨ ਸੀ। ਜੋ ਮੈਂ ਉਥੇ ਦੇਖ ਕੇ ਆਇਆਂ, ਉਹ ਤਾਂ ਗੱਲ ਸਿਰੇ ਹੀ ਲੱਗੀ ਪਈ ਐ।" ਪਿਆਰੇ ਨੇ ਕਿਹਾ।

"ਉਹ ਕਿਵੇਂ?" ਸਭ ਨੇ ਇਕੱਠਿਆਂ ਪੁਛਿਆ।

"ਕਰਤਾਰ ਸਿਉਂ ਦੇ ਦੱਸਣ ਮੁਤਾਬਕ ਪੰਜਾਬ ਵਿਚ ਲੋਕ ਡਾਂਸਰ ਕੁੜੀਆਂ ਦਾ ਗਰੁਪ ਲੈ ਆਉਂਦੇ ਆ, ਤੇ ਸਟੇਜ 'ਤੇ ਨਚਾਉਂਦੇ ਆ ਪਰ ਇਥੇ ਤਾਂ ਲੋਕ ਡੀ. ਜੇ. 'ਤੇ ਆਪਣੀਆਂ ਬੱਚੀਆਂ ਨੂੰ ਨਚਾਉਂਦੇ ਆ।"

"ਉਹ ਕਿਵੇਂ?" ਪਾਖਰ ਵਿਚੋਂ ਹੀ ਬੋਲ ਪਿਆ।

"ਮੇਜ਼ ਤੇ ਕੁਰਸੀਆਂ ਲੱਗੇ ਹੋਏ ਆ। ਖੂੰਜੇ ਵਿਚ ਬਾਰ ਬਣੀ ਹੋਈ ਆ ਜਿਥੋਂ ਸ਼ਰਾਬ ਮਿਲਦੀ ਆ। ਲੋਕ ਜਾਂਦੇ ਆ, ਆਪਣੀ ਮਨਪਸੰਦ ਦੀ ਸ਼ਰਾਬ ਦਾ ਗਲਾਸ ਭਰਾ ਲਿਆਉਂਦੇ ਆ। ਮੁਰਗਾ, ਮੱਛੀ, ਭੁੰਨਿਆ ਹੋਇਆ। ਪੀ-ਖਾ ਕੇ ਲਲਕਾਰੇ ਵੱਜਦੇ ਆ। ਮੁੰਡੇ ਵਾਲੇ ਮੁੰਡੇ ਤੋਂ ਕੇਕ ਕਟਵਾਉਂਦੇ ਆ। ਫਿਰ ਡੀ. ਜੇ. ਚਲਦਾ ਹੈ। ਬੰਦੇ ਤੇ ਜਨਾਨੀਆਂ ਇਕੱਠੇ ਗਿੱਧਾ ਤੇ ਭੰਗੜਾ ਪਾਉਂਦੇ ਆ। 10-15 ਮਿੰਟ ਪਿੜ ਵਿਚ ਭੂਚਾਲ ਆ ਜਾਂਦਾ ਹੈ। ਜਨਾਨੀਆਂ ਥੱਕ ਕੇ ਕੁਰਸੀਆਂ ਮੱਲ ਲੈਂਦੀਆਂ ਤੇ ਬੰਦੇ ਫਿਰ ਗਲਾਸ ਭਰਾਉਣ ਚਲੇ ਜਾਂਦੇ ਹਨ। ਫਿਰ ਡੀ. ਜੇ. ਵਾਲਾ ਸਭ ਨੂੰ ਸੰਬੋਧਨ ਹੁੰਦਾ ਹੈ, 'ਇਹ ਛੋਟੀ ਪਰੀ ਤੁਹਾਨੂੰ ਫਲਾਣੇ ਗੀਤ 'ਤੇ ਡਾਂਸ ਕਰਕੇ ਦਿਖਾਏਗੀ।'

ਫਿਰ ਪੰਜ ਸਾਲ ਦੀ ਕੁੜੀ ਪਿੜ ਵਿਚ ਖੜ੍ਹ ਜਾਂਦੀ ਐ ਤੇ ਡੀ. ਜੇ. ਵਾਲੇ ਵਨ-ਟੂ-ਥਰੀ ਕਰਕੇ ਗਾਣਾ ਚਲਾਉਂਦਾ ਹੈ, 'ਲੱਕ ਟਵੰਟੀ ਏਟ ਕੁੜੀ ਦਾ, ਫੋਰਟੀ ਸੈਵਨ ਵੇਟ ਕੁੜੀ ਦਾ।' ਕੁੜੀ ਨੱਚਣਾ ਸ਼ੁਰੂ ਕਰ ਦਿੰਦੀ ਐ। ਕੁੜੀ ਦੀ ਮਾਂ ਤੇ ਪਿਉ ਖੁਸ਼ੀ ਵਿਚ ਖੀਵੇ ਹੋ ਰਹੇ ਹੁੰਦੇ ਤੇ ਉਹ ਆਪਣੀ ਧੀ ਉਪਰ ਦੀ ਨੋਟਾਂ ਦੀ ਵਰਖਾ ਸ਼ੁਰੂ ਕਰ ਦਿੰਦੇ ਹਨ। ਇਸੇ ਤਰ੍ਹਾਂ ਹੋਰ ਕੁੜੀਆਂ ਵੀ ਆ ਜਾਂਦੀਆਂ ਹਨ। ਕੋਈ ਪੰਜ ਸਾਲ, ਕੋਈ ਸੱਤ ਜਾਂ ਨੌਂ ਸਾਲ ਦੀ। ਕਈ ਆਪਣੇ ਮੁੰਡਿਆਂ ਨੂੰ ਲਿਆਉਂਦੇ ਹਨ ਕਿ ਇਸ ਨੇ ਫਲਾਣੇ ਗੀਤ 'ਤੇ ਭੰਗੜਾ ਪਾਉਣਾ ਹੈ। ਜਿਨ੍ਹਾਂ ਗੀਤਾਂ ਨੂੰ ਅਸੀਂ ਅਸ਼ਲੀਲਤਾ ਦਾ ਸਰਟੀਫਿਕੇਟ ਦੇ ਚੁਕੇ ਹਾਂ, ਉਨ੍ਹਾਂ ਹੀ ਗੀਤਾਂ 'ਤੇ ਛੋਟੀਆਂ ਬੱਚੀਆਂ ਤੋਂ ਗਿੱਧਾ, ਭੰਗੜਾ ਪਵਾਇਆ ਜਾਂਦਾ ਹੈ। ਤੌਬਾ ਮੇਰੇ ਮਾਲਕਾ ਤੌਬਾ!" ਫੌਜੀ ਨੇ ਕੰਨਾਂ 'ਤੇ ਹੱਥ ਧਰਦਿਆਂ ਗੱਲ ਮੁਕਾਈ।

"ਫੌਜੀਆ, ਜੇ ਧੀਆਂ ਮੁਟਿਆਰਾਂ ਹੋ ਕੇ ਜਵਾਨੀ ਤੋਂ ਤਿਲਕ ਜਾਣ ਤਾਂ ਮਾਪੇ ਧੀ ਨੂੰ ਕੋਸਣ ਲੱਗ ਪੈਂਦੇ ਆ ਕਿ ਸਾਥੋਂ ਕਿਥੇ ਕਮੀ ਰਹਿ ਗਈ ਸੀ, ਜੋ ਤੂੰ ਮੂੰਹ ਕਾਲਾ ਕਰਦੀ ਫਿਰਦੀ ਐਂ। ਫਿਰ ਪੁੱਛਣ ਵਾਲਾ ਹੋਵੇ ਕਿ ਤੁਸੀਂ ਆਪ ਤਾਂ ਗਾਣਿਆਂ 'ਤੇ ਭੰਗੜਾ ਪਵਾਉਂਦੇ ਰਹੇ ਹੋ। ਕੁੜੀਆਂ ਨੇ ਇਹੀ ਕੁਝ ਕਰਨਾ। ਜਿਹਾ ਬੀਜੋਗੇ, ਉਹੀ ਵੱਢਣਾ ਪੈਣਾ।" ਕਰਤਾਰ ਸਿਉਂ ਨੇ ਕਿਹਾ।

ਇਨ੍ਹਾਂ ਮੁਲਕਾਂ ਨੇ ਸਾਨੂੰ ਬਹੁਤ ਕੁਝ ਦਿੱਤਾ ਪਰ ਅਸੀਂ ਸਿਆਣੇ ਨਹੀਂ ਬਣ ਸਕੇ। ਲੋੜੋਂ ਵੱਧ ਕੰਮ, ਦਿਖਾਵੇ ਦੀ ਭੇਡ-ਚਾਲ, ਚਾਦਰ ਦੇਖ ਕੇ ਪੈਰ ਨਾ ਪਸਾਰਨਾ, ਇਥੇ ਸਾਡੇ ਬੰਦਿਆਂ ਨੂੰ ਖੋਖਲਾ ਕਰ ਜਾਂਦਾ ਹੈ। ਜਿਥੇ ਪੰਜਾਬੀ ਗਏ, ਉਥੇ ਉਨ੍ਹਾਂ ਨਿਸ਼ਾਨ ਸਾਹਿਬ ਗੱਡ ਲਏ, ਪਰ ਨਾਲ ਹੀ ਭੈੜੀਆਂ ਆਦਤਾਂ ਦੇ ਝੰਡੇ ਵੀ ਗੱਡੇ। ਕਿੰਨੇ ਪੰਜਾਬੀ ਨਸ਼ੇ ਦੀ ਢੋ-ਢੁਆਈ ਕਰਦੇ ਫੜੇ ਗਏ, ਕਿੰਨੇ ਨਸ਼ਾ ਵੇਚਦੇ ਫੜੇ ਗਏ। ਰਾਤੋ-ਰਾਤ ਮਿਲੀਨੇਅਰ ਬਣਨ ਦੇ ਸੁਪਨੇ ਪੰਜਾਬੀਆਂ ਨੂੰ ਮਹਿੰਗੇ ਪਏ ਰਹੇ ਆ। ਓ ਭਾਈ! ਥੋੜ੍ਹੀ ਖਾ ਲਵੋ ਪਰ ਮਿਹਨਤ ਕਰਕੇ ਖਾਵੋ।" ਪਾਖਰ ਵੀ ਸਿਰੇ ਦੀ ਸੁਣਾ ਗਿਆ।

"ਪਾਖਰ ਸਿਆਂ! ਮਿਹਨਤ ਕਰਕੇ ਬੰਦਾ ਇਥੇ ਵਧੀਆ ਰੋਟੀ ਖਾ ਸਕਦਾ ਪਰ ਡੁੱਬੀ ਤਾਂ ਜੇ ਸਾਹ ਨਾ ਆਇਆ! ਦੇਖਾ-ਦੇਖੀ ਕਰਜ਼ੇ ਦੀ ਪੰਡ ਚੁੱਕਦੇ ਆ। ਕੰਮ ਤਾਂ ਕਰਨ ਵਾਲਾ, ਬਈ ਬੱਚਿਆਂ ਨਾਲ ਵੱਧ ਤੋਂ ਵੱਧ ਸਮਾਂ ਬਤੀਤ ਕਰੀਏ, ਉਨ੍ਹਾਂ ਦੀ ਹਰ ਬੋਲ-ਚਾਲ ਦਾ ਤੁਹਾਨੂੰ ਪਤਾ ਹੋਣਾ ਚਾਹੀਦਾ। ਕੰਮ ਬੇਸ਼ਕ ਘੱਟ ਕਰ ਲਵੋ। ਜੇ ਤੁਸੀਂ ਧਿਆਨ ਨਾਲ ਬੱਚੇ ਪਾਲ-ਪਲੋਸ ਕੇ ਪੜ੍ਹਾ-ਲਿਖਾ ਗਏ, ਫਿਰ ਸਮਝੋ, ਸੋਨੇ ਦੀ ਖੱਡ ਤੁਹਾਨੂੰ ਲੱਭ ਗਈ। ਜੇ ਬੱਚੇ ਨਹੀਂ ਸਾਂਭੇ, ਜਿਹੜਾ ਕੋਲ ਸੋਨਾ ਹੈ, ਉਹ ਵੀ ਚਲਿਆ ਜਾਊ।" ਫੌਜੀ ਦਾ ਆਖਣਾ ਸੀ।

"ਫੌਜੀਆ! ਮੁਆਫ ਕਰੀਂ ਤੇਰੀ ਗੱਲ ਕੱਟਦਾਂ। ਆਹ ਕੈਨੇਡਾ ਵਿਚ ਇਸੇ ਤਰ੍ਹਾਂ ਹੀ ਹੁੰਦਾ ਹੈ। ਆਪਣੇ ਪੰਜਾਬੀ ਬੱਚਿਆਂ ਦਾ ਖਿਆਲ ਨਹੀਂ ਰਖਦੇ, ਕੰਮ 'ਤੇ ਕੰਮ ਕਰੀ ਜਾਂਦੇ ਆ। ਪਤਾ ਲਗਦਾ ਨਹੀਂ, ਕਦੋਂ ਪੰਦਰਾਂ ਸਾਲਾਂ ਦਾ ਜਵਾਕ ਨਸ਼ੇ ਦੀ ਦਲਦਲ ਵਿਚ ਫਸ ਜਾਂਦਾ।" ਪਿਆਰੇ ਠੇਕੇਦਾਰ ਨੇ ਕਿਹਾ।

"ਬਿਲਕੁਲ ਇੰਜ ਹੀ ਹੁੰਦਾ ਐ। ਆਹ ਤੁਸੀਂ ਪੰਜਾਬ ਵਿਚ ਦੇਖ ਲਵੋ। ਸਕੂਲਾਂ, ਕਾਲਜਾਂ, ਯੂਨੀਵਰਸਿਟੀਆਂ ਵਿਚ ਗਾਉਣ ਵਾਲੇ ਜਾਂਦੇ ਆ। ਮੁੰਡੇ-ਕੁੜੀਆਂ ਦਾ ਠਾਠਾਂ ਮਾਰਦਾ ਇਕੱਠ ਮੂਹਰੇ ਸੁਣਨ ਨੂੰ ਖੜ੍ਹਾ ਹੁੰਦਾ। ਯੂ-ਟਿਊਬ 'ਤੇ ਕਿਸੇ ਵੀ ਗਾਉਣ ਵਾਲੇ ਦਾ ਪ੍ਰੋਗਰਾਮ ਸੁਣ ਲਉ। ਮੁੰਡਿਆਂ ਨਾਲੋਂ ਕੁੜੀਆਂ ਜ਼ਿਆਦਾ ਟੱਪਦੀਆਂ। ਸੌ ਵਿਚੋਂ ਪੰਜ ਮੁੰਡਿਆਂ ਦੇ ਪੱਗ ਬੰਨ੍ਹੀ ਨਜ਼ਰ ਆਊ, 95 ਦੇ ਕੇਸ ਕੁਤਰੇ ਹੋਏ ਮਿਲਣਗੇ। ਪੰਜਾਬ ਦਾ ਪਾਣੀ ਜਮਾਂ ਸੇਫ ਨਹੀਂ। ਹੁਣ ਲੋੜ ਤਾਂ ਇਹ ਹੈ ਕਿ ਸੁਧਾਈ ਆਪਣੇ ਘਰੋਂ ਹੀ ਕੀਤੀ ਜਾਵੇ। ਫਿਰ ਮੁਹੱਲੇ, ਫਿਰ ਪਿੰਡ ਵਾਰ ਪਰ ਕਰੇ ਕੌਣ? ਹਰ ਕੋਈ ਇਹੀ ਸੋਚਦਾ ਕਿ ਫਲਾਣੇ ਦਾ ਮੁੰਡਾ ਨਸ਼ੇ ਨੂੰ ਲੱਗ ਗਿਆ ਮੈਨੂੰ ਕੀ? ਸਾਡਾ ਮੁੰਡਾ ਤਾਂ ਨਸ਼ਾ ਨਹੀਂ ਕਰਦਾ ਪਰ ਕੌਣ ਸਮਝਾਵੇ ਕਿ ਅੱਗ ਦੀ ਲਪੇਟ ਵਿਚ ਗੁਆਂਢੀ ਵੀ ਆ ਜਾਂਦਾ ਹੈ।" ਕਰਤਾਰੇ ਬਾਬੇ ਨੇ ਕਿਹਾ।


"ਸੱਚੀਂ, ਆਹ ਗਾਉਣ ਵਾਲਿਆਂ ਨੇ ਵੀ ਅੱਤ ਕੀਤੀ ਪਈ ਆ। ਲੋਕ ਇਨ੍ਹਾਂ ਨੂੰ ਰੁਪਏ ਕਿਉਂ ਦੇਈ ਜਾਂਦੇ ਆ?" ਫੌਜੀ ਬੋਲਿਆ।

"ਲੋਕ ਚਾਹੁਣ ਤਾਂ ਬਹੁਤ ਕੁਝ ਕਰ ਸਕਦੇ ਆ ਪਰ ਲੋਕ ਭਲਾ ਕਰਨ ਨਾਲੋਂ ਭਲਾ ਕਰ ਰਹੇ ਦੀਆਂ ਲੱਤਾਂ ਖਿੱਚ ਲੈਂਦੇ ਆ ਤਾਂ ਅਗਾਂਹ ਵਧ ਕੇ ਕੋਈ ਚੰਗਾ ਕਾਰਜ ਨਹੀਂ ਕਰਦਾ। ਇਸੇ ਤਰ੍ਹਾਂ ਸਾਡੇ ਵਿਚ ਗਿਰਾਵਟ ਆ ਰਹੀ ਹੈ। ਸ਼ੇਰਾਂ ਦੀ ਕੌਮ ਪੁੱਠੇ ਪਾਸੇ ਨੂੰ ਵਹਿ ਤੁਰੀ ਹੈ। ਚੰਗੇ ਨਤੀਜੇ ਨਹੀਂ ਨਿਕਲਣੇ।" ਪਾਖਰ ਨੇ ਗੱਲ ਮੁਕਾਈ।

"ਵਾਹਿਗੁਰੂ ਭਲੀ ਕਰੇ, ਸੁਮੱਤ ਬਖਸ਼ੇ!" ਸਭ ਨੇ ਇਕੱਠਿਆਂ ਨੇ ਕਿਹਾ।

# ਖਾਣ ਨੂੰ ਤੈਨੂੰ ਖੀਰ ਦਊਂਗੀ

ਇਹ ਇੱਕ ਪੂਰਨ ਸੱਚ ਹੈ ਕਿ ਜੋ ਕੁਝ ਅਸੀਂ ਆਪਣੀ ਮਾਂ ਬੋਲੀ ਵਿਚ ਲਿਖ, ਪੜ੍ਹ ਅਤੇ ਸਿੱਖ ਸਕਦੇ ਹਾਂ ਤੇ ਮਨ ਦੇ ਹਾਵ ਭਾਵ ਪ੍ਰਗਟ ਕਰ ਸਕਦੇ ਹਾਂ, ਉਹ ਕਿਸੇ ਹੋਰ ਬੋਲੀ ਵਿਚ ਨਹੀਂ ਕਰ ਸਕਦੇ। ਉਂਜ ਇਹ ਇੱਕ ਫੈਸ਼ਨ ਬਣ ਗਿਆ ਹੈ ਕਿ ਗੱਲ ਅੰਗਰੇਜ਼ੀ ਬੋਲੀ ਵਿਚ ਕੀਤੀ ਜਾਵੇ, ਕਿਉਂਕਿ ਪੰਜਾਬੀ ਬੋਲਣ ਵਾਲੇ ਨੂੰ ਅਨਪੜ੍ਹ ਗੰਵਾਰ ਸਮਝਿਆ ਜਾਂਦਾ ਹੈ। ਅਮੀਰ ਅਤੇ ਸਰਦੇ ਪੁੱਜਦੇ ਲੋਕ ਆਪਣੇ ਬੱਚਿਆਂ ਨੂੰ ਅੰਗਰੇਜ਼ੀ ਮਾਧਿਅਮ ਸਕੂਲਾਂ ਵਿਚ ਪੜ੍ਹਾਉਂਦੇ ਹਨ ਅਤੇ ਥੱਬਾ ਰੁਪਿਆਂ ਦਾ ਖਰਚ ਕਰ ਸਕਦੇ ਹਨ, ਪਰ ਗਰੀਬ ਲੋਕ ਅਜਿਹਾ ਨਹੀਂ ਕਰ ਸਕਦੇ, ਉਹ ਮਜਬੂਰੀਆਂ ਦੇ ਮਾਰੇ ਹੁੰਦੇ ਹਨ ਤੇ ਆਪਣੀਆਂ ਮੁਢਲੀਆਂ ਲੋੜਾਂ ਹੀ ਮੁਸ਼ਕਿਲ ਨਾਲ ਪੂਰੀਆਂ ਕਰਦੇ ਹਨ। ਇਸ ਕਾਰਨ ਹੀ ਗਰੀਬਾਂ ਦੇ ਬੱਚੇ ਮੁਕਾਬਲੇ ਦੇ



ਡਾ. ਅਜੀਤ ਸਿੰਘ ਕੋਟਕਪੂਰਾ
ਫੋਨ: 585-305-0443

ਇਮਤਿਹਾਨਾਂ ਵਿਚ ਪੱਛੜ ਜਾਂਦੇ ਹਨ। ਸਰਕਾਰਾਂ ਵਿਚ ਸ਼ਾਮਿਲ ਸਰਦੇ ਪੁਜਦੇ ਲੋਕ ਵੀ ਇਹੋ ਚਾਹੁੰਦੇ ਹਨ ਅਤੇ ਇਸੇ ਲਈ ਨਿਜੀ ਸਕੂਲਾਂ ਨੂੰ ਮਨ ਮਰਜ਼ੀਆਂ ਕਰਨ ਦੀ ਖੁੱਲ੍ਹ ਦਿਤੀ ਜਾਂਦੀ ਹੈ। ਉਚ ਅਦਾਲਤ ਨੇ ਇਸ ਵਰਤਾਰੇ ਨੂੰ ਠੱਲ ਪਾਉਣ ਦੇ ਯਤਨ ਕੀਤੇ ਹਨ, ਜੋ ਬਹੁਤੇ ਕਾਰਗਰ ਸਿੱਧ ਨਹੀਂ ਹੋ ਰਹੇ। ਸਰਕਾਰ ਨੂੰ ਇਸ ਪਾਸੇ ਵਲ ਹੋਰ ਠੋਸ ਕਦਮ ਚੁੱਕਣ ਦੀ ਲੋੜ ਹੈ।

ਮਨੋਵਿਗਿਆਨੀ ਅਤੇ ਭਾਸ਼ਾ ਵਿਗਿਆਨੀ ਬਹੁਤ ਸਾਰੇ ਤਜਰਬਿਆਂ ਦਾ ਹਵਾਲਾ ਦੇ ਕੇ ਸਾਬਤ ਕਰ ਰਹੇ ਹਨ ਕਿ ਮੁਢਲੀਆਂ 4-5 ਜਮਾਤਾਂ ਵਿਚ ਕੇਵਲ ਮਾਂ ਬੋਲੀ ਵਿਚ ਹੀ ਸਿਖਿਆ ਦਿਤੀ ਜਾਵੇ ਅਤੇ ਮਾਂ ਬੋਲੀ ਪੜ੍ਹਾਉਣ 'ਤੇ ਹੀ ਜ਼ੋਰ ਦਿੱਤਾ ਜਾਵੇ। ਉਸ ਪਿਛੋਂ ਹੀ ਕੋਈ ਹੋਰ ਭਾਸ਼ਾ ਪੜ੍ਹਾਈ ਜਾਵੇ। ਮਾਂ ਬੋਲੀ ਨੂੰ ਚੰਗੀ ਤਰ੍ਹਾਂ ਸਮਝ ਕੇ, ਦੂਜੀਆਂ ਭਾਸ਼ਾਵਾਂ, ਹਿਸਾਬ ਜਾਂ ਗਣਿਤ, ਸਾਇੰਸ ਅਤੇ ਹੋਰ ਵਿਸ਼ਿਆਂ ਨੂੰ ਸਮਝ ਕੇ ਇਨ੍ਹਾਂ ਵਿਸ਼ਿਆਂ ਵਿਚ ਉਚੇਰੀ ਵਿਦਿਆ ਹਾਸਲ ਕਰ ਸਕਦੇ ਹਾਂ। ਇਹ ਗੱਲਾਂ ਗਰੀਬ ਮਾਪਿਆਂ ਤਕ ਪਹੁੰਚਾਉਣੀਆਂ ਜਰੂਰੀ ਹਨ ਤਾਂ ਜੋ ਉਹ ਮਹਿਸੂਸ ਕਰਨ ਕਿ ਅਸੀਂ ਜੇ ਸਰਕਾਰੀ ਸਕੂਲਾਂ 'ਚ ਵਿਦਿਆ ਦਿਵਾ ਰਹੇ ਹਾਂ ਤਾਂ ਅਸੀਂ ਬੱਚਿਆਂ ਨਾਲ ਬੇਇਨਸਾਫੀ ਨਹੀਂ ਕਰ ਰਹੇ। ਆਮ ਤੌਰ 'ਤੇ ਬਹੁਤ ਸਾਰੇ ਘਰਾਂ 'ਚ ਮਾਪੇ ਬੱਚਿਆਂ ਨਾਲ ਅੰਗਰੇਜ਼ੀ ਜਾਂ ਹਿੰਦੀ ਵਿਚ ਗੱਲ ਕਰਨ ਨੂੰ ਤਰਜੀਹ ਦਿੰਦੇ ਹਨ। ਉਹ ਪੰਜਾਬੀ ਵਿਚ ਗੱਲ ਕਰਨ ਨੂੰ ਘਟੀਆਪਨ ਸਮਝਦੇ ਹਨ। ਆਮ ਤੌਰ 'ਤੇ ਸ਼ਹਿਰੀ ਵਸੋਂ ਦੀ ਬਹੁਤਾਤ ਇਸ ਤਰ੍ਹਾਂ ਕਰਦੀ ਹੈ, ਉਹ ਪੰਜਾਬੀ ਨੂੰ ਅਨਪੜ੍ਹ ਗੰਵਾਰਾਂ ਦੀ ਭਾਸ਼ਾ ਸਮਝਦੇ ਹਨ, ਜਦੋਂ ਕਿ ਅਜਿਹਾ ਕਰ ਕੇ ਅਸੀਂ ਆਪਣੀ ਔਲਾਦ ਨੂੰ ਵਿਰਸੇ ਨਾਲੋਂ ਤੋੜ ਰਹੇ ਹਾਂ। ਜੋ ਆਪਣੀ ਮਾਂ ਬੋਲੀ ਤੋਂ ਟੁੱਟ ਜਾਂਦਾ ਹੈ, ਉਹ ਆਤਮਿਕ ਤੌਰ 'ਤੇ ਅਤਿ ਕਮਜ਼ੋਰ ਹੋ ਜਾਂਦਾ ਹੈ, ਉਹ ਗੁਰਬਾਣੀ ਦੇ ਗਿਆਨ ਤੋਂ ਕੋਰਾ ਰਹਿ ਜਾਂਦਾ ਹੈ। ਗੁਰਬਾਣੀ ਪੰਜਾਬ ਦੇ ਲੋਕਾਂ ਨੂੰ ਬਖਸ਼ੀ ਹੋਈ ਰੂਹਾਨੀ ਖੁਸ਼ੀ ਪ੍ਰਾਪਤ ਕਰਨ ਦੀ ਸਾਧਨ ਹੀ ਨਹੀਂ ਸਗੋਂ ਜੀਵਨ ਨੂੰ ਅਨੰਦਮਈ ਜੀਣ ਦਾ ਢੰਗ ਹੈ। ਸਰਦੇ ਪੁਜਦੇ ਲੋਕ ਆਪਣੇ ਬੱਚਿਆਂ ਨੂੰ ਕੇਵਲ ਅੰਗਰੇਜ਼ੀ ਹੀ ਪੜ੍ਹਾ ਰਹੇ ਹਨ। ਇਸ ਤਰ੍ਹਾਂ ਉਹ ਮਹਿਸੂਸ ਕਰ ਰਹੇ ਹਨ ਕਿ ਅੰਗਰੇਜ਼ੀ ਸਾਨੂੰ ਅਤੇ ਸਾਡੇ ਬੱਚਿਆਂ ਨੂੰ ਕੋਈ ਨੁਕਸਾਨ ਜਾਂ ਹਾਨੀ ਨਹੀਂ ਪੁਚਾ ਰਹੀ। ਸਗੋਂ ਉਹ ਪੜ੍ਹ-ਲਿਖ ਕੇ ਉਚੀਆਂ ਪਦਵੀਆਂ ਪ੍ਰਾਪਤ ਕਰ ਰਹੇ ਹਨ। ਫੇਰ ਸਾਨੂੰ ਇਹ ਕਿਉਂ ਆਖਿਆ ਜਾਂਦਾ ਹੈ, "ਜੇ ਮਾਂ ਬੋਲੀ ਨੂੰ ਭੁੱਲ ਜਾਓਗੇ, ਕੱਖਾਂ ਵਾਂਗੂ ਰੁਲ ਜਾਓਗੇ।"

ਅਸਲ ਵਿਚ ਪੰਜਾਬ 'ਚ ਸਿਖਿਆ ਸੁਧਾਰਾਂ ਦੀ ਵੱਡੇ ਪੱਧਰ 'ਤੇ ਲਹਿਰ ਚਲਾਉਣ ਦੀ ਲੋੜ ਹੈ। ਸਰਕਾਰੀ ਸਕੂਲਾਂ ਦੀ ਸੂਰਤ ਅਤੇ ਸੀਰਤ ਦੀ ਕਾਇਆ ਕਲਪ ਕਰਨ ਦੀ ਲੋੜ ਹੈ। ਉਥੇ ਯੋਗ ਅਧਿਆਪਕ ਰੱਖੇ ਜਾਣ ਅਤੇ ਉਨ੍ਹਾਂ ਨੂੰ ਪੜ੍ਹਾਈ ਕਰਵਾਉਣ ਤੋਂ ਬਿਨਾ ਹੋਰ ਵਾਧੂ ਕੰਮ ਨਾ ਦਿਤੇ ਜਾਣ। ਤਨਖਾਹ ਵੀ ਪ੍ਰੋਫੈਸਰ ਦੇ ਪੱਧਰ ਦੀ ਹੋਵੇ ਤਾਂ ਜੋ ਉਹ ਆਪਣੀ ਘਰੇਲੂ ਜ਼ਿੰਮੇਵਾਰੀਆਂ ਵਿਚ ਪੈਸੇ ਦੀ ਥੁੜ ਨਾ ਮਹਿਸੂਸ ਕਰਨ ਅਤੇ ਕੇਵਲ ਤੇ ਕੇਵਲ ਬੱਚਿਆਂ ਦੇ ਵਿਕਾਸ ਬਾਰੇ ਸੋਚ ਸਕਣ। ਉਹ ਤਾਂ ਹੀ ਨਿੱਕੇ ਬਾਲਾਂ ਦੇ ਕੋਮਲ ਦਿਲਾਂ 'ਚ ਪਿਆਰ ਅਤੇ ਗਿਆਨ ਦੇ ਅੱਖਰ ਉਕਰ ਸਕਣਗੇ। ਸਰਕਾਰੀ ਅਤੇ ਨਿਜੀ ਸਕੂਲਾਂ 'ਚ ਮਾਂ ਬੋਲੀ ਨੂੰ ਇਕੋ ਜਿਹਾ ਰੁਤਬਾ ਦੇਣ ਦੀ ਲੋੜ ਹੈ। ਹੁਣ ਤਾਂ ਨਿਜੀ ਸਕੂਲਾਂ 'ਚ ਪੰਜਾਬੀ ਜਾਂ ਮਾਂ ਬੋਲੀ ਬੋਲਣ 'ਤੇ ਜੁਰਮਾਨਾ ਕੀਤਾ ਜਾਂਦਾ ਹੈ, ਭਾਵੇਂ ਉਹ ਜਮਾਤਾਂ ਤੋਂ ਬਾਹਰ ਆਪਣੇ ਸਾਥੀਆਂ ਨਾਲ ਖੇਡ ਰਹੇ ਹੋਣ। ਕੋਰਸ 'ਚ ਲੱਗੀਆਂ ਕਿਤਾਬਾਂ ਮਿਆਰੀ ਪੱਧਰ ਦੀਆਂ ਹੋਣ ਅਤੇ ਉਨ੍ਹਾਂ 'ਚ ਕਲਪਨਾਸ਼ੀਲ ਅਤੇ ਦਿਲਾਂ ਨੂੰ ਟੁੰਬਣ ਵਾਲੀਆਂ ਰਚਨਾਵਾਂ ਸ਼ਾਮਿਲ ਕੀਤੀਆਂ ਜਾਣ। ਸਾਰੇ ਪੰਜਾਬ ਅਤੇ ਸਾਰੇ ਭਾਰਤ 'ਚ ਇਕੋ ਤਰ੍ਹਾਂ ਦੀ ਸਿਖਿਆ ਪ੍ਰਣਾਲੀ ਲਾਗੂ ਕੀਤੀ ਜਾਵੇ। ਪਲੱਸ ਟੂ ਜਾਂ ਬਾਰਵੀਂ ਜਮਾਤ ਤਕ ਹਰ ਵਿਦਿਆਰਥੀ ਨੂੰ ਇਕੋ ਜਿਹੀਆਂ ਸਹੂਲਤਾਂ ਦਿਤੀਆਂ ਜਾਣ। ਉਸ ਪਿਛੋਂ ਹੀ ਵੱਖ ਵੱਖ ਕੋਰਸਾਂ ਦੇ ਦਾਖਲੇ ਲਈ ਇਕੋ ਜਿਹੇ ਪੱਧਰ ਦੇ ਇਮਤਿਹਾਨ ਹੋਣ।

ਪ੍ਰੰਤੂ ਅਸੀਂ ਤਾਂ ਚੱਕੀ ਨੂੰ ਉਲਟਾ ਚਲਾਉਣ ਲਈ ਯਤਨ ਕਰ ਰਹੇ ਹਾਂ, ਛੋਟੇ ਛੋਟੇ ਬੱਚਿਆਂ ਨਾਲ ਜ਼ੁਲਮ ਕਮਾ ਰਹੇ ਹਾਂ ਅਤੇ ਅਸੀਂ ਸਕੂਲਾਂ ਵਿਚ ਪਹਿਲੀ ਤੋਂ ਹੀ ਅੰਗਰੇਜ਼ੀ ਪੜ੍ਹਾਉਣ ਲਈ ਯਤਨ ਕਰ ਰਹੇ ਹਾਂ। ਮਾਂ ਬੋਲੀ ਵਿਚ ਸੋਚਣਾ, ਉਸੇ ਬੋਲੀ ਵਿਚ ਆਪਣੇ ਵਿਚਾਰ ਪ੍ਰਗਟ ਕਰਨਾ, ਉਨ੍ਹਾਂ ਵਿਚਾਰਾਂ ਨੂੰ ਸ਼ਬਦਾਂ ਦਾ ਜਾਮਾ ਪਹਿਨਾਉਣਾ ਚਾਹੀਦਾ ਹੈ, ਨਾ ਕਿ ਕਿਸੇ ਹੋਰ ਬੋਲੀ ਵਿਚ ਸ਼ਬਦਾਂ ਦਾ ਜਾਲ ਬੁਣ ਕੇ ਆਪਣੇ ਮੂਲ ਵਿਚਾਰਾਂ ਨੂੰ ਉਲਝਾ ਲਿਆ ਜਾਵੇ। ਸਕੂਲਾਂ 'ਚ ਮੌਜੂਦ ਢਾਂਚਾ ਕਿਸੇ ਵੀ ਤਰ੍ਹਾਂ ਬੱਚਿਆਂ ਨੂੰ ਮੁਢਲੀਆਂ ਜਮਾਤਾਂ ਵਿਚ ਅੰਗਰੇਜ਼ੀ ਪੜ੍ਹਾਉਣ ਦੇ ਅਨੁਕੂਲ ਨਹੀਂ ਹੈ। ਅਜਿਹਾ ਕਰਨ ਲਈ ਕਈ ਤਬਦੀਲੀਆਂ ਕੀਤੇ ਜਾਣ ਦੀ ਲੋੜ ਹੈ। ਇਸ ਦੀ ਥਾਂ ਜੇ ਅਸੀਂ ਮੂਲ ਢਾਂਚਾ ਸੁਧਾਰ ਕੇ ਮਾਂ ਬੋਲੀ ਵਿਚ ਸਿਖਿਆ ਦੇਣ ਦਾ ਯਤਨ ਕਰੀਏ ਤਾਂ ਸਫਲਤਾ ਹਾਸਲ ਕੀਤੀ ਜਾ ਸਕਦੀ ਹੈ। ਬਜਟ ਅੰਦਰ ਸਿਖਿਆ ਲਈ ਵਧੇਰੇ ਰਕਮ ਰੱਖੀ ਜਾਵੇ ਤੇ ਉਹ ਇਮਾਨਦਾਰੀ ਨਾਲ ਸਿਖਿਆ ਸੁਧਾਰ ਲਈ ਹੀ ਵਰਤੀ ਜਾਵੇ। ਲਗਭਗ ਸੱਤ ਦਹਾਕਿਆਂ ਦੀ ਆਜ਼ਾਦੀ ਪਿਛੋਂ ਵੀ ਦੇਸ਼ 'ਚ ਬਹੁਤ ਅਨਪੜ੍ਹ ਹਨ, ਜੋ ਹਾਲੇ ਵੀ ਆਪਣੇ ਦਸਤਖਤ ਨਹੀਂ ਕਰ ਸਕਦੇ ਤੇ ਅੰਗੂਠਾ ਛਾਪ ਹਨ। ਸਾਡੀਆਂ ਸਿਹਤ ਸੇਵਾਵਾਂ ਵੀ ਤਰਸਯੋਗ ਹਾਲਤ ਵਿਚ ਹਨ। ਸਿਖਿਆ ਅਤੇ ਸਿਹਤ ਸਹੂਲਤਾਂ ਵੱਲ ਵਿਸ਼ੇਸ਼ ਤਵੱਜੋ ਦੇਣ ਦੀ ਲੋੜ ਹੈ। ਅਜਿਹਾ ਕਰਨਾ ਦੇਸ਼ ਦੀ ਉਨਤੀ ਲਈ ਬਹੁਤ ਹੀ ਜ਼ਰੂਰੀ ਹੈ ਤਾਂ ਹੀ ਅਸੀਂ ਪੂਰੀ ਤਰ੍ਹਾਂ ਉਨਤ ਨਹੀਂ ਹੋ ਸਕੇ ਹਾਂ।

ਇਥੇ ਮੈਂ ਇੱਕ ਕਵੀ ਦੀਆਂ ਕੁਝ ਸਤਰਾਂ ਦੇਣੀਆਂ ਜਰੂਰੀ ਸਮਝਦਾ ਹਾਂ, ਜਿਨ੍ਹਾਂ ਵਿਚ ਇੱਕ ਮਾਂ ਵਲੋਂ ਆਪਣੇ ਬੱਚਿਆਂ ਨੂੰ ਪੰਜਾਬੀ ਸਿਖਾਉਣ ਦਾ ਸਾਰਥਕ ਯਤਨ ਕੀਤਾ ਗਿਆ ਹੈ,

ਖਾਣ ਨੂੰ ਤੈਨੂੰ ਖੀਰ ਦਊਂਗੀ
ਨਾਲ ਪਕਾ ਦਊਂ ਪੂੜਾ
ਬੈਠਣ ਨੂੰ ਤੈਨੂੰ ਕੁਰਸੀ ਦਊਂਗੀ
ਸੌਣ ਨੂੰ ਲਾਲ ਪੰਘੂੜਾ
ਲਾ ਕੇ ਤੇਲ ਤੇਰੇ ਵਾਹ ਦੂੰ ਬੋਦੇ
ਸਿਰ 'ਤੇ ਕਰ ਦਊਂ ਜੂੜਾ
ਜੇ ਮੇਰਾ ਪੁੱਤ ਬਣਨਾ
ਲਿਖ ਕੇ ਵਿਖਾ ਦੇ ਊੜਾ...।

ਇਸ ਤੋਂ ਸੇਧ ਲੈ ਕੇ ਜੇ ਹੋਰ ਮਾਂਵਾਂ ਵੀ ਯਤਨਸ਼ੀਲ ਹੋ ਜਾਣ ਤਾਂ ਅਸੀਂ ਮਾਂ ਬੋਲੀ ਪੰਜਾਬੀ ਦੇ ਕੁਝ ਅਰਸੇ ਵਿਚ ਖਤਮ ਹੋ ਜਾਣ ਵਾਲੇ ਸ਼ੰਕਿਆਂ ਨੂੰ ਖਤਮ ਕਰ ਸਕਦੇ ਹਾਂ। ਸਾਨੂੰ ਸੁਹਿਰਦ ਹੋ ਕੇ ਇਸ ਪਾਸੇ ਵਲ ਠੋਸ ਕਦਮ ਪੁੱਟਣ ਦੀ ਲੋੜ ਹੈ।

ਸੈਂਟਰਲ ਬੋਰਡ ਆਫ ਸੈਕੰਡਰੀ ਐਜੂਕੇਸ਼ਨ ਨੇ ਪੰਜਾਬ ਅੰਦਰ ਚਲ ਰਹੇ ਕੇਂਦਰੀ ਸਕੂਲਾਂ ਵਿਚ ਕੁਝ ਵਿਸ਼ਿਆਂ ਨੂੰ ਪੰਜਾਬੀ ਅਤੇ ਹੋਰ ਭਾਸ਼ਾਵਾਂ ਵਿਚ ਨਾ ਪੜ੍ਹਾਉਣ ਦਾ ਫੈਸਲਾ ਕੀਤਾ ਹੈ, ਜਿਸ ਦਾ ਵਿਰੋਧ ਹੋ ਰਿਹਾ ਹੈ। ਕੇਂਦਰੀ ਪੰਜਾਬੀ ਲੇਖਕ ਸਭਾ ਵਲੋਂ ਇਸ ਫੈਸਲੇ ਦੀ ਪੁਰਜ਼ੋਰ ਨਿਖੇਧੀ ਕੀਤੀ ਗਈ ਹੈ ਅਤੇ ਇਸ ਪਹੁੰਚ ਨੂੰ ਗੈਰ ਵਿਗਿਆਨਕ ਕਰਾਰ ਦਿੱਤਾ ਗਿਆ ਹੈ। ਇਥੇ ਹੀ ਬਸ ਨਹੀਂ, ਅਧਿਆਪਕਾਂ ਦੇ ਕੌਮੀ ਯੋਗਤਾ ਟੈਸਟ ਨੂੰ ਅੰਗਰੇਜ਼ੀ, ਹਿੰਦੀ ਅਤੇ ਸੰਸਕ੍ਰਿਤ ਵਿਚ ਲੈਣ ਦਾ ਫੈਸਲਾ 2018 ਵਿਚ ਕੀਤਾ ਗਿਆ ਸੀ, ਜਿਸ ਦਾ ਭਾਰੀ ਵਿਰੋਧ ਹੋਇਆ ਸੀ ਅਤੇ ਬੋਰਡ ਨੂੰ ਉਹ ਫੈਸਲਾ ਵਾਪਸ ਲੈਣਾ ਪਿਆ ਸੀ। ਹੁਣ ਵੀ ਸਭ ਨੂੰ ਇਕੱਠੇ ਹੋ ਯਤਨ ਕਰਨ ਦੀ ਲੋੜ ਹੈ ਤਾਂ ਜੋ ਬੋਰਡ ਇਸ ਫੈਸਲੇ 'ਤੇ ਮੁੜ ਵਿਚਾਰ ਕਰ ਕੇ ਇਹ ਗੈਰ ਵਿਗਿਆਨਕ ਫੈਸਲਾ ਵਾਪਸ ਲਵੇ। ਆਓ, ਸਾਰੇ ਆਪਸੀ ਝਗੜਿਆਂ ਤੋਂ ਉਪਰ ਉਠ ਕੇ, ਇਕ ਮੱਤ ਹੋ ਯਤਨ ਕਰੀਏ ਅਤੇ ਬੱਚਿਆਂ ਦੇ ਭਵਿੱਖ ਨੂੰ ਉਜਵਲ ਕਰਨ ਦਾ ਯਤਨ ਕਰੀਏ। ਆਪਣੇ ਘਰਾਂ 'ਚ ਪੰਜਾਬੀ ਬੋਲੀਏ, ਪੰਜਾਬੀ ਨੂੰ ਬਣਦਾ ਸਨਮਾਨ ਦੇਈਏ ਅਤੇ ਬੱਚਿਆਂ ਨੂੰ ਆਪਣੀ ਮਾਂ ਬੋਲੀ ਨਾਲ ਜੋੜ ਕੇ ਵਿਰਸੇ ਬਾਰੇ ਸਮਝਾਈਏ ਤਾਂ ਜੋ ਉਹ ਅਸਾਡੀ ਅਮੀਰ ਵਿਰਾਸਤ ਬਾਰੇ ਜਾਣ ਸਕਣ ਅਤੇ ਇਸ ਵਿਰਸੇ 'ਤੇ ਮਾਣ ਕਰਨ।

# ਭਾਈ ਜਸਵੰਤ ਸਿੰਘ ਖਾਲੜਾ ਦਾ ਮਿਸ਼ਨ

ਭਾਈ ਜਸਵੰਤ ਸਿੰਘ ਖਾਲੜਾ ਨੇ ਲਾਪਤਾ ਹੋਏ ਮਨੁੱਖਾਂ ਦੀਆਂ ਅਣਪਛਾਤੀਆਂ ਲਾਸ਼ਾਂ ਦੀ ਖੋਜ ਕੀਤੀ, ਪਰ ਉਨ੍ਹਾਂ ਦਾ ਮਿਸ਼ਨ ਸਿਰਫ ਏਨਾ ਹੀ ਨਹੀਂ ਸੀ। ਉਹ ਆਪਣੀ ਭਰ ਜਵਾਨੀ ਵਿਚ ਇਕ ਇਨਸਾਫ ਪਸੰਦ ਤੇ ਖੁਸ਼ਹਾਲ ਭਾਈਚਾਰੇ ਦੀ ਸਿਰਜਣਾ ਲਈ ਸਰਗਰਮ ਹੋਏ ਸਨ। ਆਪਣੇ 30 ਸਾਲ ਦੇ ਸੰਘਰਸ਼ਮਈ ਜੀਵਨ ਪਿਛੋਂ ਉਹ ਇਸ ਸਿੱਟੇ 'ਤੇ ਪਹੁੰਚੇ ਸਨ ਕਿ ਸਿਰਫ ਸੱਚਾਈ ਉਤੇ ਟੇਕ ਰੱਖ ਕੇ ਚੱਲਣ ਵਾਲੀ ਨੇਕ ਰਾਜਨੀਤੀ ਹੀ ਮਨੁੱਖੀ ਸਮਾਜ ਨੂੰ ਨਵੀਂ ਦਿਸ਼ਾ ਦੇ ਸਕਦੀ ਹੈ, ਕਿਉਂਕਿ ਜਦੋਂ ਰਾਜਾ ਧਰਮ ਤੋਂ ਦੂਰ ਹੋ ਜਾਏ ਤਾਂ ਉਹ ਸ਼ੀਹ ਬਣ ਜਾਂਦਾ ਏ ਤੇ ਅਹਿਲਕਾਰ ਕੁੱਤੇ ਬਣ ਜਾਂਦੇ ਨੇ। ਇਸ ਲਈ ਇਨਸਾਫ ਪਸੰਦ ਖੁਸ਼ਹਾਲ ਸਮਾਜ ਦੀ ਸਿਰਜਣਾ ਲਈ ਰਾਜ ਉਪਰ ਧਰਮ ਦਾ ਕੁੰਡਾ ਹੋਣਾ ਲਾਜ਼ਮੀ ਏ।


ਇਹੀ ਸ਼ਬਦ ਭਾਈ ਖਾਲੜਾ ਨੇ ਆਪਣੀ ਆਖਰੀ ਤਕਰੀਰ ਵਿਚ ਦੁਹਰਾਏ ਸਨ, ਪਰ ਬਾਦਲਕਿਆਂ ਤੇ ਅਮਰਿੰਦਰਕਿਆਂ ਨੇ ਹੁਣ ਤਕ ਧਰਮ ਨੂੰ ਸਿਰਫ ਆਪਣੀ ਭ੍ਰਿਸ਼ਟ ਚੋਣ ਰਾਜਨੀਤੀ ਲਈ ਹੀ ਵਰਤਿਆ ਹੈ, ਜਿਸ ਦੀ ਸਪਸ਼ਟ ਮਿਸਾਲ ਬਾਦਲਕਿਆਂ ਵਲੋਂ ਗੁਰੂ ਗ੍ਰੰਥ ਸਾਹਿਬ ਦੀ ਬੇਅਦਬੀ ਕਰਵਾਉਣੀ ਤੇ ਅਮਰਿੰਦਰਕਿਆਂ ਵਲੋਂ ਇਸ ਬੇਅਦਬੀ ਦੇ ਦੋਸ਼ੀਆਂ ਨੂੰ ਬਚਾਉਣਾ ਹੈ। ਅੰਨ੍ਹੇ ਬੋਲੇ ਮਾਇਆ ਦੇ ਇਨ੍ਹਾਂ ਪੁਜਾਰੀਆਂ ਨੂੰ ਪਤਾ ਹੀ ਨਹੀਂ ਕਿ ਖੁਸ਼ਹਾਲ ਤੇ ਖੇੜਿਆਂ ਭਰੇ ਸਮਾਜ ਦੀ ਸਿਰਜਣਾ ਲਈ ਪੰਜਾਬ ਦੇ ਲੋਕਾਂ ਕੋਲ ਸਿਰਫ ਗੁਰੂਆਂ ਦੀ ਵਿਚਾਰਧਾਰਾ ਹੀ ਇਕੋ-ਇਕ ਰਾਹ ਹੈ, ਜਿਸ ਉਤੇ ਚੱਲ ਕੇ ਨੇਕ ਰਾਜਨੀਤੀ ਦਾ ਪੱਲਾ ਫੜਿਆ ਜਾ ਸਕਦਾ ਹੈ। ਪੰਜਾਬ ਜਿਉਂਦਾ ਗੁਰਾਂ ਦੇ ਨਾਂ 'ਤੇ।

ਝੂਠ ਨੂੰ ਸੱਚ ਅਤੇ ਸੱਚ ਨੂੰ ਝੂਠ ਬਣਾ ਕੇ ਇਸ ਨੂੰ ਆਪਣੇ ਰਾਜਸੀ ਮੰਤਵ ਲਈ ਵਰਤਣਾ ਨਿਰੋਲ ਬ੍ਰਾਹਮਣਵਾਦ ਹੈ। ਗੁਰੂ ਨਾਨਕ ਸਾਹਿਬ ਦੇ ਸਾਢੇ ਪੰਜ ਸੌ ਸਾਲਾ ਜਨਮ ਦਿਹਾੜਾ ਮਨਾਉਣ ਦਾ ਜਿਵੇਂ ਇਹ ਦੋਵੇਂ ਧਿਰਾਂ ਪਖੰਡ ਕਰ ਰਹੀਆਂ ਹਨ, ਉਸ ਤੋਂ ਇਨ੍ਹਾਂ ਦੀ ਰਾਜਸੀ ਠੱਗੀ ਦਾ ਅੰਦਾਜ਼ਾ ਲਾਇਆ ਜਾ ਸਕਦਾ ਹੈ। ਗੁਰੂ ਸਾਹਿਬ ਨੇ ਬ੍ਰਾਹਮਣਵਾਦੀ ਅੰਧਵਿਸ਼ਵਾਸਾਂ ਦਾ ਲਗਾਤਾਰ ਖੰਡਨ ਕੀਤਾ। ਗੁਰੂ ਗੋਬਿੰਦ ਸਿੰਘ ਨੇ ਗੁਰੂ ਸਾਹਿਬਾਨ ਵਲੋਂ ਧਰਮ ਦੀ ਕੀਤੀ ਵਿਆਖਿਆ ਉਤੇ ਪਹਿਰਾ ਦੇਣ ਵਾਲਿਆਂ ਨੂੰ ਅੰਮ੍ਰਿਤ ਛਕਾ ਕੇ ਖਾਲਸਾ ਸਾਜਿਆ। ਹਿੰਦੂ-ਮੁਸਲਮਾਨਾਂ ਵਿਚਲੇ ਪਾੜੇ ਨੂੰ ਮਿਟਾਉਣ ਲਈ ਗੁਰੂ ਸਾਹਿਬ ਨੇ ਨਾਅਰਾ ਦਿਤਾ, "ਨ ਕੋ ਹਿੰਦੂ ਨ ਮੁਸਲਮਾਨ।" ਅਮੀਰੀ ਗਰੀਬੀ ਤੇ ਕਿਰਤੀ ਦੀ ਲੁਟ ਨੂੰ ਖਤਮ ਕਰਨ ਦੇ ਆਪਣੇ ਮੰਤਵ ਨੂੰ ਸਪਸ਼ਟ ਕਰਨ ਲਈ ਉਨ੍ਹਾਂ ਨੇ ਮਲਿਕ ਭਾਗੋ ਦੇ ਘਰੋਂ ਪਕਵਾਨ ਖਾਣ ਦੀ ਥਾਂ ਗਰੀਬ ਤਰਖਾਣ ਭਾਈ ਲਾਲੋ ਦੇ ਘਰੋਂ ਕੋਧਰੇ ਦੀ ਰੋਟੀ ਖਾਧੀ। ਬਾਬਰੀ ਜਬਰ-ਜ਼ੁਲਮ ਨੂੰ ਵੰਗਾਰ ਕੇ ਉਨ੍ਹਾਂ ਨੇ ਮਨੁੱਖੀ ਹੱਕਾਂ ਦੀ ਰਾਖੀ ਦਾ ਆਪਣਾ ਨਿਸ਼ਾਨਾ ਸਪਸ਼ਟ ਕੀਤਾ। ਇਸੇ ਗੁਰੂ ਵਿਚਾਰਧਾਰਾ ਨੇ ਸਿੱਖਾਂ ਸਮੇਤ ਪੰਜਾਬੀ ਭਾਈਚਾਰੇ ਦੀ ਮਾਨਸਿਕਤਾ ਨੂੰ ਘੜਿਆ ਹੈ। ਇਸੇ ਗਾਡੀ ਰਾਹ ਉਤੇ ਚਲ ਕੇ ਹੀ ਸਰਬ ਸਾਂਝੀਵਾਲਤਾ ਤੇ ਸਰਬਤ ਦੇ ਭਲੇ ਦਾ ਸਮਾਜ ਸਿਰਜਿਆ ਜਾ ਸਕਦਾ ਹੈ, ਪਰ ਇਹ ਦੋਵੇਂ ਮੱਕਾਰ ਧਿਰਾਂ ਗੁਰੂਆਂ ਦੀ ਇਨਕਲਾਬੀ ਵਿਚਾਰਧਾਰਾ ਨੂੰ ਵਿਸਾਰ ਕੇ, ਉਨ੍ਹਾਂ ਦੇ ਲੋਕ ਮਨਾਂ ਵਿਚ ਬਣੇ ਸਤਿਕਾਰ ਨੂੰ ਆਪਣੇ ਰਾਜਸੀ ਹਿਤਾਂ ਲਈ ਵਰਤ ਰਹੀਆਂ ਹਨ।

ਗੁਰੂ ਸਾਹਿਬ ਦੀ ਵਿਚਾਰਧਾਰਾ ਕਿਸੇ ਧਰਮ ਦੇ ਵਿਰੋਧ 'ਚੋਂ ਪੈਦਾ ਨਹੀਂ ਹੋਈ, ਸਗੋਂ ਸਾਰੇ ਧਰਮਾਂ ਵਿਚ ਸਾਂਝ ਪੈਦਾ ਕਰਨ ਦੀ ਚੇਤਨਾ ਦਿੰਦੀ ਹੈ। ਹਲੇਮੀ ਰਾਜ, ਬੇਗਮਪੁਰਾ ਸਮਾਜ ਤੇ ਰਾਜ ਕਰੇਗਾ ਖਾਲਸਾ ਨੇਕ ਰਾਜਨੀਤੀ ਦੇ ਸੰਕਲਪ ਹਨ। ਮਨੁੱਖ ਸਹਿਜ ਜੀਵਨ ਜਿਉਂਦਿਆਂ ਇਕੋ ਵੇਲੇ ਧਾਰਮਿਕ, ਸਮਾਜਕ ਤੇ ਰਾਜਸੀ ਕੰਮਾਂ ਵਿਚ ਹਿੱਸਾ ਲੈ ਰਿਹਾ ਹੁੰਦਾ ਹੈ। ਮਨੁੱਖੀ ਜੀਵਨ ਵਿਚੋਂ ਪੈਦਾ ਹੁੰਦੀਆਂ ਮੁਸ਼ਕਿਲਾਂ ਤੇ ਚੁਣੌਤੀਆਂ ਦਾ ਟਾਕਰਾ ਕਰਨਾ ਮਨੁੱਖ ਦੀ ਹੋਣੀ ਹੈ ਤੇ ਇਸ ਲਈ ਸਮੂਹਿਕ ਯਤਨਾਂ ਦੀ ਲੋੜ ਹੈ। ਸਿਰਫ ਇਨਸਾਨ ਦਾ ਨਿਜੀ ਕਿਰਦਾਰ ਬਦਲ ਕੇ ਸਮਾਜ ਵਿਚ ਚਿਰ-ਸਥਾਈ ਤਬਦੀਲੀ ਨਹੀਂ ਹੋ ਸਕਦੀ, ਜਿੰਨਾ ਚਿਰ ਭ੍ਰਿਸ਼ਟ ਸਮਾਜਕ ਤੇ ਸਿਆਸੀ ਚੌਗਿਰਦਾ ਨਹੀਂ ਬਦਲਿਆ ਜਾਂਦਾ। ਮਨੁੱਖੀ ਕਾਇਆ ਕਲਪ ਕਰਕੇ ਹੀ ਆਤਮਿਕ ਤੌਰ 'ਤੇ ਆਜ਼ਾਦ ਮਨੁੱਖ ਸਿਰਜਿਆ ਜਾ ਸਕਦਾ ਹੈ। ਖਾਲੜਾ ਮਿਸ਼ਨ ਇਸ ਸੋਚ ਨੂੰ ਸਮਰਪਿਤ ਹੋ ਕੇ ਹੀ ਹਲਕਾ ਖਡੂਰ ਸਾਹਿਬ ਤੋਂ ਲੋਕ ਸਭਾ ਦੀ ਚੋਣ ਲੜ ਰਿਹਾ ਹੈ। ਬੀਬੀ ਪਰਮਜੀਤ ਕੌਰ ਖਾਲੜਾ ਇਸੇ ਰਾਜਨੀਤੀ ਦੇ ਪੈਰੋਕਾਰ ਹਨ।

-ਹਰਮਨਦੀਪ ਸਿੰਘ
ਫੋਨ: 91-98151-41384

Sunoco Gas Station For Sale
*in Ohio with property.*
Annual store sales $550,000
Gas & Diesel 600,000 gallons.
Full bar & grill restaurant with d5&d6 license.
Owner has health issues, wants to retire.
Quick sale $379,000 firm.
*Only serious buyers contact*
Ph: 419-206-9153

Sistar Mortgage
Minimizing Cost, Maximizing Investment
www.SistarMortgage.com

Balbir (Bill) Grewal, Loan Officer (NMLS 353442)
*Residential & Commercial Loans*
(734) 330-8859 Mobile
(586) 802-7385 Fax
Balbir.Grewal@SistarMortgage.com
*Loans Available In Most States!*
*Refinance up to 125% value of the house.
•Residential Loans (Purchase, Refinance & Cash Out Refinance). •Self Employed and H1 Visa •Jumbo loans •Commercial Property With Business or Business Only. •Business Equity Line of Credit. •Multi Unit Investment Property.

Michigan Truck Driving School
6405 Middlebelt Road, Romulus, MI 48174
ਖੁਸ਼ਖਬਰੀ ! ਖੁਸ਼ਖਬਰੀ ! !
ਖੁਸ਼ਖਬਰੀ ! ! !
ਹੁਣ 48 ਸਟੇਟਾਂ ਵਿਚ
ਮਨਜ਼ੂਰਸ਼ੁਦਾ


*ਆਪਣੀ ਸਟੇਟ ਤੋਂ ਲਰਨਿੰਗ ਪਰਮਿਟ ਲੈ ਕੇ ਆਓ ਤੇ ਉਸੇ ਸਟੇਟ ਦਾ ਡਰਾਈਵਿੰਗ ਲਾਇਸੈਂਸ ਲਓ
*3-4 ਹਫਤਿਆਂ ਵਿਚ ਪ੍ਰੋਫੈਸ਼ਨਲ ਟਰੱਕ ਡਰਾਇਵਰ ਬਣੋ
Raj Jamarai Cell:734-644-1010 Office:734-747-4298

SERVING
Wisconsin & Illinois State
Residential or Commercial
Buying, Selling, Renting or Investing
Buying: We will pay for your inspection, appraisal, attorney fees and much more! Have access to more than 60 websites to find your dream home or future investment!
Selling: Your listing will be posted to 60 websites and 80 interconnected websites as well as on social media. Have opportunities to market through Pro-photo, Video Open Houses and many more options!
Best Investment Possibilities: Call for any type of investment whether it be commercial or residential

*For the best deal call:*
Jesse Singh (e-PRO, SFR, CIAS)
*Broker/Realtor*
Cell: 847-606-3664
25884 E. Route 83, Long Grove, IL 60060
Email: jsingh@remax.net
Web Site: jsingh.illinoisproperty.com
Call and Let's Find a Great Deal for you Today!
First Time Buyer?? Why pay rent if you can buy??
Find out if you are qualified to buy a home!
Call for a free pre approval letter and the best mortgages rates.
Loan Officer Jagmeet Singh (NMLS #378091), Ph: 815-908-7274

ਬਜੁਰਗ ਮਾਤਾ ਦੀ ਸਾਂਭ-ਸੰਭਾਲ ਲਈ ਸੇਵਾਦਾਰ ਦੀ ਫੌਰੀ ਲੋੜ ਹੈ
ਅਰੋੜਾ, ਇਲੀਨਾਏ ਵਿਚ ਰਹਿੰਦੇ ਪੰਜਾਬੀ ਪਰਿਵਾਰ ਦੀ ਬਜ਼ੁਰਗ ਮਾਤਾ ਦੀ ਸਾਂਭ-ਸੰਭਾਲ ਅਤੇ ਘਰ ਦੇ ਕੰਮ-ਕਾਜ ਲਈ ਸੇਵਾਦਾਰ, ਜੋ ਨਾਲ ਰਹਿ ਸਕਦੀ ਹੋਵੇ, ਦੀ ਫੌਰੀ ਲੋੜ ਹੈ। ਵੀਜ਼ੇ ਦੀ ਲੋੜ ਨਹੀਂ।
ਸੰਪਰਕ ਕਰੋ, ਸੁਨੀਤਾ ਚੋਪੜਾ
ਫੋਨ: 773-370-7106

# ਆਮ ਆਦਮੀ ਪਾਰਟੀ ਦੀ ਟੁੱਟ-ਭੱਜ ਨੇ ਉਲਟਾਏ ਸਿਆਸੀ ਸਮੀਕਰਨ

**ਚੰਡੀਗੜ੍ਹ:** ਲੋਕ ਸਭਾ ਚੋਣਾਂ ਦੌਰਾਨ ਆਮ ਆਦਮੀ ਪਾਰਟੀ (ਆਪ) ਪੰਜਾਬ ਦੀ ਟੁੱਟ-ਭੱਜ ਚਰਚਾ ਦਾ ਵਿਸ਼ਾ ਬਣੀ ਹੋਈ ਹੈ। ਪਾਰਟੀ ਦੇ ਮਾਨਸਾ ਤੋਂ ਬਾਗੀ ਵਿਧਾਇਕ ਨਾਜ਼ਰ ਸਿੰਘ ਮਾਨਸ਼ਾਹੀਆ ਤੋਂ ਬਾਅਦ ਦਿੱਲੀ ਦੀ ਲੀਡਰਸ਼ਿਪ ਦੇ ਤਕਰੀਬਨ ਮੰਨੇ ਜਾਂਦੇ ਰੋਪੜ ਦੇ ਵਿਧਾਇਕ ਅਮਰਜੀਤ ਸਿੰਘ ਸੰਦੋਆ ਵੱਲੋਂ ਵੀ ਕਾਂਗਰਸ ਵਿਚ ਸ਼ਾਮਲ ਹੋ ਜਾਣ ਨਾਲ ਪਾਰਟੀ ਵਿਚ ਖਲਬਲੀ



ਮੱਚੀ ਪਈ ਹੈ।

ਦੱਸਣਯੋਗ ਹੈ ਕਿ ਸ੍ਰੀ ਸੰਦੋਆ ਹਮੇਸ਼ਾ ਵਿਧਾਇਕ ਕੁਲਤਾਰ ਸਿੰਘ ਸੰਧਵਾਂ ਨਾਲ ਰਹਿੰਦੇ ਸਨ ਪਰ ਹੁਣ ਉਨ੍ਹਾਂ ਦੀ ਜੋੜੀ ਬਰਕਰਾਰ ਰਹਿਣ ਜਾਂ ਟੁੱਟਣ ਬਾਰੇ ਭੇਤ ਬਣਿਆ ਹੋਇਆ ਹੈ। ਅਜਿਹੀਆਂ ਵੀ ਕਨਸੋਆਂ ਮਿਲ ਰਹੀਆਂ ਹਨ ਕਿ 'ਆਪ' ਦੀ 'ਕਰਾਂਤੀ ਐਕਸਪ੍ਰੈਸ' ਇਨ੍ਹਾਂ ਚੋਣਾਂ ਦੌਰਾਨ ਕਈ ਹੋਰ ਸਿਆਸੀ ਹਾਦਸੇ ਕਰ ਸਕਦੀ ਹੈ। ਦਰਅਸਲ ਕਾਂਗਰਸ ਵਿਚ ਸ਼ਾਮਲ ਹੋਏ ਜਾਂ ਹੋਣ ਦੀ ਤਿਆਰੀ ਵਿਚ ਪਾਰਟੀ ਦੇ ਕੁਝ ਆਗੂ ਸਵਾਲ ਕਰ ਰਹੇ ਹਨ ਕਿ ਜੇਕਰ 'ਆਪ' ਸੁਪਰੀਮੋ ਤੇ ਦਿੱਲੀ ਦੇ ਮੁੱਖ ਮੰਤਰੀ ਅਰਵਿੰਦ ਕੇਜਰੀਵਾਲ ਇਨ੍ਹਾਂ ਚੋਣਾਂ ਵਿਚ ਕਾਂਗਰਸ ਨਾਲ ਗੱਠਜੋੜ ਕਰਨ ਲਈ ਤਰਲੋਮੱਛੀ ਹੋ ਸਕਦੇ ਹਨ ਤਾਂ ਫਿਰ ਉਨ੍ਹਾਂ ਨੂੰ ਕਾਂਗਰਸ ਵਿਚ ਸ਼ਾਮਲ ਹੋਣ ਦੀ ਕੀ ਸੰਗ ਹੈ। ਹੈਰਾਨੀ ਦੀ ਗੱਲ ਹੈ ਕਿ ਸਾਲ 2017 ਦੀਆਂ ਵਿਧਾਨ ਸਭਾ ਚੋਣਾਂ ਰਵਾਇਤੀ ਪਾਰਟੀਆਂ ਕਾਂਗਰਸ, ਅਕਾਲੀ ਦਲ ਅਤੇ ਭਾਰਤੀ ਜਨਤਾ ਪਾਰਟੀ (ਭਾਜਪਾ) ਦਾ ਯੁੱਗ ਖਤਮ ਕਰਨ ਦੇ ਮੁੱਦੇ ਉਪਰ ਲੜਨ ਵਾਲੇ 'ਆਪ' ਆਗੂ ਹੁਣ ਉਨ੍ਹਾਂ ਪਾਰਟੀਆਂ ਦੇ ਚਹੇਤੇ ਬਣ ਰਹੇ ਹਨ।

ਇਸ ਕਾਰਨ 'ਆਪ' ਦੀ ਵੋਟਾਂ, ਭਾਵਨਾਵਾਂ ਅਤੇ ਨੋਟਾਂ ਨਾਲ ਮਦਦ ਕਰਨ ਵਾਲੇ ਵੋਟਰ ਆਪਣੇ -ਆਪ ਨੂੰ ਠੱਗਿਆ ਮਹਿਸੂਸ ਕਰ ਰਹੇ ਹਨ।

> ## ਸੰਦੋਆ ਨੇ ਰੋਪੜ ਹਲਕੇ ਦੇ ਲੋਕਾਂ ਦੀ ਪਿੱਠ 'ਚ ਛੁਰਾ ਮਾਰਿਆ: ਮਾਨ
>
> **ਚੰਡੀਗੜ੍ਹ:** ਆਮ ਆਦਮੀ ਪਾਰਟੀ ਦੇ ਵਿਧਾਇਕ ਅਮਰਜੀਤ ਸਿੰਘ ਸੰਦੋਆ ਵੱਲੋਂ ਕਾਂਗਰਸ 'ਚ ਸ਼ਾਮਲ ਹੋ ਜਾਣ ਮਗਰੋਂ 'ਆਪ' ਦੇ ਪੰਜਾਬ ਪ੍ਰਧਾਨ ਭਗਵੰਤ ਮਾਨ ਨੇ ਕਿਹਾ ਕਿ ਸੰਦੋਆ ਨੇ ਨਾ ਸਿਰਫ 'ਆਪ' ਸਗੋਂ ਰੋਪੜ ਹਲਕੇ ਦੇ ਲੋਕਾਂ ਦੀ ਪਿੱਠ 'ਚ ਛੁਰਾ ਮਾਰਿਆ ਹੈ, ਜਿਨ੍ਹਾਂ ਨੇ ਇਕ ਆਮ ਪਰਿਵਾਰ ਦੇ ਟੈਕਸੀ ਡਰਾਈਵਰ ਨੂੰ ਵਿਧਾਇਕ ਬਣਾ ਕੇ ਵੱਡਾ ਸਨਮਾਨ ਦਿੱਤਾ ਸੀ। ਮਾਨ ਨੇ ਕਿਹਾ ਕਿ ਸੰਦੋਆ ਵਰਗੇ ਵਿਕਾਊ ਲੋਕਾਂ ਦੇ ਪਾਰਟੀ ਛੱਡ ਕੇ ਜਾਣ ਨਾਲ 'ਆਪ' ਨੂੰ ਕੋਈ ਫਰਕ ਨਹੀਂ ਪੈਂਦਾ। ਉਨ੍ਹਾਂ ਕਿਹਾ ਕਿ 2 ਸਾਲਾਂ ਦੇ ਨਿਕੰਮੇ ਸ਼ਾਸਨ ਕਾਰਨ ਲੋਕਾਂ ਦੇ ਭਾਰੀ ਰੋਹ ਦਾ ਸਾਹਮਣਾ ਕਰ ਰਹੀ ਕਾਂਗਰਸ ਬੌਖਲਾ ਚੁੱਕੀ ਹੈ ਅਤੇ ਸੁਖਬੀਰ ਸਿੰਘ ਬਾਦਲ ਦੀ ਮਿਲੀਭੁਗਤ ਨਾਲ ਮਰੀਆਂ ਜ਼ਮੀਰਾਂ ਵਾਲੇ ਆਗੂਆਂ ਦੀ ਖਰੀਦੋ-ਫਰੋਖਤ ਕਰ ਰਹੀ ਹੈ।

ਦਰਅਸਲ, ਭਗਵੰਤ ਮਾਨ ਦੇ ਮੁੜ ਪੰਜਾਬ ਦਾ ਪ੍ਰਧਾਨ ਬਣਨ ਨਾਲ ਅਤੇ ਉਨ੍ਹਾਂ ਵੱਲੋਂ ਆਪਣੇ ਸੰਗਰੂਰ ਹਲਕੇ ਤੋਂ ਚੋਣ ਮੈਦਾਨ ਵਿਚ ਉਤਰਨ ਕਾਰਨ ਉਹ ਬਤੌਰ ਪ੍ਰਧਾਨ ਜ਼ਿਲ੍ਹਿਆਂ ਦਾ ਦੌਰਾ ਹੀ ਨਹੀਂ ਕਰ ਸਕੇ, ਜਿਸ ਕਾਰਨ ਪਾਰਟੀ ਇਕਸੁਰ ਨਹੀਂ। ਇਸ ਤੋਂ ਇਲਾਵਾ ਸ੍ਰੀ ਮਾਨ ਦੇ ਪ੍ਰਧਾਨ ਬਣਨ ਤੋਂ ਬਾਅਦ ਵਿਧਾਇਕ ਪ੍ਰਿੰਸੀਪਲ ਬੁੱਧ ਰਾਮ ਦੀ ਅਗਵਾਈ ਹੇਠ ਬਣਾਈ ਕੋਰ ਕਮੇਟੀ ਦੀ ਮਹੱਤਤਾ ਵੀ ਘਟਣ ਕਾਰਨ ਪਾਰਟੀ ਦਾ ਕੋਈ ਵਾਲੀਵਾਰਸ ਹੀ ਨਹੀਂ ਜਾਪ ਰਿਹਾ। ਇਸ ਦੀ ਘਾਟ 13 ਹਲਕਿਆਂ ਵਿਚ ਖੜ੍ਹੇ ਉਮੀਦਵਾਰਾਂ ਨੂੰ ਵੀ ਰੜਕ ਰਹੀ ਹੈ। ਦੋ ਵਿਧਾਇਕਾਂ ਸ੍ਰੀ ਮਾਨਸ਼ਾਹੀਆ ਤੇ ਸ੍ਰੀ ਸੰਦੋਆ ਤੋਂ ਇਲਾਵਾ ਸਾਲ 2017 ਦੀਆਂ ਵਿਧਾਨ ਸਭਾ ਚੋਣਾਂ ਵਿਚ ਖੜ੍ਹੇ ਪਾਰਟੀ ਦੇ ਚਾਰ ਉਮੀਦਵਾਰ ਵੀ 'ਆਪ' ਨੂੰ ਅਲਵਿਦਾ ਆਖ ਚੁੱਕੇ ਹਨ। ਇਨ੍ਹਾਂ ਵਿਚ ਪੰਥ ਰਤਨ ਗੁਰਚਰਨ ਸਿੰਘ ਟੌਹੜਾ ਦੀ ਧੀ ਕੁਲਦੀਪ ਕੌਰ ਟੌਹੜਾ ਵੀ ਸ਼ਾਮਲ ਹੈ। ਹੁਣ ਟੌਹੜਾ ਪਰਿਵਾਰ ਮੁੜ ਅਕਾਲੀ ਦਲ ਵਿਚ ਸ਼ਾਮਲ ਹੋ ਚੁੱਕਿਆ ਹੈ। ਇਸੇ ਤਰ੍ਹਾਂ ਪਾਰਟੀ ਵੱਲੋਂ ਵਿਧਾਨ ਸਭਾ ਹਲਕਾ ਖਡੂਰ ਸਾਹਿਬ ਤੋਂ ਚੋਣ ਲੜਨ ਵਾਲੇ ਭੁਪਿੰਦਰ ਸਿੰਘ ਬਿੱਟੂ ਅਤੇ ਹਲਕਾ ਲੁਧਿਆਣਾ ਤੋਂ ਚੋਣ ਲੜਨ ਵਾਲੇ ਦਲਜੀਤ ਸਿੰਘ ਭੋਲਾ ਕਾਂਗਰਸ ਵਿਚ ਸ਼ਾਮਲ ਹੋ ਚੁੱਕੇ ਹਨ। ਹਲਕਾ ਸੁਲਤਾਨਪੁਰ ਲੋਧੀ ਤੋਂ ਚੋਣ ਲੜਨ ਵਾਲੇ ਸੱਜਣ ਸਿੰਘ ਚੀਮਾ ਵੀ ਅਕਾਲੀ ਦਲ ਦੀ ਤੱਕੜੀ ਵਿਚ ਤੁਲ ਚੁੱਕੇ ਹਨ।

ਫਿਰੋਜ਼ਪੁਰ ਸ਼ਹਿਰੀ ਹਲਕੇ ਤੋਂ ਪਾਰਟੀ ਦੀ ਟਿਕਟ 'ਤੇ ਚੋਣ ਲੜਨ ਵਾਲੇ ਨਰਿੰਦਰ ਸਿੰਘ ਸੰਧਾ ਅਤੇ ਪਾਰਟੀ ਦੀ ਤਰਜਮਾਨ ਡਾ. ਅਮਨਦੀਪ ਕੌਰ ਵੀ ਅਕਾਲੀ ਦਲ ਵਿਚ ਸ਼ਾਮਲ ਹੋ ਚੁੱਕੇ ਹਨ। ਪਾਰਟੀ ਦੇ ਯੂਥ ਵਿੰਗ ਮਾਲਵਾ-1 ਦਾ ਪ੍ਰਧਾਨ ਗੋਰਾ ਫਿਰੋਜ਼ਸ਼ਾਹ ਨੇ ਅਕਾਲੀ ਦਲ ਦਾ ਪੱਲਾ ਫੜ ਲਿਆ ਹੈ। ਪਾਰਟੀ ਦੇ ਦੋ ਬੁਲਾਰੇ ਸਤਵੀਰ ਵਾਲੀਆ ਅਤੇ ਦਰਸ਼ਨ ਸਿੰਘ ਸ਼ੰਕਰ ਵੀ ਹੋਰ ਪਾਰਟੀਆਂ ਵਿਚ ਸ਼ਾਮਲ ਹੋ ਗਏ ਹਨ। ਮੁਲਾਜ਼ਮ ਆਗੂ ਹਰੀ ਸਿੰਘ ਟੌਹੜਾ, ਜੋ ਲੋਕ ਸਭਾ ਹਲਕਾ ਪਟਿਆਲਾ ਤੋਂ 'ਆਪ' ਦੀ ਟਿਕਟ ਦਾ ਦਾਅਵੇਦਾਰ ਸੀ, ਵੀ ਕਾਂਗਰਸ ਨਾਲ ਹੱਥ ਮਿਲਾ ਚੁੱਕਾ ਹੈ। ਪਾਰਟੀ ਦੀ ਚੋਣ ਪ੍ਰਚਾਰ ਕਮੇਟੀ ਦੇ ਚੇਅਰਮੈਨ ਤੇ ਸੁਨਾਮ ਤੋਂ ਵਿਧਾਇਕ ਅਮਨ ਅਰੋੜਾ ਦੇ ਵੀ ਕਾਂਗਰਸ ਵਿਚ ਸ਼ਾਮਲ ਹੋਣ ਦੀਆਂ ਅਫਵਾਹਾਂ ਚੱਲ ਰਹੀਆਂ ਹਨ ਪਰ ਸ੍ਰੀ ਅਰੋੜਾ ਨੇ ਇਨ੍ਹਾਂ ਨੂੰ ਨਕਾਰ ਦਿੱਤਾ ਹੈ। ਇਸ ਸਥਿਤੀ ਵਿਚ ਪਾਰਟੀ ਦੇ ਵਿਰੋਧੀ ਧਿਰ ਦੇ ਆਗੂ ਹਰਪਾਲ ਸਿੰਘ ਚੀਮਾ ਦੀ ਕੁਰਸੀ ਵੀ ਖਤਰੇ ਵਿਚ ਪੈਂਦੀ ਜਾਪਦੀ ਹੈ।

## ਨੌਜਵਾਨ ਨੇ ਰੋਡ ਸ਼ੋਅ ਦੌਰਾਨ ਕੇਜਰੀਵਾਲ ਦੇ ਥੱਪੜ ਮਾਰਿਆ

**ਨਵੀਂ ਦਿੱਲੀ:** 'ਆਪ' ਦੇ ਕੌਮੀ ਕਨਵੀਨਰ ਅਤੇ ਦਿੱਲੀ ਦੇ ਮੁੱਖ ਮੰਤਰੀ ਅਰਵਿੰਦ ਕੇਜਰੀਵਾਲ ਨਵੀਂ ਦਿੱਲੀ ਲੋਕ ਸਭਾ ਹਲਕੇ ਤੋਂ ਪਾਰਟੀ ਉਮੀਦਵਾਰ ਬ੍ਰਿਜੇਸ਼ ਗੋਇਲ ਲਈ ਮੋਤੀ ਨਗਰ 'ਚ ਰੋਡ ਸ਼ੋਅ ਕੱਢ ਰਹੇ ਸਨ ਤਾਂ ਇਕ ਨੌਜਵਾਨ ਨੇ ਥੱਪੜ ਜੜ ਦਿੱਤਾ।



ਸ੍ਰੀ ਕੇਜਰੀਵਾਲ ਖੁੱਲ੍ਹੀ ਜੀਪ 'ਤੇ ਸਵਾਰ ਸਨ ਤਾਂ ਲਾਲ ਕਮੀਜ਼ ਵਾਲਾ ਇਕ ਨੌਜਵਾਨ ਤੇਜ਼ੀ ਨਾਲ ਜੀਪ 'ਤੇ ਚੜ੍ਹਿਆ ਅਤੇ ਉਨ੍ਹਾਂ ਨੂੰ ਥੱਪੜ ਮਾਰ ਦਿੱਤਾ।

'ਆਪ' ਕਾਰਕੁਨਾਂ ਨੇ ਫੜ ਲਿਆ ਅਤੇ ਪੁਲਿਸ ਨੇ ਨੌਜਵਾਨ ਨੂੰ ਭੀੜ ਤੋਂ ਬਚਾਉਣ ਦੀ ਕੋਸ਼ਿਸ਼ ਕੀਤੀ। ਨੌਜਵਾਨ ਦੀ ਪਛਾਣ ਕੈਲਾਸ਼ ਪਾਰਕ ਵਾਸੀ ਸੁਰੇਸ਼ (33) ਵਜੋਂ ਹੋਈ ਹੈ ਜੋ ਗੱਡੀਆਂ ਦੇ ਕਲ-ਪੁਰਜ਼ਿਆਂ ਦਾ ਕਾਰੋਬਾਰੀ ਹੈ। ਪੁਲਿਸ ਉਸ ਨੂੰ ਹਿਰਾਸਤ ਵਿਚ ਲੈ ਕੇ ਪੁੱਛ ਪੜਤਾਲ ਕਰ ਰਹੀ ਹੈ। ਨੌਜਵਾਨ ਕੇਜਰੀਵਾਲ ਦੀ ਕਾਰਗੁਜ਼ਾਰੀ ਤੋਂ ਨਿਰਾਸ਼ ਦੱਸਿਆ ਜਾ ਰਿਹਾ ਹੈ ਜਿਸ ਕਰਕੇ ਉਸ ਨੇ ਇਹ ਕਦਮ ਉਠਾਇਆ।

'ਆਪ' ਨੇ ਹਮਲੇ ਦੀ ਨਿੰਦਾ ਕਰਦਿਆਂ ਕਿਹਾ ਕਿ ਇਹ ਸੁਰੱਖਿਆ 'ਚ ਕੋਤਾਹੀ ਹੈ। ਦਿੱਲੀ ਦੇ ਉਪ ਮੁੱਖ ਮੰਤਰੀ ਮਨੀਸ਼ ਸਿਸੋਦੀਆ ਨੇ ਇਸ ਹਮਲੇ ਲਈ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਅਤੇ ਭਾਜਪਾ ਪ੍ਰਧਾਨ ਅਮਿਤ ਸ਼ਾਹ ਨੂੰ ਸਿੱਧੇ ਤੌਰ 'ਤੇ ਜ਼ਿੰਮੇਵਾਰ ਠਹਿਰਾਇਆ ਹੈ।

ਉਧਰ ਦਿੱਲੀ ਪ੍ਰਦੇਸ਼ ਭਾਜਪਾ ਦੇ ਪ੍ਰਧਾਨ ਮਨੋਜ ਤਿਵਾੜੀ ਨੇ ਪਹਿਲਾਂ ਇਸ ਘਟਨਾ ਦੀ ਨਿੰਦਾ ਕੀਤੀ ਫਿਰ ਉਨ੍ਹਾਂ ਥੱਪੜ ਕਾਂਡ 'ਤੇ ਸਵਾਲ ਉਠਾਏ। ਉਨ੍ਹਾਂ ਸ਼ੱਕ ਜ਼ਾਹਰ ਕੀਤਾ ਕਿ ਹਮਦਰਦੀ ਲੈਣ ਲਈ ਕਿਤੇ ਇਹ ਪਟਕਥਾ ਪਹਿਲਾਂ ਤਾਂ ਨਹੀਂ ਮਿਥੀ ਗਈ ਸੀ। ਇਸੇ ਦੌਰਾਨ ਪੱਛਮੀ ਬੰਗਾਲ ਦੀ ਮੁੱਖ ਮੰਤਰੀ ਮਮਤਾ ਬੈਨਰਜੀ ਨੇ ਅਰਵਿੰਦ ਕੇਜਰੀਵਾਲ 'ਤੇ ਹੋਏ ਹਮਲੇ ਦੀ ਨਿੰਦਾ ਕਰਦਿਆਂ ਕਿਹਾ ਕਿ ਵਿਰੋਧੀ ਧਿਰਾਂ ਦੇ ਆਗੂਆਂ 'ਤੇ ਹੋ ਰਹੇ ਹਮਲੇ ਇਸ ਗੱਲ ਦਾ ਸਬੂਤ ਹਨ ਕਿ ਭਾਜਪਾ ਲੋਕ ਸਭਾ ਚੋਣਾਂ ਹਾਰ ਰਹੀ ਹੈ ਅਤੇ ਉਹ ਪੂਰੀ ਤਰ੍ਹਾਂ ਬੁਖਲਾਈ ਪਈ ਹੈ।

## ਭਾਜਪਾ ਤੇ ਬਾਦਲਾਂ ਦੇ ਹੱਕ 'ਚ ਡਟਿਆ ਰਾਜੋਆਣਾ

**ਪਟਿਆਲਾ:** ਬੇਅੰਤ ਸਿੰਘ ਕਤਲ ਕਾਂਡ 'ਚ ਸਜ਼ਾ ਜ਼ਾਬਤਾ ਬਲਵੰਤ ਸਿੰਘ ਰਾਜੋਆਣਾ ਨੇ ਇਕ ਚਿੱਠੀ ਰਾਹੀਂ ਵੋਟਰਾਂ ਨੂੰ ਸ਼੍ਰੋਮਣੀ ਅਕਾਲੀ ਦਲ ਬਾਦਲ ਅਤੇ ਭਾਜਪਾ ਦੇ ਹੱਕ 'ਚ ਭੁਗਤਣ ਦੀ ਅਪੀਲ ਕਰਦਿਆਂ ਕਾਂਗਰਸ ਪਾਰਟੀ ਨੂੰ ਸ੍ਰੀ ਅਕਾਲ ਤਖਤ ਸਾਹਿਬ 'ਤੇ ਹਮਲਾ ਕਰਨ ਅਤੇ ਸਿੱਖਾਂ ਦੀ ਕਾਤਲ ਗਰਦਾਨਦਿਆਂ ਦੂਰ ਰਹਿਣ ਦੀ ਗੱਲ ਆਖੀ ਹੈ।

ਬਲਵੰਤ ਸਿੰਘ ਰਾਜੋਆਣਾ ਦੀ ਭੈਣ ਕਮਲਦੀਪ ਕੌਰ ਵੱਲੋਂ ਜਾਰੀ ਇਸ ਪੱਤਰ 'ਚ ਰਾਜੋਆਣਾ ਨੇ ਲਿਖਿਆ ਹੈ ਕਿ ਸ਼੍ਰੋਮਣੀ ਅਕਾਲੀ ਦਲ ਅਤੇ ਭਾਜਪਾ ਦਾ ਗੱਠਜੋੜ ਹਿੰਦੂ, ਸਿੱਖ ਏਕਤਾ ਦਾ ਅਤੇ ਭਾਈਚਾਰਕ ਸਾਂਝ ਦਾ ਪ੍ਰਤੀਕ ਹੈ। ਸ਼੍ਰੋਮਣੀ ਅਕਾਲੀ ਦਲ ਨੇ ਦੇਸ਼ ਲਈ ਅਤੇ ਪੰਜਾਬ ਦੇ ਹਿੱਤਾਂ ਲਈ ਹਮੇਸ਼ਾ ਹੀ ਵੱਡੇ ਸੰਘਰਸ਼ ਅਤੇ ਵੱਡੀਆਂ ਕੁਰਬਾਨੀਆਂ ਕੀਤੀਆਂ ਹਨ। ਭਾਜਪਾ ਦੀ ਦਿੱਲੀ ਸਰਕਾਰ ਨੇ 34 ਸਾਲਾਂ ਤੋਂ ਦਨ-ਦਨਾਉਂਦੇ ਫਿਰਦੇ ਨਵੰਬਰ 1984 ਦੇ ਕਾਤਲਾਂ 'ਚੋਂ ਕੁਝ ਕਾਤਲਾਂ ਨੂੰ ਫੜ ਕੇ ਜੇਲ੍ਹ ਭੇਜ ਕੇ ਜਿਥੇ ਪੀੜਤ ਪਰਿਵਾਰਾਂ ਨੂੰ ਇਨਸਾਫ ਦੇਣ ਦੀ ਕੋਸ਼ਿਸ਼ ਕੀਤੀ ਹੈ, ਉਥੇ ਇਸ ਕਤਲੇਆਮ ਨਾਲ ਜ਼ਖਮੀ ਹੋਈਆਂ ਸਿੱਖ ਭਾਵਨਾਵਾਂ 'ਤੇ ਮਲ੍ਹਮ ਲਗਾਉਣ ਦਾ ਕੰਮ ਵੀ ਕੀਤਾ ਹੈ।

ਇਸ ਤੋਂ ਇਲਾਵਾ ਪਾਕਿਸਤਾਨ ਨਾਲ ਤਲਖੀ ਭਰੇ ਸਬੰਧਾਂ ਦੇ ਬਾਵਜੂਦ ਸ੍ਰੀ ਕਰਤਾਰਪੁਰ ਸਾਹਿਬ ਜੀ ਦੇ ਦਰਸ਼ਨਾਂ ਲਈ ਲਾਂਘਾ ਖੋਲ੍ਹਣ ਦੀ ਕੋਸ਼ਿਸ਼ ਕਰਕੇ ਕਰੋੜਾਂ ਸਿੱਖਾਂ ਦੀਆਂ ਭਾਵਨਾਵਾਂ ਦਾ ਸਨਮਾਨ ਕੀਤਾ ਹੈ।

ਇਨ੍ਹਾਂ ਦੋਵਾਂ ਕੰਮਾਂ ਵਿਚ ਭਾਜਪਾ ਵੱਲੋਂ ਸਿੱਖ ਜਗਤ ਲਈ ਅਪਣਾਈ ਗਈ ਪਹੁੰਚ ਸਵਾਗਤਯੋਗ



ਹੈ। ਦੂਜੇ ਪਾਸੇ ਉਨ੍ਹਾਂ ਕਿਹਾ ਕਿ ਕਾਂਗਰਸ ਪਾਰਟੀ ਉਹ ਪਾਰਟੀ ਹੈ ਜਿਹੜੀ ਹਮੇਸ਼ਾ ਹੀ ਹਿੰਦੂਆਂ ਅਤੇ ਸਿੱਖਾਂ 'ਚ ਨਫਰਤ ਫੈਲਾ ਕੇ ਆਪਣੇ ਰਾਜਨੀਤਕ ਹਿਤਾਂ ਦੀ ਪੂਰਤੀ ਕਰਦੀ ਰਹੀ ਹੈ। ਕਾਂਗਰਸ ਨੇ ਟੈਂਕਾਂ ਅਤੇ ਤੋਪਾਂ ਨਾਲ ਹਮਲਾ ਕਰਕੇ ਸ੍ਰੀ ਅਕਾਲ ਤਖਤ ਸਾਹਿਬ ਜੀ ਨੂੰ ਢਹਿ ਢੇਰੀ ਕੀਤਾ ਹਜ਼ਾਰਾਂ ਨਿਰਦੋਸ਼ ਸ਼ਰਧਾਲੂਆਂ ਦਾ ਕਤਲੇਆਮ ਕਰਕੇ ਕਰੋੜਾਂ ਸਿੱਖਾਂ ਦੀਆਂ ਭਾਵਨਾਵਾਂ ਨੂੰ ਲਹੂ-ਲੁਹਾਨ ਕੀਤਾ, ਫਿਰ ਦਿੱਲੀ ਦੀਆਂ ਗਲੀਆਂ 'ਚ ਹਜ਼ਾਰਾਂ ਹੀ ਨਿਰਦੋਸ਼ ਸਿੱਖਾਂ ਦਾ ਕਤਲੇਆਮ ਕੀਤਾ, ਅਜਿਹਾ ਜ਼ੁਲਮ ਕਰਨ ਵਾਲੇ ਸੱਜਣ ਕੁਮਾਰ ਵਰਗੇ ਜ਼ਾਲਮਾਂ ਨੂੰ ਦਰਿੰਦਿਆਂ ਨੂੰ ਉਚ ਅਹੁਦਿਆਂ ਨਾਲ ਨਿਵਾਜਿਆ ਅਤੇ ਆਪਣੇ ਸਿਰ ਦਾ ਤਾਜ ਬਣਾਇਆ। ਅਜਿਹੀ ਪਾਰਟੀ ਨੂੰ ਕਦੇ ਵੀ ਕੋਈ ਗੈਰਤਮੰਦ ਸਿੱਖ ਵੋਟ ਨਹੀਂ ਪਾ ਸਕਦਾ। ਅੰਤ 'ਚ ਰਾਜੋਆਣਾ ਨੇ ਖਾਲਸਾ ਪੰਥ ਨੂੰ ਅਤੇ ਇਸ ਧਰਤੀ ਤੇ ਵੱਸਦੇ ਸਭ ਧਰਮਾਂ ਵਰਗਾਂ ਦੇ ਲੋਕਾਂ ਨੂੰ ਇਹ ਅਪੀਲ ਹੈ ਕਿ ਪੰਜਾਬ ਦੀ ਤਰੱਕੀ ਲਈ, ਭਾਈਚਾਰਕ ਸਾਂਝ ਲਈ ਅਤੇ ਅਮਨ-ਸ਼ਾਂਤੀ ਲਈ ਆਪਣੀ ਇਕ-ਇਕ ਕੀਮਤੀ ਵੋਟ ਸ਼੍ਰੋਮਣੀ ਅਕਾਲੀ ਦਲ ਤੇ ਭਾਜਪਾ ਗੱਠਜੋੜ ਦੇ ਉਮੀਦਵਾਰਾਂ ਨੂੰ ਪਾ ਕੇ ਉਨ੍ਹਾਂ ਨੂੰ ਕਾਮਯਾਬ ਬਣਾਉਣ।

## ਮੋਦੀ ਨੂੰ ਸੱਤਾ ਤੋਂ ਬਾਹਰ ਕਰਨ ਦਾ ਵੇਲਾ ਆਇਆ: ਮਨਮੋਹਨ ਸਿੰਘ

**ਨਵੀਂ ਦਿੱਲੀ:** ਸਾਬਕਾ ਪ੍ਰਧਾਨ ਮੰਤਰੀ ਮਨਮੋਹਨ ਸਿੰਘ ਦਾ ਕਹਿਣਾ ਹੈ ਕਿ ਭਾਜਪਾ ਦੀ ਅਗਵਾਈ ਵਾਲੀ ਐਨ.ਡੀ.ਏ. ਸਰਕਾਰ ਨੂੰ ਸੱਤਾ ਤੋਂ ਬਾਹਰ ਕਰਨ ਦੀ ਸਖਤ ਲੋੜ ਹੈ ਕਿਉਂਕਿ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੀ ਸਰਕਾਰ ਦਾ ਪੰਜ ਸਾਲਾ ਕਾਰਜਕਾਲ ਮੁਲਕ ਦੇ ਨੌਜਵਾਨਾਂ, ਕਿਸਾਨਾਂ, ਵਪਾਰੀਆਂ ਤੇ ਜਮਹੂਰੀਅਤ ਲਈ 'ਮਾਨਸਿਕ ਪੀੜਾ ਨਾਲ ਭਰਿਆ ਤੇ ਵਿਨਾਸ਼ਕਾਰੀ' ਰਿਹਾ ਹੈ।


ਇਕ ਇੰਟਰਵਿਊ 'ਚ ਸਾਬਕਾ ਪ੍ਰਧਾਨ ਮੰਤਰੀ ਨੇ ਸਪੱਸ਼ਟ ਕਿਹਾ ਕਿ ਮੋਦੀ ਦੇ ਹੱਕ ਵਿਚ ਕੋਈ ਲਹਿਰ ਨਹੀਂ ਸੀ ਤੇ ਲੋਕਾਂ ਨੇ ਇਸ ਸਰਕਾਰ ਨੂੰ ਲਾਂਭੇ ਕਰਨ ਦਾ ਮਨ ਬਣਾ ਲਿਆ ਹੈ। ਉਨ੍ਹਾਂ ਕਿਹਾ ਕਿ ਇਹ ਅਜਿਹੀ ਸਰਕਾਰ ਹੈ ਜੋ 'ਸਭ ਨੂੰ ਨਾਲ ਲੈ ਕੇ ਵਿਕਾਸ ਦੇ ਰਾਹ 'ਤੇ ਚੱਲਣ ਵਿਚ ਯਕੀਨ ਨਹੀਂ ਰੱਖਦੀ ਤੇ ਅਸ਼ਾਂਤੀ ਦੇ ਦਮ 'ਤੇ ਸਿਆਸੀ ਲਾਹਾ ਲੈਣਾ ਚਾਹੁੰਦੀ ਹੈ।' ਮੋਦੀ ਸਰਕਾਰ 'ਤੇ ਤਿੱਖਾ ਹੱਲਾ ਬੋਲਦਿਆਂ ਮਨਮੋਹਨ ਸਿੰਘ ਨੇ ਕਿਹਾ ਕਿ ਪਿਛਲੇ ਪੰਜ ਸਾਲਾਂ ਵਿਚ ਭ੍ਰਿਸ਼ਟਾਚਾਰ ਨੇ ਸਿਖਰਾਂ ਛੋਹ ਲਈਆਂ ਹਨ ਤੇ ਨੋਟਬੰਦੀ ਆਜ਼ਾਦ ਭਾਰਤ ਦਾ ਸ਼ਾਇਦ ਸਭ ਤੋਂ 'ਵੱਡਾ ਘੁਟਾਲਾ' ਹੈ। ਸਾਬਕਾ ਪ੍ਰਧਾਨ ਮੰਤਰੀ ਨੇ ਮੋਦੀ ਦੀ ਪਾਕਿਸਤਾਨ ਨੀਤੀ ਨੂੰ 'ਲਾਪਰਵਾਹੀ ਵਿਚੋਂ ਉਪਜੀ' ਦੱਸਦਿਆਂ ਕਿਹਾ ਕਿ ਆਪਣੇ ਰਾਜ ਦੌਰਾਨ ਇਹ ਸਰਕਾਰ ਆਪਣੇ ਫੈਸਲਿਆਂ ਤੋਂ ਪਲਟਦੀ ਹੀ ਰਹੀ। ਸੰਨ 1990 ਵਿਚ ਦੇਸ਼ 'ਚ ਆਰਥਕ ਸੁਧਾਰਾਂ ਦਾ ਮੁੱਢ ਬੰਨ੍ਹਣ ਵਾਲੇ ਮਨਮੋਹਨ ਸਿੰਘ ਨੇ ਕਿਹਾ ਕਿ ਦੇਸ਼ ਦੀ ਵਿਕਾਸ ਦਰ ਹੇਠਾਂ ਜਾ ਰਹੀ ਹੈ ਤੇ ਮੋਦੀ ਸਰਕਾਰ ਅਰਥਚਾਰੇ ਨੂੰ 'ਡਾਂਵਾਡੋਲ' ਛੱਡ ਕੇ ਜਾ ਰਹੀ ਹੈ।

## ਭਾਜਪਾ ਵੱਲੋਂ ਸੱਤ 'ਆਪ' ਵਿਧਾਇਕ ਖਰੀਦਣ ਦੀ ਕੋਸ਼ਿਸ਼: ਸਿਸੋਦੀਆ

**ਨਵੀਂ ਦਿੱਲੀ:** ਆਮ ਆਦਮੀ ਪਾਰਟੀ ਦੇ ਸੀਨੀਅਰ ਆਗੂ ਤੇ ਦਿੱਲੀ ਦੇ ਉਪ ਮੁੱਖ ਮੰਤਰੀ ਮਨੀਸ਼ ਸਿਸੋਦੀਆ ਨੇ ਕਿਹਾ ਕਿ ਭਾਜਪਾ ਆਪਣੀਆਂ ਪੁਰਾਣੀਆਂ ਹਰਕਤਾਂ 'ਤੇ ਉਤਰ ਆਈ ਹੈ। ਉਨ੍ਹਾਂ ਕਿਹਾ ਕਿ ਨਿਗਮ ਚੋਣਾਂ ਤੋਂ ਪਹਿਲਾਂ ਇਕ ਵਿਧਾਇਕ ਨੂੰ ਖਰੀਦਣ ਦੀ ਕੀਤੀ ਗਈ ਕੋਸ਼ਿਸ਼ ਵਾਂਗ ਹੀ ਹੁਣ ਫਿਰ ਲੋਕ ਸਭਾ ਚੋਣਾਂ ਤੋਂ ਪਹਿਲਾਂ 'ਆਪ' ਦੇ 7 ਵਿਧਾਇਕਾਂ ਨੂੰ 10-10 ਕਰੋੜ ਰੁਪਏ ਦੇ ਕੇ ਖਰੀਦਣ ਦੀ ਕੋਸ਼ਿਸ਼ ਕੀਤੀ ਗਈ ਹੈ।

ਦਿੱਲੀ ਦੇ ਉਪ ਮੁੱਖ ਮੰਤਰੀ ਨੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ 'ਤੇ ਜਮਹੂਰੀਅਤ ਨੂੰ ਕਮਜ਼ੋਰ ਕਰਨ ਦਾ ਦੋਸ਼ ਲਾਉਂਦਿਆਂ ਕਿਹਾ ਕਿ ਸ੍ਰੀ ਮੋਦੀ ਨੇ ਪਹਿਲਾਂ ਕਿਹਾ ਸੀ ਕਿ ਪੱਛਮੀ ਬੰਗਾਲ ਦੇ 40 ਵਿਧਾਇਕ ਉਨ੍ਹਾਂ ਦੇ ਸੰਪਰਕ ਵਿਚ ਹਨ। ਪ੍ਰਧਾਨ ਮੰਤਰੀ ਨੂੰ ਇਹ ਸ਼ੋਭਾ ਨਹੀਂ ਦਿੰਦਾ ਕਿ ਉਹ ਇਹ ਸ਼ਰੇਆਮ ਕਹਿੰਦੇ ਫਿਰਨ ਕਿ ਉਹ ਵਿਧਾਇਕਾਂ ਨੂੰ ਖਰੀਦਣ ਲਈ ਚਾਰਾ ਪਾ ਰਹੇ ਹਨ। ਉਨ੍ਹਾਂ ਕਿਹਾ ਕਿ ਸ੍ਰੀ ਮੋਦੀ ਜਮਹੂਰੀਅਤ ਕਾਰਨ ਹੀ ਪ੍ਰਧਾਨ ਮੰਤਰੀ ਹਨ ਤੇ ਉਹ ਪੱਛਮੀ ਬੰਗਾਲ ਤੇ ਇਥੇ ਦਿੱਲੀ ਵਿਚ ਕਥਿਤ ਵਿਧਾਇਕ ਖਰੀਦਣਾ ਚਾਹੁੰਦੇ ਹਨ। ਉਨ੍ਹਾਂ ਕਿਹਾ ਕਿ ਫਰਜ਼ੀ ਮੁੱਦੇ ਉਠਾ ਕੇ ਚੋਣਾਂ ਲੜਨ ਦੀ ਥਾਂ ਆਮ ਜਨਤਾ ਲਈ ਕੀਤੇ ਕੰਮਾਂ ਤੇ ਆਪਣੇ ਦਮ 'ਤੇ ਚੋਣਾਂ ਲੜਨ ਦਾ ਸਵਾਗਤ ਹੋਵੇਗਾ, ਪਰ ਜੇਕਰ ਉਹ ਵਿਧਾਇਕ ਖਰੀਦਣ ਦੀ ਕੋਸ਼ਿਸ਼ ਕਰਨਗੇ ਤਾਂ ਨਾ ਉਨ੍ਹਾਂ ਨੂੰ ਵਿਧਾਇਕ ਮਿਲਣਗੇ ਤੇ ਨਾ ਵੋਟਾਂ ਮਿਲਣਗੀਆਂ।

ਸ੍ਰੀ ਸਿਸੋਦੀਆ ਨੇ ਕਿਹਾ ਕਿ ਭਾਜਪਾ ਨੇ ਨਿਗਮ ਚੋਣਾਂ ਤੋਂ ਪਹਿਲਾਂ ਵੀ 'ਆਪ' ਦੇ ਬਵਾਨਾ ਤੋਂ ਵਿਧਾਇਕ ਨੂੰ ਖਰੀਦਣ ਦੀ ਕੋਸ਼ਿਸ਼ ਕੀਤੀ ਸੀ, ਪਰ ਮੂੰਹ ਦੀ ਖਾਣੀ ਪਈ। ਉਨ੍ਹਾਂ ਕਿਹਾ ਕਿ ਭਾਜਪਾ ਨੂੰ ਅਹਿਸਾਸ ਹੋ ਗਿਆ ਹੈ ਕਿ ਲੋਕ ਸਭਾ ਚੋਣਾਂ



ਵਿਚ ਉਸ ਦੀ ਹਾਲਤ ਪਤਲੀ ਹੈ ਤੇ ਇਹੀ ਵਜ੍ਹਾ ਹੈ ਕਿ ਪਾਰਟੀ ਪੁਰਾਣੀਆਂ ਹਰਕਤਾਂ 'ਤੇ ਉਤਰ ਆਈ ਹੈ।

ਦਿੱਲੀ ਦੇ ਕਿਰਤ ਮੰਤਰੀ ਗੋਪਾਲ ਰਾਏ ਨੇ ਕਿਹਾ ਕਿ ਭਾਜਪਾ ਦੇ 7 ਸੰਸਦ ਮੈਂਬਰਾਂ ਨੇ ਦਿੱਲੀ ਲਈ ਕੋਈ ਕੰਮ ਨਹੀਂ ਕੀਤਾ ਤੇ ਇਸ ਲਈ ਖਰੀਦਦਾਰ ਲਿਆ ਕੇ ਵਿਧਾਇਕ ਖਰੀਦਣ ਦੀ ਕੋਸ਼ਿਸ਼ ਕੀਤੀ ਗਈ। ਉਨ੍ਹਾਂ ਕਿਹਾ ਕਿ 2013 ਦੀਆਂ ਵਿਧਾਨ ਸਭਾ ਚੋਣਾਂ ਵਿਚ 'ਆਪ' ਦੇ 28 ਵਿਧਾਇਕ ਜਿੱਤੇ ਸਨ। ਉਸ ਮੌਕੇ ਵੀ ਭਾਜਪਾ ਨੇ ਉਨ੍ਹਾਂ ਨੂੰ ਖਰੀਦਣ ਦੀਆਂ ਕੋਸ਼ਿਸ਼ਾਂ ਨੂੰ 'ਸਟਿੰਗ' ਰਾਹੀਂ ਉਜਾਗਰ ਕੀਤਾ ਸੀ।

## ਸ਼ਰੀਫ ਵੱਲੋਂ ਮੰਗੀ ਪੱਕੀ ਜ਼ਮਾਨਤ ਦੀ ਅਪੀਲ ਰੱਦ

**ਇਸਲਾਮਾਬਾਦ:** ਪਾਕਿਸਤਾਨ ਦੇ ਸੁਪਰੀਮ ਕੋਰਟ ਨੇ ਬਿਮਾਰ ਚਲ ਰਹੇ ਸਾਬਕਾ ਪ੍ਰਧਾਨ ਮੰਤਰੀ ਨਵਾਜ਼ ਸ਼ਰੀਫ ਵੱਲੋਂ ਨਾਸਾਜ਼ ਸਿਹਤ ਦੇ ਆਧਾਰ 'ਤੇ ਮੰਗੀ ਗਈ ਪੱਕੀ ਜ਼ਮਾਨਤ ਦੀ ਅਰਜ਼ੀ ਨੂੰ ਰੱਦ ਕਰ ਦਿੱਤਾ ਹੈ।

ਚੀਫ ਜਸਟਿਸ ਆਸਿਫ ਸਈਦ ਖੋਸਾ ਦੀ ਅਗਵਾਈ ਹੇਠਲੇ ਤਿੰਨ ਮੈਂਬਰੀ ਬੈਂਚ ਨੇ ਕਿਹਾ ਕਿ ਉਨ੍ਹਾਂ ਦੀ ਜ਼ਿੰਦਗੀ ਨੂੰ ਫੌਰੀ ਕੋਈ ਖਤਰਾ ਨਹੀਂ ਹੈ। ਬੈਂਚ ਨੇ ਸ਼ਰੀਫ ਵੱਲੋਂ ਇਲਾਜ ਲਈ ਯੂ.ਕੇ. ਜਾਣ ਦੀ ਮੰਗੀ ਗਈ ਇਜਾਜ਼ਤ ਨੂੰ ਵੀ ਨਕਾਰ ਦਿੱਤਾ ਹੈ।

# ਉਦਾਸੀਨਤਾ (ਡਿਪਰੈਸ਼ਨ) ਤੋਂ ਬਚਣ ਦੀ ਲੋੜ

ਸਿਹਤ ਸੰਭਾਲ

**ਸ਼ਿਕਾਗੋ (ਬਿਊਰੋ):** ਸਿੱਖ ਸੀਨੀਅਰ ਸਿਟੀਜਨਜ਼ ਦੀ ਇਥੇ ਗੁਰਦੁਆਰਾ ਪੈਲਾਟਾਈਨ ਵਿਚ ਹੋਈ ਮਹੀਨਾਵਾਰ ਮੀਟਿੰਗ ਵਿਚ ਉਦਾਸੀਨਤਾ (ਡਿਪਰੈਸ਼ਨ) ਬਾਰੇ ਵਿਚਾਰ-ਚਰਚਾ ਕੀਤੀ ਗਈ। ਮੀਟਿੰਗ ਨੂੰ ਡਾ. ਹਰਗੁਰਮੁਖਪਾਲ ਸਿੰਘ ਨੇ ਸੰਬੋਧਨ ਕੀਤਾ, ਜੋ ਪੇਸ਼ੇ ਵਜੋਂ ਮਨੋਵਿਗਿਆਨੀ (ਸਾਈਕੈਟ੍ਰਿਸਟ) ਹਨ। ਉਹ ਪੰਜਾਬੀ ਸਿੱਖ ਭਾਈਚਾਰੇ ਦੀ ਜਾਣੀ ਪਛਾਣੀ ਸ਼ਖਸੀਅਤ ਹਨ ਅਤੇ ਉਹ ਗੁਰਦੁਆਰਾ ਪੈਲਾਟਾਈਨ ਵਿਚ ਮੁਫਤ ਸੇਵਾ ਵੀ ਮੁਹੱਈਆ ਕਰਦੇ ਹਨ।

ਡਾ. ਹਰਗੁਰਮੁਖਪਾਲ ਸਿੰਘ ਨੇ ਦੱਸਿਆ ਕਿ ਉਦਾਸੀਨਤਾ ਦੀ ਬਿਮਾਰੀ ਆਮ ਕਰਕੇ 1 ਤੋਂ 5% ਲੋਕਾਂ ਵਿਚ ਹੈ ਜਦਕਿ ਬਜ਼ੁਰਗਾਂ ਵਿਚੋਂ 10-11% ਲੋਕ ਇਸ ਦੀ ਮਾਰ ਹੇਠ ਹਨ। ਸੀ. ਡੀ. ਸੀ. ਵਿਭਾਗ ਮੁਤਾਬਕ ਜਿਹੜੇ ਬਜ਼ੁਰਗ ਘਰਾਂ ਵਿਚ ਇਕੱਲੇ ਰਹਿੰਦੇ ਹਨ, ਉਨ੍ਹਾਂ ਵਿਚ ਇਹ ਅੰਕੜਾ 35% ਤਕ ਚਲਾ ਜਾਂਦਾ ਹੈ। ਇਸ ਬਿਮਾਰੀ ਨੂੰ ਗੰਭੀਰਤਾ ਨਾਲ ਲੈਣਾ ਚਾਹੀਦਾ ਹੈ। ਜੇ ਬਿਮਾਰੀ ਦੇ ਲਛਣ 14 ਦਿਨ ਲਗਾਤਾਰ ਰਹਿਣ ਤਾਂ ਤੁਰੰਤ ਡਾਕਟਰੀ ਮਦਦ ਲੈਣੀ ਚਾਹੀਦੀ ਹੈ। ਬਿਮਾਰੀ ਦੇ ਲਛਣਾਂ ਵਿਚੋਂ ਜੇ ਚਾਰ ਲਛਣ ਮੌਜੂਦ ਹਨ ਤਾਂ ਇਲਾਜ ਲਈ ਜਾਣਾ ਹੀ ਬਿਹਤਰ ਹੈ; ਜਿਵੇਂ ਨੀਂਦ, ਭੁੱਖ, ਵਜ਼ਨ, ਆਲਸ, ਬੇਵਸੀ, ਆਤਮਘਾਤੀ ਖਿਆਲ ਆਦਿ ਦੀ ਗੜਬੜ ਹੋਣੀ। ਸਰੀਰਕ ਪੱਖੋਂ ਆਤਮ-ਵਿਸ਼ਵਾਸ ਦਾ ਘਟਣਾ, ਜੋੜਾਂ ਵਿਚ ਬੇਵਜ੍ਹਾ ਦਰਦ, ਢਿੱਡ ਵਿਚ ਗੜਬੜੀ ਆਦਿ।

ਉਨ੍ਹਾਂ ਖੁਲਾਸਾ ਕੀਤਾ ਕਿ ਇਕ ਦੁਖਾਂਤ ਇਹ ਵੀ ਹੈ ਕਿ ਬਹੁਤੇ ਪ੍ਰਾਇਮਰੀ ਡਾਕਟਰ ਇਹ ਚਿੰਨ੍ਹ ਫੜ ਹੀ ਨਹੀਂ ਸਕਦੇ। ਕਈ ਵਾਰ ਮਾਹਿਰਾਂ ਤਕ ਪਹੁੰਚਦਿਆਂ ਦੋ ਸਾਲ ਲੱਗ ਜਾਂਦੇ ਹਨ। ਕਈ ਅਜਿਹੀਆਂ ਬਿਮਾਰੀਆਂ ਵੀ ਹਨ, ਜਿਨ੍ਹਾਂ ਕਰਕੇ ਮਰੀਜ਼ ਉਦਾਸ ਰਹਿਣ ਲਗਦਾ ਹੈ, ਜਿਵੇਂ ਰੀਹ



ਡਾ. ਹਰਗੁਰਮੁਖਪਾਲ ਸਿੰਘ

(ਅਰਥਰਾਈਟਸ, ਗਠੀਆ ਭਾਵ ਜੋੜਾਂ ਦਾ ਰੋਗ), ਦਿਲ ਦਾ ਰੋਗ, ਪ੍ਰਾਸਟੇਟ, ਪਾਰਕਿਨਸਨ (ਝੋਲੇ ਦੀ ਬਿਮਾਰੀ), ਅਲਜ਼ਾਈਮਰਜ਼ (ਭੁੱਲਣ ਦੀ ਬਿਮਾਰੀ) ਆਦਿ। ਇਹ ਰੋਗ ਉਮਰ ਵਧਣ ਨਾਲ ਵਧਦੇ ਜਾਂਦੇ ਹਨ। ਇਸ ਤੋਂ ਬਿਨਾ ਹਾਜਮੇ 'ਚ ਗੜਬੜ, ਸਿਰ ਦਰਦ, ਪੈਰਾਂ 'ਚੋਂ ਸੇਕ ਨਿਕਲਣਾ, ਹਾਈਪੋ-ਥਾਇਰਾਇਡ, ਦਿਲ ਦੀਆਂ ਨਾੜਾਂ ਦਾ ਸੁੰਗੜਨਾ, ਆਟੋ-ਇਮਿਊਨ ਬਿਮਾਰੀਆਂ ਜਿਵੇਂ ਲੂਪਸ (ਭਾਵ ਚਮੜੀ ਰੋਗ), ਐਚ. ਆਈ. ਵੀ. ਵਾਇਰਸ ਜਿਸ ਨਾਲ ਏਡਜ਼ ਹੋ ਜਾਂਦੀ ਹੈ, ਹੈਪੇਟਾਈਟਸ। ਕੁਝ ਲਾਗ (ਇਨਫੈਕਸ਼ਨ) ਦੀਆਂ ਬਿਮਾਰੀਆਂ ਜਿਵੇਂ ਤਪਦਿਕ (ਟੀ. ਬੀ.), ਐਸ. ਟੀ. ਡੀ. (ਕਾਮ ਨਾਲ ਸਬੰਧਤ ਰੋਗ) ਆਦਿ।

ਡਾ. ਹਰਗੁਰਮੁਖਪਾਲ ਸਿੰਘ ਨੇ ਦੱਸਿਆ ਕਿ ਕੁਝ ਦਵਾਈਆਂ ਜਿਵੇਂ ਬੀ-12 (ਵਿਟਾਮਿਨ ਦੀ ਘਾਟ ਲਈ), ਬਲੱਡ ਪ੍ਰੈਸ਼ਰ ਘਟਾਉਣ ਵਾਲੀ 'ਬੈਟਾ ਬਲੌਕਰ' ਦਵਾਈਆਂ, ਕੌਲੈਸਟਰੋਲ ਘਟਾਉਣ ਵਾਲੀ ਸਟੈਟਿਨਸ ਦਵਾਈ, ਸਟੀਰੋਇਡ ਆਦਿ ਵੀ ਡਿਪਰੈਸ਼ਨ ਦਾ ਕਾਰਨ ਬਣ ਸਕਦੀਆਂ ਹਨ। ਬੀ-12 ਦੀ ਘਾਟ ਦੁਧ ਅਤੇ ਸਬਜ਼ੀਆਂ ਖਾ ਕੇ ਠੀਕ ਕੀਤੀ ਜਾ ਸਕਦੀ ਹੈ। ਬੀ-12 ਪਾਣੀ ਵਿਚ ਘੁਲਣ ਵਾਲਾ ਵਿਟਾਮਿਨ ਹੈ, ਜੇ ਵਧ ਵੀ ਜਾਵੇ ਤਾਂ ਪਿਸ਼ਾਬ ਰਾਹੀਂ ਬਾਹਰ ਨਿਕਲ ਜਾਂਦਾ ਹੈ। ਇਸੇ ਕਰਕੇ ਕਈ ਵਾਰ ਬੀ-12 ਲੈਣ ਵਾਲਿਆਂ ਦਾ ਪਿਸ਼ਾਬ ਪੀਲਾ ਆਉਂਦਾ ਹੈ। ਵਿਟਾਮਿਨ 'ਏ' ਅਤੇ 'ਡੀ' ਪਾਣੀ ਦੀ ਥਾਂ ਚਰਬੀ ਵਿਚ ਬਦਲਦੇ ਹਨ।

ਕੁਝ ਦਵਾਈਆਂ, ਖਾਸ ਕਰ ਹਾਰਮੋਨ ਥੈਰੇਪੀ ਲੈਣ ਵਾਲੀਆਂ ਔਰਤਾਂ ਨੂੰ ਉਦਾਸ ਕਰ ਦਿੰਦੀਆਂ ਹਨ। ਇਸੇ ਤਰ੍ਹਾਂ ਪਰਿਵਾਰ ਨਿਯੋਜਨ (ਬਰਥ ਕੰਟਰੋਲ) ਵਾਲੀਆਂ ਕੁਝ ਦਵਾਈਆਂ ਦਿਮਾਗ ਅਤੇ ਸੋਚਣ ਸ਼ਕਤੀ 'ਤੇ ਅਸਰ ਪਾਉਂਦੀਆਂ ਹਨ। ਕੁਝ ਦਵਾਈਆਂ, ਜੋ ਪੇਟ ਦੀਆਂ ਬਿਮਾਰੀਆਂ ਠੀਕ ਕਰਨ ਲਈ ਵਰਤਦੇ ਹਨ (Xenox), ਵੀ ਬੰਦੇ ਨੂੰ ਉਦਾਸ ਕਰ ਦਿੰਦੀਆਂ ਹਨ। ਦੇਖਣਾ ਇਹ ਪੈਂਦਾ ਹੈ ਕਿ ਦਵਾਈ ਸਹੀ ਕੰਮ ਕਰ ਰਹੀ ਹੈ ਜਾਂ ਨੁਕਸਾਨ ਕਰ ਰਹੀ ਹੈ। ਇਸ ਲਈ 95-5% ਫੈਕਟਰ ਵਰਤਿਆ ਜਾਂਦਾ ਹੈ। ਜੇ 95% ਸਹੀ ਅਤੇ 5% ਗਲਤ ਹੋਵੇ ਤਾਂ ਹੀ ਦਵਾਈ ਲੈਣੀ ਠੀਕ ਹੈ।

ਜੇ ਸਿਰ ਚਕਰਾਉਣ ਲੱਗ ਜਾਵੇ ਤਾਂ ਕਈ ਵਾਰ ਵਜ੍ਹਾ ਪਾਣੀ ਦੀ ਘਾਟ ਹੁੰਦੀ ਹੈ। ਪਾਣੀ ਪੀਣ ਨਾਲ ਖੂਨ ਦੀ ਮਾਤਰਾ ਸਹੀ ਹੋ ਜਾਂਦੀ ਹੈ। ਉਦਾਸੀਨਤਾ ਕੋਈ ਘਟਨਾ ਵਾਪਰਨ ਕਰਕੇ ਵੀ ਹੋ ਸਕਦੀ ਹੈ; ਜਿਵੇਂ ਮੌਤ, ਦੁਰਘਟਨਾ ਆਦਿ ਪਰ ਇਹ ਥੋੜ੍ਹੇ ਸਮੇਂ ਲਈ ਹੁੰਦੀ ਹੈ, ਹਮੇਸ਼ਾ ਲਈ ਨਹੀਂ। ਕਈ ਲੋਕਾਂ ਨੂੰ ਮੌਸਮ ਖਰਾਬ ਰਹਿਣ ਕਰਕੇ ਜਿਵੇਂ ਵਿੰਟਰ ਬਲਿਊਜ਼ ਕਰਕੇ ਵੀ ਡਿਪਰੈਸ਼ਨ ਹੋ ਜਾਂਦਾ ਹੈ, ਜੋ ਆਮ ਕਰ ਕੇ ਬਾਈਪੋਲਰ ਬਿਮਾਰੀ ਤੋਂ ਪੀੜਤ ਲੋਕਾਂ ਨੂੰ ਹੁੰਦਾ ਹੈ।

ਇਨ੍ਹਾਂ ਬਿਮਾਰੀਆਂ ਦੇ ਇਲਾਜ ਲਈ ਦਵਾਈਆਂ ਵੀ ਹਨ, ਪਰ ਹੋਰ ਲੋਕਾਂ ਦੀ ਵੱਧ ਤੋਂ ਵੱਧ ਸੰਗਤ ਕਰਕੇ ਇਨਸਾਨ ਠੀਕ ਮਹਿਸੂਸ ਕਰਦਾ ਹੈ। ਦਵਾਈਆਂ ਤਿੰਨ ਚਾਰ ਕਿਸਮ ਦੀਆਂ ਹਨ। ਇਹ ਮਰੀਜ਼ ਮੁਤਾਬਕ ਹੀ ਦੇਣੀਆਂ ਪੈਂਦੀਆਂ ਹਨ। ਕਈ ਵਾਰ ਇਨਸਾਨ ਇਕੱਲਾ ਮਹਿਸੂਸ ਕਰਦਾ ਹੈ, ਉਸ ਨੂੰ ਲਗਦਾ ਹੈ ਕਿ ਉਸ ਦੀ ਜ਼ਿੰਦਗੀ ਦਾ ਮਤਲਬ ਖੁਸ ਗਿਆ ਹੈ, ਕੋਈ ਉਸ ਦੀ ਪ੍ਰਵਾਹ ਨਹੀਂ ਕਰਦਾ। ਇਸ ਲਈ ਜ਼ਰੂਰੀ ਹੈ ਕਿ ਮਰੀਜ਼ ਨੂੰ ਇਕੱਲੇਪਣ ਤੋਂ ਦੂਰ ਰਖੋ। ਜ਼ਿੰਦਗੀ ਜਿਊਣ ਦਾ ਮਕਸਦ ਦੇਵੋ, ਜਿਵੇਂ ਪਰਿਵਾਰਕ ਜ਼ਿੰਮੇਵਾਰੀਆਂ ਦਾ ਅਹਿਸਾਸ ਕਰਵਾਉਣਾ; ਬਾਲ-ਬੱਚੇ ਦੇ ਜੀਵਨ ਦਾ ਅਹਿਸਾਸ ਕਰਵਾਉਣਾ; ਹੱਸਣ, ਖੇਡਣ ਦੇ ਮੌਕੇ ਮੁਹੱਈਆ ਕਰਨਾ; ਚਿੰਤਾ ਤੋਂ ਦੂਰ ਰੱਖਣ ਦੀ ਕੋਸ਼ਿਸ਼ ਕਰਨਾ; ਸਮਾਜ ਦਾ ਜ਼ਰੂਰੀ ਅੰਗ ਬਣੇ ਰਹਿਣ ਦੀ ਸੋਚ ਦਿਵਾਉਣਾ। ਸਮਾਜ ਨੂੰ ਵੀ ਇਸ ਮਾਮਲੇ ਵਿਚ ਥੋੜ੍ਹੀ ਖੁਲ੍ਹਦਿਲੀ ਦਿਖਾਉਣੀ ਚਾਹੀਦੀ ਹੈ। ਜੇ ਦਿਮਾਗੀ ਸੰਤੁਲਨ ਵਿਗੜ ਵੀ ਗਿਆ ਹੈ ਤਾਂ ਬੰਦੇ ਨੂੰ ਸੰਭਲਣ ਦਾ ਮੌਕਾ ਦੇਣਾ ਚਾਹੀਦਾ ਹੈ, ਉਸ ਨੂੰ ਦੁਰਕਾਰਿਆ ਨਾ ਜਾਵੇ। ਅੱਜ ਕੱਲ੍ਹ ਤਾਂ ਨੱਕ 'ਚ ਪਾਉਣ ਵਾਲੇ ਸਪਰੇਅ ਵੀ ਮਿਲਦੇ ਹਨ, ਜੋ ਮਦਦਗਾਰ ਸਾਬਤ ਹੋ ਰਹੇ ਹਨ।

ਯਾਦ ਰਹੇ, ਸ਼ਿਕਾਗੋ ਦੇ ਸਿੱਖ ਸੀਨੀਅਰ ਮਹੀਨੇ ਦੇ ਪਹਿਲੇ ਹਫਤੇ ਗੁਰਦੁਆਰਾ ਪੈਲਾਟਾਈਨ ਵਿਚ ਮਿਲਦੇ ਹਨ ਅਤੇ ਹਰ ਤੀਜੇ ਹਫਤੇ ਕਿਸੇ ਨਾ ਕਿਸੇ ਜਿਉਂਦੇ ਦਾ ਜਨਮ ਦਿਨ ਮਨਾਉਣ ਲਈ ਦੁਪਹਿਰੇ ਲੰਚ ਲਈ ਇਕੱਠੇ ਹੁੰਦੇ ਹਨ। ਹੋਰ ਜਾਣਕਾਰੀ ਲਈ ਸ. ਇਕਬਾਲ ਸਿੰਘ ਚੋਪੜਾ (ਫੋਨ: 224-358-7769), ਸ. ਸੁਰਿੰਦਰਪਾਲ ਸਿੰਘ ਕਾਲੜਾ (847-305-9119), ਸ. ਜਸਬੀਰ ਸਿਘ ਭੱਲਾ (630-229-1460) ਜਾਂ ਠਾਕਰ ਸਿੰਘ ਬਸਾਤੀ (ਈਮੇਲ: basati@aol.com) ਨਾਲ ਸੰਪਰਕ ਕੀਤਾ ਜਾ ਸਕਦਾ ਹੈ।

# ਮਸੂਦ ਅਜ਼ਹਰ ਆਲਮੀ ਦਹਿਸ਼ਤਗਰਦ ਕਰਾਰ

**ਨਿਊ ਯਾਰਕ:** ਸੰਯੁਕਤ ਰਾਸ਼ਟਰ ਨੇ ਪਾਕਿਸਤਾਨ ਅਧਾਰਤ ਜੈਸ਼-ਏ-ਮੁਹੰਮਦ ਦੇ ਮੁਖੀ ਮਸੂਦ ਅਜ਼ਹਰ ਨੂੰ ਆਲਮੀ ਦਹਿਸ਼ਤਗਰਦ ਐਲਾਨ ਦਿੱਤਾ ਹੈ। ਕੂਟਨੀਤਕ ਪੱਧਰ 'ਤੇ ਭਾਰਤ ਦੀ ਇਹ ਵੱਡੀ ਜਿੱਤ ਚੀਨ ਵੱਲੋਂ ਆਪਣੀ ਵੀਟੋ ਤਾਕਤ ਦਾ ਇਸਤੇਮਾਲ ਕਰਦਿਆਂ ਸੁਰੱਖਿਆ ਕੌਂਸਲ ਦੀ ਸੈਂਕਸ਼ਨਜ਼ ਕਮੇਟੀ ਵੱਲੋਂ ਪੇਸ਼ ਤਜਵੀਜ਼ 'ਤੇ ਲਾਈ ਰੋਕ ਹਟਾ ਲੈਣ ਮਗਰੋਂ ਸੰਭਵ ਹੋਈ ਹੈ। ਆਲਮੀ ਦਹਿਸ਼ਤਗਰਦ ਐਲਾਨੇ ਜਾਣ ਨਾਲ ਜੈਸ਼ ਮੁਖੀ ਦੇ ਅਸਾਸੇ ਜਾਮ ਹੋ ਜਾਣਗੇ ਤੇ ਉਹਦੇ ਸਫਰ ਕਰਨ ਤੇ ਹਥਿਆਰਾਂ ਦੇ ਲੈਣ ਦੇਣ ਦੀ ਪਾਬੰਦੀ ਆਇਦ ਰਹੇਗੀ।

ਫਰਵਰੀ ਵਿਚ ਜੰਮੂ ਕਸ਼ਮੀਰ ਦੇ ਪੁਲਵਾਮਾ ਵਿਚ ਸੀ.ਆਰ.ਪੀ.ਐਫ. ਦੇ ਕਾਫਲੇ ਨੂੰ ਨਿਸ਼ਾਨਾ ਬਣਾ ਕੇ ਕੀਤੇ ਫਿਦਾਈਨ ਹਮਲੇ ਦੀ ਜ਼ਿੰਮੇਵਾਰੀ ਜੈਸ਼-ਏ-ਮੁਹੰਮਦ ਵੱਲੋਂ ਲੈਣ ਪਿਛੋਂ ਫਰਾਂਸ, ਯੂਕੇ ਤੇ ਅਮਰੀਕਾ ਨੇ ਜੈਸ਼ ਮੁਖੀ ਮਸੂਦ ਅਜ਼ਹਰ ਨੂੰ ਆਲਮੀ ਦਹਿਸ਼ਤਗਰਦ ਨਾਮਜ਼ਦ ਕਰਨ ਸਬੰਧੀ ਤਜਵੀਜ਼ ਯੂ.ਐਨ. ਸੁਰੱਖਿਆ ਪ੍ਰੀਸ਼ਦ ਦੀ 1267 ਅਲ ਕਾਇਦਾ ਸੈਂਕਸ਼ਨਜ਼ ਕਮੇਟੀ ਵਿਚ ਰੱਖੀ ਸੀ। ਉਦੋਂ ਚੀਨ ਨੇ ਐਨ ਆਖਰੀ ਮੌਕੇ ਆਪਣੀ ਵੀਟੋ ਤਾਕਤ ਦਾ ਇਸਤੇਮਾਲ ਕਰਦਿਆਂ ਇਸ ਤਜਵੀਜ਼ ਨੂੰ 'ਤਕਨੀਕੀ ਆਧਾਰ' 'ਤੇ ਬਕਾਇਆ ਰੱਖਦਿਆਂ ਕਿਹਾ ਸੀ ਕਿ ਇਸ ਦੀ 'ਜਾਂਚ ਪੜਤਾਲ ਲਈ ਉਸ ਨੂੰ ਵੱਧ ਸਮੇਂ' ਦੀ ਦਰਕਾਰ ਹੈ। ਚੀਨ ਇਸ ਤੋਂ ਪਹਿਲਾਂ ਤਿੰਨ ਵੱਖ-ਵੱਖ ਮੌਕਿਆਂ 'ਤੇ ਜੈਸ਼ ਮੁਖੀ ਨੂੰ ਆਲਮੀ ਦਹਿਸ਼ਤਗਰਦ ਐਲਾਨੇ ਜਾਣ ਸਬੰਧੀ ਤਜਵੀਜ਼ਾਂ ਨੂੰ ਡੱਕ ਚੁੱਕਾ ਹੈ।

ਜੈਸ਼-ਏ-ਮੁਹੰਮਦ ਦੀ ਬੁਨਿਆਦ ਸੰਨ 2000 ਵਿਚ ਰੱਖੀ ਗਈ ਅਤੇ ਇਸ ਨੇ ਕਸ਼ਮੀਰ ਵਿਚ ਦਹਿਸ਼ਤਗਰਦ ਕਾਰਵਾਈਆਂ ਕੀਤੀਆਂ। ਮਸੂਦ ਅਜ਼ਹਰ ਪਹਿਲਾਂ ਹਰਕਤ-ਉਲ-ਅੰਸਾਰ ਨਾਂ ਦੀ ਦਹਿਸ਼ਤਗਰਦ ਜਥੇਬੰਦੀ ਦਾ ਜਨਰਲ ਸੈਕਟਰੀ ਸੀ ਅਤੇ ਇਸ ਨੇ ਉਸ ਜਥੇਬੰਦੀ ਦੀ ਵਿਚਾਰਧਾਰਾ ਦਾ ਪ੍ਰਚਾਰ ਕਰਨ ਲਈ ਕਈ ਦੇਸ਼ਾਂ ਦਾ ਦੌਰਾ ਕੀਤਾ। ਉਸ ਨੇ ਕਈ ਦਹਿਸ਼ਤਗਰਦ ਕਾਰਵਾਈਆਂ ਵਿਚ ਹਿੱਸਾ ਲਿਆ ਤੇ ਉਸ ਨੂੰ 1994 ਵਿਚ ਸ੍ਰੀਨਗਰ ਵਿਚ ਗ੍ਰਿਫਤਾਰ ਕੀਤਾ ਗਿਆ।

ਦਹਿਸ਼ਤਗਰਦਾਂ ਨੇ ਉਸ ਨੂੰ ਛੁਡਵਾਉਣ ਕਈ ਉਪਰਾਲੇ ਕੀਤੇ ਅਤੇ ਫਿਰ ਦਸੰਬਰ 1999 ਨੂੰ ਕਾਠਮੰਡੂ ਤੋਂ ਇਕ ਹਿੰਦੁਸਤਾਨੀ ਜਹਾਜ਼ ਨੂੰ ਅਗਵਾ ਕਰਕੇ ਅਫਗਾਨਿਸਤਾਨ ਲਿਜਾਇਆ ਗਿਆ। ਉਸ ਵੇਲੇ ਦੀ ਹਕੂਮਤ ਨੇ ਮੁਸਾਫਰਾਂ ਨੂੰ ਬਚਾਉਣ ਲਈ ਮਸੂਦ ਅਜ਼ਹਰ ਤੇ ਕੁਝ ਹੋਰ ਦਹਿਸ਼ਤਗਰਦਾਂ ਨੂੰ ਰਿਹਾਅ ਕਰ ਦਿੱਤਾ। ਇਸ ਤੋਂ ਬਾਅਦ ਉਸ ਨੇ ਉਸਾਮਾ ਬਿਨ ਲਾਦਿਨ ਤੇ ਹੋਰ ਕੱਟੜਪੰਥੀ ਜਥੇਬੰਦੀਆਂ ਦੀ ਸਹਾਇਤਾ ਨਾਲ ਜੈਸ਼-ਏ-ਮੁਹੰਮਦ ਦੀ ਨੀਂਹ ਰੱਖੀ। ਇਸ ਜਥੇਬੰਦੀ ਨੇ 2001 ਵਿਚ ਹਿੰਦੁਸਤਾਨੀ ਸੰਸਦ 'ਤੇ ਹਮਲਾ ਕੀਤਾ ਅਤੇ 2008 ਵਿਚ ਮੁੰਬਈ ਵਿਚ ਵੱਡੀ ਪੱਧਰ ਦੀ ਦਹਿਸ਼ਤਗਰਦ ਕਾਰਵਾਈ ਕੀਤੀ।

2016 ਵਿਚ ਇਸ ਜਥੇਬੰਦੀ ਨੇ ਹਿੰਦੁਸਤਾਨ ਦੀ ਹਵਾਈ ਫੌਜ ਦੇ ਪਠਾਨਕੋਟ ਹਵਾਈ ਅੱਡੇ 'ਤੇ ਹਮਲਾ ਕਰਨ ਦੀ ਕੋਸ਼ਿਸ਼ ਕੀਤੀ। ਇਸ ਸਾਲ 14 ਫਰਵਰੀ 2019 ਨੂੰ ਇਸ ਜਥੇਬੰਦੀ ਵੱਲੋਂ ਸੀ.ਆਰ.ਪੀ.ਐਫ. ਦੇ ਕਾਫਲੇ 'ਤੇ ਆਤਮਘਾਤੀ ਹਮਲਾ ਕਰਵਾਇਆ ਗਿਆ ਜਿਸ ਵਿਚ 40 ਜਵਾਨ ਸ਼ਹੀਦ ਹੋ ਗਏ। ਇਹ ਵੀ ਕਿਹਾ ਜਾਂਦਾ ਰਿਹਾ ਹੈ ਕਿ ਜੈਸ਼-ਏ-ਮੁਹੰਮਦ ਪੂਰੀ ਤਰ੍ਹਾਂ ਪਾਕਿਸਤਾਨੀ ਫੌਜ ਦੇ ਕੰਟਰੋਲ ਵਿਚ ਨਹੀਂ ਤੇ 2003 ਵਿਚ ਇਸ ਨੇ ਪਰਵੇਜ਼ ਮੁਸ਼ੱਰਫ 'ਤੇ ਵੀ ਹਮਲਾ ਕੀਤਾ ਸੀ। ਹਿੰਦੁਸਤਾਨ 2009 ਤੋਂ ਮਸੂਦ ਅਜ਼ਹਰ ਨੂੰ ਆਲਮੀ ਦਹਿਸ਼ਤਗਰਦ ਦੇ ਤੌਰ 'ਤੇ ਐਲਾਨੇ ਜਾਣ ਬਾਰੇ ਯਤਨ ਕਰ ਰਿਹਾ ਸੀ।

## 'ਭਾਰਤ ਦੀ ਕੂਟਨੀਤਕ ਜਿੱਤ'

**ਨਵੀਂ ਦਿੱਲੀ:** ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਜੈਸ਼ ਮੁਖੀ ਮਸੂਦ ਅਜ਼ਹਰ ਨੂੰ ਆਲਮੀ ਦਹਿਸ਼ਤਗਰਦ ਨਾਮਜ਼ਦ ਕੀਤੇ ਜਾਣ ਦੇ ਫੈਸਲੇ ਨੂੰ ਭਾਰਤ ਦੀ ਕੂਟਨੀਤਕ ਜਿੱਤ ਕਰਾਰ ਦਿੱਤਾ ਹੈ। ਸ੍ਰੀ ਮੋਦੀ ਨੇ ਕਿਹਾ ਕਿ ਭਾਰਤ ਦੀ ਆਵਾਜ਼ ਆਲਮੀ ਪੱਧਰ 'ਤੇ ਸੁਣੀ ਜਾਣ ਲੱਗੀ ਹੈ ਤੇ ਇਹ ਗੱਲ ਚਿੱਟੇ ਦਿਨ ਵਾਂਗ ਸਾਫ ਹੈ ਕਿ ਭਾਰਤ ਦੇ ਨਜ਼ਰੀਏ ਨੂੰ ਹੁਣ ਨਜ਼ਰਅੰਦਾਜ਼ ਕਰਨਾ ਮੁਸ਼ਕਲ ਹੈ। ਇਸ ਦੌਰਾਨ ਵਿਦੇਸ਼ ਮੰਤਰਾਲੇ ਨੇ ਫੈਸਲੇ ਦਾ ਸਵਾਗਤ ਕਰਦਿਆਂ ਕਿਹਾ ਕਿ ਉਹ ਦਹਿਸ਼ਤੀ ਗੁੱਟਾਂ ਨੂੰ ਨਿਆਂ ਦੇ ਕਟਹਿਰੇ 'ਚ ਖੜ੍ਹਾਉਣ ਦੇ ਆਪਣੇ ਯਤਨ ਬੇਰੋਕ ਜਾਰੀ ਰੱਖੇਗਾ।

## ਪਾਕਿਸਤਾਨ ਵੱਲੋਂ ਅਜ਼ਹਰ ਦੇ ਅਸਾਸੇ ਜ਼ਬਤ ਕਰਨ ਦੇ ਹੁਕਮ

ਸੰਯੁਕਤ ਰਾਸ਼ਟਰ ਵੱਲੋਂ ਜੈਸ਼-ਏ-ਮੁਹੰਮਦ ਮੁਖੀ ਮਸੂਦ ਅਜ਼ਹਰ ਨੂੰ 'ਆਲਮੀ ਦਹਿਸ਼ਤਗਰਦ' ਐਲਾਨੇ ਜਾਣ ਮਗਰੋਂ ਪਾਕਿਸਤਾਨ ਨੇ ਉਸ ਦੇ ਅਸਾਸੇ ਜ਼ਬਤ ਕਰਨ ਅਤੇ ਯਾਤਰਾ 'ਤੇ ਪਾਬੰਦੀ ਲਗਾਉਣ ਦੇ ਹੁਕਮ ਜਾਰੀ ਕੀਤੇ ਹਨ। ਪਾਕਿਸਤਾਨ ਅਧਾਰਤ ਅਜ਼ਹਰ 'ਤੇ ਹਥਿਆਰ ਤੇ ਗੋਲੀ-ਸਿੱਕਾ ਖਰੀਦਣ ਅਤੇ ਵੇਚਣ 'ਤੇ ਵੀ ਪਾਬੰਦੀ ਲਾਗੂ ਹੈ। ਪਾਕਿਸਤਾਨ ਦੇ ਸੁਰੱਖਿਆ ਅਤੇ ਐਕਸਚੇਂਜ ਕਮਿਸ਼ਨ ਨੇ ਸਾਰੇ ਗੈਰ ਬੈਂਕਿੰਗ ਵਿੱਤੀ ਅਦਾਰਿਆਂ ਅਤੇ ਨਿਯੰਤਰਣ ਰੱਖਣ ਵਾਲੀਆਂ ਅਥਾਰਟੀਆਂ ਨੂੰ ਹੁਕਮ ਦਿੱਤੇ ਹਨ ਕਿ ਅਜ਼ਹਰ ਦੇ ਸਾਰੇ ਨਿਵੇਸ਼ ਖਾਤਿਆਂ ਨੂੰ ਬਲਾਕ ਕਰ ਦਿੱਤਾ ਜਾਵੇ।



# ਸ਼੍ਰੋਮਣੀ ਕਮੇਟੀ ਨੇ 550 ਸਾਲਾ ਸਮਾਗਮਾਂ ਦੀ ਰੂਪ-ਰੇਖਾ ਉਲੀਕੀ

**ਅੰਮ੍ਰਿਤਸਰ:** ਸ੍ਰੀ ਗੁਰੂ ਨਾਨਕ ਦੇਵ ਦੇ 550 ਸਾਲਾ ਪ੍ਰਕਾਸ਼ ਪੁਰਬ ਦੇ ਮੁੱਖ ਸਮਾਗਮ ਸ਼੍ਰੋਮਣੀ ਕਮੇਟੀ, ਪੰਜਾਬ ਸਰਕਾਰ ਨਾਲ ਰਲ ਕੇ ਇਕ ਮੰਚ 'ਤੇ ਮਨਾਉਣਾ ਚਾਹੁੰਦੀ ਹੈ। ਸ਼੍ਰੋਮਣੀ ਕਮੇਟੀ ਵੱਲੋਂ ਇਸ ਸਬੰਧੀ ਮੁੱਖ ਮੰਤਰੀ ਨੂੰ ਪੱਤਰ ਵੀ ਭੇਜਿਆ ਗਿਆ ਹੈ ਅਤੇ ਪ੍ਰਧਾਨ ਗੋਬਿੰਦ ਸਿੰਘ ਲੌਂਗੋਵਾਲ ਮੁੱਖ ਮੰਤਰੀ ਨਾਲ ਮੁਲਾਕਾਤ ਵੀ ਕਰਨਗੇ। ਇਹ ਖੁਲਾਸਾ ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਗੋਬਿੰਦ ਸਿੰਘ ਲੌਂਗੋਵਾਲ ਨੇ ਕੀਤਾ ਹੈ। ਉਨ੍ਹਾਂ ਸ਼ਤਾਬਦੀ ਸਮਾਗਮਾਂ ਦੀ ਰੂਪ-ਰੇਖਾ ਵੀ ਜਾਰੀ ਕੀਤੀ ਹੈ।

ਲੌਂਗੋਵਾਲ ਨੇ ਦੱਸਿਆ ਕਿ ਸ੍ਰੀ ਅਕਾਲ ਤਖਤ ਦੇ ਜਥੇਦਾਰ ਵੱਲੋਂ ਸ਼੍ਰੋਮਣੀ ਕਮੇਟੀ ਤੇ ਪੰਜਾਬ ਸਰਕਾਰ ਨੂੰ ਹਦਾਇਤ ਕੀਤੀ ਗਈ ਹੈ ਕਿ 550 ਸਾਲਾ ਪ੍ਰਕਾਸ਼ ਪੁਰਬ ਦੇ ਮੁੱਖ ਸਮਾਗਮ ਰਲ ਕੇ ਇਕੱਠਿਆਂ ਇਕ ਮੰਚ ਤੋਂ ਮਨਾਏ ਜਾਣ ਜਿਸ ਤਹਿਤ ਸ਼੍ਰੋਮਣੀ ਕਮੇਟੀ ਵੱਲੋਂ ਮੁੱਖ ਮੰਤਰੀ ਨੂੰ ਪੱਤਰ ਵੀ ਲਿਖਿਆ ਗਿਆ ਹੈ। ਉਨ੍ਹਾਂ ਦੱਸਿਆ ਕਿ ਇਸ ਸਬੰਧੀ ਜਲਦੀ ਹੀ ਮੁੱਖ ਮੰਤਰੀ ਨਾਲ ਮੁਲਾਕਾਤ ਕਰਕੇ ਵਿਚਾਰ ਚਰਚਾ ਕੀਤੀ ਜਾਵੇਗੀ। ਸੰਸਦੀ ਚੋਣਾਂ ਤੋਂ ਬਾਅਦ ਉਹ ਮੁਲਾਕਾਤ ਲਈ ਸਮਾਂ ਲੈਣਗੇ। ਉਨ੍ਹਾਂ ਦੱਸਿਆ ਕਿ ਮੁੱਖ ਸਮਾਗਮ 8 ਤੋਂ 12 ਨਵੰਬਰ ਤੱਕ ਹੋਣਗੇ, ਜਿਸ ਵਿਚ ਦੇਸ਼ ਦੇ ਰਾਸ਼ਟਰਪਤੀ, ਪ੍ਰਧਾਨ ਮੰਤਰੀ ਅਤੇ ਵੱਖ-ਵੱਖ ਸੂਬਿਆਂ ਦੇ ਰਾਜਪਾਲ ਤੇ ਮੁੱਖ ਮੰਤਰੀ ਸਮੇਤ ਹੋਰ ਸ਼ਖਸੀਅਤਾਂ ਪਹੁੰਚਣਗੀਆਂ। ਇਨ੍ਹਾਂ ਸਮਾਗਮਾਂ ਦੌਰਾਨ ਦੇਸ਼ ਵਿਦੇਸ਼ ਤੋਂ ਲੱਖਾਂ ਦੀ ਗਿਣਤੀ ਵਿਚ ਸ਼ਰਧਾਲੂਆਂ ਦੇ ਸੁਲਤਾਨਪੁਰ ਲੋਧੀ ਪੁੱਜਣ ਦੀ ਸੰਭਾਵਨਾ ਹੈ ਜਿਨ੍ਹਾਂ ਲਈ ਢੁਕਵੇਂ ਪ੍ਰਬੰਧ ਕੀਤੇ ਜਾਣਗੇ। ਵੱਡੀ ਗਿਣਤੀ 'ਚ ਪੁੱਜੀ ਸੰਗਤ ਦੀ ਰਿਹਾਇਸ਼ ਲਈ ਟੈਂਟ ਸਿਟੀ ਉਸਾਰਨ ਦੀ ਵੀ ਯੋਜਨਾ ਬਣਾਈ ਜਾ ਰਹੀ ਹੈ।

## ਸਰਕਾਰ ਨੂੰ ਸਾਂਝੇ ਸਮਾਗਮਾਂ ਦਾ ਸੱਦਾ

ਇਸ ਸਬੰਧੀ ਉਲੀਕੇ ਪ੍ਰੋਗਰਾਮਾਂ ਦੀ ਰੂਪ ਰੇਖਾ ਦੱਸਦਿਆਂ ਉਨ੍ਹਾਂ ਦੱਸਿਆ ਕਿ 8 ਨਵੰਬਰ ਨੂੰ ਅੰਮ੍ਰਿਤਸਰ ਸਥਿਤ ਮੰਜੀ ਸਾਹਿਬ ਦੀਵਾਨ ਹਾਲ 'ਚ ਅੰਤਰ ਧਰਮ ਸੰਵਾਦ ਸੰਮੇਲਨ ਹੋਵੇਗਾ, 9 ਨਵੰਬਰ ਨੂੰ ਗੁਰਦੁਆਰਾ ਸ੍ਰੀ ਬੇਰ ਸਾਹਿਬ ਸੁਲਤਾਨਪੁਰ ਲੋਧੀ ਵਿਖੇ ਢਾਡੀ ਦਰਬਾਰ ਤੇ ਰਾਤ ਨੂੰ ਕਵੀ ਦਰਬਾਰ ਹੋਵੇਗਾ, 10 ਨਵੰਬਰ ਨੂੰ ਸੁਲਤਾਨਪੁਰ ਲੋਧੀ ਵਿਖੇ ਬੇਬੇ ਨਾਨਕੀ ਦੇ ਨਾਂ 'ਤੇ ਮਹਿਲਾ ਸੰਮੇਲਨ ਹੋਵੇਗਾ, 11 ਨਵੰਬਰ ਨੂੰ 101 ਸਿੱਖ ਸ਼ਖਸੀਅਤਾਂ ਦਾ ਸਨਮਾਨ ਕੀਤਾ ਜਾਵੇਗਾ ਅਤੇ ਰਾਤ ਨੂੰ ਭਾਈ ਮਰਦਾਨਾ ਨੂੰ ਸਮਰਪਤ ਰਾਗ ਦਰਬਾਰ ਹੋਵੇਗਾ ਅਤੇ 12 ਨਵੰਬਰ ਨੂੰ ਮੁੱਖ ਸਮਾਗਮ ਹੋਵੇਗਾ। ਇਸ ਤੋਂ ਇਲਾਵਾ ਹੋਰਨਾਂ ਪ੍ਰੋਗਰਾਮਾਂ ਦੇ ਵੇਰਵੇ ਵੀ ਜਾਰੀ ਕੀਤੇ ਗਏ ਹਨ ਜਿਸ ਤਹਿਤ ਪਾਕਿਸਤਾਨ ਸਥਿਤ ਗੁਰਦੁਆਰਾ ਨਨਕਾਣਾ ਸਾਹਿਬ ਤੋਂ ਸੁਲਤਾਨਪੁਰ ਲੋਧੀ ਦਾ ਨਗਰ ਕੀਰਤਨ, ਨੇਪਾਲ ਦੇ ਕਾਠਮੰਡੂ ਸਥਿਤ ਗੁਰਦੁਆਰੇ ਤੋਂ, ਕਰਨਾਟਕ ਦੇ ਬਿਦਰ ਸਥਿਤ ਗੁਰਦੁਆਰਾ ਬੇਰ ਸਾਹਿਬ, ਮਟਨ ਤੋਂ ਨਗਰ ਕੀਰਤਨ ਸੁਲਤਾਨਪੁਰ ਲੋਧੀ ਪੁੱਜਣਗੇ। ਇਸੇ ਤਰ੍ਹਾਂ ਬੰਗਲਾਦੇਸ਼ ਦੀ ਢਾਕਾ ਯੂਨੀਵਰਸਿਟੀ, ਨੇਪਾਲ ਦੇ ਕਾਠਮੰਡੂ, ਜੰਮੂ ਕਸ਼ਮੀਰ ਦੀ ਸ੍ਰੀਨਗਰ ਯੂਨੀਵਰਸਿਟੀ, ਕਲਕੱਤਾ ਯੂਨੀਵਰਸਿਟੀ, ਮੁੰਬਈ ਦੇ ਗੁਰੂ ਨਾਨਕ ਖਾਲਸਾ ਕਾਲਜ, ਬੰਗਲੌਰ ਦੇ ਕਰਨਾਟਕ, ਅਲੀਗੜ੍ਹ ਮੁਸਲਿਮ ਯੂਨੀਵਰਸਿਟੀ ਅਤੇ ਪਾਕਿਸਤਾਨ ਦੇ ਲਾਹੌਰ ਤੇ ਨਨਕਾਣਾ ਸਾਹਿਬ 'ਚ ਸੈਮੀਨਾਰ ਹੋਣਗੇ। ਇਸੇ ਤਰ੍ਹਾਂ ਵੱਖ ਵੱਖ ਭਾਸ਼ਾਵਾਂ 'ਚ ਪੁਸਤਕਾਂ ਜਾਰੀ ਕੀਤੀਆਂ ਜਾਣਗੀਆਂ।

## ਸੰਮੇਲਨ ਦੀ ਜ਼ਿੰਮੇਵਾਰੀ ਨਿਸ਼ਕਾਮ ਸੇਵਕ ਜਥਾ ਬਰਮਿੰਘਮ ਨੂੰ ਸੌਂਪੀ

**ਅੰਮ੍ਰਿਤਸਰ:** ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਗੋਬਿੰਦ ਸਿੰਘ ਲੌਂਗੋਵਾਲ ਨੇ ਗੁਰੂ ਨਾਨਕ ਨਿਸ਼ਕਾਮ ਸੇਵਕ ਜਥਾ ਬਰਮਿੰਘਮ (ਯੂ.ਕੇ.) ਦੇ ਮੁਖੀ ਭਾਈ ਮਹਿੰਦਰ ਸਿੰਘ ਨੂੰ ਗੁਰੂ ਨਾਨਕ ਦੇਵ ਜੀ ਦੇ 550ਵੇਂ ਪ੍ਰਕਾਸ਼ ਪੁਰਬ ਮੌਕੇ ਕਰਵਾਏ ਜਾਣ ਵਾਲੇ ਅੰਤਰ ਧਰਮ ਸੰਵਾਦ ਸੰਮੇਲਨ ਦੀ ਜ਼ਿੰਮੇਵਾਰੀ ਸੌਂਪੀ ਹੈ। ਉਨ੍ਹਾਂ ਨੂੰ ਸਿੱਖ ਪੰਥ ਲਈ ਨਿਭਾਈਆਂ ਜਾ ਰਹੀਆਂ ਸੇਵਾਵਾਂ ਬਦਲੇ ਸ਼੍ਰੋਮਣੀ ਕਮੇਟੀ ਪ੍ਰਧਾਨ ਨੇ ਸਨਮਾਨਿਤ ਵੀ ਕੀਤਾ। ਸ਼੍ਰੋਮਣੀ ਕਮੇਟੀ ਦੇ ਮੁੱਖ ਸਕੱਤਰ ਡਾ. ਰੂਪ ਸਿੰਘ ਅਤੇ ਧਰਮ ਪ੍ਰਚਾਰ ਕਮੇਟੀ ਦੇ ਸਕੱਤਰ ਬਲਵਿੰਦਰ ਸਿੰਘ ਜੌੜਾਸਿੰਘਾ ਨੇ ਅੰਤਰ ਧਰਮ ਸੰਵਾਦ ਸੰਮੇਲਨ ਨੂੰ ਲੈ ਕੇ ਭਾਈ ਮਹਿੰਦਰ ਸਿੰਘ ਨਾਲ ਬੈਠਕ ਵੀ ਕੀਤੀ।

ਦੱਸਣਯੋਗ ਹੈ ਕਿ ਨਿਸ਼ਕਾਮ ਸੇਵਕ ਜਥਾ ਬਰਮਿੰਘਮ ਵੱਲੋਂ ਜਿਥੇ ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਦੇ ਸੋਨੇ ਦੀ ਚਮਕ ਲਈ ਸਾਫ ਸਫਾਈ ਦੀ ਸੇਵਾ ਕਰਵਾਈ ਜਾਂਦੀ ਹੈ, ਉਥੇ ਹੀ ਗੁਰੂ ਨਾਨਕ ਦੇਵ ਜੀ ਦੇ 550 ਸਾਲਾ ਪ੍ਰਕਾਸ਼ ਪੁਰਬ ਨੂੰ ਸਮਰਪਿਤ ਸੁਲਤਾਨਪੁਰ ਲੋਧੀ ਵਿਚ ਗੁਰਦੁਆਰਾ ਸੰਤ ਘਾਟ ਨਜ਼ਦੀਕ ਮੂਲ ਮੰਤਰ ਅਸਥਾਨ ਦਾ ਨਿਰਮਾਣ ਕਾਰਜ ਕਰਵਾਇਆ ਜਾ ਰਿਹਾ ਹੈ।

# ਨੀਮ ਪਹਾੜੀ ਇਲਾਕਿਆਂ ਦੇ ਸਿੱਖਾਂ ਨਾਲ ਵਿਤਕਰਾ ਗੰਭੀਰ ਮਸਲਾ ਕਰਾਰ

**ਅੰਮ੍ਰਿਤਸਰ:** ਪਹਾੜੀ ਤੇ ਨੀਮ ਪਹਾੜੀ ਇਲਾਕਿਆਂ ਵਿਚ ਰਹਿੰਦੇ ਸਿੱਖਾਂ ਨੂੰ ਫੌਜ ਅਤੇ ਨੀਮ ਫੌਜੀ ਬਲਾਂ ਵਿਚ ਭਰਤੀ ਹੋਣ ਲਈ ਸਰੀਰਕ ਮਾਪਦੰਡ ਵਿਚ ਛੋਟ ਵਾਲਾ ਵਿਸ਼ੇਸ਼ ਸਰਟੀਫਿਕੇਟ ਦੇਣ ਵਿਚ ਹੋ ਰਹੇ ਵਿਤਕਰੇ ਦੇ ਮਾਮਲੇ ਨੂੰ ਸ੍ਰੀ ਅਕਾਲ ਤਖਤ ਦੇ ਕਾਰਜਕਾਰੀ ਜਥੇਦਾਰ ਗਿਆਨੀ ਹਰਪ੍ਰੀਤ ਸਿੰਘ ਨੇ ਗੰਭੀਰ ਮੁੱਦਾ ਦੱਸਿਆ ਹੈ। ਉਨ੍ਹਾਂ ਇਸ ਮਾਮਲੇ ਵਿਚ ਸ਼੍ਰੋਮਣੀ ਕਮੇਟੀ ਨੂੰ ਢੁਕਵੀਂ ਕਾਰਵਾਈ ਕਰਨ ਲਈ ਆਖਿਆ ਹੈ। ਉਹ ਅਕਾਲ ਤਖਤ ਸਾਹਿਬ ਵਿਖੇ ਸ਼ਤਾਬਦੀ ਸਮਾਗਮਾਂ ਬਾਰੇ ਇਤਿਹਾਸ ਖੋਜ ਵਿਭਾਗ ਦੇ ਸਕਾਲਰਾਂ ਨਾਲ ਮੀਟਿੰਗ ਕਰਨ ਲਈ ਪੁੱਜੇ ਸਨ।

ਉਨ੍ਹਾਂ ਦੱਸਿਆ ਕਿ ਪੰਜਾਬ ਦੇ ਨੀਮ ਪਹਾੜੀ ਇਲਾਕਿਆਂ ਹੁਸ਼ਿਆਰਪੁਰ, ਮੁਕੇਰੀਆਂ, ਟਾਂਡਾ, ਰੋਪੜ ਆਦਿ ਵਿਚ ਪਗੜੀਧਾਰੀ ਸਿੱਖਾਂ ਨਾਲ ਵਿਤਕਰਾ ਹੋ ਰਿਹਾ ਹੈ। ਇਨ੍ਹਾਂ ਇਲਾਕਿਆਂ ਦੇ ਵਸਨੀਕ ਸਿੱਖਾਂ ਨੂੰ ਫੌਜ ਜਾਂ ਨੀਮ ਫੌਜੀ ਬਲਾਂ ਵਿਚ ਭਰਤੀ ਹੋਣ ਲਈ ਵਿਸ਼ੇਸ਼ ਛੋਟ ਵਾਲਾ ਸਰਟੀਫਿਕੇਟ ਨਹੀਂ ਦਿੱਤਾ ਜਾਂਦਾ ਹੈ। ਇਸ ਸਬੰਧੀ ਉਨ੍ਹਾਂ ਕੋਲ ਸ਼ਿਕਾਇਤਾਂ ਪੁੱਜੀਆਂ ਹਨ। ਉਨ੍ਹਾਂ ਆਖਿਆ ਕਿ ਇਨ੍ਹਾਂ ਇਲਾਕਿਆਂ ਵਿਚ ਪਹਿਲਾਂ ਡੋਗਰਾ ਸਰਟੀਫਿਕੇਟ ਦਿੱਤਾ ਜਾਂਦਾ ਸੀ, ਜਿਸ ਨੂੰ ਹੁਣ ਹਿੰਦੂ ਡੋਗਰਾ ਸਰਟੀਫਿਕੇਟ ਦਾ ਨਾਂ ਦਿੱਤਾ ਗਿਆ ਹੈ। ਉਨ੍ਹਾਂ ਆਖਿਆ ਕਿ ਇਨ੍ਹਾਂ ਇਲਾਕਿਆਂ ਦੇ ਪਗੜੀਧਾਰੀ ਸਿੱਖਾਂ ਨੂੰ ਛੱਡ ਕੇ ਬਾਕੀਆਂ ਨੂੰ ਇਹ ਸਰਟੀਫਿਕੇਟ ਦਿੱਤਾ ਜਾਂਦਾ ਹੈ। ਇਨ੍ਹਾਂ ਇਲਾਕਿਆਂ ਦੇ ਸਿੱਖਾਂ ਨੂੰ ਸਰਟੀਫਿਕੇਟ ਵਾਲੀਆਂ ਸਾਰੀਆਂ ਸਹੂਲਤਾਂ ਮਿਲਣੀਆਂ ਚਾਹੀਦੀਆਂ ਹਨ।

ਸਾਬਕਾ ਅਕਾਲੀ ਮੰਤਰੀ ਸੁੱਚਾ ਸਿੰਘ ਲੰਗਾਹ, ਜਿਸ ਨੂੰ ਪੰਥ ਵਿਚੋਂ ਛੇਕਿਆ ਹੋਇਆ ਹੈ, ਵੱਲੋਂ ਸਮਾਜਿਕ ਤੇ ਸਿਆਸੀ ਰੈਲੀਆਂ ਕੀਤੇ ਜਾਣ ਤੇ ਇਨ੍ਹਾਂ ਰੈਲੀਆਂ ਵਿਚ ਸ਼੍ਰੋਮਣੀ ਕਮੇਟੀ ਅਤੇ ਅਕਾਲੀ ਦਲ ਦੇ ਆਗੂਆਂ ਵੱਲੋਂ ਸਹਿਯੋਗ ਦਿੱਤੇ ਜਾਣ ਦੇ ਮਾਮਲੇ ਦੀ ਵੀ ਸ੍ਰੀ ਅਕਾਲ ਤਖਤ ਵੱਲੋਂ ਪੜਤਾਲ ਕੀਤੀ ਜਾ ਰਹੀ ਹੈ।

ਇਸ ਸਬੰਧੀ ਵੀ ਕਈ ਧਾਰਮਿਕ ਆਗੂ ਜਥੇਦਾਰ ਹਰਪ੍ਰੀਤ ਸਿੰਘ ਨੂੰ ਮਿਲੇ। ਉਨ੍ਹਾਂ ਆਖਿਆ ਕਿ ਇਸ ਬਾਰੇ ਜਾਂਚ ਕਰਵਾਈ ਜਾ ਰਹੀ ਹੈ ਕਿ ਕਿਹੜੇ ਵਿਅਕਤੀ ਪੰਥ ਵਿਚੋਂ ਛੇਕੇ ਹੋਏ ਵਿਅਕਤੀ ਨੂੰ ਸਹਿਯੋਗ ਦੇ ਰਹੇ ਹਨ। ਉਨ੍ਹਾਂ ਗੁਰੂ ਨਾਨਕ ਦੇਵ ਜੀ ਤੇ ਸਿੱਖ ਗੁਰੂਆਂ ਦੀਆਂ ਬਾਜ਼ਾਰ ਵਿਚ ਵਿਕ ਰਹੀਆਂ ਮੂਰਤੀਆਂ ਬਾਰੇ ਕਿਹਾ ਕਿ ਇਹ ਸਿੱਖ ਮਰਿਆਦਾ ਦੀ ਉਲੰਘਣਾ ਹੈ ਤੇ ਡੂੰਘੀ ਸਾਜਿਸ਼ ਹੇਠ ਮੂਰਤੀਆਂ ਬਣਾਈਆਂ ਜਾ ਰਹੀਆਂ ਹਨ।

## ਨਿਸ਼ਾਨ ਸਿੰਘ ਟੋਹਾਣਾ ਨੇ ਲਿਖਤੀ ਮੁਆਫੀ ਮੰਗੀ

ਹਰਿਆਣਾ ਦੀ ਜਨ ਨਾਇਕ ਜਨਤਾ ਪਾਰਟੀ ਦੇ ਸੂਬਾ ਪ੍ਰਧਾਨ ਅਤੇ ਸਾਬਕਾ ਵਿਧਾਇਕ ਨਿਸ਼ਾਨ ਸਿੰਘ ਟੋਹਾਣਾ ਨੇ ਅਕਾਲ ਤਖਤ ਸਾਹਿਬ ਵਿਖੇ ਪੇਸ਼ ਹੋ ਕੇ ਸਿੱਖ ਜਗਤ ਕੋਲੋਂ ਜਾਣੇ ਅਨਜਾਣੇ ਵਿਚ ਹੋਈ ਗਲਤੀ ਲਈ ਮੁਆਫੀ ਮੰਗੀ ਹੈ। ਉਸ ਨੇ ਡੇਰਾ ਸਿਰਸਾ ਦੇ ਮੁਖੀ ਦੀ ਤੁਲਨਾ ਦਸਵੇਂ ਗੁਰੂ ਨਾਲ ਕੀਤੀ ਸੀ, ਜਿਸ ਖਿਲਾਫ ਸਿੱਖ ਸੰਗਤਾਂ ਨੇ ਰੋਸ ਪ੍ਰਗਟਾਇਆ ਸੀ। ਇਸ ਬਾਰੇ ਸ੍ਰੀ ਅਕਾਲ ਤਖਤ ਸਾਹਿਬ ਤੋਂ ਪੁਲਿਸ ਕੇਸ ਦਰਜ ਕਰਾਉਣ ਵਾਸਤੇ ਸ਼੍ਰੋਮਣੀ ਕਮੇਟੀ ਨੂੰ ਹਦਾਇਤ ਕੀਤੀ ਗਈ ਸੀ ਪਰ ਹੁਣ ਨਿਸ਼ਾਨ ਸਿੰਘ ਨੇ ਇਥੇ ਪੇਸ਼ ਹੋ ਕੇ ਲਿਖਤੀ ਮੁਆਫੀ ਮੰਗੀ ਹੈ ਜਿਸ ਨੂੰ ਗਲਤੀ ਸੁਧਾਰਨ ਲਈ ਅਖੰਡ ਪਾਠ ਕਰਾਉਣ ਵਾਸਤੇ ਆਖਿਆ ਗਿਆ ਹੈ।

# ਸਰਕਾਰ ਨੇ ਅਦਾਇਗੀਆਂ 'ਤੇ ਅਣਐਲਾਨੀ ਰੋਕ ਲਾਈ

**ਚੰਡੀਗੜ੍ਹ:** ਪੰਜਾਬ ਸਰਕਾਰ ਨੇ ਮਜ਼ਦੂਰ ਦਿਵਸ ਮੌਕੇ ਸੂਬੇ ਦੇ ਮੁਲਾਜ਼ਮਾਂ ਦੀਆਂ ਤਨਖਾਹਾਂ 'ਤੇ ਰੋਕ ਲਾ ਦਿੱਤੀ ਹੈ। ਸੂਤਰਾਂ ਅਨੁਸਾਰ ਚੰਡੀਗੜ੍ਹ ਤੋਂ ਵਿੱਤ ਵਿਭਾਗ ਨੇ ਸੂਬੇ ਦੇ ਸਮੂਹ ਖਜ਼ਾਨਾ ਦਫਤਰਾਂ ਦੇ ਅਫਸਰਾਂ ਨੂੰ ਫੋਨ ਰਾਹੀਂ ਤਨਖਾਹਾਂ ਸਣੇ ਹੋਰ ਕਈ ਅਦਾਇਗੀਆਂ ਰੋਕਣ ਦੇ ਆਦੇਸ਼ ਦਿੱਤੇ ਹਨ।

ਸੂਤਰਾਂ ਅਨੁਸਾਰ ਖਜ਼ਾਨਾ ਦਫਤਰਾਂ ਵਿਚ ਪਹਿਲਾਂ ਹੀ ਕਈ ਤਰਾਂ ਦੀਆਂ ਅਦਾਇਗੀਆਂ ਕੁਝ ਸਮੇਂ ਤੋਂ ਰੁਕੀਆਂ ਪਈਆਂ ਸਨ ਜਿਨ੍ਹਾਂ ਵਿਚ ਜੀ.ਪੀ. ਫੰਡ ਦੇ ਐਡਵਾਂਸ, ਵੱਖ-ਵੱਖ ਤਰਾਂ ਦੇ ਬਕਾਏ, ਮੈਡੀਕਲ ਬਿੱਲ, ਦਫਤਰੀ ਖਰਚਿਆਂ ਦੇ ਬਿੱਲ ਆਦਿ ਸ਼ਾਮਲ ਹਨ। ਇਥੋਂ ਤਕ ਕਿ ਸਮੇਂ-ਸਮੇਂ ਸੇਵਾਮੁਕਤ ਹੁੰਦੇ ਮੁਲਾਜ਼ਮਾਂ ਅਤੇ ਅਧਿਕਾਰੀਆਂ ਨੂੰ ਲੰਮਾ ਸਮਾਂ ਉਨ੍ਹਾਂ ਦੀਆਂ ਅੰਤਿਮ ਅਦਾਇਗੀਆਂ ਦੇ ਰੂਪ ਵਿਚ ਜੀ.ਪੀ.ਫੰਡ ਦੇ ਬਿੱਲ, ਗਰੈਚੂਟੀ, ਲੀਵ ਇਨ ਕੈਸ਼ਮੈਂਟ ਆਦਿ ਦੀਆਂ ਅਦਾਇਗੀਆਂ ਵੀ ਨਹੀਂ ਕੀਤੀਆਂ ਜਾਂਦੀਆਂ। ਸਰਕਾਰ ਪਹਿਲਾਂ ਵੀ ਜ਼ੁਬਾਨੀ ਹੁਕਮ ਕਰ ਕੇ ਤਨਖਾਹਾਂ ਸਮੇਤ ਹੋਰ ਅਦਾਇਗੀਆਂ ਰੋਕਦੀ ਆ ਰਹੀ ਹੈ। ਦੂਸਰੇ ਪਾਸੇ ਪਹਿਲਾਂ ਹੀ ਮੁਲਾਜ਼ਮਾਂ ਦਾ 15 ਫੀਸਦ ਡੀਏ ਤਿੰਨ ਕਿਸ਼ਤਾਂ ਦੇ ਰੂਪ ਵਿਚ ਰੋਕਣ ਕਾਰਨ ਮੁਲਾਜ਼ਮ ਵਰਗ ਵਿਚ ਰੋਸ ਹੈ।

# ਪਾਕਿਸਤਾਨ ਵੱਲੋਂ ਗੁਰੂ ਨਾਨਕ ਦੇਵ ਦੇ ਨਾਂ 'ਤੇ ਬਣਨ ਵਾਲੀ 'ਵਰਸਿਟੀ ਲਈ ਜ਼ਮੀਨ ਅਲਾਟ

**ਇਸਲਾਮਾਬਾਦ:** ਪਾਕਿਸਤਾਨ ਸਰਕਾਰ ਵੱਲੋਂ ਜ਼ਿਲ੍ਹਾ ਸ੍ਰੀ ਨਨਕਾਣਾ ਸਾਹਿਬ ਵਿਖੇ ਸਥਾਪਤ ਕੀਤੀ ਜਾਣ ਵਾਲੀ ਬਾਬਾ ਗੁਰੂ ਨਾਨਕ ਯੂਨੀਵਰਸਿਟੀ ਲਈ 70 ਏਕੜ ਜ਼ਮੀਨ ਅਲਾਟ ਕੀਤੀ ਗਈ ਹੈ। ਇਹ ਯੋਜਨਾ ਅਗਲੇ ਵਿੱਤੀ ਵਰ੍ਹੇ ਦੇ ਵਿਕਾਸ ਪ੍ਰੋਗਰਾਮ 'ਚ ਸ਼ਾਮਲ ਕੀਤੀ ਜਾਵੇਗੀ ਤੇ ਲੋੜੀਂਦੇ ਫੰਡ ਵੀ ਜਾਰੀ ਕੀਤੇ ਜਾਣਗੇ। ਲਹਿੰਦੇ ਪੰਜਾਬ ਦੇ ਮੁੱਖ ਮੰਤਰੀ ਸਰਦਾਰ ਉਸਮਾਨ ਬੁਜ਼ਦਰ ਨੇ ਇਹ ਐਲਾਨ ਕਰਦਿਆਂ ਕਿਹਾ ਕਿ ਇਹ ਯੋਜਨਾ ਸੂਬੇ ਦੇ ਆਉਂਦੇ ਵਿਕਾਸ ਬਜਟ ਦਾ ਮੁੱਖ ਹਿੱਸਾ ਹੋਵੇਗੀ।

ਉਨ੍ਹਾਂ ਨੇ ਇਹ ਵੀ ਐਲਾਨ ਕੀਤਾ ਕਿ ਸਰਕਾਰ ਸ੍ਰੀ ਨਨਕਾਣਾ ਸਾਹਿਬ 'ਚ ਇਕ ਪੁਲਿਸ ਲਾਈਨ, ਇਕ ਜੇਲ੍ਹ ਅਤੇ ਨੈਸ਼ਨਲ ਰਜਿਸਟਰੇਸ਼ਨ ਡਾਟਾਬੇਸ ਅਥਾਰਿਟੀ ਵੀ ਸਥਾਪਤ ਕਰੇਗੀ। ਸ੍ਰੀ ਨਨਕਾਣਾ ਸਾਹਿਬ 'ਚ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਨਾਂ ਉਤੇ ਯੂਨੀਵਰਸਿਟੀ ਬਣਾਉਣ ਲਈ ਪਾਕਿਸਤਾਨ 'ਚ ਰਹਿ ਰਹੇ ਸਿੱਖ ਲੰਬੇ ਸਮੇਂ ਤੋਂ ਮੰਗ ਕਰ ਰਹੇ ਹਨ ਅਤੇ ਪੰਜਾਬ ਸਰਕਾਰ ਵੱਲੋਂ ਕੀਤੇ ਗਏ ਉਕਤ ਐਲਾਨ ਨੂੰ ਉਨ੍ਹਾਂ ਸ੍ਰੀ ਗੁਰੂ ਨਾਨਕ ਦੇਵ ਜੀ ਦੇ 550ਵੇਂ ਪ੍ਰਕਾਸ਼ ਪੁਰਬ ਮੌਕੇ ਪਾਕਿ ਸਰਕਾਰ ਵੱਲੋਂ ਉਨ੍ਹਾਂ ਨੂੰ ਦਿੱਤਾ ਗਿਆ ਇਕ ਵੱਡਾ ਤੋਹਫਾ ਦੱਸਿਆ ਹੈ। ਇਸ ਮੌਕੇ ਪੰਜਾਬ ਯੂਨੀਵਰਸਿਟੀ ਦੇ ਬੁਲਾਰੇ ਖੁਰਮ ਸ਼ਹਿਜ਼ਾਦ ਨੇ ਕਿਹਾ ਕਿ ਇਸ ਸਾਲ ਦੇ ਸ਼ੁਰੂ 'ਚ ਪਹਿਲੀ ਵਾਰ ਇਕ ਪਾਕਿਸਤਾਨੀ ਯੂਨੀਵਰਸਿਟੀ ਵੱਲੋਂ ਸ਼ਾਂਤੀ ਦੇ ਸੰਦੇਸ਼ ਨੂੰ ਉਤਸ਼ਾਹਿਤ ਕਰਨ ਲਈ ਬਾਬਾ ਗੁਰੂ ਨਾਨਕ ਰਿਸਰਚ ਚੇਅਰਮੈਨ ਦੀ ਸਥਾਪਨਾ ਕੀਤੀ ਹੈ, ਜਿਸ ਦੇ ਬਾਅਦ ਹੁਣ ਯੂਨੀਵਰਸਿਟੀ ਦੇ ਵਿਦਿਆਰਥੀ ਸ੍ਰੀ ਗੁਰੂ ਨਾਨਕ ਦੇਵ ਜੀ ਦੀਆਂ ਸਿੱਖਿਆਵਾਂ 'ਤੇ ਖੋਜ ਕਰਨਗੇ।

ਉਨ੍ਹਾਂ ਕਿਹਾ ਕਿ ਪੰਜਾਬ ਯੂਨੀਵਰਸਿਟੀ ਇਕ ਅਜਿਹੀ ਵਿੱਦਿਅਕ ਸੰਸਥਾ ਹੈ ਜੋ ਸਮਾਜ 'ਚ ਗੁਰੂ ਨਾਨਕ ਦੇਵ ਜੀ ਦੀ ਸਹਿਣਸ਼ੀਲਤਾ ਦੇ ਸੰਦੇਸ਼ ਨੂੰ ਉਤਸ਼ਾਹਿਤ ਕਰਨ ਦੀ ਲੋੜ ਮਹਿਸੂਸ ਕਰਦੀ ਹੈ। ਦੱਸਣਯੋਗ ਹੈ ਕਿ ਪਾਕਿਸਤਾਨ ਈ.ਟੀ.ਪੀ.ਬੀ. ਦੇ ਸਾਬਕਾ ਚੇਅਰਮੈਨ ਲੈਫਟੀਨੈਂਟ ਕਰਨਲ ਜ਼ੁਲਫਿਕਾਰ ਅਲੀ ਖਾਂ ਵੱਲੋਂ ਪਹਿਲੀ ਵਾਰ ਸਾਲ 2007 'ਚ ਸ੍ਰੀ ਨਨਕਾਣਾ ਸਾਹਿਬ ਵਿਚਲੀ ਵਕਫ ਦੀ ਭੂਮੀ 'ਤੇ 25 ਹਜ਼ਾਰ ਏਕੜ 'ਚ ਬਾਬਾ ਗੁਰੂ ਨਾਨਕ ਯੂਨੀਵਰਸਿਟੀ ਖੋਲ੍ਹੇ ਜਾਣ ਦਾ ਐਲਾਨ ਕੀਤਾ ਗਿਆ ਸੀ। ਉਸ ਦੇ 9 ਵਰ੍ਹੇ ਬਾਅਦ ਨਵੰਬਰ 2016 'ਚ ਗੁਰੂ ਨਾਨਕ ਦੇਵ ਜੀ ਦੇ ਗੁਰਪੁਰਬ ਮੌਕੇ ਜ਼ਿਲ੍ਹਾ ਸ੍ਰੀ ਨਨਕਾਣਾ ਸਾਹਿਬ ਵਿਖੇ ਪ੍ਰਧਾਨ ਮੰਤਰੀ ਦੁਆਰਾ ਗੁਰੂ ਨਾਨਕ ਦੇਵ ਇੰਟਰਨੈਸ਼ਨਲ ਯੂਨੀਵਰਸਿਟੀ ਦਾ ਨੀਂਹ-ਪੱਥਰ ਰੱਖੇ ਜਾਣ ਦਾ ਐਲਾਨ ਕੀਤਾ ਗਿਆ ਪਰ ਪ੍ਰਧਾਨ ਮੰਤਰੀ ਦੇ ਮੌਕੇ 'ਤੇ ਨਾ ਪਹੁੰਚਣ ਉਤੇ ਕੁਝ ਦਿਨਾਂ ਬਾਅਦ ਉਦਘਾਟਨ ਲਈ ਲਗਾਇਆ ਗਿਆ ਨੀਂਹ-ਪੱਥਰ ਜ਼ਿਲ੍ਹੇ ਦੀ ਬਾਰ ਐਸੋਸੀਏਸ਼ਨ ਦੇ ਵਕੀਲ ਮੈਂਬਰਾਂ ਦੁਆਰਾ ਇਹ ਕਹਿ ਕੇ ਉਖਾੜ ਦਿੱਤਾ ਗਿਆ ਕਿ ਯੂਨੀਵਰਸਿਟੀ ਬਣਾਉਣ ਲਈ ਚੁਣੀ ਗਈ ਭੂਮੀ ਪਹਿਲਾਂ ਇਵੈਕੁਈ ਟਰੱਸਟ ਪ੍ਰਾਪਰਟੀ ਬੋਰਡ ਵੱਲੋਂ ਵਕੀਲਾਂ ਦੀ ਰਿਹਾਇਸ਼ੀ ਕਾਲੋਨੀ ਤੇ ਕਚਹਿਰੀ ਬਣਾਉਣ ਲਈ ਅਲਾਟ ਕੀਤੀ ਗਈ ਸੀ। ਪਾਕਿਸਤਾਨ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਸਾਬਕਾ ਪ੍ਰਧਾਨ ਬਿਸ਼ਨ ਸਿੰਘ ਨੇ ਕਿਹਾ ਕਿ ਗੁਰੂ ਨਾਨਕ ਦੇਵ ਜੀ ਦੀ ਜਨਮ ਭੂਮੀ 'ਤੇ ਉਸਾਰੀ ਜਾਣ ਵਾਲੀ ਉਕਤ ਯੂਨੀਵਰਸਿਟੀ 'ਚ ਇਕੱਲੇ ਪਾਕਿਸਤਾਨ ਦੇ ਹੀ ਨਹੀਂ ਸਗੋਂ ਦੁਨੀਆਂ ਭਰ ਦੇ ਸਿੱਖਾਂ ਦੇ ਬੱਚੇ ਗਿਆਨ ਹਾਸਲ ਕਰਨਗੇ।

## ਯੂਨੀਵਰਸਿਟੀ ਲਈ ਹਰ ਸੰਭਵ ਸਹਿਯੋਗ ਦਿਆਂਗੇ: ਲੌਂਗੋਵਾਲ

**ਅੰਮ੍ਰਿਤਸਰ:** ਸ੍ਰੀ ਗੁਰੂ ਨਾਨਕ ਦੇਵ ਜੀ ਦੇ 550 ਸਾਲਾ ਪ੍ਰਕਾਸ਼ ਪੁਰਬ ਨੂੰ ਸਮਰਪਤ ਪਾਕਿਸਤਾਨ ਸਰਕਾਰ ਵੱਲੋਂ ਸ੍ਰੀ ਨਨਕਾਣਾ ਸਾਹਿਬ ਵਿਖੇ ਬਾਬਾ ਗੁਰੂ ਨਾਨਕ ਯੂਨੀਵਰਸਿਟੀ ਸਥਾਪਤ ਕਰਨ ਲਈ 70 ਏਕੜ ਜ਼ਮੀਨ ਅਲਾਟ ਕੀਤੇ ਜਾਣ ਦਾ ਸਵਾਗਤ ਕਰਦਿਆਂ ਸ਼੍ਰੋਮਣੀ ਕਮੇਟੀ ਪ੍ਰਧਾਨ ਗੋਬਿੰਦ ਸਿੰਘ ਲੌਂਗੋਵਾਲ ਨੇ ਕਿਹਾ ਹੈ ਕਿ ਇਸ 'ਵਰਸਿਟੀ ਲਈ ਪਾਕਿ ਸਰਕਾਰ ਵੱਲੋਂ ਮੰਗ ਕਰਨ 'ਤੇ ਸ਼੍ਰੋਮਣੀ ਕਮੇਟੀ ਵਲੋਂ ਹਰ ਸੰਭਵ ਸਹਿਯੋਗ ਦਿੱਤਾ ਜਾਵੇਗਾ।

ਸ੍ਰੀ ਲੌਂਗੋਵਾਲ ਨੇ ਕਿਹਾ ਕਿ 550 ਸਾਲਾ ਪ੍ਰਕਾਸ਼ ਪੁਰਬ ਨੂੰ ਸਮਰਪਤ ਸ੍ਰੀ ਨਨਕਾਣਾ ਸਾਹਿਬ ਤੇ ਪਾਕਿਸਤਾਨ 'ਚ ਗੁਰਮਤਿ ਸਮਾਗਮ ਤੇ ਸੈਮੀਨਾਰ ਆਦਿ ਕਰਨ ਸਬੰਧੀ ਦੇਸ਼ 'ਚ ਲੋਕ ਸਭਾ ਚੋਣਾਂ ਉਪਰੰਤ ਨਵੀਂ ਸਰਕਾਰ ਦੇ ਗਠਨ ਬਾਅਦ ਹੀ ਪਾਕਿ ਸਰਕਾਰ ਨਾਲ ਗੱਲਬਾਤ ਕਰਕੇ ਪ੍ਰੋਗਰਾਮਾਂ ਦੀ ਰੂਪ-ਰੇਖਾ ਬਣਾਈ ਜਾਵੇਗੀ।

# ਹਰਿਮੰਦਰ ਸਾਹਿਬ ਨੂੰ 'ਸੁਨਹਿਰੀ ਮੰਦਰ' ਲਿਖਣ 'ਤੇ ਮੰਗੀ ਮੁਆਫੀ

**ਚੰਡੀਗੜ੍ਹ:** ਨੈਸ਼ਨਲ ਹਾਈਵੇ ਅਥਾਰਟੀ ਆਫ ਇੰਡੀਆ ਨੇ ਸ੍ਰੀ ਹਰਿਮੰਦਰ ਸਾਹਿਬ ਨੂੰ ਆਪਣੀਆਂ ਸੜਕੀ ਸੰਕੇਤ ਤਖਤੀਆਂ 'ਤੇ ਸੁਨਹਿਰੀ ਮੰਦਰ ਲਿਖਣ ਲਈ ਮੁਆਫੀ ਮੰਗ ਲਈ ਹੈ। ਇਸ ਦੇ ਨਾਲ ਹੀ ਇਸ ਨੂੰ ਤੁਰੰਤ ਤਬਦੀਲ ਕਰਨ ਭਰੋਸਾ ਦਵਾਇਆ ਹੈ। ਨੈਸ਼ਨਲ ਹਾਈਵੇ ਅਥਾਰਟੀ ਆਫ ਇੰਡੀਆ ਵੱਲੋਂ ਜਾਰੀ ਪੱਤਰ ਵਿਚ ਅਧਿਕਾਰੀਆਂ ਨੂੰ ਇਹ ਤਬਦੀਲੀ ਤੁਰੰਤ ਕਰਨ ਦਾ ਹੁਕਮ ਦਿੱਤਾ ਹੈ।

ਮਾਮਲਾ ਸਾਹਮਣੇ ਆਉਣ ਮਗਰੋਂ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੇ ਇਸ ਦਾ ਸਖਤ ਨੋਟਿਸ ਲੈਂਦਿਆਂ ਅਥਾਰਟੀ, ਕੇਂਦਰ ਤੇ ਪੰਜਾਬ ਸਰਕਾਰ ਨੂੰ ਗਲਤੀ ਨੂੰ ਫੌਰੀ ਤੌਰ 'ਤੇ ਦੂਰ ਕਰਨ ਲਈ ਕਿਹਾ ਹੈ। ਇਸ ਮਗਰੋਂ ਨੈਸ਼ਨਲ ਹਾਈਵੇ ਅਥਾਰਟੀ ਆਫ ਇੰਡੀਆ ਨੇ ਤੁਰੰਤ ਕਾਰਵਾਈ ਕੀਤੀ ਹੈ। ਪੱਤਰ ਵਿਚ ਕਿਹਾ ਗਿਆ ਹੈ ਕਿ ਗੋਲਡਨ ਟੈਂਪਲ ਦਾ ਹਿੰਦੀ ਤੇ ਪੰਜਾਬੀ ਵਿਚ ਇਨ-ਬਿਨ ਤਰਜ਼ਮਾ ਕਰਨ ਕਰਕੇ ਇਹ ਗਲਤੀ ਹੋਈ ਹੈ।

ਜ਼ਿਕਰਯੋਗ ਹੈ ਕਿ ਸ਼੍ਰੋਮਣੀ ਕਮੇਟੀ ਦੇ ਮੁੱਖ ਸਕੱਤਰ ਡਾ. ਰੂਪ ਸਿੰਘ ਨੇ ਭਾਰਤ ਸਰਕਾਰ ਸਬੰਧਤ ਵਿਭਾਗ ਤੇ ਪੰਜਾਬ ਦੇ ਮੁੱਖ ਮੰਤਰੀ ਨੂੰ ਪੱਤਰ ਲਿਖ ਕੇ ਮੰਗ ਕੀਤੀ ਸੀ ਕਿ ਨੈਸ਼ਨਲ ਹਾਈਵੇ ਅਥਾਰਟੀ ਭਾਰਤ ਵੱਲੋਂ ਸ੍ਰੀ ਹਰਿਮੰਦਰ ਸਾਹਿਬ ਸ੍ਰੀ ਦਰਬਾਰ ਸਾਹਿਬ ਨੂੰ ਆਉਣ ਵਾਲੇ ਰਸਤਿਆਂ ਸਬੰਧੀ ਲਾਏ ਗਏ ਸਾਈਨ ਬੋਰਡ 'ਤੇ ਲਿਖੇ 'ਸੁਨਿਹਰੀ ਮੰਦਰ' ਨੂੰ ਤੁਰੰਤ ਠੀਕ ਕਰਵਾਇਆ ਜਾਵੇ।

# ਕੈਪਟਨ ਕੰਵਲਜੀਤ ਸਿੰਘ ਦੀ ਮੌਤ ਸਬੰਧੀ ਜਾਂਚ ਰਿਪੋਰਟ ਨਸ਼ਰ ਹੋਵੇ: ਗਾਂਧੀ

**ਪਟਿਆਲਾ:** ਲੋਕ ਸਭਾ ਮੈਂਬਰ ਡਾ. ਧਰਮਵੀਰ ਗਾਂਧੀ ਨੇ ਕਿਹਾ ਹੈ ਕਿ ਪੰਜਾਬ ਦੇ ਕੈਬਨਿਟ ਮੰਤਰੀ ਅਤੇ ਸ਼੍ਰੋਮਣੀ ਅਕਾਲੀ ਦਲ ਦੇ ਸੀਨੀਅਰ ਆਗੂ ਕੈਪਟਨ ਕੰਵਲਜੀਤ ਸਿੰਘ ਦੀ ਸ਼ੱਕੀ ਹਾਲਤਾਂ ਵਿਚ ਹੋਈ ਮੌਤ ਬਾਰੇ ਲੋਕਾਂ ਮਨਾਂ 'ਚ ਸ਼ੰਕੇ ਹਨ। ਇਸ ਲਈ ਉਹ ਪੰਜਾਬ ਸਰਕਾਰ ਤੋਂ ਮੰਗ ਕਰਦੇ ਹਨ ਕਿ ਕੈਪਟਨ ਕੰਵਲਜੀਤ ਸਿੰਘ ਦੀ ਹੋਈ ਮੌਤ ਬਾਰੇ ਜੋ ਜਾਂਚ ਕੀਤੀ ਗਈ ਸੀ, ਉਹ ਨਸ਼ਰ ਕੀਤੀ ਜਾਵੇ।

ਡਾ. ਗਾਂਧੀ ਨੇ ਕਿਹਾ ਕਿ ਕੈਪਟਨ ਕੰਵਲਜੀਤ ਸਿੰਘ ਦੀ ਮੌਤ ਸਮੇਂ ਪੰਜਾਬ ਵਿਚ ਸ਼੍ਰੋਮਣੀ ਅਕਾਲੀ ਦਲ ਦੀ ਸਰਕਾਰ ਸੀ, ਆਪਣੇ ਹੀ ਮੰਤਰੀ ਦੀ ਹੋਈ ਮੌਤ ਸਬੰਧੀ ਤਤਕਾਲੀ ਪੰਜਾਬ ਸਰਕਾਰ ਵੱਲੋਂ ਕਥਿਤ ਸਹੀ ਜਾਂਚ ਨਹੀਂ ਕਰਾਈ ਗਈ। ਇਸ ਕਰਕੇ ਉਸ ਸਮੇਂ ਦੀ ਅਕਾਲੀ ਸਰਕਾਰ 'ਤੇ ਵੀ ਸਵਾਲੀਆ ਚਿੰਨ੍ਹ ਲੱਗਦਾ ਹੈ। ਉਨ੍ਹਾਂ ਕਿਹਾ ਕਿ ਪੰਜਾਬ ਸਰਕਾਰ ਕੋਲ ਇਸ ਸਬੰਧੀ ਰਿਪੋਰਟ ਪਈ ਹੋਵੇਗੀ। ਉਹ ਰਿਪੋਰਟ ਨਸ਼ਰ ਕੀਤੀ ਜਾਵੇ ਤਾਂ ਕਿ ਲੋਕਾਂ ਨੂੰ ਪਤਾ ਲੱਗ ਸਕੇ ਕਿ ਆਖਰ ਉਨ੍ਹਾਂ ਦੇ ਮਹਿਬੂਬ ਨੇਤਾ ਦੀ ਮੌਤ ਕਿਵੇਂ ਹੋਈ ਹੋਵੇਗੀ।

# 'ਫਾਨੀ' ਦਾ ਕਹਿਰ, ਚੌਕਸੀ ਦੇ ਬਾਵਜੂਦ 40 ਮੌਤਾਂ

**ਭੁਬਨੇਸ਼ਵਰ:** ਭਾਰਤ ਵੱਲੋਂ ਚੌਕਸ ਪ੍ਰਬੰਧਾਂ ਦੇ ਬਾਵਜੂਦ ਚੱਕਰਵਾਤੀ ਤੂਫਾਨ 'ਫਾਨੀ' 40 ਤੋਂ ਵੱਧ ਮੌਤਾਂ ਦਾ ਕਾਰਨ ਬਣਿਆ। ਤੂਫਾਨ ਦੇ ਉੜੀਸਾ ਤੱਟ ਨਾਲ ਖਹਿਣ ਮਗਰੋਂ ਨੇੜਲੇ ਇਲਾਕਿਆਂ ਵਿਚ ਭਾਰੀ ਤਬਾਹੀ ਹੋਈ ਹੈ ਤੇ ਸੈਂਕੜੇ ਲੋਕ ਪਾਣੀ ਤੇ ਬਿਜਲੀ ਦੀ ਕਮੀ ਨਾਲ ਜੂਝ ਰਹੇ ਹਨ। ਅਸਾਮ ਦੇ ਕਾਮਰੂਪ ਜ਼ਿਲ੍ਹੇ ਵਿਚ 'ਫਾਨੀ' ਦੇ ਪ੍ਰਭਾਵ ਕਾਰਨ ਹੀ ਕਿਸ਼ਤੀ ਡੁੱਬਣ ਨਾਲ ਇਕ ਵਿਅਕਤੀ ਡੁੱਬ ਗਿਆ ਜਦਕਿ 4 ਤੈਰ ਕੇ ਬਾਹਰ ਆ ਗਏ। ਗੁਆਂਢੀ ਮੁਲਕ ਬੰਗਲਾਦੇਸ਼ ਵਿਚ 'ਫਾਨੀ' ਨਾਲ ਹੁਣ ਤੱਕ ਨੌਂ ਜਣੇ ਮਾਰੇ ਗਏ ਹਨ। ਤੂਫਾਨ ਕਾਰਨ ਪੁਰੀ ਸਥਿਤ ਜਗਨਨਾਥ ਮੰਦਰ ਨੂੰ ਵੀ ਹਲਕਾ ਨੁਕਸਾਨ ਪੁੱਜਾ ਹੈ।

ਤੂਫਾਨ ਨਾਲ ਦਸ ਹਜ਼ਾਰ ਪਿੰਡਾਂ ਤੇ 52 ਸ਼ਹਿਰੀ ਖੇਤਰਾਂ ਦੇ ਕਰੀਬ ਇਕ ਕਰੋੜ ਲੋਕ ਪ੍ਰਭਾਵਿਤ ਹੋਏ ਹਨ। ਉੜੀਸਾ 'ਚ ਜੰਗੀ ਪੱਧਰ 'ਤੇ ਰਾਹਤ ਕਾਰਜ ਸ਼ੁਰੂ ਹੋ ਗਏ ਹਨ। ਸੂਬੇ ਦੇ 10 ਹਜ਼ਾਰ ਪਿੰਡਾਂ ਅਤੇ ਸ਼ਹਿਰੀ ਇਲਾਕਿਆਂ 'ਚ ਕਰੀਬ ਦੋ ਹਜ਼ਾਰ ਐਮਰਜੈਂਸੀ ਵਰਕਰ, ਐਨ. ਡੀ. ਆਰ.ਐਫ. ਦੇ ਜਵਾਨ, ਉੜੀਸਾ ਡਿਜ਼ਾਸਟਰ ਰੈਪਿਡ ਐਕਸ਼ਨ ਫੋਰਸ ਅਤੇ ਇਕ ਲੱਖ ਅਧਿਕਾਰੀ ਮੁੜ ਵਸੇਬਾ ਕੰਮਾਂ 'ਚ ਜੁਟੇ ਹਨ। ਪੁਰੀ 'ਚ ਟਕਰਾਇਆ ਚੱਕਰਵਾਤੀ ਤੂਫਾਨ ਪੱਛਮੀ ਬੰਗਾਲ 'ਚ ਦਾਖਲ ਹੋਣ ਤੋਂ ਪਹਿਲਾਂ ਕਮਜ਼ੋਰ ਪੈ ਗਿਆ। ਉਂਜ ਤੇਜ਼ ਹਵਾਵਾਂ ਅਤੇ ਭਾਰੀ ਮੀਂਹ ਕਾਰਨ ਆਂਧਰਾ ਪ੍ਰਦੇਸ਼ ਅਤੇ ਪੱਛਮੀ ਬੰਗਾਲ 'ਚ ਮਾਲੀ ਨੁਕਸਾਨ ਹੋਇਆ ਹੈ। ਭੁਬਨੇਸ਼ਵਰ ਤੇ ਕੋਲਕਾਤਾ ਤੋਂ ਹਵਾਈ ਉਡਾਣਾਂ ਬਹਾਲ ਹੋ ਗਈਆਂ।

ਉੜੀਸਾ ਦੇ ਮੁੱਖ ਮੰਤਰੀ ਨਵੀਨ ਪਟਨਾਇਕ ਨੇ ਪ੍ਰਭਾਵਿਤ ਇਲਾਕਿਆਂ ਦਾ ਹਵਾਈ ਸਰਵੇਖਣ ਕੀਤਾ। ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਸ੍ਰੀ ਪਟਨਾਇਕ ਤੋਂ 'ਫਾਨੀ' ਮਗਰੋਂ ਸੂਬੇ ਦੇ ਹਾਲਾਤ ਬਾਰੇ ਜਾਣਕਾਰੀ ਲਈ ਅਤੇ ਸੂਬੇ ਨੂੰ ਕੇਂਦਰ ਤੋਂ ਹਰ ਸੰਭਵ ਮਦਦ ਦਾ ਭਰੋਸਾ ਦਿੱਤਾ ਹੈ। ਪ੍ਰਧਾਨ ਮੰਤਰੀ ਨੇ ਪੱਛਮੀ ਬੰਗਾਲ ਦੇ ਰਾਜਪਾਲ ਕੇਸਰੀ ਨਾਥ ਤ੍ਰਿਪਾਠੀ ਨਾਲ ਵੀ ਗੱਲ ਕਰਕੇ 'ਫਾਨੀ' ਨਾਲ ਹੋਏ ਨੁਕਸਾਨ ਦਾ ਜਾਇਜ਼ਾ ਲਿਆ।

ਸ੍ਰੀ ਪਟਨਾਇਕ ਨੇ ਕਿਹਾ ਕਿ ਪੁਰੀ ਅਤੇ ਖੁਰਦਾ ਜ਼ਿਲ੍ਹਿਆਂ 'ਚ ਭਾਰੀ ਨੁਕਸਾਨ ਹੋਇਆ ਹੈ ਅਤੇ ਸੈਂਕੜੇ ਇੰਜੀਨੀਅਰ, ਤਕਨੀਸ਼ੀਅਨ ਬਿਜਲੀ ਸਪਲਾਈ ਬਹਾਲ ਕਰਨ ਦੀ ਕੋਸ਼ਿਸ਼ ਕਰ ਰਹੇ ਹਨ। ਜਲ ਸੈਨਾ ਵੱਲੋਂ ਆਈ. ਐਨ. ਐਸ. ਚਿਲਕਾ ਦੀ ਟੀਮ ਹੰਗਾਮੀ ਹਾਲਾਤ ਨਾਲ ਨਜਿੱਠਣ ਲਈ ਤਾਇਨਾਤ ਕਰ ਦਿੱਤੀ ਗਈ ਜਿਨ੍ਹਾਂ ਵੱਲੋਂ ਦਰਖਤਾਂ ਨੂੰ ਕੱਟਣ ਤੇ ਹਟਾਉਣ 'ਚ ਮਦਦ ਕੀਤੀ ਗਈ।

# ਚੋਣ ਜਾਬਤੇ ਦੌਰਾਨ ਪੰਜਾਬ 'ਚੋਂ ਨਗਦੀ ਤੇ ਨਸ਼ੀਲੇ ਪਦਾਰਥਾਂ ਦੀ ਬਰਾਮਦਗੀ ਨੇ ਤੋੜੇ ਰਿਕਾਰਡ

**ਪਟਿਆਲਾ :** ਲੋਕ ਸਭਾ ਚੋਣਾਂ ਦੇ ਮੱਦੇਨਜ਼ਰ ਪੁਲਿਸ ਅਤੇ ਹੋਰ ਏਜੰਸੀਆਂ ਵੱਲੋਂ ਪੰਜਾਬ ਭਰ ਵਿਚੋਂ 266.8 ਕਰੋੜ ਦੀ ਨਗਦੀ, ਨਸ਼ੀਲੇ ਪਦਾਰਥ ਅਤੇ ਸੋਨਾ ਬਰਾਮਦ ਕੀਤਾ ਗਿਆ ਹੈ। ਇਹ ਵਸਤਾਂ ਗੈਰਕਾਨੂੰਨੀ ਢੰਗ ਨਾਲ ਜਾਂ ਨਿਯਮਾਂ ਦੀ ਉਲੰਘਣਾ ਕਰਕੇ ਲਿਜਾਈਆਂ ਜਾਂਦੀਆਂ ਫੜੀਆਂ ਗਈਆਂ ਹਨ।

ਚੋਣ ਕਮਿਸ਼ਨ ਦੀ ਰਿਪੋਰਟ ਅਨੁਸਾਰ ਇਹ ਬਰਾਮਦਗੀ 10 ਮਾਰਚ ਤੋਂ 4 ਮਈ 2019 ਤੱਕ ਦੀ ਹੈ। ਇਸ ਵਿਚੋਂ 206.72 ਕਰੋੜ ਰੁਪਏ ਦੇ 7664 ਕਿਲੋ ਨਸ਼ੀਲੇ ਪਦਾਰਥ ਬਰਾਮਦ ਕੀਤੇ ਗਏ ਹਨ। ਇਸ ਵਿਚ ਹੈਰੋਇਨ, ਸਮੈਕ, ਅਫੀਮ, ਭੁੱਕੀ ਸ਼ਾਮਲ ਹਨ। 9.01 ਕਰੋੜ ਦੀ 12.09 ਲੱਖ ਲੀਟਰ ਸ਼ਰਾਬ ਬਰਾਮਦ ਕੀਤੀ ਗਈ ਹੈ। 21 ਕਰੋੜ ਰੁਪਏ ਦਾ 465 ਕਿਲੋ ਸੋਨਾ, 28.81 ਕਰੋੜ ਦੀ ਨਗਦੀ ਅਤੇ 0.32 ਕਰੋੜ ਦੀਆਂ ਹੋਰ ਵਸਤਾਂ ਵੀ ਸ਼ਾਮਲ ਹਨ। ਸਵਾ ਸੌ ਦੇ ਕਰੀਬ ਹਥਿਆਰ ਵੀ ਬਰਾਮਦ ਹੋਏ ਹਨ।

ਜ਼ਿਕਰਯੋਗ ਹੈ ਕਿ ਚੋਣ ਕਮਿਸ਼ਨ ਵੱਲੋਂ ਚੋਣਾਂ ਦੌਰਾਨ ਸ਼ਰਾਬ, ਨਸ਼ੇ ਅਤੇ ਪੈਸੇ ਆਦਿ ਦੀ ਨਾਜਾਇਜ਼ ਵਰਤੋਂ ਨੂੰ ਰੋਕਣ ਲਈ ਪੈਨੀ ਨਜ਼ਰ ਰੱਖੀ ਜਾ ਰਹੀ ਹੈ।


ਪਟਿਆਲਾ ਵਿਚ ਐਸ.ਐਸ.ਪੀ. ਮਨਦੀਪ ਸਿੰਘ ਸਿੱਧੂ ਦਾ ਕਹਿਣਾ ਸੀ ਕਿ ਪਟਿਆਲਾ ਵਿਚੋਂ ਪੰਜਾਬ ਭਰ ਵਿਚੋਂ ਸਭ ਤੋਂ ਵੱਧ ਨਗਦੀ, ਗਹਿਣੇ ਤੇ ਹੋਰ ਸਾਮਾਨ ਬਰਾਮਦ ਕੀਤਾ ਗਿਆ ਹੈ।

US Business Brokers Inc.
American Financing Group LLC
101 W 22nd St, Suite 111, Lombard, IL 60148
23280 Pacific Highway South, Suite 307, Kent, WA 98032

Financing - Loans
ਬਿਜਨਸ ਵੇਚਣ/ਖਰੀਦਣ ਤੇ ਫਾਇਨਾਂਸ ਕਰਵਾਉਣ ਲਈ

- We do all kinds of SBA & Conventional loans.
- We are specialized in Gas Stations, Liquor Stores, Hotels, Convenience Stores, Motels, Apartment Buildings, Strip Plazas, Commercial Buildings, Food Franchise.
- Purchase/Refinance
- Lowest Rates (With or Without Real Estate)
- Best Possible Mortgage Solutions For You...




Contact us for any Financing Need Nationwide.

- FAST APPROVAL
- QUICK CLOSINGS • SBA 504 & 7A
- CONVENTIONAL LOANS
- HOTELS, MOTELS
- GAS STATIONS, TRUCK STOPS
- INDUSTRIAL CLIENT
- SUBWAY, DUNKIN DONUTS
- LIQUOR STORES, C-STORES, CAR WASH

*Contact us Buy or Sell business*
AJ Sandhu (MBA)
*Managing Broker/Realtor/Consultant*
*Licensed in IL, IN, WA*
916-995-0783 (Cell)
425-529-6283 (Cell)
*630-206-2467 (Fax)*
www.ubbchicago.com
aj@ubbchicago.com

ਅਮਰ ਕਾਰਪੈਟਸ

ਘਰਾਂ/ਦਫਤਰਾਂ ਅਤੇ ਹਰ ਤਰ੍ਹਾਂ ਦੇ ਮਕਾਨਾਂ ਵਿਚ ਵਧੀਆ ਕੁਆਲਟੀ ਦਾ ਕਾਰਪੈਟ ਸਸਤੇ ਭਾਅ ਪੁਆਉ

*ਦੀਵਾਨ ਐਵਨਿਊ, ਸ਼ਿਕਾਗੋ ਵਿਚ ਕਾਰਪੈਟਸ ਦਾ ਇੱਕੋ ਇੱਕ ਸਟੋਰ ਜਿੱਥੋਂ ਤੁਸੀ ਖਰੀਦ ਸਕਦੇ ਹੋ ਬਿਲਕੁਲ ਨਵੇਂ ਡਿਜ਼ਾਈਨ ਦੇ ਰੰਗ ਹਰ ਇਕ ਕਵਾਲਿਟੀ ਵਿਚ, ਕੀਮਤਾਂ ਇਨੀਆਂ ਘੱਟ ਕਿ ਤੁਸੀਂ ਸੋਚ ਵੀ ਨਹੀਂ ਸਕਦੇ! ਆਓ! ਦੇਖੋ ਅਮਰ ਕਾਰਪੈਟਸ ਦਾ ਬੇਹਤਰੀਨ ਚੋਣ ਭਰਪੂਰ ਸ਼ੋਅਰੂਮ*


*ਸ. ਅਮਰੀਕ ਸਿੰਘ ਸ਼ਿਕਾਗੋ*

ਹਾਰਡਵੁੱਡ ਫਲੋਰ, ਹਰ ਤਰ੍ਹਾਂ ਦੇ ਫਲੋਰ ਉਪਲਬਧ

ਫਰੀ ਐਸਟੀਮੇਟ, ਆਰਡਰ ਕਰਨ ਦੇ ਅਗਲੇ ਹੀ ਦਿਨ ਕਾਰਪੈਟ ਪਾਵਾਂਗੇ

Same day service in Chicago and suburbs
Amar Carpets Inc
ਵੈਸਟਰਨ ਐਵੇਨਿਊ ਤੋਂ ਅਧਾ ਬਲਾਕ ਵੈਸਟ, 2423 W Devon Ave. Chicago IL 60659
ਕਾਲ ਕਰੋ : ਅਮਰੀਕ ਸਿੰਘ
Ph: 773-508-5253,773-507-8043, Fax: 773-508-5249

ਖੁਸ਼ਖਬਰੀ ਖੁਸ਼ਖਬਰੀ
ਪੰਜਾਬੀ ਢਾਬਾ
1480 N. State Road 1, Cambridge City, IN 47327
ਕੈਬਰਿਜ ਸਿਟੀ (ਇੰਡੀਆਨਾ) ਵਿਚ ਪੰਜਾਬੀ ਢਾਬੇ ਲਈ
ਡਿਸ਼ਵਾਸ਼ਰ, ਹੈਲਪਰ, ਵੇਟਰ ਅਤੇ ਕੁਕ ਚਾਹੀਦੇ ਹਨ
ਚੰਗੀ ਤਨਖਾਹ, ਖਾਣਾ ਮੁਫਤ ਤੇ ਹੋਰ ਸਹੂਲਤਾਂ
ਸੰਪਰਕ ਕਰੋ: ਮਨਜੀਤ ਨਾਗਰਾ
ਫੋਨ: 317-750-1900

# ਸੀ. ਬੀ. ਐਸ. ਈ. 12ਵੀਂ ਦੇ ਨਤੀਜਿਆਂ ਵਿਚ ਕੁੜੀਆਂ ਨੇ ਮਾਰੀ ਬਾਜ਼ੀ

**ਨਵੀਂ ਦਿੱਲੀ:** ਕੇਂਦਰੀ ਮਾਧਿਆਮਿਕ ਸਿੱਖਿਆ ਬੋਰਡ (ਸੀ.ਬੀ.ਐਸ.ਈ.) ਨੇ 12ਵੀਂ ਦਾ ਨਤੀਜਾ ਐਲਾਨ ਦਿੱਤਾ ਹੈ ਜਿਸ 'ਚ ਲੜਕੀਆਂ ਨੇ ਲੜਕਿਆਂ ਨੂੰ ਪਛਾੜਦਿਆਂ ਬਾਜ਼ੀ ਮਾਰੀ ਹੈ। ਉਤਰ ਪ੍ਰਦੇਸ਼ ਦੀ ਹੰਸਿਕਾ ਸ਼ੁਕਲਾ ਤੇ ਕ੍ਰਿਸ਼ਮਾ ਅਰੋੜਾ ਨੇ ਸਾਂਝੇ ਤੌਰ 'ਤੇ ਪਹਿਲਾ ਸਥਾਨ ਹਾਸਲ



ਕੀਤਾ ਹੈ।

ਦੋਵਾਂ ਲੜਕੀਆਂ ਨੇ 500 'ਚੋਂ 499 ਅੰਕ ਹਾਸਲ ਕੀਤੇ ਹਨ। ਹੰਸਿਕਾ ਡੀ.ਪੀ.ਐਸ. ਮੇਰਠ ਰੋਡ, ਗਾਜ਼ੀਆਬਾਦ ਜਦੋਂ ਕਿ ਕ੍ਰਿਸ਼ਮਾ ਮੁਜ਼ੱਫ਼ਰਨਗਰ ਸਥਿਤ ਐਸ.ਡੀ. ਪਬਲਿਕ ਸਕੂਲ ਦੀ ਵਿਦਿਆਰਥਣ ਹੈ। ਦੂਜੇ ਸਥਾਨ 'ਤੇ ਤਿੰਨ ਲੜਕੀਆਂ ਰਹੀਆਂ ਹਨ ਜਿਨ੍ਹਾਂ ਨੇ 498 ਅੰਕ (ਹਰੇਕ ਨੇ) ਹਾਸਲ ਕੀਤੇ ਹਨ ਜਿਨ੍ਹਾਂ 'ਚ ਗੌਰਾਂਗੀ ਚਾਵਲਾ ਨਿਰਮਲ ਆਸ਼ਰਮ ਦੀਪਮਾਲਾ ਪਬਲਿਕ ਸਕੂਲ ਰਿਸ਼ੀਕੇਸ਼, ਐਸ਼ਵਰਿਆ ਕੇਂਦਰੀ ਵਿਦਿਆਲਿਆ ਰਾਏਬਰੇਲੀ ਅਤੇ ਹਰਿਆਣਾ ਦੇ ਜੀਂਦ ਦੀ ਭਵਿਆ ਸ਼ਾਮਲ ਹਨ। ਤੀਜੇ ਸਥਾਨ 'ਤੇ ਕੁੱਲ 18 ਵਿਦਿਆਰਥੀ ਰਹੇ ਜਿਨ੍ਹਾਂ 'ਚ 11 ਲੜਕੀਆਂ ਤੇ 7 ਲੜਕੇ ਸ਼ਾਮਲ ਹਨ। ਇਨ੍ਹਾਂ ਨੇ 500 'ਚੋਂ 497 ਅੰਕ ਹਾਸਲ ਕੀਤੇ ਹਨ। ਇਨ੍ਹਾਂ 'ਚ ਦੋ ਵਿਦਿਆਰਥੀ ਦਿੱਲੀ ਦੇ ਹਨ। 12ਵੀਂ ਜਮਾਤ ਦੇ ਨਤੀਜੇ 'ਚੋਂ ਕੁੱਲ 17693 ਵਿਦਿਆਰਥੀਆਂ ਨੇ 95 ਫੀਸਦੀ ਅੰਕ ਹਾਸਲ ਕੀਤੇ ਹਨ ਜਦੋਂ ਕਿ 94299 ਵਿਦਿਆਰਥੀਆਂ ਨੇ 90 ਤੋਂ 95 ਫੀਸਦੀ ਵਿਚਾਲੇ ਅੰਕ ਹਾਸਲ ਕੀਤੇ ਹਨ। ਕੇਂਦਰੀ ਵਿਦਿਆਲਿਆ ਸਕੂਲਾਂ ਦਾ ਨਤੀਜਾ 98.54 ਫੀਸਦੀ ਜਦੋਂ ਕਿ ਜਵਾਹਰ ਨਵੋਦਿਆ ਵਿਦਿਆਲਿਆ ਦਾ ਨਤੀਜਾ 96.62 ਫੀਸਦੀ ਰਿਹਾ ਹੈ। ਸਰਕਾਰੀ ਮਾਨਤਾ ਪ੍ਰਾਪਤ ਸਕੂਲਾਂ ਦੀ ਪਾਸ ਫੀਸਦੀ 88.49 ਜਦੋਂ ਕਿ ਸਰਕਾਰੀ ਸਕੂਲਾਂ ਦੀ ਪਾਸ ਫੀਸਦੀ 87.17 ਫੀਸਦੀ ਰਹੀ ਹੈ। ਇਸੇ ਤਰ੍ਹਾਂ ਨਿੱਜੀ ਸਕੂਲਾਂ ਦੀ ਪਾਸ ਫੀਸਦੀ 88.59 ਫੀਸਦੀ ਰਹੀ।

ਤਿਰੂਵਨੰਤਪੁਰਮ ਖੇਤਰ ਨੇ ਸਭ ਤੋਂ ਵੱਧ ਪਾਸ ਫੀਸਦੀ ਹਾਸਲ ਕੀਤੀ ਹੈ। ਅਧਿਕਾਰੀ ਅਨੁਸਾਰ ਲੜਕੀਆਂ ਦੀ ਪਾਸ ਫੀਸਦੀ 88.70 ਰਹੀ ਹੈ ਜੋ ਕਿ ਲੜਕਿਆਂ ਦੀ ਪਾਸ ਫ਼ੀਸਦੀ 79.40 ਤੋਂ 9 ਫੀਸਦੀ ਜ਼ਿਆਦਾ ਹੈ। ਕੁੱਲ ਪਾਸ ਫੀਸਦੀ 83.40 ਰਹੀ ਹੈ। ਤੀਜੇ ਲਿੰਗ ਦੇ ਵਿਦਿਆਰਥੀਆਂ ਦਾ ਨਤੀਜਾ 83.3 ਫੀਸਦੀ ਰਿਹਾ ਹੈ। ਬੋਰਡ ਦੇ ਤਿਰੂਵਨੰਤਪੁਰਮ ਖੇਤਰ ਨੇ ਸਭ ਤੋਂ ਵੱਧ 98.20 ਪਾਸ ਫੀਸਦੀ ਹਾਸਲ ਕੀਤੀ ਹੈ ਜਦੋਂ ਕਿ ਦੂਜੇ ਸਥਾਨ 'ਤੇ 92.93 ਫੀਸਦੀ ਨਾਲ ਚੇਨਈ ਖੇਤਰ ਰਿਹਾ ਹੈ। ਰਾਜਧਾਨੀ ਦਿੱਲੀ ਦੀ ਪਾਸ ਫੀਸਦੀ 91.87 ਫੀਸਦੀ ਰਹੀ ਹੈ ਜੋ ਕਿ ਤੀਜੇ ਸਥਾਨ 'ਤੇ ਹੈ। ਸੀ.ਬੀ.ਐਸ.ਈ. ਤੋਂ ਮਾਨਤਾ ਪ੍ਰਾਪਤ ਵਿਦੇਸ਼ੀ ਸਕੂਲਾਂ ਦੀ ਪਾਸ ਫੀਸਦੀ 'ਚ ਵੀ ਸੁਧਾਰ ਹੋਇਆ ਹੈ ਜੋ ਪਿਛਲੀ ਵਾਰ ਦੀ 94.94 ਤੋਂ ਵਧ ਕੇ 95.43 ਫੀਸਦੀ ਹੋ ਗਈ ਹੈ। ਅਧਿਕਾਰੀ ਨੇ ਦੱਸਿਆ ਕਿ ਸੀ.ਬੀ.ਐਸ.ਈ. ਦੀ 12ਵੀਂ ਜਮਾਤ ਦੀ ਪ੍ਰੀਖਿਆ ਬੀਤੇ ਸਾਲਾਂ ਨਾਲੋਂ ਪਹਿਲਾਂ 16 ਫਰਵਰੀ ਤੋਂ ਸ਼ੁਰੂ ਹੋਈ ਸੀ ਜਿਸ ਦਾ ਨਤੀਜਾ ਆਮ ਤੌਰ 'ਤੇ ਮਈ ਦੇ ਤੀਜੇ ਹਫਤੇ ਐਲਾਨਿਆ ਜਾਂਦਾ ਹੈ ਪਰ ਪ੍ਰੀਖਿਆ ਪਹਿਲਾਂ ਹੋਣ ਕਾਰਨ ਇਸ ਦਾ ਨਤੀਜਾ ਵੀ ਪਹਿਲਾਂ ਹੀ ਐਲਾਨ ਦਿੱਤਾ ਗਿਆ ਹੈ। ਜ਼ਿਕਰਯੋਗ ਹੈ ਕਿ ਕੁੱਲ 12.05 ਲੱਖ ਵਿਦਿਆਰਥੀਆਂ ਨੇ 12ਵੀਂ ਦੀ ਪ੍ਰੀਖਿਆ ਦਿੱਤੀ ਸੀ ਅਤੇ ਇਸ ਦੀ ਪਾਸ ਫੀਸਦੀ ਵਿਚ 0.39 ਫੀਸਦੀ ਦਾ ਵਾਧਾ ਦਰਜ ਕੀਤਾ ਗਿਆ ਹੈ।

# ਐਨ.ਜੀ.ਟੀ. ਨੇ ਟਰੀਟਮੈਂਟ ਪਲਾਂਟਾਂ 'ਤੇ ਕੀਤੀ ਹੋਰ ਸਖਤੀ

**ਜਲੰਧਰ:** ਐਨ.ਜੀ.ਟੀ. (ਨੈਸ਼ਨਲ ਗਰੀਨ ਟ੍ਰਿਬਿਊਨਲ) ਨੇ ਦਰਿਆਵਾਂ 'ਚ ਲਗਾਤਾਰ ਵਧ ਰਹੇ ਪ੍ਰਦੂਸ਼ਣ ਨੂੰ ਰੋਕਣ ਲਈ ਗੰਦੇ ਪਾਣੀ ਨੂੰ ਸਾਫ ਕਰਨ ਵਾਲੇ ਟਰੀਟਮੈਂਟ ਪਲਾਂਟ ਲਈ ਨਿਯਮ ਹੋਰ ਸਖਤ ਕਰ ਦਿੱਤਾ ਹੈ। ਐਨ.ਜੀ.ਟੀ. ਦੇ ਤਾਜ਼ੇ ਐਨ.ਜੀ.ਟੀ. ਦੇ ਆਏ ਤਾਜ਼ੇ ਫੈਸਲੇ ਮੁਤਾਬਕ ਮੌਜੂਦਾ ਹਾਲਾਤਾਂ 'ਚ ਪ੍ਰਦੂਸ਼ਣ ਦੇ ਪੱਧਰ ਨੂੰ ਜ਼ਿਆਦਾ ਪਾਇਆ ਗਿਆ ਸੀ ਕਿ ਜੇਕਰ ਇਸ ਮੁਤਾਬਕ ਹੀ ਪਾਣੀ ਟਰੀਟਮੈਂਟ ਪਲਾਂਟਾਂ ਤੋਂ ਕੱਢਿਆ ਜਾਂਦਾ ਰਿਹਾ ਤਾਂ ਦਰਿਆਵਾਂ 'ਚ ਪ੍ਰਦੂਸ਼ਣ ਦੀ ਮਾਤਰਾ




ਫੈਸਲੇ ਮੁਤਾਬਕ ਟਰੀਟਮੈਂਟ ਪਲਾਂਟ ਜਿਥੇ 30 ਬੀ.ਓ.ਡੀ. (ਬਾਈਓ ਕੈਮੀਕਲ ਆਕਸੀਜਨ ਡਿਮਾਂਡ) 'ਤੇ ਆਪਣਾ ਪਾਣੀ ਸਾਫ ਰੱਖਦੇ ਸਨ ਪਰ ਹੁਣ ਐਨ.ਜੀ.ਟੀ. ਇਸ ਤੈਅ ਨਿਯਮ ਨੂੰ ਘਟਾ ਕੇ 10 ਬੀ.ਓ.ਡੀ. ਕਰ ਦਿੱਤਾ ਹੈ।

ਟਰੀਟਮੈਂਟ ਪਲਾਂਟਾਂ ਲਈ ਅਜੇ ਤੱਕ 30 ਬੀ.ਓ.ਡੀ. ਪੈਰਾਮੀਟਰ ਤੱਕ ਪਾਣੀ ਸਾਫ ਕਰਨ ਲਈ ਟੀਚਾ ਤੈਅ ਕੀਤਾ ਗਿਆ ਸੀ। ਐਨ.ਜੀ.ਟੀ. ਨੇ ਕੁਝ ਸਮੇਂ ਪਹਿਲਾਂ ਪੰਜਾਬ ਸਮੇਤ ਦੇਸ਼ ਭਰ ਦੇ ਦਰਿਆਵਾਂ 'ਚ ਥਾਂ-ਥਾਂ ਤੋਂ ਪਾਣੀ ਸੁੱਟਣ ਕਰਕੇ ਵਧ ਰਹੇ ਪ੍ਰਦੂਸ਼ਣ ਦੀਆਂ ਰਿਪੋਰਟਾਂ ਤਲਬ ਕੀਤੀਆਂ ਸਨ ਜਿਸ 'ਚ ਦੇਸ਼ ਭਰ ਦੇ ਦਰਿਆਵਾਂ ਨੂੰ 353 ਥਾਵਾਂ 'ਤੇ ਪ੍ਰਦੂਸ਼ਿਤ ਪਾਇਆ ਸੀ। ਵਧ ਜਾਵੇਗੀ। ਹੁਣ ਟਰੀਟਮੈਂਟ ਪਲਾਂਟਾਂ ਲਈ ਪਾਣੀ 'ਚ ਸਾਫ ਕਰਨ ਦਾ ਪੱਧਰ 30 ਬੀ.ਓ.ਡੀ. ਤੱਕ ਰੱਖਣਾ ਪਵੇਗਾ।

ਐਨ.ਜੀ.ਟੀ. ਨੇ ਇਸ ਬਾਰੇ ਆਦੇਸ਼ ਜਾਰੀ ਕਰਦੇ ਹੋਏ ਕੇਂਦਰ ਨੇ ਵਾਤਾਵਰਨ ਅਤੇ ਜੰਗਲਾਤ ਮੰਤਰਾਲੇ ਨੂੰ ਵੀ ਹਦਾਇਤ ਜਾਰੀ ਕੀਤੀ ਹੈ ਕਿ ਉਹ ਆਉਂਦੇ ਸਮੇਂ 'ਚ ਇਸ ਦੀ ਨੋਟੀਫਿਕੇਸ਼ਨ ਜਾਰੀ ਕਰ ਦੇਵੇ। ਪੰਜਾਬ 'ਚ ਇਸ ਵੇਲੇ 150 ਦੇ ਤਕਰੀਬਨ ਟਰੀਟਮੈਂਟ ਪਲਾਂਟ ਚੱਲ ਰਹੇ ਹਨ। ਐਨ.ਜੀ.ਟੀ. ਨੇ ਅਲੱਗ ਤੌਰ 'ਤੇ ਦਰਿਆਵਾਂ ਦਾ ਪ੍ਰਦੂਸ਼ਣ ਦਾ ਪਤਾ ਕਰਨ ਲਈ ਪਾਣੀ ਦੇ ਨਮੂਨੇ ਭਰਵਾਉਣ ਦੀ ਮੁਹਿੰਮ ਸ਼ੁਰੂ ਕਰਵਾਈ ਹੋਈ ਹੈ।

# ਪ੍ਰੇਮੀ ਨਾਲ ਮਿਲ ਕੇ ਮਾਂ ਨੇ ਹੀ ਕੀਤਾ ਸੀ ਦੋ ਧੀਆਂ ਦਾ ਕਤਲ

**ਲਹਿਰਾਗਾਗਾ:** ਪੁਲਿਸ ਨੇ ਪਿੰਡ ਅਲੀਸ਼ੇਰ ਕੋਲ ਨਹਿਰ 'ਚੋਂ ਮਿਲੀ ਅਣਪਛਾਤੀ ਬੱਚੀ ਦੀ ਲਾਸ਼ ਦਾ ਮਸਲਾ ਸੁਲਝਾਉਂਦੇ ਹੋਏ ਦੋ ਜਣਿਆਂ ਖਿਲਾਫ ਕੇਸ ਦਰਜ ਕੀਤਾ ਹੈ। ਜਾਣਕਾਰੀ ਅਨੁਸਾਰ ਸੁਨਾਮ ਵਾਸੀ ਗਿੰਦਰੋ ਉਰਫ ਗਿੰਦੋ ਨੇ ਪੁਲਿਸ ਕੋਲ ਰਿਪੋਰਟ ਦਰਜ ਕਰਵਾਈ ਹੈ ਕਿ ਉਸ ਦੇ ਭਰਾ ਬਾਵਾ ਸਿੰਘ ਦਾ ਵਿਆਹ ਪੂਜਾ ਵਾਸੀ ਨਰਵਾਣਾ ਨਾਲ ਹੋਇਆ ਸੀ।

ਉਸ ਦੇ ਚਾਰ ਬੱਚੇ ਸਨ ਤੇ ਇਕ ਲੜਕੀ ਆਪਣੇ ਮਾਸੜ ਨਾਲ ਜੀਂਦ ਹਰਿਆਣਾ 'ਚ ਰਹਿੰਦੀ ਸੀ ਜਦੋਂਕਿ ਇੱਕ ਲੜਕਾ ਆਪਣੀ ਦਾਦੀ ਨਾਲ ਇੰਦਰਾ ਬਸਤੀ ਸੁਨਾਮ ਰਹਿੰਦਾ ਸੀ। ਦੋ ਲੜਕੀਆਂ ਰੇਖਾ (10) ਤੇ ਸੀਮਾ (8) ਆਪਣੇ ਮਾਪਿਆਂ ਨਾਲ ਇੰਦਰਾ ਬਸਤੀ ਸੁਨਾਮ ਰਹਿੰਦੀਆਂ ਸਨ। ਸ਼ਿਕਾਇਤਕਰਤਾ ਨੇ ਦੱਸਿਆ ਕਿ ਡੇਢ ਮਹੀਨਾ ਪਹਿਲਾਂ ਉਸ ਦੇ ਭਰਾ ਦੀ ਮੌਤ ਹੋ ਚੁੱਕੀ ਹੈ। ਉਸ ਤੋਂ ਬਾਅਦ ਪੂਜਾ ਆਪਣੀਆਂ ਲੜਕੀਆਂ ਨਾਲ ਇੰਦਰਾ ਬਸਤੀ 'ਚ ਹੀ ਕਿਰਾਏ ਦੇ ਮਕਾਨ 'ਚ ਰਹਿਣ ਲੱਗ ਪਈ। ਇਸ ਦੌਰਾਨ ਪੂਜਾ ਦੇ ਅਜੈ ਕੁਮਾਰ ਨਾਲ ਨਾਜਾਇਜ਼ ਸਬੰਧ ਬਣ ਗਏ। ਪਹਿਲੀ ਮਈ ਨੂੰ ਸਵੇਰੇ 7 ਵਜੇ ਪੂਜਾ ਆਪਣੇ ਪੇਕੇ ਘਰ ਜਾਣ ਲਈ ਆਪਣੇ ਪ੍ਰੇਮੀ ਨਾਲ ਦੋਵੇਂ ਲੜਕੀਆਂ ਨੂੰ ਰੇਲਵੇ ਸਟੇਸ਼ਨ ਲਿਜਾ ਰਹੀ ਸੀ। ਉਨ੍ਹਾਂ ਨੇ ਰਸਤੇ 'ਚ ਦੋਵਾਂ ਲੜਕੀਆਂ ਨੂੰ ਲਹਿਰਾਗਾਗਾ ਕੋਲੋਂ ਲੰਘਦੀ ਘੱਗਰ ਬ੍ਰਾਂਚ ਨਹਿਰ 'ਚ ਸੁੱਟ ਦਿੱਤਾ। ਇਕ ਲੜਕੀ ਰੇਖਾ ਦੀ ਲਾਸ਼ ਨਹਿਰ 'ਚ ਬੋਹਾ ਮਾਨਸਾ ਕੋਲੋਂ ਤੇ ਸੀਮਾ ਦੀ ਲਾਸ਼ ਅਲੀਸ਼ੇਰ ਕੋਲ ਨਹਿਰ 'ਚ ਤੈਰਦੀ ਮਿਲੀ ਸੀ ਜਿਸ ਨੂੰ ਸਿਵਲ ਹਸਪਤਾਲ ਦੀ ਮੋਰਚਰੀ 'ਚ ਰੱਖ ਦਿੱਤਾ ਸੀ।

ਲਹਿਰਾਗਾਗਾ ਪੁਲਿਸ ਨੇ ਗਿੰਦਰੋ ਦੇ ਬਿਆਨ 'ਤੇ ਉਸ ਦੀ ਭਰਜਾਈ ਪੂਜਾ ਤੇ ਅਜੈ ਖਿਲਾਫ ਕੇਸ ਦਰਜ ਕੀਤਾ ਹੈ। ਅਦਾਲਤ ਨੇ ਮੁਲਜ਼ਮ ਨੂੰ ਦੋ ਦਿਨਾਂ ਦੇ ਪੁਲੀਸ ਰਿਮਾਂਡ 'ਚ ਭੇਜ ਦਿੱਤਾ ਹੈ।

# ਜੂਲੀਅਨ ਅਸਾਂਜ ਨੂੰ ਯੂ.ਕੇ. 'ਚ 50 ਹਫਤਿਆਂ ਦੀ ਕੈਦ

**ਲੰਡਨ :** ਵਿਕੀਲੀਕਸ ਦੇ ਸਹਿ ਬਾਨੀ ਜੂਲੀਅਨ ਅਸਾਂਜ ਨੂੰ ਜ਼ਮਾਨਤ ਸ਼ਰਤਾਂ ਦੀ ਉਲੰਘਣਾ ਦੇ ਦੋਸ਼ ਹੇਠ ਯੂ.ਕੇ. ਦੀ ਅਦਾਲਤ ਨੇ 50 ਹਫਤਿਆਂ ਦੀ ਕੈਦ ਦੀ ਸਜ਼ਾ ਸੁਣਾਈ ਹੈ। ਵੈਸਟਮਿੰਸਟਰ ਮੈਜਿਸਟਰੇਟ ਅਦਾਲਤ ਨੇ ਅਸਾਂਜ



(47) ਦੀ ਇਕੁਆਡੋਰ ਦੇ ਸਫਾਰਤਖਾਨੇ 'ਚੋਂ ਲੰਘੇ ਮਹੀਨੇ ਹੋਈ ਗ੍ਰਿਫਤਾਰੀ ਤੋਂ ਬਾਅਦ ਉਸ ਨੂੰ ਜ਼ਮਾਨਤ ਐਕਟ ਦੀ ਉਲੰਘਣਾ ਦਾ ਦੋਸ਼ੀ ਠਹਿਰਾਇਆ ਹੈ।

ਜ਼ਿਕਰਯੋਗ ਹੈ ਕਿ ਉਸ ਨੇ ਸਵੀਡਨ ਵਿਚ 2012 'ਚ ਲੱਗੇ ਜਿਨਸੀ ਹਮਲੇ ਦੇ ਦੋਸ਼ਾਂ ਤੋਂ ਬਾਅਦ ਲੰਡਨ ਸਥਿਤ ਇਕੁਆਡੋਰ ਦੂਤਾਵਾਸ 'ਚ ਸ਼ਰਨ ਲਈ ਹੋਈ ਸੀ। ਅਦਾਲਤ ਨੇ ਕਿਹਾ ਕਿ ਅਸਾਂਜ ਨੇ ਜ਼ਮਾਨਤ ਸ਼ਰਤਾਂ ਦੀ ਗੰਭੀਰ ਉਲੰਘਣਾ ਕੀਤੀ ਹੈ। ਜੱਜ ਨੇ ਕਿਹਾ ਕਿ ਸਫਾਰਤਖਾਨੇ ਵਿਚ ਲੁਕ ਕੇ ਅਸਾਂਜ ਨੇ ਯੂ.ਕੇ. ਵਿਚ ਖੁਦ ਨੂੰ ਪਹੁੰਚ ਤੋਂ ਦੂਰ ਕਰ ਲਿਆ। ਦੂਜੇ ਸ਼ਬਦਾਂ ਵਿਚ ਇਹ ਜਾਣਬੁੱਝ ਕੇ ਕੀਤੀ ਨਿਆਂ ਦੀ ਉਲੰਘਣਾ ਜਾਂ ਉਸ ਵਿਚ ਦੇਰੀ ਕਰਨ ਦੇ ਦਾਇਰੇ ਵਿਚ ਆਉਂਦਾ ਹੈ। ਅਦਾਲਤ ਨੇ ਅੱਗੇ ਕਿਹਾ ਕਿ ਅਸਾਂਜ ਨੇ ਮਿਲੇ ਵਿਸ਼ੇਸ਼ ਅਧਿਕਾਰਾਂ ਦੀ ਵਰਤੋਂ ਕਾਨੂੰਨ ਨੂੰ ਟਿੱਚ ਜਾਣਨ ਲਈ ਕੀਤੀ। ਇਸ ਨਾਲ ਦੁਨੀਆ ਭਰ ਵਿਚ ਇਹ ਸੁਨੇਹਾ ਗਿਆ ਕਿ ਅਸਾਂਜ ਨੂੰ ਯੂ.ਕੇ. ਦੇ ਕਾਨੂੰਨਾਂ ਦੀ ਪ੍ਰਵਾਨ ਨਹੀਂ।

ਜੂਲੀਅਨ ਅਸਾਂਜ ਨੇ ਅਦਾਲਤ ਵਿਚ ਪੜ੍ਹੇ ਪੱਤਰ 'ਚ ਕਿਹਾ ਕਿ ਉਹ ਬੇਹਦ ਮੁਸ਼ਕਲ ਭਰੀਆਂ ਸਥਿਤੀਆਂ ਨਾਲ ਜੂਝ ਰਿਹਾ ਸੀ ਤੇ ਉਨ੍ਹਾਂ ਕੋਲੋਂ ਮੁਆਫੀ ਮੰਗਦਾ ਹੈ ਜਿਨ੍ਹਾਂ ਨੂੰ ਲੱਗਦਾ ਹੈ ਕਿ ਉਸ ਨੇ ਉਨ੍ਹਾਂ ਦਾ 'ਨਿਰਾਦਰ' ਕੀਤਾ। ਜੂਲੀਅਨ ਨੇ ਕਿਹਾ ਕਿ ਅਜਿਹਾ ਕਰਨ ਦੀ ਨਾ ਤਾਂ ਉਸ ਦੀ ਕੋਈ ਯੋਜਨਾ ਸੀ ਤੇ ਨਾ ਹੀ ਉਹ ਅਜਿਹਾ ਕਰਨਾ ਚਾਹੁੰਦਾ ਸੀ।

## ਅਮਰੀਕਾ ਨੂੰ ਹਵਾਲਗੀ ਖਿਲਾਫ ਲੜੇਗਾ ਅਸਾਂਜ

**ਲੰਡਨ:** ਵਿਕੀਲੀਕਸ ਦੇ ਬਾਨੀ ਜੂਲੀਅਨ ਅਸਾਂਜ ਨੇ ਪੁਸ਼ਟੀ ਕੀਤੀ ਹੈ ਕਿ ਉਹ ਅਮਰੀਕਾ ਨੂੰ ਆਪਣੀ ਸਪੁਰਦਗੀ ਖਿਲਾਫ ਲੜਾਈ ਲੜੇਗਾ। ਅਸਾਂਜ, ਅਮਰੀਕਾ ਵਿਚ ਸਰਕਾਰੀ ਕੰਪਿਊਟਰਾਂ ਦੇ ਡੇਟਾ ਵਿਚ ਸੰਨ੍ਹ ਲਾਉਣ ਦੀ ਸਾਜ਼ਿਸ਼ ਘੜਨ ਦਾ ਦੋਸ਼ੀ ਹੈ। ਅਸਾਂਜ ਨੇ ਅਦਾਲਤੀ ਸੁਣਵਾਈ ਦੌਰਾਨ ਕਿਹਾ ਕਿ ਉਹ ਅਮਰੀਕਾ ਨੂੰ ਹਵਾਲਗੀ ਲਈ ਸਮਰਪਣ ਨਹੀਂ ਕਰੇਗਾ। ਵਿਕੀਲੀਕਸ ਦੇ ਬਾਨੀ ਨੇ ਕਿਹਾ ਕਿ ਉਸ ਨੇ ਜੋ ਕੀਤਾ ਉਹਨੂੰ 'ਪੱਤਰਕਾਰੀ ਕਿਹਾ ਜਾਂਦਾ ਹੈ, ਜਿਸ ਨੂੰ ਕਈ ਐਵਾਰਡ ਮਿਲੇ ਹਨ।' ਅਸਾਂਜ ਲੰਡਨ ਦੀ ਬੇਲਮਾਰਸ਼ ਜੇਲ੍ਹ ਤੋਂ ਵੀਡੀਓ ਲਿੰਕ ਜ਼ਰੀਏ ਵੈਸਟਮਿਨਸਟਰ ਮੈਜਿਸਟਰੇਟ ਦੀ ਅਦਾਲਤ ਵਿਚ ਪੇਸ਼ ਹੋਇਆ ਸੀ। ਅਸਾਂਜ ਜ਼ਮਾਨਤ ਸ਼ਰਤਾਂ ਦੀ ਉਲੰਘਣਾ ਦੇ ਦੋਸ਼ ਵਿਚ 50 ਹਫਤਿਆਂ ਦੀ ਸਜਾ ਤਹਿਤ ਜੇਲ੍ਹ ਵਿਚ ਬੰਦ ਹੈ। ਬ੍ਰਿਟਿਸ਼ ਪੁਲਿਸ ਨੇ ਉਸ ਨੂੰ ਪਿਛਲੇ ਮਹੀਨੇ ਇਕੁਆਡੋਰ ਦੇ ਸਫ਼ਾਰਤਖਾਨੇ 'ਚੋਂ ਗ੍ਰਿਫਤਾਰ ਕੀਤਾ ਸੀ।

# ਰਾਜੇ ਨੇ ਕਰਵਾਇਆ ਸੁਰੱਖਿਆ ਕਰਮੀ ਨਾਲ ਵਿਆਹ

**ਬੈਂਕਾਕ:** ਥਾਈਲੈਂਡ ਦੇ ਰਾਜਾ ਵਾਜੀਰਾਲੋਂਗਕੋਰਨ ਨੇ ਇਸ਼ਕ 'ਚ ਹੈਰਾਨ ਕਰਨ ਵਾਲਾ ਕਦਮ ਚੁੱਕਿਆ ਹੈ। ਉਨ੍ਹਾਂ ਨੇ ਇਕ ਮਹਿਲਾ ਕਮਾਂਡਰ ਨਾਲ ਵਿਆਹ ਕੀਤਾ ਹੈ।

ਇਸ ਬਾਰੇ ਰਾਜ ਘਰਾਣੇ ਵੱਲੋਂ ਆਫੀਸ਼ੀਅਲ ਐਲਾਨ ਕੀਤਾ ਗਿਆ ਹੈ। ਵਿਆਹ ਤੋਂ ਬਾਅਦ



ਸੁਰੱਖਿਆ ਕਰਮੀ ਨਾਲ ਵਿਆਹ ਕੀਤਾ ਹੈ। ਉਨ੍ਹਾਂ ਦੇ ਇਸ ਕਦਮ ਦੀ ਚਰਚਾ ਹਰ ਪਾਸੇ ਹੋ ਰਹੀ ਹੈ। ਇਸ਼ਕ 'ਚ ਡੁੱਬੇ ਰਾਜਾ ਵਾਜੀਰਾਲੋਂਗਕੋਰਨ ਨੇ ਆਪਣੀ ਨਿੱਜੀ ਸੁਰੱਖਿਆ ਗਾਰਡ ਦੀ ਡਿਪਟੀ ਪਤਨੀ ਸੁਥਿਦਾ ਨੂੰ ਰਾਣੀ ਦਾ ਅਹੁਦਾ ਦਿੱਤਾ ਗਿਆ ਹੈ। ਰਾਜਾ ਵਾਜੀਰਾਲੋਂਗਕੋਰਨ ਨੂੰ ਲਿਟਲ ਕਿੰਗ ਰਾਮਾ ਦੇ ਨਾਂ ਨਾਲ ਵੀ ਜਾਣਿਆ ਜਾਂਦਾ ਹੈ। ਦੋਵਾਂ ਨੇ ਵਿਆਹ ਬ੍ਰਾਹਮਣ ਤੇ ਬੋਧ ਧਰਮ ਦੀਆਂ ਰੀਤਾਂ ਮੁਤਾਬਕ ਕੀਤਾ ਹੈ। ਸਾਲ 2014 'ਚ ਸੁਥਿਦਾ ਨੂੰ ਬਾਡੀਗਾਰਡ ਯੂਨਿਟ ਦੀ ਡਿਪਟੀ ਕਮਾਂਡਰ ਵਜੋਂ ਨਿਯੁਕਤ ਕੀਤਾ ਗਿਆ ਸੀ। ਉਹ ਪਹਿਲਾਂ ਏਅਰਵੇ 'ਚ ਫਲਾਈਟ ਅਟੈਂਡੈਂਟ ਸੀ। ਰਾਜਾ ਵਾਜੀਰਾਲੋਂਗਕੋਰਨ ਵੀ ਇਸ ਤੋਂ ਪਹਿਲਾਂ ਤਿੰਨ ਵਿਆਹ ਕਰ ਚੁੱਕੇ ਹਨ। ਜਾਣਕਾਰੀ ਮੁਤਾਬਕ ਉਹ ਆਪਣੀਆਂ ਸਾਰੀਆਂ ਪਤਨੀਆਂ ਨੂੰ ਤਲਾਕ ਦੇ ਚੁੱਕੇ ਹਨ। ਇਹ ਰਾਜਾ ਦਾ ਚੌਥਾ ਵਿਆਹ ਹੈ।

## ਯੂ.ਕੇ. ਦੇ ਮਹਿਲ 'ਚ ਸੋਨੇ ਨਾਲ ਜੜਿਆ ਟਾਇਲਟ ਬਣੇਗਾ

**ਲੰਡਨ:** ਯੂ.ਕੇ. ਦੇ ਔਕਸਫੋਰਡਸ਼ਾਇਰ 'ਚ ਬਲੇਨਹੀਮ ਪੈਲੇਸ ਦੇ ਬਾਥਰੂਮ 'ਚ ਸੋਨੇ ਨਾਲ ਜੜਿਆ ਟਾਇਲਟ ਬਣਾਇਆ ਜਾਵੇਗਾ। ਇਸ ਤੋਂ ਪਹਿਲਾਂ ਅਮਰੀਕੀ ਰਾਸ਼ਟਰਪਤੀ ਡੋਨਲਡ ਟਰੰਪ ਨੂੰ 18 ਕੈਰੇਟ ਸੋਨੇ ਦਾ ਟਾਇਲਟ ਪੇਸ਼ ਕੀਤਾ ਗਿਆ ਸੀ। ਇਹ ਟਾਇਲਟ ਉਸ ਕਮਰੇ ਦੇ ਨਾਲ ਲਗਦਾ ਹੈ ਜਿਥੇ ਵਿੰਸਟਨ ਚਰਚਿਲ ਦਾ ਜਨਮ ਹੋਇਆ ਸੀ ਅਤੇ ਇਸ ਨੂੰ ਆਮ ਲੋਕਾਂ ਲਈ ਵੀ ਖੋਲ੍ਹਿਆ ਜਾਵੇਗਾ।

# ਅਗਵਾ ਕਾਂਡ: ਸੁਪਰੀਮ ਕੋਰਟ ਪੁੱਜਿਆ ਨਿਸ਼ਾਨ ਸਿੰਘ

**ਫਰੀਦਕੋਟ:** ਸਾਲ 2012 'ਚ ਫਰੀਦਕੋਟ ਵਿਚ ਵਾਪਰੇ ਬਹੁ-ਚਰਚਿਤ ਅਗਵਾ ਕਾਂਡ ਮਾਮਲੇ ਦੇ ਮੁੱਖ ਮੁਲਜ਼ਮ ਨਿਸ਼ਾਨ ਸਿੰਘ ਨੇ ਆਪਣੀ ਉਮਰ ਕੈਦ ਦੀ ਸਜ਼ਾ ਤੇ ਪੀੜਤ ਪਰਿਵਾਰ ਨੂੰ 90 ਲੱਖ



ਰੁਪਏ ਦੀ ਮੁਆਵਜ਼ਾ ਰਕਮ ਦੇਣ ਦੇ ਹੁਕਮ ਨੂੰ ਰੱਦ ਕਰਵਾਉਣ ਲਈ ਸੁਪਰੀਮ ਕੋਰਟ ਵਿਚ ਪਹੁੰਚ ਕੀਤੀ ਹੈ। ਕੋਰਟ ਨੇ ਨਿਸ਼ਾਨ ਸਿੰਘ ਦੀ ਵਿਸ਼ੇਸ਼ ਅਪੀਲ ਦੀ ਸੁਣਵਾਈ ਕਰਦਿਆਂ ਉਸ ਨੂੰ ਕਿਸੇ ਵੀ ਤਰ੍ਹਾਂ ਦੀ ਰਾਹਤ ਦੇਣ ਤੋਂ ਪਹਿਲਾਂ ਪੀੜਤ ਪਰਿਵਾਰ ਨੂੰ ਸੁਣਨ ਦਾ ਫੈਸਲਾ ਕੀਤਾ ਹੈ।

ਦੱਸਣਯੋਗ ਹੈ ਕਿ 2012 ਵਿਚ ਨਿਸ਼ਾਨ ਸਿੰਘ ਨੇ ਫਰੀਦਕੋਟ ਦੀ ਨਾਬਾਲਗ ਲੜਕੀ ਨੂੰ ਹਥਿਆਰਬੰਦ ਸਾਥੀਆਂ ਦੀ ਮਦਦ ਨਾਲ ਅਗਵਾ ਕਰ ਲਿਆ ਸੀ। ਪੀੜਤ ਲੜਕੀ ਦੇ ਮਾਪਿਆਂ ਨੇ ਜਦੋਂ ਆਪਣੀ ਲੜਕੀ ਨੂੰ ਬਚਾਉਣਾ ਚਾਹਿਆ ਤਾਂ ਨਿਸ਼ਾਨ ਸਿੰਘ ਤੇ ਉਸ ਦੇ ਸਾਥੀਆਂ ਨੇ ਉਨ੍ਹਾਂ ਦੀ ਬੁਰੀ ਤਰ੍ਹਾਂ ਕੁੱਟਮਾਰ ਕੀਤੀ। ਇਸ ਮਾਮਲੇ 'ਚ ਸਥਾਨਕ ਸੈਸ਼ਨ ਜੱਜ ਨੇ ਨਿਸ਼ਾਨ ਸਿੰਘ ਨੂੰ ਜੁਲਾਈ 2013 ਵਿਚ ਉਮਰ ਕੈਦ ਦੀ ਸਜ਼ਾ ਸੁਣਵਾਈ ਸੀ। ਇਕ ਹੋਰ ਪਟੀਸ਼ਨ ਦੀ ਸੁਣਵਾਈ ਕਰਦਿਆਂ ਨਿਸ਼ਾਨ ਸਿੰਘ ਤੇ ਉਸ ਦੀ ਮਾਂ ਨਵਜੋਤ ਕੌਰ ਨੂੰ ਆਦੇਸ਼ ਦਿੱਤੇ ਸਨ ਕਿ ਉਹ ਪੀੜਤ ਲੜਕੀ ਤੇ ਉਸ ਦੇ ਮਾਪਿਆਂ ਨੂੰ ਮੁਆਵਜ਼ੇ ਵਜੋਂ 90 ਲੱਖ ਰੁਪਏ ਦੇਵੇ। ਹਾਈ ਕੋਰਟ ਦੇ ਆਦੇਸ਼ਾਂ 'ਤੇ ਜ਼ਿਲ੍ਹਾ ਪ੍ਰਸ਼ਾਸਨ ਨੇ ਨਿਸ਼ਾਨ ਸਿੰਘ ਦੀ ਫਰੀਦਕੋਟ ਦਿਹਾਤੀ ਖੇਤਰ ਵਿਚ ਪਈ ਚਾਰ ਏਕੜ ਜ਼ਮੀਨ ਨੂੰ 91 ਲੱਖ ਰੁਪਏ ਵਿਚ ਵੇਚ ਕੇ 90 ਲੱਖ ਰੁਪਏ ਪੀੜਤ ਪਰਿਵਾਰ ਨੂੰ ਮੁਆਵਜ਼ੇ ਵਜੋਂ ਅਦਾ ਕਰ ਦਿੱਤੇ ਹਨ। ਨਿਸ਼ਾਨ ਤੇ ਉਸ ਦੀ ਮਾਂ ਨੇ ਮੁਆਵਜੇ ਤੇ ਸਜਾ ਵਾਲੇ ਹੁਕਮ ਨੂੰ ਚੁਣੌਤੀ ਦਿੰਦਿਆਂ ਦੋਵੇਂ ਹੁਕਮ ਰੱਦ ਕਰਨ ਦੀ ਮੰਗ ਕੀਤੀ ਹੈ। ਸੁਪਰੀਮ ਕੋਰਟ 28 ਮਈ ਨੂੰ ਇਸ ਮਾਮਲੇ ਵਿਚ ਅਗਲੀ ਸੁਣਵਾਈ ਕਰੇਗੀ।

# ਇਟਲੀ 'ਚ ਚੰਗੇ ਭਵਿੱਖ ਦੀ ਆਸ ਲਈ ਗਏ ਪੰਜਾਬੀਆਂ ਬਾਰੇ ਦਿਲ ਕੰਬਾਊ ਅੰਕੜੇ

**ਚੰਡੀਗੜ੍ਹ:** ਪੰਜਾਬੀ ਚੰਗੇ ਭਵਿੱਖ ਦਾ ਸੁਪਨਾ ਲੈ ਕੇ ਅਕਸਰ ਵਿਦੇਸ਼ ਜਾਂਦੇ ਹਨ, ਪਰ ਉਨ੍ਹਾਂ ਨੂੰ ਅੰਦਾਜ਼ਾ ਵੀ ਨਹੀਂ ਹੁੰਦਾ ਕਿ ਉਥੇ ਉਨ੍ਹਾਂ ਨਾਲ ਕੀ ਵਾਪਰੇਗਾ। ਸੰਯੁਕਤ ਰਾਸ਼ਟਰ ਦੀ ਮਾਹਿਰ ਉਰਮਿਲਾ ਭੋਲਾ ਦੀ ਇਟਲੀ ਵਿਚ ਚੱਲ ਰਹੇ ਖੇਤ ਮਾਫੀਆ 'ਕੈਪੋਰਾਲਾਤੋ' ਤਹਿਤ ਗੁਲਾਮ ਵਿਵਸਥਾ ਸਬੰਧੀ ਰਿਪੋਰਟ ਵਿਚ ਵੱਡਾ ਖੁਲਾਸਾ ਹੋਇਆ ਹੈ। ਇਟਲੀ ਵਿਚ ਵੱਸਦੇ ਕਰੀਬ 36,000 ਪੰਜਾਬੀ ਆਰਥਿਕ ਤੇ ਸਰੀਰਕ ਸ਼ੋਸ਼ਣ ਦਾ ਸ਼ਿਕਾਰ ਹੋ ਰਹੇ ਹਨ। ਲੋੜ ਤੋਂ ਵੱਧ ਕੰਮ ਕਰਾਉਣ ਤੋਂ ਇਲਾਵਾ ਇਨ੍ਹਾਂ ਦੀ ਕੁੱਟਮਾਰ ਵੀ ਕੀਤੀ ਜਾਂਦੀ ਹੈ।

ਰਿਪੋਰਟ ਮੁਤਾਬਕ ਇਟਲੀ ਦੇ ਲਾਤੀਨਾ ਤੇ ਹੋਰ ਉਤਰੀ ਸੂਬਿਆਂ ਵਿਚ ਵਸਦੇ 36,000 ਦੇ ਕਰੀਬ ਸਿੱਖ ਖੇਤ ਮਜ਼ਦੂਰ ਗੈਂਗਸਟਰਾਂ ਦੇ ਦਾਬੇ ਥੱਲੇ ਦਿਨ ਕੱਟਣ ਲਈ ਮਜਬੂਰ ਹਨ। ਇਥੇ ਇਸ ਖੇਤ ਮਾਫੀਆ ਨੂੰ 'ਕੈਪੋਰਾਲਾਤੋ' ਕਿਹਾ ਜਾਂਦਾ ਹੈ। ਉਥੇ ਵੱਸਦੇ ਪੰਜਾਬੀਆਂ ਵਿਚੋਂ ਬਹੁਤੇ ਤੌਰ ਉਤੇ ਪੰਜਾਬ ਤੋਂ ਖੇਤੀਬਾੜੀ ਪਿਛੋਕੜ ਵਾਲੇ ਹਨ, ਉਹ ਇਟਲੀ ਵਿਚ ਪੂਰਾ ਹਫਤਾ ਹੀ 13 ਤੋਂ 14 ਘੰਟੇ ਤੱਕ ਕੰਮ ਕਰਨ ਦੇ ਲਈ ਮਜਬੂਰ ਹਨ।

ਇਟਲੀ ਦੇ 36000 ਦੇ ਕਰੀਬ ਸਿੱਖ ਖੇਤ ਮਜ਼ਦੂਰ ਜੋ ਲਾਤੀਨਾ ਅਤੇ ਹੋਰ ਉਤਰੀ ਸੂਬਿਆਂ ਵਿਚ ਵਸਦੇ ਹਨ, ਨਾ ਸਿਰਫ ਉਨ੍ਹਾਂ ਦਾ ਆਰਥਿਕ ਸ਼ੋਸ਼ਣ ਹੋਇਆ ਹੈ ਸਗੋਂ ਸਰੀਰਕ ਸ਼ੋਸ਼ਣ ਦਾ ਵੀ ਸ਼ਿਕਾਰ ਬਣੇ ਹਨ। ਉਹ ਗੈਂਗਸਟਰਾਂ ਦੇ ਦਾਬੇ ਥੱਲੇ ਦਿਨ ਕਟੀ ਕਰਨ ਲਈ ਮਜਬੂਰ ਹਨ। ਇਥੇ ਇਸ ਖੇਤ ਮਾਫੀਆ ਨੂੰ 'ਕੈਪੋਰਾਲਾਤੋ' ਕਿਹਾ ਜਾਂਦਾ ਹੈ। ਪੰਜਾਬੀ, ਜਿਨ੍ਹਾਂ ਵਿਚ ਬਹੁਤੇ ਖੇਤੀਬਾੜੀ ਪਿਛੋਕੜ ਵਾਲੇ ਹਨ, ਇਟਲੀ ਵਿਚ ਪੂਰਾ ਹਫਤਾ ਹੀ 13 ਤੋਂ 14 ਘੰਟੇ ਤੱਕ ਕੰਮ ਕਰਨ ਲਈ ਮਜਬੂਰ ਹਨ।

ਆਮ ਤੌਰ ਉਤੇ ਇਹ ਸਬਜ਼ੀਆਂ ਜਿਨ੍ਹਾਂ ਵਿਚ ਗਾਜਰਾਂ, ਬੈਂਗਣ ਟਮਾਟਰ ਆਦਿ ਤੋੜਨ ਦਾ ਕੰਮ ਕਰਦੇ ਹਨ। ਜਦੋਂ ਕਿ ਇਟਲੀ ਦੇ ਕਾਨੂੰਨ ਅਨੁਸਾਰ ਖੇਤ ਮਜ਼ਦੂਰਾਂ ਤੋਂ ਛੇ ਘੰਟੇ ਤੋਂ ਵੱਧ ਸਮਾਂ ਕੰਮ ਨਹੀਂ ਲਿਆ ਜਾ ਸਕਦਾ ਅਤੇ 12 ਡਾਲਰ ਘੰਟੇ ਦੀ ਮਜ਼ਦੂਰੀ ਦੇਣੀ ਜ਼ਰੂਰੀ ਹੈ। ਜਦੋਂ ਇਹ ਪੰਜਾਬ ਤੋਂ ਇਥੇ ਖੁਸ਼ਹਾਲ ਜ਼ਿੰਦਗੀ ਜਿਉਣ ਦੇ ਸੁਪਨੇ ਅੱਖਾਂ ਵਿਚ ਲੈ ਕੇ ਆਏ ਸਨ ਤਾਂ ਕਿਸੇ ਨੇ ਸੋਚਿਆ ਤੱਕ ਵੀ ਨਹੀਂ ਸੀ ਕਿ ਉਨ੍ਹਾਂ ਨੂੰ ਮਾਫੀਆ ਦਾ ਸ਼ਿਕਾਰ ਹੋਣਾ ਪਵੇਗਾ।

ਸਥਿਤੀ ਇੰਨੀ ਗੰਭੀਰ ਹੈ ਕਿ ਬਹੁਤ ਘੱਟ ਲੋਕ ਅਜਿਹੇ ਹਨ ਜੋ ਮਾਫੀਆ ਵਿਰੁੱਧ ਆਪਣੀ ਅਵਾਜ਼ ਚੁੱਕ ਰਹੇ ਹਨ। ਇਹ ਪੰਜਾਬ ਤੋਂ 20,000 ਤੋਂ 25,000 ਤੱਕ ਡਾਲਰ ਏਜੰਟਾਂ ਨੂੰ ਦੇ ਕੇ ਇਟਲੀ ਪੁੱਜੇ ਸਨ। ਇਨ੍ਹਾਂ ਵਿਚੋਂ ਬਹੁਤੇ ਸਮੈਕ, ਅਫੀਮ ਅਤੇ ਹੋਰ ਨਸ਼ਿਆਂ ਦੀ ਲਤ ਦਾ ਸ਼ਿਕਾਰ ਹੋਣ ਕਾਰਨ ਆਪਣੇ ਜੀਵਨ ਨੂੰ ਬਦ ਤੋਂ ਬਦਤਰ ਬਣਾ ਚੁੱਕੇ ਹਨ। ਇਹ ਪ੍ਰਗਟਾਵਾ ਸੰਯੁਕਤ ਰਾਸ਼ਟਰ ਦੀ ਮਾਹਿਰ ਉਰਮਿਲਾ ਭੋਲਾ ਵੱਲੋਂ ਇਟਲੀ ਵਿਚ ਚੱਲ ਰਹੇ 'ਕੈਪੋਰਾਲਾਤੋ' ਤਹਿਤ ਗੁਲਾਮ ਵਿਵਸਥਾ ਸਬੰਧੀ ਆਈ ਰਿਪੋਰਟ ਵਿਚ ਕੀਤਾ ਗਿਆ ਹੈ।

# ਕੁਈਨਜ਼ਲੈਂਡ ਸਰਕਾਰ ਵੱਲੋਂ ਅਡਾਨੀ ਦੀ ਯੋਜਨਾ ਰੱਦ

**ਮੈਲਬਰਨ:** ਆਸਟਰੇਲੀਆ ਦੇ ਕੁਈਨਜ਼ਲੈਂਡ ਦੀ ਸੂਬਾਈ ਸਰਕਾਰ ਨੇ ਭਾਰਤੀ ਸਨਅਤਕਾਰ ਅਡਾਨੀ ਦੀ ਖਤਰੇ ਵਿਚ ਪਈ ਫਿੰਚ ਨਾਂ ਦੇ ਪੰਛੀ ਦੀ ਪ੍ਰਜਾਤੀ ਨੂੰ ਸੁਰੱਖਿਆ ਦੇਣ ਦੀ ਯੋਜਨਾ ਰੱਦ ਕਰ ਦਿੱਤੀ ਹੈ। ਸੂਬਾਈ ਸਰਕਾਰ ਨੇ ਕਿਹਾ ਕਿ ਅਡਾਨੀ ਦਾ ਅਰਬਾਂ ਡਾਲਰ ਦੀ ਲਾਗਤ ਵਾਲਾ ਤਜਵੀਜ਼ਤ ਖਣਨ ਪ੍ਰਾਜੈਕਟ ਪ੍ਰਵਾਨਗੀ ਦੀਆਂ ਸ਼ਰਤਾਂ ਨੂੰ ਪੂਰਾ ਨਹੀਂ ਕਰਦਾ। ਮੀਡੀਏ ਮੁਤਾਬਕ ਵਾਤਾਵਰਣ ਵਿਭਾਗ ਦੇ ਇਸ ਫੈਸਲੇ ਨਾਲ ਪਹਿਲਾਂ ਹੀ ਵਿਵਾਦਾਂ 'ਚ ਘਿਰੇ ਕਾਰਮਾਈਕਲ ਕੋਇਲਾ ਖਣਨ ਪ੍ਰਾਜੈਕਟ ਅਣਮਿਥੇ ਸਮੇਂ ਲਈ ਪੱਛੜ ਸਕਦਾ ਹੈ।

ਜ਼ਿਕਰਯੋਗ ਹੈ ਕਿ ਇਸ ਪ੍ਰਾਜੈਕਟ ਨੂੰ ਸ਼ੁਰੂ ਕਰਨ ਤੋਂ ਪਹਿਲਾਂ ਭਾਰਤੀ ਊਰਜਾ ਜਾਇੰਟ ਅੱਗੇ ਕਾਲੀ ਗਰਦਨ ਵਾਲੇ ਫਿੰਚ ਪੰਛੀਆਂ ਦੀ ਪ੍ਰਜਾਤੀ ਨੂੰ ਬਚਾਉਣਾ ਤੇ ਜ਼ਮੀਨਦੋਜ਼ ਪਾਣੀ ਦੀ ਯੋਜਨਾ ਦੋ ਮੁੱਖ ਅੜਿੱਕੇ ਹਨ। ਜ਼ਮੀਨਦੋਜ਼ ਪਾਣੀ 'ਤੇ ਪਹਿਲਾਂ ਹੀ ਸੂਬਾਈ ਸਰਕਾਰ ਦੀ ਨਜ਼ਰ ਹੈ। ਮੀਡੀਆ ਰਿਪੋਰਟਾਂ ਮੁਤਾਬਕ ਕੁਈਨਜ਼ਲੈਂਡ ਦੇ ਵਾਤਾਵਰਨ ਵਿਭਾਗ ਨਾਲ ਸਬੰਧਤ ਅਧਿਕਾਰੀਆਂ ਨੇ ਅਡਾਨੀ ਦੇ ਅਧਿਕਾਰੀਆਂ ਨਾਲ ਮੁਲਾਕਾਤ ਕੀਤੀ ਸੀ। ਅਧਿਕਾਰੀਆਂ ਨੇ ਕੰਪਨੀ ਨੂੰ ਸਾਫ ਕਰ ਦਿੱਤਾ ਕਿ ਫਿੰਚ ਪ੍ਰਬੰਧਨ ਨਾਲ ਸਬੰਧਤ ਯੋਜਨਾ ਨੂੰ ਉਸ ਦੇ ਮੌਜੂਦਾ ਰੂਪ ਵਿਚ ਪ੍ਰਵਾਨ ਨਹੀਂ ਕੀਤਾ ਜਾ ਸਕਦਾ, ਕਿਉਂਕਿ ਇਹ ਲੋੜੀਂਦੀਆਂ ਸ਼ਰਤਾਂ 'ਤੇ ਖਰਾ ਨਹੀਂ ਉਤਰਦਾ। ਵਾਤਾਵਰਣ ਵਿਭਾਗ ਦੇ ਤਰਜਮਾਨ ਨੇ ਕਿਹਾ ਕਿ ਜਿਸ ਥਾਂ/ਸਾਈਟ 'ਤੇ ਕੋਲਾ ਖਣਨ ਦੀ ਇਜਾਜ਼ਤ ਮੰਗੀ ਜਾ ਰਹੀ ਹੈ, ਉਸ ਥਾਂ 'ਤੇ ਕਾਲੀ ਗਰਦਨ ਵਾਲੇ ਫਿੰਚ ਪੰਛੀਆਂ ਦੀ ਵੱਡੀ ਆਬਾਦੀ ਹੈ, ਜਿਨ੍ਹਾਂ ਦੀ ਪ੍ਰਜਾਤੀ ਖਤਰੇ ਵਿਚ ਹੈ।


Sky Films | DJ VIC MUSIC FOR ALL

DJ, Video, Photo, Lighting, Live Video
LED Floor, Cloud effect, Fireworks and More

A Award Winning Team
ਅਵਾਰਡ ਜੇਤੂ ਟੀਮ

WEDDINGWIRE
2019 COUPLES' CHOICE
AWARDS®
★★★★★
Sky Films and DJ VIC
IS IN THE TOP FIVE PERCENT OF WEDDING PROFESSIONALS ON WEDDINGWIRE FOR DEMONSTRATING EXCELLENCE IN QUALITY, SERVICE, AND PROFESSIONALISM WITHIN THE WEDDING INDUSTRY.
TIMOTHY CHI, CEO OF WEDDINGWIRE, INC.



CONTACT US FOR MORE DETAILS
Team Sky Films & Production
Contact - Gagan 734 674 1854, www.skymademymemories.com




# 2019 ਸ਼ਿਕਾਗੋ ਸਾਲਾਨਾ ਅਖੰਡ ਕੀਰਤਨ ਸਮਾਗਮ




21 ਮਈ 2019 (ਮੰਗਲਵਾਰ) ਅਰੰਭ ਸ੍ਰੀ ਅਖੰਡ ਪਾਠ
23 ਮਈ 2019 (ਵੀਰਵਾਰ)
ਸਵੇਰੇ ਭੋਗ ਸ੍ਰੀ ਅਖੰਡ ਪਾਠ
ਆਸਾ ਦੀ ਵਾਰ ਸਵੇਰੇ 6 ਤੋਂ 9 ਵਜੇ ਤੱਕ
ਭਾਈ ਹਰਿੰਦਰਪਾਲ ਸਿੰਘ ਦੇ ਗ੍ਰਹਿ ਵਿਖੇ
1299 Thorndale Lane, Lake Zurich, IL 60047

ਗੁਰਦੁਆਰਾ ਵ੍ਹੀਟਨ
2131 Creekside Dr, Wheaton, IL 60189
24 ਮਈ 2019 (ਸ਼ੁੱਕਰਵਾਰ)
ਸ਼ਾਮ 6:30 ਤੋਂ 9 ਵਜੇ ਤੱਕ

ਗੁਰਦੁਆਰਾ ਪੈਲਾਟਾਈਨ
1280 Winnetka St, Palatine, IL 60067



23 ਮਈ 2019 (ਵੀਰਵਾਰ)
ਸ਼ਾਮ 6:30 ਤੋਂ 9 ਵਜੇ ਤੱਕ
25 ਮਈ 2019 (ਸਨਿਚਰਵਾਰ)
ਆਸਾ ਦੀ ਵਾਰ ਸਵੇਰੇ 6 ਵਜੇ ਤੋਂ 11 ਵਜੇ ਤੱਕ
ਰੈਣਸਬਾਈ ਕੀਰਤਨ
ਸ਼ਾਮ 6:30 ਤੋਂ ਤੜਕੇ 5 ਵਜੇ ਤੱਕ

24 ਮਈ 2019 (ਸ਼ੁੱਕਰਵਾਰ)
ਆਸਾ ਦੀ ਵਾਰ ਸਵੇਰੇ 6 ਤੋਂ 10 ਵਜੇ ਤੱਕ
ਭਾਈ ਗੁਰਪ੍ਰੀਤ ਸਿੰਘ ਦੇ ਗ੍ਰਹਿ ਵਿਖੇ
235 Springside Dr, Round Lake Beach, IL 60073

550 YEARS
OF GURU NANAK DEV JI
ਕਿਰਤ ਕਰੋ
Kirat Karo
Earn an honest living
ਨਾਮ ਜਪੋ
Naam Japo
Meditate on the Lords name
ਵੰਡ ਛਕੋ
Vand Chhako
Share with others

ਸਮਾਗਮਾਂ 'ਚ ਪਹੁੰਚ ਕੇ ਗੁਰੂ ਕੀਆਂ ਖੁਸ਼ੀਆਂ ਪ੍ਰਾਪਤ ਕਰੋ ਜੀ

# ਆਇਰਲੈਂਡ ਦੀ ਪੰਜਾਬਣ

ਕਲਾ ਪਰਿਕਰਮਾ

ਨੋਰਾ ਰਿਚਰਡਸ ਬਾਰੇ ਨਵਨਿੰਦਰਾ ਬਹਿਲ ਦੀ ਲਿਖੀ ਕਿਤਾਬ 'ਨੋਰਾ' ਸਾਧਾਰਨ ਕਿਤਾਬ ਨਹੀਂ, ਅਹਿਮ ਦਸਤਾਵੇਜ਼ ਹੈ, ਕਿਉਂਕਿ ਨੋਰਾ ਸਾਧਾਰਨ ਨਹੀਂ ਸੀ, ਉਸ ਦੇ ਕੰਮ ਸਾਧਾਰਨ ਨਹੀਂ ਸਨ, ਉਸ ਦੀ ਸ਼ਖਸੀਅਤ ਸਾਧਾਰਨ ਨਹੀਂ ਸੀ। ਆਇਰਲੈਂਡ ਵਿਚ ਜੰਮੀ-ਪਲੀ ਨੋਰਾ ਦਸ ਸਾਲ ਆਪਣੇ ਪਤੀ ਫਿਲਿਪ ਅਰਨੈਸਟ ਰਿਚਰਡਸ ਨਾਲ ਤੇ ਫਿਰ ਪੰਜਾਹ ਸਾਲ ਇਕੱਲੀ ਬੇਗ਼ਾਨੀ ਧਰਤੀ 'ਤੇ ਕੀ ਕਰਦੀ ਰਹੀ?

ਇਕ ਬੇਗਾਨੀ ਔਰਤ ਪੰਜਾਬੀਆਂ ਲਈ ਆਪਣੀ ਦਾਦੀ-ਨਾਨੀ, ਨਕੜਦਾਦੀ ਕਿਵੇਂ ਬਣ ਗਈ? 'ਬੇਗਾਨੀ ਔਰਤ' 'ਬੇਗਾਨੀ ਧਰਤੀ' ਦੇ ਲੋਕਾਂ ਨੂੰ ਆਪਣੀ ਭਾਸ਼ਾ ਵਿਚ 'ਆਪਣਾ ਨਾਟਕ' ਲਿਖਣਾ ਕਿਵੇਂ ਸਿਖਾ ਗਈ? ਇਹ ਕਿਤਾਬ ਇਸ ਤਰ੍ਹਾਂ ਦੇ ਅਨੇਕਾਂ ਸਵਾਲਾਂ ਦੇ ਜਵਾਬ ਦਿੰਦੀ ਹੈ। ਇਕ ਆਇਰਿਸ਼ ਔਰਤ ਸਾਡੇ ਲਈ ਪੂਰੀ ਜ਼ਿੰਦਗੀ ਲਾ ਗਈ, ਸਾਨੂੰ ਜਿਊਣਾ ਸਿਖਾ ਗਈ ਤੇ ਆਪਣੇ ਮਕਸਦ ਦੀ ਪੂਰਤੀ ਲਈ ਜੋ

**ਡਾ. ਸਾਹਿਬ ਸਿੰਘ**
ਫੋਨ: +91-98880-11096


ਪਾਗਲਪਣ ਦੀ ਹੱਦ ਤਕ ਪ੍ਰਤੀਬੱਧ ਰਹੀ, ਸਾਡੇ ਲੇਖਕਾਂ-ਕਲਾਕਾਰਾਂ ਲਈ ਪ੍ਰੇਰਨਾ ਸਰੋਤ ਬਣੀ, ਉਸ ਨੂੰ ਇਹ ਕਿਤਾਬ ਸਿਜਦਾ ਵੀ ਕਰਦੀ ਹੈ। ਇਹ ਕਿਤਾਬ ਉਸ ਨੂੰ ਸਮਝਣ ਦਾ ਕਾਰਜ ਵੀ ਕਰਦੀ ਹੈ।

ਇਸ ਕਿਤਾਬ ਵਿਚਲਾ ਨਾਟਕ ਨਿਰੋਲ ਸ਼ਰਧਾਮੂਲਕ ਕਿਰਤ ਨਹੀਂ, ਬਲਕਿ ਡੂੰਘਾਈ ਵਿਚ ਉਤਰ ਕੇ ਨੋਰਾ ਵਲੋਂ ਰੰਗਮੰਚ ਰਾਹੀਂ ਬਸਤੀਵਾਦੀ ਪ੍ਰਬੰਧ ਖ਼ਿਲਾਫ਼ ਆਪਣੇ ਢੰਗ ਨਾਲ ਲੜੀ ਆਜ਼ਾਦੀ ਦੀਆਂ ਲੜਾਈਆਂ ਦੀਆਂ ਤਹਿਆਂ ਫਰੋਲਦੀ ਹੈ। ਨਵਨਿੰਦਰਾ ਵਾਸਤੇ ਨੋਰਾ ਦਾ ਕਲਾਤਮਿਕ ਸਫ਼ਰ ਇਕ ਕਲਾਕਾਰ ਦੀ ਕਲਾ ਸਾਧਨਾ ਹੁੰਦੇ ਹੋਏ ਵੀ ਸਮੇਂ ਦੀਆਂ ਕਦਰਾਂ-ਕੀਮਤਾਂ ਦੇ ਖ਼ਿਲਾਫ ਤੇ ਸੱਤਾ ਖ਼ਿਲਾਫ਼ ਮਨੁੱਖ ਦੀ ਪਛਾਣ ਭਾਲਣ ਦੀ ਲੜਾਈ ਹੈ। ਨੋਰਾ ਦਾ ਇਹ ਵਿਸ਼ਵਾਸ ਸੀ ਕਿ ਇਸ ਮੁਲਕ ਦੇ ਹਰ ਬਾਸ਼ਿੰਦੇ ਦੀ ਸਮਝ ਉਸ ਦੇ ਆਪਣੇ ਇਤਿਹਾਸਕ ਤੇ ਸਮਾਜਿਕ ਪ੍ਰਸੰਗਾਂ ਦੀਆਂ ਜੜ੍ਹਾਂ 'ਚੋਂ ਉਸ ਦੇ ਆਪਣੇ ਸਭਿਆਚਾਰ ਵਿਚੋਂ ਪ੍ਰਫੁਲਤ ਹੋਣੀ ਚਾਹੀਦੀ ਹੈ।


ਨਵਨਿੰਦਰਾ ਲਈ ਨੋਰਾ ਦੀ ਯਾਤਰਾ ਸਿਰਫ਼ ਪੰਜਾਬੀ ਰੰਗ-ਮੰਚ ਦੇ ਪਸਾਰ ਦੀ ਯਾਤਰਾ ਨਹੀਂ, ਬਲਕਿ ਮਨੁੱਖ ਦੀਆਂ ਜੜ੍ਹਾਂ ਦੀ ਪਛਾਣ ਦੀ ਯਾਤਰਾ ਹੈ। ਇਹ ਕਿਤਾਬ ਲਿਖਣ ਲਈ ਸਮਝ, ਗਹਿਰਾਈ, ਜਾਣਕਾਰੀ ਅਤੇ ਜਨੂੰਨ ਦੀ ਲੋੜ ਸੀ। ਨੋਰਾ ਜਨੂੰਨੀ ਸੀ। ਨਵਨਿੰਦਰਾ ਨੇ ਆਪਣੀ ਸਮਝ ਤੇ ਗਹਿਰਾਈ ਉਸ ਜਨੂੰਨ ਨਾਲ ਗੁੰਨ੍ਹ ਕੇ ਆਪਣੇ ਅੰਦਰ ਉਸੇ ਸ਼ਿੱਦਤ ਵਾਲਾ ਜਨੂੰਨ ਪੈਦਾ ਕਰ ਲਿਆ ਤੇ ਇਸ ਕਾਰਜ ਦੇ ਕੇਂਦਰ ਬਿੰਦੂ ਵਿਚ ਖੜ੍ਹੋਤਾ ਸੀ ਨਾਟਕ ਨਾਲ ਸਬੰਧਤ ਦਸਤਾਵੇਜ਼ ਸੰਭਾਲਣ ਦੀ ਖ਼ਬਤ ਪਾਲਣ ਵਾਲਾ ਕੇਵਲ ਧਾਲੀਵਾਲ।

29 ਅਕਤੂਬਰ, 1876 ਨੂੰ ਆਇਰਲੈਂਡ ਵਿਚ ਨੋਰਾ ਦਾ ਜਨਮ ਹੁੰਦਾ ਹੈ। ਸਕੂਲ ਵਿਚ ਨਾਟਕ ਖੇਡਣ ਲੱਗ ਪੈਂਦੀ ਹੈ। ਹੌਲੀ-ਹੌਲੀ ਲੇਡੀ ਗਰੈਗਰੀ ਦੇ ਨਾਟਕਾਂ ਵਿਚ ਹਿੱਸਾ ਲੈਣ ਲੱਗਦੀ ਹੈ। ਫਿਰ 1906 'ਚ ਫਿਲਿਪ ਰਿਚਰਡਸ ਨਾਲ ਮੁਲਾਕਾਤ ਅਤੇ 1908 'ਚ ਸ਼ਾਦੀ। ਉਸ ਦੇ ਪਤੀ ਫਿਲਿਪ ਨੂੰ 1911 ਵਿਚ ਦਿਆਲ ਸਿੰਘ ਕਾਲਜ, ਲਾਹੌਰ ਤੋਂ ਅਧਿਆਪਨ ਦਾ ਸੱਦਾ ਆਇਆ। ਇਸੇ ਸਾਲ ਦੋਵਾਂ ਦੀ ਪੰਜਾਬ ਆਮਦ ਹੋਈ। ਫਿਰ ਫਿਲਿਪ ਵਲੋਂ ਵਿਦਿਆਰਥੀਆਂ ਨੂੰ ਨਾਟਕ ਖੇਡਣ ਲਈ ਪ੍ਰੇਰਿਤ ਕਰਨਾ ਤੇ ਇਸ ਸਮਝ 'ਤੇ ਪਹੁੰਚਣਾ ਕਿ ਬੇਗਾਨੇ ਸਭਿਆਚਾਰ ਦੀ ਭਾਸ਼ਾ ਵਾਲੇ ਨਾਟਕ ਇਨ੍ਹਾਂ ਵਿਦਿਆਰਥੀਆਂ ਦੇ ਹਾਣ ਦੇ ਨਹੀਂ ਹੋ ਸਕਦੇ। ਨਾਟਕ ਵਿਚ ਇਹ ਸੀਨ ਬੜਾ ਪ੍ਰਭਾਵਸ਼ਾਲੀ ਹੈ, ਜਦੋਂ ਨੋਰਾ ਆਈ.ਸੀ. ਨੰਦਾ ਨੂੰ ਆਪਣੀਆਂ ਸਮੱਸਿਆਵਾਂ ਪੇਸ਼ ਕਰਦਾ ਨਾਟਕ 'ਦੁਲਹਨ' ਲਿਖਣ ਲਈ ਉਕਸਾਉਂਦੀ ਹੈ। ਇਥੋਂ ਪੰਜਾਬੀ ਦੇ ਮੋਢੀ ਨਾਟਕਕਾਰ ਨੰਦਾ ਦਾ ਆਰੰਭ ਹੁੰਦਾ ਹੈ।

ਫਿਰ 1920 ਵਿਚ ਨੋਰਾ ਦੇ ਪਤੀ ਦੀ ਮੌਤ ਹੁੰਦੀ ਹੈ, ਇਹ ਮੌਤ ਸਾਧਾਰਨ ਨਹੀਂ। 1919 ਵਿਚ ਰੌਲਟ ਐਕਟ ਜਲ੍ਹਿਆਂਵਾਲਾ ਬਾਗ ਦਾ ਸਾਕਾ ਆਦਿ ਘਟਨਾਵਾਂ ਨੇ ਮਾਹੌਲ ਵਿਚ ਤਲਖੀ ਪੈਦਾ ਕਰ ਦਿੱਤੀ ਸੀ। ਇਸੇ ਤਲਖ਼ੀ ਦਾ ਸ਼ਿਕਾਰ ਹੋਇਆ ਫਿਲਿਪ ਦਾ ਸੰਵੇਦਨਸ਼ੀਲ ਕੋਮਲ ਮਨ ਇਹ ਭਾਰ ਸਹਿ ਨਾ ਕਰ ਸਕਿਆ ਤੇ ਚੱਲ ਵਸਿਆ। ਨੋਰਾ ਵਾਪਸ ਆਪਣੇ ਮੁਲਕ ਜਾਂਦੀ ਹੈ। ਇੰਗਲੈਂਡ ਵਿਚ ਕੁਝ ਸਮਾਂ ਗੁਜ਼ਾਰਦੀ ਹੈ ਪਰ ਹਿੰਦੁਸਤਾਨ ਖਿਲਾਫ ਹੋ ਰਹੇ ਕੂੜ ਪ੍ਰਚਾਰ ਤੋਂ ਦੁਖੀ ਹੋ ਕੇ ਵਾਪਸ ਲਾਹੌਰ ਆ ਜਾਂਦੀ ਹੈ। ਇਥੇ



*ਨਵਨਿੰਦਰਾ ਬਹਿਲ।*




*ਕਿਤਾਬ 'ਨੋਰਾ' ਦਾ ਮੁਖੜਾ।*

ਅੰਗਰੇਜ਼ਾਂ ਦੇ ਜ਼ੁਲਮਾਂ ਦੀਆਂ ਸ਼ਿਕਾਰ ਦੋ ਬਸਤੀਆਂ- ਆਇਰਲੈਂਡ ਤੇ ਭਾਰਤ, ਇਕ-ਮਿਕ ਹੋਈਆਂ ਮਹਿਸੂਸ ਹੁੰਦੀਆਂ ਹਨ। ਨਵਨਿੰਦਰਾ ਇਸ ਗੱਲ ਨੂੰ ਖ਼ੂਬਸੂਰਤੀ ਨਾਲ ਉਭਾਰਦੀ ਹੈ।

ਉਹ ਵਾਪਸ ਆ ਕੇ ਲਾਹੌਰ ਤੋਂ ਧਰਮਸ਼ਾਲਾ ਤੇ ਫਿਰ ਅੰਧਰੇਟਾ ਤਕ ਦਾ ਸਫ਼ਰ ਅਨੇਕਾਂ ਕਲਾਕਾਰਾਂ, ਲੇਖਕਾਂ ਅਤੇ ਅਧਿਆਪਕਾਂ ਨਾਲ ਕਰਦੀ ਹੈ। ਆਖਰੀ ਸਾਹ ਤਕ ਰੰਗਮੰਚ ਦੇ ਸਾਹੀਂ ਜਿਊਂਦੀ ਨੋਰਾ 'ਤੇ ਪੂਰੇ ਦੋ ਘੰਟੇ ਦੇ ਨਾਟਕ ਵਿਚ ਨੋਰਾ ਦੇ ਕਿਰਦਾਰ ਦੇ ਸਾਹੀਂ ਜਿਉਣ ਵਾਲੀ ਨਵਨਿੰਦਰਾ ਅਦਾਕਾਰਾ ਵਲੋਂ ਲਿਖਿਆ ਇਹ ਨਾਟਕ ਤੇ ਪੂਰੀ ਪੇਸ਼ਕਾਰੀ ਨੂੰ ਵਿਉਂਤਣ ਤੇ ਕਿਤਾਬੀ ਸ਼ਕਲ ਦੇਣ ਤਕ ਕੇਵਲ ਧਾਲੀਵਾਲ ਵਲੋਂ ਨਿਭਾਏ ਰੋਲ ਲਈ ਸਮੁੱਚਾ ਪੰਜਾਬੀ ਰੰਗਮੰਚ ਤੇ ਪੰਜਾਬੀ ਭਾਈਚਾਰਾ ਉਨ੍ਹਾਂ ਦਾ ਧੰਨਵਾਦ ਕਰਦਾ ਰਹੇਗਾ। ਬਲਵੰਤ ਗਾਰਗੀ, ਫਿਲਿਪ ਰਿਚਰਡਸ, ਨੰਦਾ, ਮਿਸਿਜ਼ ਤਾਰਪਲੇ, ਲਾਰਡ ਰੀਡਿੰਗ, ਨੋਰਾ ਦਾ ਇਕ ਦੋਸਤ, ਜੈ ਦਿਆਲ, ਹਬੀਬ ਤਨਵੀਰ, ਸੋਭਾ ਸਿੰਘ, ਬੀ.ਸੀ. ਸਾਨਿਆਲ ਅਤੇ ਐਮ.ਐਸ. ਰੰਧਾਵਾ ਜਿਹੀਆਂ ਵੱਡੀਆਂ ਸ਼ਖਸੀਅਤਾਂ ਦੇ ਕਿਰਦਾਰ ਇਸ ਨਾਟਕ ਵਿਚ ਮੰਚ 'ਤੇ ਆ ਕੇ ਨੋਰਾ ਦੀ ਸ਼ਖਸੀਅਤ ਦੇ ਵਿਭਿੰਨ ਪਾਸਾਰ ਤਲਾਸ਼ਣ ਤੇ ਉਭਾਰਨ ਵਿਚ ਆਪਣੀ ਭੂਮਿਕਾ ਨਿਭਾਉਂਦੇ ਹਨ।

ਪਾਠਕ ਇਸ ਨਾਟਕ ਦੀ ਸਿਰਜਣ ਪ੍ਰਕ੍ਰਿਆ ਬਾਰੇ ਜਾਣਨਗੇ ਤਾਂ ਹਰ ਪੰਜਾਬੀ ਦਾ ਜੀਅ ਕਰੇਗਾ ਕਿ ਨਾਟਕ ਨੂੰ ਪੜ੍ਹਿਆ/ਦੇਖਿਆ ਜਾਵੇ। ਕੇਵਲ ਧਾਲੀਵਾਲ ਨੋਰਾ ਦਾ ਪੰਜਾਬੀਆਂ 'ਤੇ ਕਰਜ਼ ਉਤਾਰਨ ਦਾ ਸੁਪਨਾ ਪਾਲਦਾ ਹੈ, ਥਾਂ ਥਾਂ ਤੋਂ ਜਾਣਕਾਰੀ ਇਕੱਠੀ ਕਰਦਾ ਹੈ। ਨਵਨਿੰਦਰਾ ਨੂੰ ਨਾਟਕ ਲਿਖਣ ਲਈ ਤੇ ਨੋਰਾ ਦਾ ਕਿਰਦਾਰ ਨਿਭਾਉਣ ਲਈ ਬੇਨਤੀ ਕਰਦਾ ਹੈ। ਕੇਵਲ ਅੰਮ੍ਰਿਤਸਰ ਬੈਠਾ, ਨਵਨਿੰਦਰਾ ਮੁੰਬਈ, ਸਿਲਸਿਲਾ ਅਰੰਭ ਹੁੰਦਾ ਹੈ, ਨਵਨਿੰਦਰਾ ਹੋਰ ਜਾਣਕਾਰੀ ਚਾਹੁੰਦੀ ਹੈ। ਪੰਜਾਬੀ ਯੂਨੀਵਰਸਿਟੀ ਦੀ ਲਾਇਬਰੇਰੀ ਫਰੋਲੀ ਜਾਂਦੀ ਹੈ। ਫਿਰ ਮੁੰਬਈ ਤੋਂ ਹਰ ਦਸਾਂ-ਪੰਦਰਾਂ ਦਿਨਾਂ ਬਾਅਦ ਇਕ ਜਹਾਜ਼ ਪੰਜਾਬ ਪਹੁੰਚਦਾ ਹੈ। ਵਿਚਾਰਾਂ ਦੀ ਧੂਣੀ ਮਘਣ ਲੱਗਦੀ ਹੈ। 2016 ਦੀ ਠੰਢ ਅੰਦਰ ਨੋਰਾ ਦੇ ਗਲ 'ਚ ਲਟਕਦੀ ਸੀਟੀ ਦੀ ਆਵਾਜ਼ ਗੂੰਜਣ ਲੱਗਦੀ ਹੈ, ਵਿਚਾਰਾਂ ਦੀ ਪੰਡ ਭਾਰੀ ਹੋ ਗਈ ਤਾਂ ਇਸ ਨੂੰ ਨਾਟਕ ਬਣਾਉਣ ਦਾ ਫਿਕਰ ਸਾਹਮਣੇ ਆ ਗਿਆ। ਫਿਰ ਸਾਰੀ ਟੀਮ ਸੰਪਾਦਕ ਬਣ ਗਈ, ਨਾਟਕੀਅਤਾ ਉਭਰਨ ਲੱਗੀ, ਦ੍ਰਿਸ਼ ਆਕਾਰ ਲੈਣ ਲੱਗ ਪਏ, ਹੱਸਦੇ-ਖੇਡਦੇ, ਰੁੱਸਦੇ, ਝਿਜਕਦੇ, ਰੋਂਦੇ, ਵਾਘੀਆਂ ਪਾਉਂਦੇ ਕਲਾਕਾਰ ਨੋਰਾ ਨਾਲ ਨਿੱਤ ਸੰਵਾਦ ਰਚਾਉਂਦੇ। ਮੁੰਬਈ, ਚੰਡੀਗੜ੍ਹ, ਅੰਮ੍ਰਿਤਸਰ ਜਿਵੇਂ ਮੋਰਚੇ 'ਤੇ ਬੈਠੇ ਹੋਣ।

ਫਿਰ ਮਾਰਚ 2017 ਦੀ ਇਕ ਸ਼ਾਮ ਇਹ ਨਾਟਕ ਦਰਸ਼ਕਾਂ ਦੇ ਹਵਾਲੇ ਕਰ ਦਿੱਤਾ ਗਿਆ, ਉਨ੍ਹਾਂ ਪਿਆਰ ਤੇ ਉਮਾਹ ਨਾਲ ਇਸ ਨੂੰ ਗਲੇ ਲਾ ਲਿਆ। ਹੁਣ 2019 'ਚ ਇਹ ਕਿਤਾਬ ਪੰਜਾਬੀਆਂ ਦੇ ਵਿਹੜੇ ਦਸਤਕ ਦੇ ਰਹੀ ਹੈ, ਉਮੀਦ ਹੈ ਪੰਜਾਬੀ ਸ਼ਗਨ ਕਰਨਗੇ ਤੇ ਆਇਰਲੈਂਡ ਦੀ ਪੰਜਾਬਣ ਬਾਰੇ ਛਪੀ ਇਸ ਕਿਤਾਬ ਨੂੰ ਆਪਣੇ ਘਰਾਂ ਅੰਦਰ ਸਤਿਕਾਰ ਵਾਲੀ ਥਾਂ ਦੇਣਗੇ। ਇਹ ਕਿਤਾਬ ਹਰ ਘਰ ਦਾ ਹਿੱਸਾ ਬਣ ਜਾਏ ਤਾਂ ਉਸ ਅਜ਼ੀਮ ਔਰਤ ਦੇ ਚਿਹਰੇ 'ਤੇ ਮੁਸਕਰਾਹਟ ਫੈਲ ਜਾਏਗੀ। ਵਿਸ਼ਵਾਸ ਹੈ, ਪੰਜਾਬੀ ਇਵੇਂ ਹੀ ਕਰਨਗੇ।



*ਕੇਵਲ ਧਾਲੀਵਾਲ (ਖੱਬੇ) ਅਤੇ ਸਾਹਿਬ ਸਿੰਘ ਨਾਲ ਨਵਨਿੰਦਰਾ ਬਹਿਲ।*

# ਆਖ ਤਸਵੀਰਾਂ ਬੋਲਦੀਆਂ

*ਕਾਲਮ 'ਆਖ ਤਸਵੀਰਾਂ ਬੋਲਦੀਆਂ' ਨੇ ਪਾਠਕਾਂ ਦੇ ਦਿਲਾਂ ਅੰਦਰ ਬੈਠੇ ਸ਼ਾਇਰ ਨੂੰ ਖ਼ੂਬ ਹਲੂਣਿਆ ਹੈ। ਤਸਵੀਰ ਦੇਖ ਕੇ ਤੁਹਾਡੇ ਮਨ ਵਿਚ ਜੋ ਵਲਵਲੇ ਉਠਦੇ ਹਨ, ਉਹ ਕਵਿਤਾ ਦੀਆਂ ਦੋ ਤੋਂ ਚਾਰ ਸਤਰਾਂ 'ਚ ਸਾਨੂੰ ਤਸਵੀਰ ਦੇ ਸਿਰਲੇਖ ਦੇ ਤੌਰ 'ਤੇ ਭੇਜੋ। ਪਾਠਕਾਂ ਦੀ ਸਹੂਲਤ ਲਈ, ਮਿਸਾਲ ਵਜੋਂ ਫੋਟੋ ਨਾਲ ਕਾਵਿ ਟੋਟਾ ਵੀ ਦਿੱਤਾ ਗਿਆ ਹੈ। ਇਸ ਵਾਰ ਕੈਪਸ਼ਨ ਭੇਜਣ ਲਈ ਆਖਰੀ ਤਾਰੀਖ 18 ਮਈ 2019 ਹੈ। -ਸੰਪਾਦਕ*

## ਕੈਪਸ਼ਨ ਮੁਕਾਬਲਾ-377



**ਰੱਜ ਕੇ ਕਰੋ ਸ਼ਲਾਘਾ ਯਾਰੋ, ਬੱਚੇ ਦੇ ਅੰਦਾਜ਼ ਨੂੰ।**
**ਨਿੱਕੀ ਉਮਰੇ ਬੜਾ ਹੌਸਲਾ, ਪਾ ਲਿਆ ਹੱਥ ਜਹਾਜ ਨੂੰ।**

## ਕੈਪਸ਼ਨ ਮੁਕਾਬਲਾ-375



ਕੋਈ ਤਾਂ ਮੰਗਦਾ ਜਹਾਜ ਹਵਾਈ
ਕੋਈ ਮੰਗੇ ਕਾਰ।
ਸਾਡੀ ਤਾਂ ਘਰੇ ਸਵਾਰੀ ਆਪਣੀ
ਲੱਜ਼ਤ ਲੈਂਦੇ ਯਾਰ।

*-ਜਗਮੀਤ ਸਿੰਘ ਪੰਧੇਰ, ਕੈਨੇਡਾ*

---

ਇੱਕੋ ਮਾਂ ਦਾ ਦੁੱਧ ਅਸਾਂ ਪੀਤਾ
ਮੈਨੂੰ ਤਾਂ ਲੱਗਦੀ ਅੰਮਾ ਜਾਈ।
ਬੇਬੇ ਬਾਪੂ ਜਦ ਕੰਮ 'ਤੇ ਹੁੰਦੇ
ਮੋਢੇ ਬਿਠਾ ਕੇ ਜਾਵੇ ਖਿਡਾਈ।

*-ਗੁਰਦੇਵ ਸਿੰਘ ਢਪਾਲੀ, ਬਠਿੰਡਾ*

---

ਲੌਢੇ ਵੇਲੇ ਵਕਤ ਧਾਰਾਂ ਦਾ
ਕਾਕਾ ਵੀ ਕਹੇ ਚੱਲਣਾ ਨਾਲ।
ਵਾੜੇ ਆ ਕੇ ਕਰੇ ਸ਼ਰਾਰਤਾਂ
ਚੁੱਕ ਕੇ ਕੱਟੀ ਦਿੱਤਾ ਬਿਠਾਲ।
ਮਾਂ ਪਸੂਆਂ ਨੂੰ ਪਾਣੀ ਡਾਹੇ
ਕਰੇ ਕੁਤਾਵਾ ਪਾ ਵੜੇਵੇਂ ਦਾਣਾ।
ਕਾਕਾ ਕਹੇ ਹਾਏ ਮੈਨੂੰ ਲਾਹੋ
ਅੱਗੇ ਤੋਂ ਮੈਂ ਬਣਾਂ ਸਿਆਣਾ।

*-ਸੇਵਾ ਸਿੰਘ ਨੂਰਪੁਰੀ*

---

ਕੰਮੀਂ ਸਭ ਨੂੰ ਰੁੱਝਿਆ ਦੇਖ ਕੇ
ਮੁੰਡੇ ਨੇ ਕੱਟੀ ਨਾਲ ਹੈ ਆੜੀ ਪਾਈ।
ਮਾਰ ਪਲਾਕੀ ਬਹਿ ਗਿਆ ਉਤੇ
ਕਰਕੇ ਜੇਰਾ ਆਪਣੀ ਰੀਝ ਪੁਗਾਈ।
ਮਨੁੱਖ, ਪਸੂ ਦੀ ਸਾਂਝ ਵਡੇਰੀ
ਘਰ ਦਾ ਜੀਅ ਹੈ, ਨਹੀਂ ਪਰਾਈ।

*-ਦਵਿੰਦਰ ਕੌਰ*

---

ਪਾਰਕ ਦੇ ਵਿਚ ਲੱਗੇ ਝੂਲੇ
ਖਿੱਚ ਬੱਚਿਆਂ ਨੂੰ ਪਾਉਂਦੇ।
ਵੇਖੋ ਇੱਕ ਉਡਾਰੀ ਲਾ ਕੇ
ਕਿਵੇਂ ਨਜ਼ਾਰੇ ਆਉਂਦੇ।
ਪੇਂਡੂ ਬੱਚੇ ਮਨ ਦੇ ਸੱਚੇ
ਆਪਣਾ ਢੰਗ ਅਪਨਾਇਆ,
ਕੱਟੀ ਦੇ ਨਾਲ ਕਰੀ ਦੋਸਤੀ
ਉਸ ਨਾਲ ਪਿਆਰ ਵਧਾਇਆ।
ਥਾਪੀ ਮਾਰ ਕੱਟੀ 'ਤੇ ਬਹਿ ਗਿਆ
ਉਸ ਦਾ ਦੋਸਤ ਸੱਚਾ,
ਕੱਟੀ ਵੀ ਕੋਈ ਸਾਥੀ ਲੱਭਦੀ
ਆਪਣੇ ਵਰਗਾ ਬੱਚਾ।
ਪੂਛ ਦੇ ਨਾਲ ਇਸ਼ਰੇ ਕਰਕੇ
ਅਵਾਜ਼ ਅੜਿੰਗ ਕੇ ਮਾਰੀ,
ਆ ਜਾ ਮੇਰੇ ਸੱਚੇ ਦੋਸਤ
ਪਿੱਠ ਕਰ ਅਸਵਾਰੀ।

*-ਮਾਸਟਰ ਪ੍ਰੀਤਮ ਸਿੰਘ ਲੰਮੇ*

---

ਆਪਾਂ ਦੋਵੇਂ ਆੜੀ ਆੜੀ
ਕਰੀਏ ਨਿੱਤ ਕਲੋਲਾਂ,
ਬੇਬੇ ਬਾਪੂ ਦਿਵਾਉਣ ਝਾਟੀ
ਜਦੋਂ ਹੀ ਮੈਂ ਬੋਲਾਂ।
ਇੱਕ ਗੱਲ ਸਮਝ ਨਾ ਆਵੇ
ਮੰਮੀ-ਪਾਪਾ ਕਿਉਂ ਕਰਨ ਗੁੱਸਾ
ਜਦੋਂ ਮੈਂ ਤੇਰੇ ਨਾਲ ਖੇਲਾਂ।
ਪਰ ਤੇਰੀ ਮੇਰੀ ਆੜੀ ਪੱਕੀ
ਇਹ ਗੱਲ ਜਾਣਨ ਸਾਰੇ
ਬਾਕੀ ਸਭ ਰੋਲ ਘਚੋਲਾ।

*-ਸੁਕੰਨਿਆ ਭਾਰਦਵਾਜ*

---

ਪਾੜੋ ਧਾੜ ਕਰਨ ਲਈ
ਪਾ ਦਿੱਤੀਆਂ ਵੰਡੀਆਂ।
ਸ਼ਹਿਰਾਂ 'ਚ ਦਸਤਕਾਰੀ
ਪਿੰਡਾਂ 'ਚ ਕਾਸ਼ਤਕਾਰੀ।
ਸ਼ਹਿਰਾਂ 'ਚ ਤਲੀ ਤੇ ਮਲੀ
ਕਾਰਾਂ, ਬੱਸਾਂ, ਸਕੂਟਰਾਂ ਦੀ ਭਰਮਾਰ
ਬੜੇ ਬੜੇ ਚੋਹਲ, ਸਰਕਸਾਂ, ਝੂਲੇ
ਪਿੰਡਾਂ 'ਚ ਸਾਦੀ ਖਾਲਸ ਜ਼ਿੰਦਗੀ
ਕੱਟੀ, ਕੱਟਾ, ਮੱਝ, ਝੋਟਿਆਂ ਦੀ ਤਾਦਾਦ
ਕਰੋ ਸਵਾਰੀ ਪਲੂਣ ਝੋਟੀ ਦੀ
ਜਾਂ ਤੋਕੜ ਮੱਝ ਦੀ।
ਜਾਂ ਪੰਜ ਕਲਿਆਣੀ ਮੱਥੇ ਫੁੱਲੀ
ਮਾਰੇ ਹਲਕੀ ਹਲਕੀ ਪਰੈਣ
ਟੱਪਦੀ ਖੁਸ਼ ਹੁੰਦੀ
ਝੂਟੇ ਦੇਊ ਜੁਆਕ ਨੂੰ
ਚਾਰੇ ਖੁਰ ਚੁੱਕ ਕੇ।
ਵੜ ਜਾਵੇ ਕਦੇ ਛੱਪੜ 'ਚ
ਜਾਂ ਭੈਅ ਸਾਗਰ ਪਾਰ ਕਰ ਜਾਵੇ।

*-ਦਰਸ਼ਨਪਾਲ ਦੋਸਾਂਝ*

ਭਖਦੇ ਮਸਲੇ

# ‘ਇੱਕ ਕੈਦਾ ਲੈ ਦੇ ਬੇਬੇ ਮੈਨੂੰ ਊੜੇ ਆੜੇ ਦਾ’

***ਆਪਣੇ ਇਸ ਲੇਖ ਵਿਚ ਪੰਜਾਬੀ ਯੂਨੀਵਰਸਿਟੀ, ਪਟਿਆਲਾ ਦੇ ਗੁਰੂ ਗ੍ਰੰਥ ਸਾਹਿਬ ਅਧਿਐਨ ਵਿਭਾਗ ਦੇ ਸਾਬਕਾ ਮੁਖੀ ਡਾ. ਗੁਰਨਾਮ ਕੌਰ ਨੇ ਹਾਲ ਹੀ ਵਿਚ ਆਈ ਪੰਜਾਬੀ ਫਿਲਮ ‘ਉ ਅ’ ਦੇ ਹਵਾਲੇ ਨਾਲ ਪੰਜਾਬ ਵਿਚਲੇ ਸਮੁੱਚੇ ਹਾਲਾਤ ਤੇ ਪੰਜਾਬੀ ਦੀ ਦੁਰਦਸ਼ਾ ਬਾਰੇ ਕੁਝ ਟਿੱਪਣੀਆਂ ਕੀਤੀਆਂ ਹਨ ਅਤੇ ਕਿਹਾ ਹੈ ਕਿ ਪੰਜਾਬੀ ਜ਼ੁਬਾਨ ਤੇ ਸਭਿਆਚਾਰ ਦੀ ਸੰਭਾਲ ਲਈ ਜਿੱਥੇ ਸਰਕਾਰ ਨੂੰ ਆਪਣਾ ਫਰਜ਼ ਨਿਭਾਉਣਾ ਚਾਹੀਦਾ ਹੈ, ਉਥੇ ਸਾਨੂੰ ਪੰਜਾਬੀਆਂ ਨੂੰ ਵੀ ਇਸ ਪ੍ਰਤੀ ਸੁਚੇਤ ਹੋਣਾ ਪਵੇਗਾ। -ਸੰਪਾਦਕ***

ਇਹ ਫਰਵਰੀ ਮਹੀਨੇ ਆਈ ਪੰਜਾਬੀ ਫਿਲਮ ‘ਉ ਅ’ ਦਾ ਗੀਤ ਹੈ, ਜੋ ਫਿਲਮ ’ਚ ਮੁੱਖ ਕਿਰਦਾਰ ਨਿਭਾ ਰਹੇ ਪੰਜਾਬੀ ਗੀਤਕਾਰ, ਸੰਗੀਤਕਾਰ ਅਤੇ ਗਾਇਕ ਤਰਸੇਮ ਸਿੰਘ ਜੱਸੜ ਨੇ ਗਾਇਆ ਹੈ। ਅੱਜ ਕੱਲ੍ਹ ਬੱਚੇ ਟੈਲੀਵਿਜ਼ਨ ਜਾਂ ਸਿਨੇਮੇ ਦਾ ਅਸਰ ਬਹੁਤ ਛੇਤੀ ਕਬੂਲ ਕਰਦੇ ਹਨ। ਇਸ ਲਈ ਜਦੋਂ ਕਦੀ ਪਤਾ ਲੱਗੇ ਕਿ ਪੰਜਾਬੀ ਦੀ ਕੋਈ ਸਾਫ ਸੁਥਰੀ, ਪਰਿਵਾਰ ਸਮੇਤ ਦੇਖਣ ਵਾਲੀ ਫਿਲਮ ਆਈ ਹੈ ਤਾਂ ਸਾਡੀ ਕੋਸ਼ਿਸ਼ ਹੁੰਦੀ ਹੈ ਕਿ ਅਸੀਂ ਮੇਰੇ ਪੋਤੇ ਅਜੇ ਸਿੰਘ ਨੂੰ ਫਿਲਮ ਜ਼ਰੂਰ ਦਿਖਾਈਏ। ਭਾਵੇਂ ਇਹ ਫਿਲਮ ਜਦੋਂ ਆਈ ਤਾਂ ਮੈਂ ਕੈਨੇਡਾ ਵਿਚ ਨਹੀਂ ਸਾਂ ਅਤੇ ਫਿਲਮ ਨਾ ਦੇਖ ਸਕੀ ਪਰ ਇਸ ਦੀ ਜਿੰਨੀ ਕੁ ਜਾਣਕਾਰੀ ਮਿਲੀ, ਉਸ ਤੋਂ ਸਪਸ਼ਟ ਹੈ ਕਿ ਪੰਜਾਬੀ ਵਿਚ ਚੰਗੇ ਸੁਨੇਹੇ ਦਿੰਦੀਆਂ ਸਾਫ-ਸੁਥਰੀਆਂ, ਪਰਿਵਾਰ ਸਮੇਤ ਦੇਖਣ ਯੋਗ ਫਿਲਮਾਂ ਬਣਨ ਲੱਗੀਆਂ ਹਨ। ਇਸ ਫਿਲਮ ਨੂੰ ਟਿਕਟ-ਖਿੜਕੀ



ਡਾ. ਗੁਰਨਾਮ ਕੌਰ, ਕੈਨੇਡਾ

’ਤੇ ਮਿਲੀ ਸਫਲਤਾ ਤੋਂ ਇਹ ਵੀ ਸਪੱਸ਼ਟ ਹੈ ਕਿ ਚੰਗੀਆਂ ਫਿਲਮਾਂ ਦੇ ਸਫਲ ਹੋਣ ਦੀ ਵੀ ਪੂਰੀ ਸੰਭਾਵਨਾ ਹੈ, ਕਿਉਂਕਿ ਪੰਜਾਬੀ ਵੀ ਸੂਝ ਅਤੇ ਚੇਤਨਾ ਬਾਕੀ ਲੋਕਾਂ ਵਾਂਗ ਹੀ ਰੱਖਦੇ ਹਨ।

ਆਧੁਨਿਕ ਸਿੱਖਿਆ ਦਾ ਜਿਸ ਕਿਸਮ ਦਾ ਅਭਿਆਨ ਅਤੇ ਰੁਝਾਨ ਚੱਲ ਰਿਹਾ ਹੈ, ਉਸ ਕਰਕੇ ਅਤੇ ਪਿੰਡਾਂ ਵਿਚੋਂ ਸ਼ਹਿਰਾਂ ਵਿਚ ਪਲਾਇਨ ਕਰਨ ਕਰਕੇ ਪੰਜਾਬੀ ਮਾਂ-ਬੋਲੀ ਦੀ ਕਾਫੀ ਸ਼ਬਦਾਵਲੀ ਸਾਡੇ ਕੋਲੋਂ ਗੁੰਮ ਹੋਈ ਜਾ ਰਹੀ ਹੈ। ਇਸੇ ਵੱਲ ਇਸ਼ਾਰਾ ਤਰਸੇਮ ਜੱਸੜ ਦੇ ਇਸ ਗੀਤ ਵਿਚ ਵੀ ਕੀਤਾ ਗਿਆ ਹੈ ਕਿ ‘ਕਿੱਕਰ, ਅੱਕਾਂ ਦੇ ਪੱਤੇ, ਮਿੱਸੀਆਂ ਰੋਟੀਆਂ ਨਾਲ ਗੰਢਾ, ਪੋਣੇ, ਭੱਤੇ’ ਇਹ ਸਭ ਕੀ ਚੀਜ਼ਾਂ ਹੁੰਦੀਆਂ ਹਨ? ਹੁਣ ਦੇ ਬੱਚਿਆਂ ਨੂੰ ਨਹੀਂ ਪਤਾ ਇਨ੍ਹਾਂ ਸ਼ਬਦਾਂ ਦੇ ਕੀ ਅਰਥ ਹੁੰਦੇ ਹਨ? ਪੀਚੋ ਪਾੜਾ ਵਰਗੀਆਂ ਖੇਡਾਂ, ਜੋ ਪੰਜਾਬੀ ਸਭਿਆਚਾਰ ਦਾ ਹਿੱਸਾ ਰਹੀਆਂ ਹਨ, ਬਾਰੇ ਹੁਣ ਦੇ ਬੱਚੇ ਕੁਝ ਨਹੀਂ ਜਾਣਦੇ ਅਤੇ ਇਸ ਸ਼ਬਦਾਵਲੀ ਨੂੰ ਸੰਭਾਲਣ ਦੇ ਕੋਈ ਪੁਖਤਾ ਉਪਰਾਲੇ ਵੀ ਨਹੀਂ ਹੋ ਰਹੇ। ਸਾਡੇ ਸਮਿਆਂ ਵਿਚ ਗਰਮੀ ਦੇ ਮੌਸਮ ਵਿਚ ਬੱਚੇ ਅਤੇ ਜੁਆਨ ਆਮ ਹੀ ਸੂਇਆਂ ਵਿਚ ਨਹਾਉਂਦੇ ਸਨ, ਹੁਣ ਤਾਂ ਸਰਕਾਰਾਂ ਦੀ ਮਿਹਰਬਾਨੀ ਨਾਲ ਪੰਜਾਬ ਦੇ ਸੂਇਆਂ ਵਿਚੋਂ ਪਾਣੀ ਹੀ ਸੁੱਕ ਗਿਆ ਹੈ।

ਪਿੰਡਾਂ ਵਿਚ ਬਹੁਤੇ ਜੀਆਂ ਵਾਲੇ ਧੜੱਲੇ ਨਾਲ ਕੰਮ ਕਰਨ ਵਾਲੇ ਪਰਿਵਾਰ ਨੂੰ ‘ਲਾਣਾ’ ਕਿਹਾ ਜਾਂਦਾ ਸੀ ਤੇ ਪਰਿਵਾਰ ਦੀ ਕਿਸੇ ਖਾਸ ਆਦਤ ਜਾਂ ਬਜ਼ੁਰਗ ਦੇ ਨਾਂ ’ਤੇ ਉਸ ਦਾ ਕੋਈ ਨਾਂ ਧਰ ਲਿਆ ਜਾਂਦਾ ਸੀ, ਜਿਸ ਨੂੰ ‘ਅੱਲ’ ਕਹਿੰਦੇ ਸਨ। ਅੱਜ ਵੀ ਪਿੰਡਾਂ ਦਾ ਇਹ ਸਭਿਆਚਾਰ ਕੁਝ ਹੱਦ ਤੱਕ ਕਾਇਮ ਹੈ, ਪਰ ਪਬਲਿਕ ਸਕੂਲਾਂ ਵਿਚ ਪੜ੍ਹਦੇ ਬੱਚਿਆਂ ਨੂੰ ਬਹੁਤੀਆਂ ਗੱਲਾਂ ਦਾ ਪਤਾ ਹੀ ਨਹੀਂ। ਗੀਤ ਵਿਚ ਗੁਹਾਰ ਲਾਈ ਗਈ ਹੈ ਕਿ ਮਾਂ ਬੋਲੀ ਸਿੱਖਣ ਅਤੇ ਬੋਲਣ ਵਿਚ ਕੋਈ ਸ਼ਰਮ ਮਹਿਸੂਸ ਨਹੀਂ ਕਰਨੀ ਚਾਹੀਦੀ। ਸਾਨੂੰ ਪੰਜਾਬੀਆਂ ਨੂੰ ਤਾਂ ਮਾਣ ਹੋਣਾ ਚਾਹੀਦਾ ਹੈ ਕਿ ਬਾਣੀ ਦੀ ਰਚਨਾ ਇਸੇ ਮਾਂ ਬੋਲੀ ਵਿਚ ਹੋਈ ਹੈ। ਇਹ ਸਾਡੇ ’ਤੇ ਵੀ ਨਿਰਭਰ ਹੈ ਕਿ ਅਸੀਂ ਆਪਣੀ ਬੋਲੀ ਦੀ ਸੰਭਾਲ ਕਿਵੇਂ ਕਰਨੀ ਹੈ ਅਤੇ ਇਸ ਤੋਂ ਬੱਚਿਆਂ ਨੂੰ ਕਿਵੇਂ ਜਾਣੂ ਕਰਾਉਣਾ ਹੈ।

ਚੰਡੀਗੜ੍ਹ ਤੋਂ ਛਪਦੇ ਰੋਜ਼ਾਨਾ ਅਖਬਾਰ ‘ਪੰਜਾਬੀ ਟ੍ਰਿਬਿਊਨ’ ਵਿਚ ਖਬਰ ਛਪੀ ਹੈ, “ਸਰਕਾਰੀ ਸਕੂਲਾਂ ਦਾ ਮਾਧਿਅਮ ਅੰਗਰੇਜ਼ੀ ਕਰਨ ਦੀ ਸ਼ੁਰੂਆਤ” ਜਿਸ ਅਨੁਸਾਰ “ਪਹਿਲੇ ਪੜਾਅ ਵਿਚ 40 ਤੋਂ 60 ਫੀਸਦੀ ਵਿਦਿਆਰਥੀਆਂ ਦਾ ਮਾਧਿਅਮ ਅੰਗਰੇਜ਼ੀ ਕਰਨ ਦਾ ਟੀਚਾ।...ਪੰਜਾਬ ਸਰਕਾਰ ਨੇ ਸਰਕਾਰੀ ਸਕੂਲਾਂ ਦੇ ਵਿਦਿਆਰਥੀਆਂ ਦਾ ਮਾਧਿਅਮ ਅੰਗਰੇਜ਼ੀ ਕਰਨ ਦੀ ਮੁਹਿੰਮ ਸ਼ੁਰੂ ਕੀਤੀ ਹੈ। ਇਸ ਦੇ ਪਹਿਲੇ ਪੜਾਅ ਵਿਚ ਸਕੂਲ ਮੁਖੀਆਂ ਨੂੰ ਦਿਹਾਤੀ ਖੇਤਰ ਦੇ ਸਕੂਲਾਂ ਦੇ 40 ਫੀਸਦੀ ਅਤੇ ਸ਼ਹਿਰੀ ਸਕੂਲਾਂ ਦੇ 60 ਫੀਸਦੀ ਵਿਦਿਆਰਥੀਆਂ ਦਾ ਮਾਧਿਅਮ ਅੰਗਰੇਜ਼ੀ ਕਰਨ ਦਾ ਟੀਚਾ ਦਿੱਤਾ ਗਿਆ ਹੈ।”

ਇਸ ਤੋਂ ਅੱਗੇ ਵਿਸਥਾਰ ਵਿਚ ਦੱਸਿਆ ਗਿਆ ਹੈ ਕਿ ਕਿਸ ਤਰ੍ਹਾਂ ਵਿਗਿਆਨ ਅਤੇ ਗਣਿਤ ਆਦਿ ਵਿਸ਼ੇ ਅੰਗਰੇਜ਼ੀ ਮਾਧਿਅਮ ਰਾਹੀਂ ਪੜ੍ਹਾਏ ਜਾਣਗੇ, ਵਗੈਰਾ ਵਗੈਰਾ। ਇਸ ਖਬਰ ਦੀ ਛਾਣਬੀਣ ਕਰਨ ਤੋਂ ਪਹਿਲਾਂ ਇੱਥੇ ਜੋ ਪਹਿਲੀ ਹੀ ਗੱਲ ਧਿਆਨ ਮੰਗਦੀ ਹੈ, ਉਹ ‘ਦਿਹਾਤੀ’ ਸ਼ਬਦ ਹੈ। ਸਾਡੇ ਕੋਲ ਚੰਗਾ ਭਲਾ ਆਮ ਸਮਝ ਆਉਣ ਵਾਲਾ ਲਫਜ਼ ‘ਪੇਂਡੂ’ ਹੈ, ਜਿਸ ਨੂੰ ‘ਪੇਂਡੂ ਖੇਤਰ’ ਲਿਖਿਆ ਜਾ ਸਕਦਾ ਸੀ। ਸਾਡੇ ਪੰਜਾਬੀ ਦੇ ਬਹੁਤ ਵੱਡੇ ਕਹੇ ਜਾਣ ਵਾਲੇ ਵਿਦਵਾਨ ਬਿਨਾ ਵਜ੍ਹਾ ਸੰਸਕ੍ਰਿਤ ਦੇ ਸ਼ਬਦ ਆਪਣੀਆਂ ਲਿਖਤਾਂ ਵਿਚ ਪਾ ਕੇ ਪੰਜਾਬੀ ਬੋਲੀ ਨੂੰ ਆਮ ਪਾਠਕਾਂ ਦੀ ਸਮਝ ਲਈ ਔਖੀ ਵੀ ਕਰ ਰਹੇ ਹਨ ਅਤੇ ਉਸ ਦਾ ਹੁਲੀਆ ਵੀ ਵਿਗਾੜ ਰਹੇ ਹਨ।

ਪਿਛਲੇ ਸਾਲ ਪਾਕਿਸਤਾਨੀ ਪੰਜਾਬ ਤੋਂ ਇੰਗਲੈਂਡ ਵਾਸੀ ਪੰਜਾਬੀ ਦਾ ਲੇਖਕ ਗੁਲਾਮ ਮੁਸਤਫਾ ਡੋਗਰ ਪੂਰਬੀ ਪੰਜਾਬ ਦਾ ਗੇੜਾ ਲਾ ਕੇ ਆਇਆ ਸੀ ਅਤੇ ਪੰਜਾਬੀ ਯੂਨੀਵਰਸਿਟੀ, ਪਟਿਆਲਾ ਵਿਚ ਉਸ ਨੇ ਕਿਸੇ ਕਾਨਫਰੰਸ ਵਿਚ ਹਾਜ਼ਰੀ ਭਰੀ ਸੀ। ਜਨਾਬ ਡੋਗਰ ਮੇਰੇ ਨਾਲ ਫੋਨ ’ਤੇ ਗੱਲ ਕਰਦਿਆਂ ਮੈਨੂੰ ਪੁੱਛ ਰਹੇ ਸਨ, ਉਥੋਂ ਦੇ ਵਿਦਵਾਨ ਆਪਣੇ ਪਰਚਿਆਂ ਵਿਚ ਕਿਹੋ ਜਿਹੀ ਪੰਜਾਬੀ ਲਿਖਦੇ ਹਨ, ਜਿਸ ਦੇ ਬਹੁਤੇ ਲਫਜ਼ ਪੱਲੇ ਹੀ ਨਹੀਂ ਪੈਂਦੇ। ਇਸੇ ਕਿਸਮ ਦਾ ਉਲਾਂਭਾ ਇੱਥੇ ਟੋਰਾਂਟੋ ਵਿਚ 2011 ਦੀ ਆਲਮੀ ਪੰਜਾਬੀ ਕਾਨਫਰੰਸ ਦੀ ਸਟੇਜ ਤੋਂ ਪਾਕਿਸਤਾਨੀ ਪੰਜਾਬ ਦੇ ਸਵੀਡਨ ਵਿਚ ਜੱਜ ਲੱਗੇ ਪੰਜਾਬੀ ਲੇਖਕ ਨੇ ਸਵਰਗੀ ਡਾ. ਸੁਤਿੰਦਰ ਸਿੰਘ ਨੂਰ ਦੇ ਪਰਚਾ ਪੜ੍ਹਨ ਪਿਛੋਂ ਦਿੱਤਾ ਸੀ ਕਿ ਪਰਚੇ ਵਿਚ ਕੀ ਕਿਹਾ ਹੈ ਅਤੇ ਕਿਸ ਕਿਸਮ ਦੀ ਪੰਜਾਬੀ ਹੈ, ਜਿਸ ਦਾ ਇੱਕ ਵੀ ਲਫਜ਼ ਪੱਲੇ ਨਹੀਂ ਪੈ ਰਿਹਾ।

ਖੈਰ! ਵਿਦਵਾਨਾਂ ਦੀ ਵਿਦਵਾਨ ਜਾਣਨ; ਸ਼ਾਇਦ ਇਸੇ ਨੂੰ ਵਿਦਵਤਾ ਕਹਿੰਦੇ ਹਨ ਕਿ ਤੁਹਾਡਾ ਲਿਖਿਆ ਦੂਜਿਆਂ ਨੂੰ ਪਤਾ ਹੀ ਨਾ ਲੱਗੇ। ਜਿੱਥੋਂ ਤੱਕ ਪੰਜਾਬ ਦੇ ਸਰਕਾਰੀ ਸਕੂਲਾਂ ਵਿਚ ਅੰਗਰੇਜ਼ੀ ਮਾਧਿਅਮ ਲਾਗੂ ਕਰਨ ਦੀ ਗੱਲ ਹੈ, ਇਹ ਰੁਝਾਨ ਸਾਰਥਕ ਹੋ ਸਕਦਾ ਹੈ, ਪਰ ਧਿਆਨ ਦੇਣ ਵਾਲੀ ਗੱਲ ਇਹ ਹੈ ਕਿ ਮਾਧਿਅਮ ਬਦਲਣ ਨਾਲ ਪੰਜਾਬੀ ਪੜ੍ਹਨ ਦੇ ਰਸਤੇ ਵਿਚ ਕੋਈ ਰੁਕਾਵਟ ਨਹੀਂ ਆਉਣੀ ਚਾਹੀਦੀ। ਜਿਸ ਤਰ੍ਹਾਂ ਘਰ ਫੂਕ ਕੇ ਵੀ ਅੰਗਰੇਜ਼ੀ ਮਾਧਿਅਮ ਵਾਲੇ ਮਹਿੰਗੇ ਸਕੂਲਾਂ ਵਿਚ ਆਪਣੇ ਬੱਚੇ ਪੜ੍ਹਾਉਣ ਦੀ ਹੋੜ ਲੱਗੀ ਹੋਈ ਹੈ (ਇਹੀ ਫਿਲਮ ‘ਉ ਅ’ ਵਿਚ ਦਿਖਾਇਆ ਹੈ ਤੇ ਇਹੀ ਵਾਪਰ ਰਿਹਾ ਹੈ), ਕਿਉਂਕਿ ਕੋਈ ਵੀ ਨਹੀਂ ਚਾਹੁੰਦਾ ਕਿ ਇਸ ਮੁਕਾਬਲੇ ਦੀ ਦੁਨੀਆਂ ਵਿਚ ਉਸ ਦਾ ਬੱਚਾ ਪਿੱਛੇ ਰਹਿ ਜਾਵੇ। ਪੰਜਾਬ ਸਰਕਾਰ ਦਾ ਇਹ ਕਦਮ ਸਹੀ ਦਿਸ਼ਾ ਵਿਚ ਹੋ ਸਕਦਾ ਹੈ ਕਿਉਂਕਿ ਆਮ ਲੋਕ, ਖਾਸ ਕਰ ਪਿੰਡਾਂ ਦੀ ਗਰੀਬ ਜਨਤਾ ਮਹਿੰਗੇ ਸਕੂਲਾਂ ਵਿਚ ਆਪਣੇ ਬੱਚਿਆਂ ਨੂੰ ਪੜ੍ਹਾ ਸਕਣ ਤੋਂ ਅਸਮਰੱਥ ਹਨ।

ਪੰਜਾਬ ਸਰਕਾਰ ਨੂੰ ਇਹ ਕਦਮ ਚੁੱਕਣ ਤੋਂ ਪਹਿਲਾਂ ਸਕੂਲਾਂ ਵਿਚ ਮੁਕੰਮਲ ਢਾਂਚਾ ਉਸਾਰਨਾ ਚਾਹੀਦਾ ਹੈ। ਹਰ ਰੋਜ਼ ਸੁਣਨ ਵਿਚ ਆਉਂਦਾ ਹੈ ਕਿ ਬਹੁਤੇ ਪਿੰਡਾਂ ਦੇ ਸਰਕਾਰੀ ਸਕੂਲਾਂ ਵਿਚ ਬੱਚਿਆਂ ਦੀ ਗਿਣਤੀ ਮੁਤਾਬਕ ਅਧਿਆਪਕ ਹਨ ਹੀ ਨਹੀਂ; ਜਿੱਥੇ ਅਧਿਆਪਕ ਹਨ, ਉਹ ਦਿਲਚਸਪੀ ਨਾਲ ਬੱਚਿਆਂ ਨੂੰ ਪੜ੍ਹਾਉਂਦੇ ਹੀ ਨਹੀਂ। ਪਿਛਲੇ ਦਿਨੀਂ ਖਬਰ ਸੀ ਕਿ ਇੱਕ ਅਧਿਆਪਕ ਨੇ ਆਪਣੀ ਥਾਂ ਤਿੰਨ ਹਜ਼ਾਰ ਰੁਪਏ ਮਹੀਨੇ ’ਤੇ ਕਿਸੇ ਔਰਤ ਅਧਿਆਪਕ ਨੂੰ ਰੱਖਿਆ ਹੋਇਆ ਹੈ ਅਤੇ ਆਪ ਘਰ ਬੈਠਾ ਤਨਖਾਹ ਲੈ ਰਿਹਾ ਹੈ। ਦੂਜੀ ਗੱਲ, ਮਾਧਿਅਮ ਅੰਗਰੇਜ਼ੀ ਕਰਨ ਦੇ ਨਾਲ ਨਾਲ ਪੰਜਾਬੀ ਨੂੰ ਜ਼ਰੂਰੀ ਵਿਸ਼ੇ ਵਜੋਂ ਪੜ੍ਹਾਇਆ ਜਾਵੇ ਤਾਂ ਕਿ ਬੱਚੇ ਆਪਣੀ ਮਾਂ ਬੋਲੀ ਤੋਂ ਪੂਰੀ ਤਰ੍ਹਾਂ ਜਾਣੂ ਹੋਣ।

ਖੋਜੀਆਂ ਅਨੁਸਾਰ ਜਿੰਨੇ ਸਹਿਜ ਅਤੇ ਮੁਹਾਰਤ ਨਾਲ ਬੱਚਾ ਆਪਣੀ ਮਾਂ ਬੋਲੀ ਵਿਚ ਗਿਆਨ ਹਾਸਲ ਕਰ ਸਕਦਾ ਹੈ, ਓਨੀ ਮੁਹਾਰਤ ਨਾਲ ਉਹ ਦੂਜੀ ਬੋਲੀ ਵਿਚ ਹਾਸਲ ਨਹੀਂ ਕਰ ਸਕਦਾ। ਨੌਕਰੀਆਂ ਪ੍ਰਾਪਤ ਕਰਨ ਲਈ ਅੰਗਰੇਜ਼ੀ ਲੋੜ ਬਣ ਗਈ ਹੈ, ਪਰ ਇਸ ਦਾ ਅਰਥ ਆਪਣੀ ਬੋਲੀ ਦੀ ਪੜ੍ਹਾਈ ਨੂੰ ਮਨਫੀ ਕਰ ਦੇਣਾ ਬਿਲਕੁਲ ਨਹੀਂ ਹੈ।

ਪੰਜਾਬ ਸਰਕਾਰ ਨੂੰ ਇਹ ਵੀ ਸਖਤੀ ਨਾਲ ਲਾਗੂ ਕਰਨ ਦੀ ਲੋੜ ਹੈ ਕਿ ਅੰਗਰੇਜ਼ੀ ਮਾਧਿਅਮ ਪਬਲਿਕ ਸਕੂਲਾਂ (ਭਾਰਤ ਵਿਚ ਨਿਜੀ ਅਦਾਰਿਆਂ ਦੇ ਸਕੂਲਾਂ ਲਈ ਇਹੀ ਸ਼ਬਦ ਵਰਤਿਆ ਜਾਂਦਾ ਹੈ, ਜਦ ਕਿ ਕੈਨੇਡਾ ਵਿਚ ਸਰਕਾਰੀ ਸਕੂਲਾਂ ਨੂੰ ਪਬਲਿਕ ਸਕੂਲ ਕਿਹਾ ਜਾਂਦਾ ਹੈ) ਵਿਚ ਪੰਜਾਬੀ ਦੀ ਪੜ੍ਹਾਈ ਘੱਟੋ ਘੱਟ ਦਸਵੀਂ ਤੱਕ ਲਾਜ਼ਮੀ ਹੋਵੇ। ਹੁਣ ਪਤਾ ਨਹੀਂ ਪੰਜਾਬੀ ਪੜ੍ਹਨ ਅਤੇ ਬੋਲਣ ’ਤੇ ਅੰਗਰੇਜ਼ੀ ਮਾਧਿਅਮ ਪਬਲਿਕ ਸਕੂਲਾਂ ਵਿਚ ਕਿਉਂ ਬੰਦਿਸ਼ਾਂ ਲੱਗੀਆਂ ਹੋਈਆਂ ਹਨ? ਮੇਰੇ ਬੱਚੇ ਪਟਿਆਲਾ ਦੇ ‘ਲੇਡੀ ਫਾਤਿਮਾ ਕਾਨਵੈਂਟ ਹਾਈ ਸਕੂਲ’ ਅਤੇ ‘ਬੁੱਢਾ ਦਲ ਪਬਲਿਕ ਸਕੂਲ’ ਵਿਚ ਪੜ੍ਹੇ ਹਨ, ਜਿਨ੍ਹਾਂ ਨੇ ਦਸਵੀਂ ਤੱਕ ਪੰਜਾਬੀ ਵਿਸ਼ੇ ਦੇ ਤੌਰ ’ਤੇ ਵਧੀਆ ਨੰਬਰਾਂ ਨਾਲ ਪੜ੍ਹੀ ਹੈ।

ਸਕੂਲਾਂ ਵਿਚ ਹੋ ਕੀ ਰਿਹਾ ਹੈ? ਇਸ ਵੱਲ ਧਿਆਨ ਦੇਣਾ ਜਿੱਥੇ ਸਰਕਾਰਾਂ ਦਾ ਫਰਜ਼ ਹੈ, ਉਥੇ ਲੋਕਾਂ ਦੀ ਵੀ ਜਿੰਮੇਵਾਰੀ ਬਣਦੀ ਹੈ ਕਿ ਉਹ ਅਜਿਹੇ ਮਸਲਿਆਂ ਵੱਲ ਤਵੱਜੋ ਦੇਣ। ਪਹਿਲੀ ਮਈ ਦੇ ਹੀ ‘ਪੰਜਾਬੀ ਟ੍ਰਿਬਿਊਨ’ ਵਿਚ ਯੂਨੀਵਰਸਿਟੀ ਦੇ ਪੱਤਰਕਾਰੀ ਵਿਭਾਗ ਵਿਚੋਂ ਸੇਵਾ ਮੁਕਤ ਪ੍ਰੋਫੈਸਰ ਡਾ. ਨਰਿੰਦਰ ਸਿੰਘ ਕਪੂਰ ਦਾ ਪੰਜਾਬੀ ਯੂਨੀਵਰਸਿਟੀ ਦੀ ਸਥਾਪਨਾ ਦੀ ਵਰ੍ਹੇਗੰਢ ਸਬੰਧੀ ਯੂਨੀਵਰਸਿਟੀ ਦੀ ਸਿਫਤ ਵਿਚ ਇੱਕ ਲੇਖ ਛਪਿਆ ਸੀ। ਡਾ. ਨਰਿੰਦਰ ਸਿੰਘ ਕਪੂਰ ਪੰਜਾਬੀ ਦੇ ਵਧੀਆ ਲਿਖਾਰੀ ਹਨ ਅਤੇ ਉਨ੍ਹਾਂ ਦੇ ਲੇਖ ਜਿੱਥੇ ਪੜ੍ਹਨ ਪੱਖੋਂ ਦਿਲਚਸਪ ਹੁੰਦੇ ਹਨ, ਉਥੇ ਆਮ ਜ਼ਿੰਦਗੀ ਲਈ ਸੇਧ ਵੀ ਦਿੰਦੇ ਹਨ।




ਇਸੇ ਲੇਖ ਦੇ ਪ੍ਰਤੀਕਰਮ ਵਜੋਂ ਚੰਡੀਗੜ੍ਹ ਤੋਂ ਇੱਕ ਪਾਠਕ ਗੁਰਦੀਪ ਸਿੰਘ ਨੇ 2 ਮਈ ਦੇ ਅਖਬਾਰ ਵਿਚ ਛਪੇ ਆਪਣੇ ਖਤ ਵਿਚ ਗਿਲਾ ਪ੍ਰਗਟ ਕੀਤਾ ਹੈ, “ਤਾਰੀਫ ਹਕੀਕਤ ਤੋਂ ਦੂਰ।” ਗੁਰਦੀਪ ਸਿੰਘ ਦਾ ਸ਼ਿਕਵਾ ਹੈ, “ਪੰਜਾਬੀ ਯੂਨੀਵਰਸਿਟੀ ਅੱਜ ਦੇ ਸਮੇਂ ਵਿਚ ਪੰਜਾਬੀ ਭਾਸ਼ਾ ਲਈ ਸਭ ਤੋਂ ਵੱਡਾ ਖਤਰਾ ਨਜ਼ਰ ਆ ਰਹੀ ਹੈ। ਇਸੇ ਸਾਲ 23 ਮਾਰਚ ਨੂੰ ਯੂਨੀਵਰਸਿਟੀ ਨੇ ਪੱਤਰ ਜਾਰੀ ਕੀਤਾ ਹੈ, ਜਿਸ ਵਿਚ ਪੰਜਾਬੀ ਭਾਸ਼ਾ ਨੂੰ ਸਿਰਫ ਤੇ ਸਿਰਫ ਵਾਧੂ ਵਿਸ਼ੇ ਵਜੋਂ ਪੜ੍ਹਾਏ ਜਾਣ ਬਾਰੇ ਲਿਖਿਆ ਗਿਆ ਹੈ। ਨਤੀਜੇ ਵਜੋਂ ਪੰਜਾਬ ਦੇ ਵਿਦਿਆਰਥੀ, ਜੋ ਪੰਜਾਬੀ ਯੂਨੀਵਰਸਿਟੀ ਅਧੀਨ ਆਉਂਦੇ ਹਨ, ਪੰਜਾਬੀ ਨੂੰ ਪੜ੍ਹਨਾ ਲਾਜ਼ਮੀ ਨਹੀਂ ਸਮਝਣਗੇ।” ਇਸ ਦੇ ਨਾਲ ਹੀ ਉਸ ਨੇ ਮਹਾਨ ਇਤਿਹਾਸਕਾਰ ਸਵਰਗੀ ਡਾ. ਗੰਡਾ ਸਿੰਘ ਵੱਲੋਂ ਸੰਪਾਦਿਤ ਅਤੇ ਪ੍ਰਕਾਸ਼ਿਤ ਇਤਿਹਾਸ ਦੀ ਕਿਤਾਬ ਦਾ ਜ਼ਿਕਰ ਕਰਦਿਆਂ ਦੱਸਿਆ ਹੈ ਕਿ ਇਕ ਤੋਂ ਤੇਰਾਂ ਪੰਨਿਆਂ ਤੱਕ ਇਸ ਵਿਚ ਪੰਜਾਹ ਗਲਤੀਆਂ ਮਿਲੀਆਂ ਹਨ। ਜੇ ਇਸ ਤਰ੍ਹਾਂ ਵਾਪਰਿਆ ਹੈ ਤਾਂ ਗੁਰਦੀਪ ਸਿੰਘ ਦਾ ਗਿਲਾ-ਸ਼ਿਕਵਾ ਬਿਲਕੁਲ ਜਾਇਜ਼ ਹੈ।

ਪੰਜਾਬੀ ਯੂਨੀਵਰਸਿਟੀ ਦੀ ਸਥਾਪਨਾ ਉਦੋਂ ਦੇ ਮੁੱਖ ਮੰਤਰੀ ਸ. ਪ੍ਰਤਾਪ ਸਿੰਘ ਕੈਰੋਂ ਦੀਆਂ ਕੋਸ਼ਿਸ਼ਾਂ ਨਾਲ ਪੰਜਾਬੀ ਬੋਲੀ, ਪੰਜਾਬੀ ਸਭਿਆਚਾਰ, ਪੰਜਾਬ ਦੇ ਇਤਿਹਾਸ ਦੀ ਖੋਜ ਅਤੇ ਤਰੱਕੀ ਨੂੰ ਸਾਹਮਣੇ ਰੱਖ ਕੇ ਹੋਈ ਸੀ। ਉਦੋਂ ਇਹ ਵੀ ਸੁਣਨ ਵਿਚ ਆਉਂਦਾ ਸੀ ਕਿ ਸ. ਕੈਰੋਂ ਨੇ ਪੰਜਾਬੀ ਯੂਨੀਵਰਸਿਟੀ ਦੀ ਸਥਾਪਨਾ ਤੋਂ ਪਹਿਲਾਂ ਕੁਰੂਕਸ਼ੇਤਰ ਯੂਨੀਵਰਸਿਟੀ ਸਥਾਪਤ ਕੀਤੀ ਸੀ ਤਾਂ ਕਿ ਪੰਜਾਬੀ ਯੂਨੀਵਰਸਿਟੀ ਦੇ ਰਾਹ ਵਿਚ ਕੋਈ ਅੜਿੱਕਾ ਨਾ ਪਵੇ। ਪੰਜਾਬੀ ਬੋਲੀ, ਇਤਿਹਾਸ ਅਤੇ ਇਸ ਖਿੱਤੇ ਦੇ ਈਥੋਸ ਨੂੰ ਸਾਹਮਣੇ ਰੱਖ ਕੇ ਹੀ ਗੁਰੂ ਗ੍ਰੰਥ ਸਾਹਿਬ ਅਧਿਐਨ ਵਿਭਾਗ, ਪੰਜਾਬੀ ਸਾਹਿਤ ਅਧਿਐਨ ਵਿਭਾਗ, ਪੰਜਾਬ ਹਿਸਟੋਰੀਕਲ ਰਿਸਰਚ ਵਿਭਾਗ, ਭਾਸ਼ਾ ਵਿਗਿਆਨ ਵਿਭਾਗ, ਪੰਜਾਬੀ ਵਿਕਾਸ ਵਿਭਾਗ ਅਤੇ ਪੰਜਾਬੀ ਟਰਾਂਸਲੇਸ਼ਨ ਵਿਭਾਗ (ਪਿੱਛੋਂ ਟਰਾਂਸਲੇਸ਼ਨ ਵਿਭਾਗ ਨੂੰ ਪੰਜਾਬੀ ਵਿਕਾਸ ਵਿਭਾਗ ਵਿਚ ਮਿਲਾ ਦਿੱਤਾ ਗਿਆ ਸੀ) ਆਦਿ ਖੋਜ ਵਿਭਾਗ ਸਥਾਪਤ ਕੀਤੇ ਗਏ। ਇਨ੍ਹਾਂ ਵਿਭਾਗਾਂ ਕਰਕੇ ਹੀ ਪੰਜਾਬੀ ਯੂਨੀਵਰਸਿਟੀ ਵਿਚ ਗੁਰੂ ਗ੍ਰੰਥ ਸਾਹਿਬ ਵਿਭਾਗ ਨੇ ਸਰੋਤ ਸਾਹਿਤ ਪੈਦਾ ਕੀਤਾ, ਮਾਸਟਰ ਡਿਗਰੀ ਕੋਰਸਾਂ ਦੇ ਮਾਧਿਅਮ ਤਬਦੀਲੀ ਦੀ ਵਿਉਂਤ ਤਹਿਤ ਵੱਖ ਵੱਖ ਵਿਸ਼ਿਆਂ ਦੀਆਂ ਕਿਤਾਬਾਂ ਦਾ ਅੰਗਰੇਜ਼ੀ ਤੋਂ ਪੰਜਾਬੀ ਵਿਚ ਅਨੁਵਾਦ ਅਤੇ ਵਿਸ਼ਾ ਪੁਸਤਕਾਂ ਪੰਜਾਬੀ ਵਿਚ ਲਿਖਾਉਣ ਦਾ ਬਹੁਤ ਸਾਰਾ ਕਾਰਜ ਪੰਜਾਬੀ ਵਿਕਾਸ ਵਿਭਾਗ ਨੇ ਕੀਤਾ ਤੇ ਕਰਵਾਇਆ।

ਸਵਰਗੀ ਡਾ. ਗੰਡਾ ਸਿੰਘ ਵਰਗੇ ਇਤਿਹਾਸਕਾਰਾਂ ਦਾ ਅਨਮੋਲ ਇਤਿਹਾਸਕ ਕਾਰਜ ਪੰਜਾਬ ਹਿਸਟੋਰੀਕਲ ਵਿਭਾਗ ਕਾਰਨ ਹੀ ਸੰਭਵ ਹੋ ਸਕਿਆ ਹੈ। ਡਾ. ਜੀਤ ਸਿੰਘ ਸੀਤਲ ਤੇ ਡਾ. ਰਤਨ ਸਿੰਘ ਜੱਗੀ ਜਿਹੇ ਵਿਦਵਾਨਾਂ ਨੇ ਪੰਜਾਬੀ ਸਾਹਿਤ ਅਧਿਐਨ ਵਿਭਾਗ ਰਾਹੀਂ ਆਪਣਾ ਯੋਗਦਾਨ ਪਾਇਆ। ਭਾਵ ਇਨ੍ਹਾਂ ਖੋਜ ਵਿਭਾਗਾਂ ਕਰਕੇ ਹੀ ਪੰਜਾਬੀ ਯੂਨੀਵਰਸਿਟੀ ਵਿਚ ਜਿੰਨਾ ਖੋਜ ਕਾਰਜ ਹੋਇਆ ਅਤੇ ਕਿਤਾਬਾਂ ਹੋਂਦ ਵਿਚ ਆਈਆਂ ਹਨ, ਉਹ ਹੋਰ ਕਿਸੇ ਯੂਨੀਵਰਸਿਟੀ ਨੇ ਸ਼ਾਇਦ ਹੀ ਕੀਤਾ ਹੋਵੇ। ਪਰ ਅਫਸੋਸ ਦੀ ਗੱਲ ਕਿ ਮੁੱਢ ਤੋਂ ਹੀ ਇਨ੍ਹਾਂ ਖੋਜ ਵਿਭਾਗਾਂ ਨੂੰ, ਜਿਨ੍ਹਾਂ ਲਈ ਇਹ ਯੂਨੀਵਰਸਿਟੀ ਸਥਾਪਤ ਕੀਤੀ ਗਈ, ਕਦੇ ਵੀ ਟੀਚਿੰਗ ਵਿਭਾਗਾਂ ਵਾਲੀਆਂ ਸਹੂਲਤਾਂ ਨਹੀਂ ਦਿੱਤੀਆਂ ਗਈਆਂ। ਸਿਰਫ ਤੇ ਸਿਰਫ ਡਾ. ਸਰਦਾਰਾ ਸਿੰਘ ਜੌਹਲ ਨੇ ਆਪਣੇ ਵਾਈਸ ਚਾਂਸਲਰ ਹੋਣ ਦੇ ਸਮੇਂ ਦੌਰਾਨ ਇਨ੍ਹਾਂ ਵਿਭਾਗਾਂ ਨੂੰ ਅਧਿਆਪਨ ਵਿਭਾਗਾਂ ਜਿਹੀਆਂ ਸਹੂਲਤਾਂ ਦੇਣ ਦੀ ਕੋਸ਼ਿਸ਼ ਕੀਤੀ ਅਤੇ ਵਿਭਾਗ ਅਧਿਆਪਨ ਵਿਭਾਗਾਂ ਦੇ ਬਰਾਬਰ ਮੰਨੇ ਜਾਣ ਲੱਗੇ।

ਇਨ੍ਹਾਂ ਵਿਭਾਗਾਂ ਵਿਚੋਂ ਜਿਵੇਂ ਜਿਵੇਂ ਅਧਿਆਪਕ ਸੇਵਾ ਮੁਕਤ ਹੁੰਦੇ ਗਏ, ਤਿਵੇਂ ਤਿਵੇਂ ਵਿਭਾਗ ਖਾਲੀ ਹੁੰਦੇ ਗਏ, ਨਵੀਂ ਭਰਤੀ ਕਰਨ ਦੀ ਕੋਸ਼ਿਸ਼ ਹੀ ਨਹੀਂ ਕੀਤੀ ਗਈ। ਮੈਨੂੰ ਯਾਦ ਹੈ, ਸਾਡੇ ਵਿਭਾਗ (ਗੁਰੂ ਗ੍ਰੰਥ ਸਾਹਿਬ ਵਿਭਾਗ) ਨੂੰ ਪਹਿਲਾਂ ਕੋਈ ਵੀ ਪਰੂਫ ਰੀਡਰ ਨਹੀਂ ਸੀ ਦਿੱਤਾ ਹੋਇਆ। ਅਸੀਂ ਲੈਕਚਰਾਰ ਜਾਂ ਰੀਡਰਾਂ ਦੀਆਂ ਤਨਖਾਹਾਂ ਲੈ ਰਹੇ ਅਧਿਆਪਕ ਵਿਭਾਗ ਵਲੋਂ ਛਾਪੀਆਂ ਜਾਂਦੀਆਂ ਪੁਸਤਕਾਂ ਅਤੇ ‘ਨਾਨਕ ਪ੍ਰਕਾਸ਼ ਪਤ੍ਰਿਕਾ’ ਦੇ ਸਾਰੇ ਪਰੂਫ ਆਪ ਦੇਖਦੇ ਸਾਂ। ਡਾ. ਜੋਗਿੰਦਰ ਸਿੰਘ ਪੁਆਰ ਦੇ ਸੇਵਾ ਕਾਲ ਸਮੇਂ ਬੇਨਤੀਆਂ ਕਰਕੇ ਪਰੂਫ ਰੀਡਰ ਦੀ ਅਸਾਮੀ ਆਪਣੇ ਵਿਭਾਗ ਵਿਚ ਲਿਆਂਦੀ ਸੀ।

ਪੰਜਾਬੀ ਯੂਨੀਵਰਸਿਟੀ ਹੀ ਵਾਹਦ ਅਜਿਹੀ ਯੂਨੀਵਰਸਟੀ ਰਹੀ ਹੈ, ਜਿੱਥੇ ਬੀ. ਏ. ਕਰਨ ਲਈ ਹਰ ਜਮਾਤ ਵਿਚ ਪੰਜਾਬੀ ਜ਼ਰੂਰੀ ਵਿਸ਼ੇ ਵਜੋਂ ਲੈਣੀ ਲਾਜ਼ਮੀ ਰਹੀ ਹੈ ਅਤੇ ਚੋਣਵੇਂ ਵਿਸ਼ੇ ਦੇ ਤੌਰ ’ਤੇ ਪੰਜਾਬੀ ਦਾ ਵਿਸ਼ਾ ਅਲੱਗ ਲੈਣਾ ਹੁੰਦਾ ਹੈ। ਜੇ ਹੁਣ, ਜਿਵੇਂ ਗੁਰਦੀਪ ਸਿੰਘ ਨੇ ਦੱਸਿਆ ਹੈ ਕਿ ਪੰਜਾਬੀ ਨੂੰ ਸਿਰਫ ਵਾਧੂ ਵਿਸ਼ੇ ਵਜੋਂ ਪੜ੍ਹਾਏ ਜਾਣ ਬਾਰੇ ਲਿਖਿਆ ਗਿਆ ਹੈ ਤਾਂ ਇਹ ਬਹੁਤ ਹੀ ਮੰਦਭਾਗੀ ਗੱਲ ਹੈ। ਇਹ ਯੂਨੀਵਰਸਿਟੀ ਹੋਰ ਯੂਨੀਵਰਸਿਟੀਆਂ ਵਾਂਗ ਮਹਿਜ ਡਿਗਰੀਆਂ ਦੇਣ ਲਈ ਸਥਾਪਤ ਨਹੀਂ ਸੀ ਕੀਤੀ ਗਈ। ਇਹ ਪੰਜਾਬੀ ਬੋਲੀ ਅਤੇ ਸਭਿਆਚਾਰ ਦੀ ਉਨਤੀ ਦੀਆਂ ਲੋੜਾਂ ਨੂੰ ਧਿਆਨ ਵਿਚ ਰੱਖ ਕੇ, ਉਪਰ ਦੱਸੇ ਅਨੁਸਾਰ ਇੱਕ ਖਾਸ ਮਕਸਦ ਅਤੇ ਟੀਚੇ ਨੂੰ ਸਾਹਮਣੇ ਰੱਖ ਕੇ ਸਥਾਪਤ ਕੀਤੀ ਗਈ ਸੀ।

ਪੰਜਾਬੀ ਜ਼ੁਬਾਨ ਅਤੇ ਸਭਿਆਚਾਰ ’ਤੇ ਹਮਲੇ ਇੱਕ ਪਾਸਿਓਂ ਨਹੀਂ, ਕਈ ਪਾਸਿਓਂ ਹੋ ਰਹੇ ਹਨ। ਇਸ ਦੀ ਗੱਲ ਪਹਿਲਾਂ ਵੀ ਚੱਲਦੀ ਰਹੀ ਹੈ, ਜਿਸ ਨੂੰ ਇੱਕ ਵਾਰ ਫਿਰ ਰਮੇਸ਼ਵਰ ਸਿੰਘ ਨੇ ‘ਪੰਜਾਬੀ ਟ੍ਰਿਬਿਊਨ’ ਵਿਚ ਉਭਾਰਿਆ ਹੈ, “ਦੋ ਦਹਾਕਿਆਂ ਤੋਂ ਪੰਜਾਬੀ ਗਾਇਕੀ ਦਾ ਪੱਧਰ ਇੰਨਾ ਥੱਲੇ ਜਾ ਚੁਕਾ ਹੈ ਕਿ ਅਜੋਕੇ 90 ਫੀਸਦੀ ਗੀਤ ਪੰਜਾਬ, ਪੰਜਾਬੀ ਤੇ ਪੰਜਾਬੀਅਤ ਤੋਂ ਬਹੁਤ ਦੂਰ ਜਾ ਚੁਕੇ ਹਨ। ਗੀਤਾਂ ਵਿਚ ਬੰਦੂਕਾਂ ਚੁੱਕਣ, ਨਸ਼ਿਆਂ ਨੂੰ ਉਤਸ਼ਾਹਿਤ ਕਰਨ, ਕਾਲਜਾਂ ਵਿਚ ਆਸ਼ਕੀ, ਜੱਟਾਂ ਦੀ ਟੌਹਰ ਤੇ ਚੌਧਰ ਨੂੰ ਮੁੱਖ ਰੱਖਿਆ ਜਾਂਦਾ ਹੈ। ਪੰਜਾਬ ਵਿਚ ਬੇਰੁਜ਼ਗਾਰੀ ਕਾਰਨ ਨੌਜਵਾਨ ਪੀੜ੍ਹੀ ਨਸ਼ਿਆਂ ਤੇ ਲੁੱਟਾਂ-ਖੋਹਾਂ ਵੱਲ ਜਾ ਰਹੀ ਹੈ; ਸਰਕਾਰੀ ਸਕੂਲਾਂ-ਕਾਲਜਾਂ ਵਿਚ ਪੜ੍ਹਾਉਣ ਵਾਲੇ ਪੂਰੇ ਅਧਿਆਪਕ ਨਹੀਂ, ਵਿੱਦਿਆ ਦਾ ਵਪਾਰੀਕਰਨ ਹੋ ਗਿਆ ਹੈ; ਸਕੂਲਾਂ-ਕਾਲਜਾਂ ਵਿਚ ਪੜ੍ਹਦੇ ਬੱਚੇ ਸ਼ਾਮਾਂ ਨੂੰ ਕੋਚਿੰਗ ਲੈਣ ਵਿਚ ਰੁਝ ਜਾਂਦੇ ਹਨ। ਫਿਰ ਜੀਪਾਂ-ਕਾਰਾਂ ਲੈ ਕੇ ਕੌਣ ਘੁੰਮ ਸਕਦਾ ਹੈ? ਕਿਸਾਨਾਂ ਭਾਵ ਜੱਟਾਂ ਦੀ ਜੋ ਟੌਹਰ ਗੀਤਾਂ ਵਿਚ ਬਿਆਨ ਕੀਤੀ ਹੁੰਦੀ ਹੈ, ਉਸ ਦੀ ਅਸਲੀਅਤ ਸਭ ਜਾਣਦੇ ਹਨ।”

ਇਥੇ ਮੈਂ ਚੰਡੀਗੜ੍ਹ ਦੇ ਡਾ. ਰਾਉ ਦਾ ਜ਼ਿਕਰ ਕਰਨਾ ਚਾਹਾਂਗੀ, ਜੋ ਦੱਖਣੀ ਭਾਰਤ ਤੋਂ ਹੋਣ ’ਤੇ ਵੀ ਪੰਜਾਬੀ ਦੀ ਪ੍ਰਫੁਲਤਾ ਲਈ ਦਿਨ ਰਾਤ ਉਪਰਾਲੇ ਕਰ ਰਹੇ ਹਨ। ਅਖਬਾਰ ਵਿਚ ਛਪੀ ਖਬਰ ਅਨੁਸਾਰ ਪਿਛਲੇ ਦਿਨੀਂ ਇੱਥੇ ਕੈਨੇਡਾ ਰਹਿੰਦੇ ਇੱਕ ਪੰਜਾਬੀ ਗਾਇਕ, ਜਿਸ ਦੇ ਗੀਤ ਬੇਹੱਦ ‘ਚੱਕਵੇਂ’ ਹੁੰਦੇ ਹਨ, ਦੀ ਮਾਤਾ ਜੋ ਪਿਛਲੀਆਂ ਪੰਚਾਇਤੀ ਚੋਣਾਂ ਵਿਚ ਆਪਣੇ ਪਿੰਡ ਦੀ ਸਰਪੰਚ ਵੀ ਬਣੀ ਹੈ, ਦੀ ਸ਼ਿਕਾਇਤ ਜਿਲੇ ਦੇ ਪੰਚਾਇਤ ਅਫਸਰ ਕੋਲ ਕੀਤੀ ਗਈ ਸੀ। ਉਸ ਨੇ ਗਾਇਕ ਦੀ ਮਾਤਾ ਅਤੇ ਡਾ. ਰਾਉ-ਦੋਹਾਂ ਨੂੰ ਮਿਲਣ ਲਈ ਬੁਲਾਇਆ ਸੀ। ਮਾਤਾ ਵਾਅਦਾ ਕਰਕੇ ਆਈ ਹੈ ਕਿ ਇਹ ਦੋ ਸਾਲ ਪੁਰਾਣਾ ਗੀਤ ਹੈ ਅਤੇ ਅੱਗੇ ਤੋਂ ਉਹ ਅਜਿਹੇ ਗੀਤ ਨਹੀਂ ਲਿਖੇਗਾ।

ਆਉਣ ਵਾਲੀਆਂ ਪੀੜ੍ਹੀਆਂ ਨੂੰ ਸਾਫ-ਸੁਥਰਾ ਸਭਿਆਚਾਰ ਦੇਣ ਲਈ ਕੋਈ ਤਾਂ ਅਜਿਹੇ ਉਪਰਾਲੇ ਕਰਨੇ ਹੀ ਪੈਣਗੇ ਕਿ ਰਿਸ਼ਤਿਆਂ ਦੀ ਤੌਹੀਨ ਕਰਦੀ ਘਟੀਆ ਗਾਇਕੀ ਨੂੰ ਠੱਲ ਪੈ ਸਕੇ। ਬਹੁਤੇ ਪੰਜਾਬੀ ਗਾਇਕਾਂ ਦੇ ਗੀਤ ਵਿਆਹ-ਸ਼ਾਦੀਆਂ ਮੌਕੇ ਕੰਨਾਂ ਵਿਚ ਪੈਣ ’ਤੇ ਨਿਰਾਸ਼ਾ ਵੀ ਹੁੰਦੀ ਹੈ ਤੇ ਗਿਲਾਨੀ ਵੀ ਆਉਂਦੀ ਹੈ। ਐਵੇਂ ਹੀ ਬੈਠੇ ਬੈਠੇ ਯੂ-ਟਿਊਬ ਅਤੇ ਤਰਸੇਮ ਜੱਸੜ ਦਾ ਗੀਤ ‘ਇੱਕ ਕੈਦਾ ਲੈ ਦੇ ਬੇਬੇ’ ਸੁਣਦਿਆਂ ਦਿਲਚਸਪੀ ਜਾਗੀ ਤਾਂ ਮੈਂ ਲਗਾਤਾਰ ਤਿੰਨ ਕੁ ਗੀਤ ‘ਗੀਤ ਦੇ ਵਰਗੀ’, ‘ਇੱਕ ਦੋ ਗਜ਼ਲਾਂ’ ਤੇ ‘ਗਲਵਕੜੀ’ ਸੁਣੇ ਤਾਂ ਮਨ ਨੂੰ ਕਾਫੀ ਤਸੱਲੀ ਹੋਈ ਕਿ ਰਿਸ਼ਤਿਆਂ ਦੀ ਪਾਕੀਜ਼ਗੀ ਅਤੇ ਮੁਹੱਬਤ ਦੇ ਸਹਿਜ ਨੂੰ ਕਾਇਮ ਰੱਖਣ ਵਾਲੇ ਗੀਤ ਵੀ ਕੋਈ ਲਿਖ ਤੇ ਗਾ ਸਕਦਾ ਹੈ। ਸੁਣਨ ਵਾਲਿਆਂ ਵਿਚ ਵੀ ਚੇਤਨਾ ਪੈਦਾ ਕਰਨ ਦੀ ਲੋੜ ਹੈ, ਕਿਉਂਕਿ ਗਾਉਣ ਤੇ ਲਿਖਣ ਵਾਲੇ ਆਪਣੇ ‘ਚੱਕਵੇਂ’ ਗੀਤਾਂ ਲਈ ਸਰੋਤਿਆਂ ਨੂੰ ਹੀ ਜਿੰਮੇਵਾਰ ਠਹਿਰਾਉਂਦੇ ਹਨ। ਸਾਨੂੰ ਆਪਣੀ ਮਾਂ ਬੋਲੀ ਦੇ ਬਚਾਓ ਲਈ ਆਪ ਹੀ ਕੋਸ਼ਿਸ਼ ਕਰਨੀ ਪੈਣੀ ਹੈ, ਖਾਸ ਕਰਕੇ ਨੌਜੁਆਨ ਪੀੜ੍ਹੀ ਨੂੰ। ਪੰਜਾਬੀ ਤਾਂ ਜੰਮਦੇ ਵੀ ਗੀਤਾਂ ਵਿਚ ਹਨ ਅਤੇ ਮਰਦੇ ਵੀ ਗੀਤਾਂ ਵਿਚ, ਫਿਰ ਇਸ ਪਰੰਪਰਾ ਨੂੰ ਉਸਾਰੂ ਬਣਾਉਣ ਲਈ ਚੇਤੰਨ ਨੌਜੁਆਨ ਪੀੜ੍ਹੀ ਅੱਗੇ ਆਵੇ। ਆਪਣਾ ਕਾਜ ਆਪਣੇ ਹੱਥੀਂ ਹੀ ਸੁਆਰਨਾ ਪੈਂਦਾ ਹੈ।

# ਗੁਰਬਾਣੀ ਵਿਚ 'ਹਰਿਮੰਦਰੁ' ਦਾ ਸੰਕਲਪ

ਗੁਰਮਤਿ

ਹਰਿਮੰਦਰੁ:ਹਰਿ+ਮੰਦਰੁ=ਹਰੀ ਦਾ ਮੰਦਰੁ।

'ਹਰਿਮੰਦਰੁ' ਸ਼ਬਦ ਦੋ ਸ਼ਬਦਾਂ 'ਹਰਿ' ਅਤੇ 'ਮੰਦਰੁ' ਨੂੰ ਨਾਲ ਨਾਲ ਲਿਖ ਕੇ ਬਣਦਾ ਹੈ, ਭਾਵੇਂ ਇਹ ਦੋਵੇਂ ਸ਼ਬਦ ਆਜ਼ਾਦ ਰੂਪ ਵਿਚ ਵੀ ਵਰਤੇ ਗਏ ਹਨ। ਗੁਰਬਾਣੀ ਵਿਚ 'ਹਰਿ' ਸ਼ਬਦ ਮੁੱਖ ਤੌਰ 'ਤੇ ਕਰਤਾ ਪੁਰਖੁ ਲਈ ਵਰਤਿਆ ਗਿਆ ਹੈ, ਭਾਵੇਂ ਇਸ ਦੇ ਅਰਥ 'ਖੋਹ ਲੈਣਾ' ਜਾਂ 'ਦੂਰ ਕਰਨਾ' ਵੀ ਵਰਤੇ ਗਏ ਹਨ। ਦੋ ਪ੍ਰਮਾਣ ਹਨ,

**'ਹਰਿ' ਸ਼ਬਦ ਦੀ ਗੁਰਬਾਣੀ ਵਿਚ ਵਰਤੋਂ:**

(ੳ) ਹਰਿ ਕਾ ਨਾਮੁ ਰਿਦੈ ਨਿਤ ਧਿਆਈ॥ (ਗੁਰੂ ਗ੍ਰੰਥ ਸਾਹਿਬ, ਪੰਨਾ 394)

ਹਰਿ=ਕਰਤਾ ਪੁਰਖੁ।

(ਅ) ਕਹਿ ਕਬੀਰ ਬੁਧਿ ਹਰਿ ਲਈ ਮੇਰੀ ਬੁਧਿ ਬਦਲੀ ਸਿਧਿ ਪਾਈ॥ (ਪੰਨਾ 339)

ਬੁਧਿ ਹਰਿ ਲਈ=ਹਉਮੈ ਵਾਲੀ ਮੱਤ ਖੋਹ ਲਈ ਜਾਂ ਦੂਰ ਕਰ ਦਿੱਤੀ।

**ਮੰਦਰ ਸ਼ਬਦ ਦੀ ਵਰਤੋਂ:**

'ਮੰਦਰ' ਸ਼ਬਦ ਗੁਰਬਾਣੀ ਵਿਚ 'ਮੰਦਰੁ', 'ਮੰਦਰ' ਅਤੇ 'ਮੰਦਰਿ' ਰੂਪ ਵਿਚ ਵਰਤਿਆ ਗਿਆ ਹੈ। ਮੰਦਰੁ (ਪੁਲਿੰਗ ਇੱਕਵਚਨ, ਨਾਂਵ)

ਕਸ਼ਮੀਰਾ ਸਿੰਘ (ਪ੍ਰੋ.)
ਫੋਨ: 801-414-0171

ਮਹੱਲ, ਘਰ, ਸਰੀਰ ਜਾਂ ਟਿਕਾਣੇ ਦੀ ਥਾਂ। ਮੰਦਰ 'ਮੰਦਰੁ' ਦਾ ਬਹੁਵਚਨ, ਪੁਲਿੰਗ ਨਾਂਵ ਜਾਂ ਸਬੰਧ ਕਾਰਕ ਵਜੋਂ ਵਰਤੋਂ ਜਿਵੇਂ ਮੰਦਰ ਦਾ। ਮੰਦਰਿ (ਅਧਿਕਰਣ ਕਾਰਕ) ਮੰਦਰ ਵਿਚ।

**ਗੁਰਬਾਣੀ ਵਿਚ 'ਹਰਿਮੰਦਰੁ' ਦੇ ਕੀ ਅਰਥ ਹਨ?**

ਗੁਰਬਾਣੀ ਵਿਚ 'ਹਰਿਮੰਦਰੁ' ਸ਼ਬਦ ਧਰਤੀ ਉਤੇ ਬਣਾਏ ਗਏ ਕਿਸੇ ਅਸਥਾਨ ਲਈ ਨਹੀਂ ਵਰਤਿਆ ਗਿਆ। ਇਸ ਸ਼ਬਦ ਦੀ ਵਰਤੋਂ ਗੁਰੂ ਨਾਨਕ ਪਾਤਿਸ਼ਾਹ ਦੀ ਬਾਣੀ ਵਿਚ ਹੀ ਸ਼ੁਰੂ ਹੋ ਗਈ ਸੀ। ਇਸ ਸ਼ਬਦ ਦੇ ਅਰਥ ਸਮਝਣ ਲਈ ਹੇਠ ਲਿਖੇ ਪ੍ਰਮਾਣ ਧਿਆਨ ਗੋਚਰੇ ਕਰਨੇ ਜ਼ਰੂਰੀ ਹਨ,

**ਧੰਨੁ ਗੁਰੂ ਨਾਨਕ ਪਾਤਿਸ਼ਾਹ ਦੀ ਬਾਣੀ ਵਿਚ 'ਹਰਿਮੰਦਰੁ'**

ਮਹਲਾ 1 ਮਲਾਰ॥

(ੳ) ਕਾਇਆ ਮਹਲੁ ਮੰਦਰੁ ਘਰੁ ਹਰਿ ਕਾ
ਤਿਸੁ ਮਹਿ ਰਾਖੀ ਜੋਤਿ ਅਪਾਰ॥
(ਪੰਨਾ 1256)

ਅਰਥਾਤ ਕਾਇਆ ਹੀ ਹਰਿ ਕਾ ਮੰਦਰੁ (ਹਰਿਮੰਦਰ), ਮਹੱਲ ਅਤੇ ਘਰੁ ਹੈ, ਜਿਸ ਵਿਚ ਉਸ ਹਰੀ ਨੇ ਆਪਣੀ ਜੋਤਿ ਟਿਕਾਈ ਹੋਈ ਹੈ। ਹਰੀ ਦਾ ਵਾਸਾ ਹੋਣ ਕਰਕੇ ਕਾਇਆ ਹੀ 'ਹਰਿਮੰਦਰੁ' ਹੈ।

(ਅ) ਹਰਿ ਮੰਦਰਿ ਆਵੈ ਜਾ ਪ੍ਰਭ ਭਾਵੈ
ਧਨ ਊਭੀ ਗੁਣ ਸਾਰੀ॥ (ਪੰਨਾ 1107)

'ਮੰਦਰੁ' ਸ਼ਬਦ ਦਾ ਅਧਿਕਰਣ ਕਾਰਕ ਰੂਪ (ਮੰਦਰਿ) ਵਰਤਿਆ ਗਿਆ ਹੈ, ਅਰਥਾਤ ਜਦੋਂ ਪ੍ਰਭੂ ਨੂੰ ਚੰਗਾ ਲੱਗਦਾ ਹੈ ਤਾਂ ਉਹ ਜੀਵ ਇਸਤਰੀ ਦੇ ਹਿਰਦੇ ਘਰ (ਮੰਦਰ) ਵਿਚ ਆ ਟਿਕਦਾ ਹੈ ਅਤੇ ਜੀਵ ਇਸਤਰੀ (ਧਨ) ਉਤਾਵਲੀ ਹੋ ਕੇ ਉਸ ਹਰੀ ਦੇ ਗੁਣ ਗਾਉਂਦੀ ਹੈ।

(ੲ) ਸਾਕਤ ਠਉਰ ਨਾਹੀ ਹਰਿ ਮੰਦਰ
ਜਨਮ ਮਰੈ ਦੁਖੁ ਪਾਇਆ॥ (ਪੰਨਾ 143)

ਅਰਥਾਤ ਮਾਇਆ-ਵੇੜ੍ਹੇ ਪ੍ਰਾਣੀ ਨੂੰ 'ਹਰਿਮੰਦਰੁ' ਦੀ ਸੋਝੀ ਨਹੀਂ, ਭਾਵ, ਹਰੀ ਦੇ ਮੰਦਰ (ਮਹੱਲ) ਦੀ ਥਾਂ ਦੀ ਸੋਝੀ ਨਹੀਂ ਹੁੰਦੀ, ਜਿਸ ਕਾਰਨ ਉਹ ਜਨਮ-ਮਰਨ ਵਿਚ ਪਿਆ ਰਹਿੰਦਾ ਹੈ। ਹਰਿ ਮੰਦਰ ('ਹਰਿਮੰਦਰੁ' ਸਬੰਧ ਕਾਰਕ ਵਿਚ ਵਰਤਿਆਂ 'ਹਰਿਮੰਦਰ' ਬਣ ਜਾਂਦਾ ਹੈ) ਹਰੀ ਦੇ ਮੰਦਰ ਦੀ।

(ਸ) ਹਰਿ ਕਾ ਮੰਦਰੁ ਸੋਹਣਾ
ਕੀਆ ਕਰਣੈਹਾਰਿ॥ (ਪੰਨਾ 57)

ਅਰਥਾਤ ਸਰੀਰ ਹਰੀ ਦਾ ਮੰਦਰੁ ਹੈ, ਜਿਸ ਨੂੰ ਰਚਣਹਾਰੇ ਨੇ ਆਪ ਹੀ ਅਜਿਹਾ ਬਣਾਇਆ ਹੈ। ਕਰਣੈਹਾਰਿ (ਕਰਤਾ ਕਾਰਕ ਇੱਕਵਚਨ) ਰਚਣਹਾਰੇ ਨੇ।

**ਗੁਰੂ ਅਮਰਦਾਸ ਪਾਤਿਸ਼ਾਹ ਦੀ ਬਾਣੀ ਵਿਚ 'ਹਰਿਮੰਦਰੁ'**

ਰਾਮਕਲੀ ਕੀ ਵਾਰ ਮ: 3॥ ਪਉੜੀ॥

(ੳ) ਹਰਿ ਕਾ ਮੰਦਰੁ ਆਖੀਐ
ਕਾਇਆ ਕੋਟੁ ਗੜੁ॥ (ਪੰਨਾ 952)

ਅਰਥਾਤ ਕਾਇਆ ਨੂੰ ਹਰੀ ਦੇ ਰਹਿਣ ਵਾਸਤੇ ਕਿਲ੍ਹਾ ਅਤੇ ਮੰਦਰੁ (ਘਰ) ਆਖਿਆ ਜਾਂਦਾ ਹੈ। ਕੋਟੁ ਗੜੁ, ਕਿਲ੍ਹਾ।

(ਅ) ਹਰਿ ਕਾ ਮੰਦਰੁ ਸਰੀਰੁ ਅਤਿ ਸੋਹਣਾ
ਹਰਿ ਹਰਿ ਨਾਮੁ ਦਿੜੁ॥ (ਪੰਨਾ 952)

ਹਰਿ ਕਾ ਮੰਦਰੁ=ਹਰਿਮੰਦਰੁ। ਅਰਥਾਤ ਸਰੀਰ ਨੂੰ ਹੀ ਹਰੀ ਦਾ ਖ਼ੂਬਸੂਰਤ ਮੰਦਰ ਸਮਝ ਅਤੇ ਹਰੀ ਦੀ ਯਾਦ ਨੂੰ ਪੱਕਾ ਕਰ।

(ੲ) ਪਉੜੀ॥
ਹਰਿਮੰਦਰੁ ਸੋਈ ਆਖੀਐ
ਜਿਥਹੁ ਹਰਿ ਜਾਤਾ॥
ਮਨਮੁਖ ਹਰਿਮੰਦਰ ਕੀ ਸਾਰ ਨ ਜਾਣਨੀ
ਤਿਨੀ ਜਨਮੁ ਗਵਾਤਾ॥ (ਪੰਨਾ 953)

ਅਰਥਾਤ ਭਾਵੇਂ ਸਾਰੇ ਸਰੀਰ ਹੀ ਹਰੀ ਦੇ ਨਿਵਾਸ ਲਈ ਘਰ ਹਨ, ਪਰ ਅਸਲ ਵਿਚ ਉਹ ਸਰੀਰ ਹੀ ਅਸਲੀ 'ਹਰਿਮੰਦਰੁ' ਹੈ, ਜਿਸ ਰਾਹੀਂ ਕਰਤਾ ਪੁਰਖ ਦੀ ਪਛਾਣ ਅਤੇ ਉਸ ਨਾਲ ਸਾਂਝ ਬਣਦੀ ਹੈ। ਗੁਰੂ ਦੀ ਬਖਸ਼ੀ ਮੱਤ ਨੂੰ ਛੱਡ ਕੇ ਮਨ ਦੇ ਪਿੱਛੇ ਤੁਰਨ ਵਾਲੇ ਇਸ ਸਰੀਰ 'ਹਰਿਮੰਦਰੁ' ਦੀ ਕੀਮਤ ਨਾ ਜਾਣਦਿਆਂ ਆਪਣਾ ਜਨਮ ਅਜਾਈਂ ਬਿਤਾ ਜਾਂਦੇ ਹਨ।

ਹੇਠਾਂ ਨੰ. 1 ਤੋਂ 10 ਤਕ ਪ੍ਰਮਾਣ ਤੀਜੇ ਗੁਰੂ ਸਾਹਿਬ ਦੀ ਬਾਣੀ (ਪੰਨਾ 1346) 'ਚੋਂ ਹਨ,

(1) ਗੁਰ ਪਰਸਾਦੀ ਵੇਖੁ ਤੂ
ਹਰਿ ਮੰਦਰੁ ਤੇਰੈ ਨਾਲਿ॥

ਅਰਥਾਤ ਗੁਰੂ ਗਿਆਨ ਦੇ ਸਹਾਰੇ ਸੋਚ ਕੇ ਦੇਖ 'ਹਰਿਮੰਦਰੁ' (ਰੱਬ ਦਾ ਟਿਕਾਣਾ) ਤਾਂ ਤੇਰੇ ਅੰਦਰ ਹੀ ਹੈ।

ਕਿਸੇ ਸਿਆਣੇ ਨੇ ਕਿਹਾ ਹੈ,
ਦੇਖੀਂ ਨੀ ਦੇਖੀਂ ਅੜੀਏ
ਤੇਰੇ ਅੰਦਰ ਬੈਠਾ ਕਉਣ।
ਬਾਹਰ ਜਿਨ੍ਹਾਂ ਨੂੰ ਲੱਭਦੀ ਏਂ
ਕਿਤੇ ਓਹੀ ਸੱਜਣ ਨਾ ਹੋਣ!

(2) ਹਰਿ ਮੰਦਰੁ ਸਬਦੇ ਖੋਜੀਐ
ਹਰਿ ਨਾਮੋ ਲੇਹੁ ਸਮਾਲਿ॥

ਅਰਥਾਤ ਹਰੀ ਨਾਮ ਦੀ ਯਾਦ ਬਣਾਈ ਰੱਖ ਅਤੇ ਗੁਰੂ ਦੇ ਸ਼ਬਦ ਦੀ ਰੋਸ਼ਨੀ ਵਿਚ 'ਹਰਿਮੰਦਰੁ' ਆਪਣੇ ਅੰਦਰੋਂ ਲੱਭ। ਇਹ ਕੋਈ ਇੱਟਾਂ, ਵੱਟਿਆਂ ਦਾ ਕੋਠਾ ਜਾਂ ਮਹੱਲ ਨਹੀਂ, ਜੋ ਬਾਹਰ ਬਣਿਆ ਹੋਇਆ ਦਿਸਦਾ ਹੈ।

(3) ਹਰਿ ਮੰਦਰੁ ਏਹੁ ਸਰੀਰੁ ਹੈ
ਗਿਆਨਿ ਰਤਨਿ ਪਰਗਟੁ ਹੋਇ॥
ਮਨਮੁਖ ਮੂਲੁ ਨ ਜਾਣਨੀ
ਮਾਣਸਿ ਹਰਿ ਮੰਦਰੁ ਨ ਹੋਇ॥

ਅਰਥਾਤ ਮਨੁੱਖੀ ਸਰੀਰ ਹੀ 'ਹਰਿਮੰਦਰੁ' ਹੈ, ਜਿਸ ਦੀ ਸੂਝ ਗੁਰੂ ਬਖਸ਼ੇ ਗਿਆਨ ਰਾਹੀਂ ਹੁੰਦੀ ਹੈ। ਮਨਮੁਖ ਰੱਬ ਨਾਲ ਸਾਂਝ ਨਹੀਂ ਬਣਾਉਂਦੇ ਅਤੇ ਤਾਂ ਹੀ ਉਹ ਆਖਦੇ ਫਿਰਦੇ ਹਨ ਕਿ 'ਹਰਿਮੰਦਰੁ' (ਰੱਬ ਦਾ ਘਰੁ) ਮਨੁੱਖ ਦੇ ਅੰਦਰ ਨਹੀਂ ਹੋ ਸਕਦਾ। ਮਾਣਸਿ (ਅਧਿਕਰਣ ਕਾਰਕ)-ਮਨੁੱਖੀ ਸਰੀਰ ਵਿਚ।

(4) ਹਰਿ ਮੰਦਰੁ ਹਰਿ ਜੀਉ ਸਾਜਿਆ
ਰਖਿਆ ਹੁਕਮਿ ਸਵਾਰਿ॥

ਅਰਥਾਤ ਮਨੁੱਖਾ ਸਰੀਰ ਨੂੰ ਹਰੀ ਨੇ ਆਪ ਹੀ 'ਹਰਿਮੰਦਰੁ' ਬਣਾ ਕੇ ਸਜਾ-ਸੰਵਾਰ ਕੇ ਰੱਖਿਆ ਹੋਇਆ ਹੈ।

(5) ਹਰਿ ਮੰਦਰੁ ਸਬਦੇ ਸੋਹਣਾ
ਕੰਚਨੁ ਕੋਟੁ ਅਪਾਰ॥

ਅਰਥਾਤ ਗੁਰੂ ਸ਼ਬਦ ਦੀ ਬਰਕਤ ਨਾਲ ਜਿਸ ਨੇ ਵੀ ਸਰੀਰ 'ਹਰਿਮੰਦਰੁ' ਨੂੰ ਆਤਮਕ ਤੌਰ 'ਤੇ ਸੁੰਦਰ ਬਣਾ ਲਿਆ, ਉਸ ਦਾ ਇਹ 'ਹਰਿਮੰਦਰੁ' ਮਾਨੋ ਅਪਾਰ (ਬੇਅੰਤ) ਹਰੀ ਨਿਵਾਸ ਲਈ ਸੋਨੇ ਦਾ ਕਿਲ੍ਹਾ ਹੀ ਬਣ ਗਿਆ।

(6) ਹਰਿ ਮੰਦਰੁ ਏਹੁ ਜਗਤੁ ਹੈ
ਗੁਰ ਬਿਨੁ ਘੋਰੰਧਾਰ॥

ਅਰਥਾਤ ਇਹ ਸਾਰਾ ਜਗਤ ਵੀ ਹਰੀ ਦਾ ਮੰਦਰੁ ਹੀ ਹੈ, ਪਰ ਗੁਰੂ ਬਖ਼ਸ਼ੀ ਆਤਮਕ ਜੀਵਨ ਦੀ ਸੂਝ ਤੋਂ ਬਿਨਾ ਮਨ ਵਿਚ ਅਗਿਆਨਤਾ ਦਾ ਹਨੇਰਾ ਹੀ ਬਣਿਆ ਰਹਿੰਦਾ ਹੈ ਅਤੇ ਇਸ ਭੇਤ ਦਾ (ਹਰਿ ਮੰਦਰ ਦਾ) ਪਤਾ ਨਹੀਂ ਲੱਗਦਾ।

(7) ਹਰਿ ਮੰਦਰ ਮਹਿ ਨਾਮੁ ਨਿਧਾਨੁ ਹੈ
ਨਾ ਬੂਝਹਿ ਮੁਗਧ ਗਵਾਰ॥
ਗੁਰ ਪਰਸਾਦੀ ਚੀਨਿਆ
ਹਰਿ ਰਾਖਿਆ ਉਰਿ ਧਾਰਿ॥

ਅਰਥਾਤ ਇਸ ਸਰੀਰ 'ਹਰਿਮੰਦਰੁ' ਵਿਚ ਨਾਮ ਦਾ ਖਜਾਨਾ ਹੈ, ਪਰ ਮੂਰਖਾਂ ਨੂੰ ਇਸ ਭੇਤ ਦਾ ਪਤਾ ਨਹੀਂ ਲੱਗਦਾ। ਗੁਰੂ-ਸ਼ਬਦ ਦੇ ਗਿਆਨ ਨਾਲ ਜਿਸ ਨੇ ਇਹ ਭੇਤ ਸਮਝਿਆ, ਉਸ ਨੇ ਇਸ ਖਜਾਨੇ ਦੀ ਸੰਭਾਲ ਦਾ ਉਦਮ ਕੀਤਾ ਹੈ।

(8) ਹਰਿ ਮੰਦਰੁ ਹਰਿ ਕਾ ਹਾਟੁ ਹੈ
ਰਖਿਆ ਸਬਦਿ ਸਵਾਰਿ॥
ਤਿਸੁ ਵਿਚਿ ਸਉਦਾ ਏਕੁ ਨਾਮੁ
ਗੁਰਮੁਖਿ ਲੈਨਿ ਸਵਾਰਿ॥

ਅਰਥਾਤ ਇਹ ਸਰੀਰ ਹਰੀ ਦਾ ਮੰਦਰ ਹੈ ਅਤੇ ਇਹ ਹਰੀ ਦੇ ਨਾਮ ਦਾ ਹੱਟ ਹੈ। ਇਸ ਸਰੀਰ 'ਹਰਿਮੰਦਰੁ' ਨੂੰ ਗੁਰੂ ਦੇ ਸ਼ਬਦ ਦੇ ਗਿਆਨ ਨਾਲ ਆਤਮਕ ਤੌਰ 'ਤੇ ਸੰਵਾਰ ਕੇ ਰੱਖਿਆ ਜਾ ਸਕਦਾ ਹੈ। ਇਸ ਸਰੀਰ ਹੱਟ ਵਿਚ ਨਾਮ ਦਾ ਸੌਦਾ ਪਿਆ ਹੈ, ਜਿਸ ਨੂੰ ਗੁਰੂ ਦੇ ਸਨਮੁਖ ਰਹਿਣ ਵਾਲੇ ਹੀ ਵਣਜਦੇ ਹਨ।

(9) ਹਰਿ ਮੰਦਰ ਮਹਿ ਮਨੁ ਲੋਹਟੁ ਹੈ
ਮੋਹਿਆ ਦੂਜੈ ਭਾਇ॥
ਪਾਰਸਿ ਭੇਟਿਐ ਕੰਚਨੁ ਭਇਆ
ਕੀਮਤਿ ਕਹੀ ਨ ਜਾਇ॥

ਅਰਥਾਤ ਸਰੀਰ ਹਰੀ ਦਾ ਮੰਦਰ ਹੈ। ਮੋਹ ਮਾਇਆ ਵਿਚ ਫਸਿਆ ਮਨ ਇਸ ਹਰੀ ਦੇ ਮੰਦਰ ਵਿਚ ਲੋਹਾ ਹੀ ਬਣਿਆ ਰਹਿੰਦਾ ਹੈ। ਜੇ ਗੁਰੂ ਪਾਰਸ ਤੋਂ ਗਿਆਨ ਦਾ ਚਾਨਣ ਲੈ ਲਿਆ ਜਾਵੇ ਤਾਂ ਇਹ ਮਨ ਲੋਹੇ ਤੋਂ ਸੋਨਾ (ਮੰਦੇ ਤੋਂ ਚੰਗਾ) ਕੀਮਤੀ ਬਣ ਸਕਦਾ ਹੈ।

(10) ਹਰਿ ਮੰਦਰ ਮਹਿ ਹਰਿ ਵਸੈ
ਸਰਬ ਨਿਰੰਤਰਿ ਸੋਇ॥
ਨਾਨਕ ਗੁਰਮੁਖਿ ਵਣਜੀਐ
ਸਚਾ ਸਉਦਾ ਹੋਇ॥

ਅਰਥਾਤ ਜਿਹੜਾ ਹਰੀ ਸਰਬ ਨਿਵਾਸੀ ਹੈ, ਉਹ ਸਰੀਰ 'ਹਰਿਮੰਦਰੁ' ਵਿਚ ਵੀ ਵਸਦਾ ਹੈ। ਗੁਰੂ ਦੇ ਗਿਆਨ ਰਾਹੀਂ ਹੀ ਇਸ ਸਰੀਰ ਵਿਚ ਸਦਾ ਕਾਇਮ ਰਹਿਣ ਵਾਲਾ ਨਾਮ ਦਾ ਸਉਦਾ ਵਣਜਿਆ ਜਾ ਸਕਦਾ ਹੈ।

'ਹਰਿਮੰਦਰੁ'=ਹਰੀ ਦਾ ਘਰੁ। ਹਰਿਮੰਦਰ ਮਹਿ=ਹਰੀ ਦੇ ਘਰ ਵਿਚ।

'ਹਰਿਮੰਦਰ ਮਹਿ' ਵਿਚ ਸ਼ਬਦ 'ਹਰਿਮੰਦਰੁ' ਹੀ ਹੈ ਪਰ 'ਮਹਿ' ਸੰਬੰਧਕ ਦੇ ਕਾਰਨ 'ਰੁ' ਤੋਂ 'ਰ' ਧੁਨੀ ਹੋ ਗਈ ਹੈ।

(11) ਹਰਿ ਮੰਦਰੁ ਹਰਿ ਸਾਜਿਆ
ਹਰਿ ਵਸੈ ਜਿਸੁ ਨਾਲਿ॥ (ਪੰਨਾ 1418)

ਅਰਥਾਤ ਮਨੁੱਖੀ ਸਰੀਰ ਨੂੰ ਹਰੀ ਨੇ ਆਪਣਾ ਮੰਦਰੁ ਆਪ ਹੀ ਬਣਾਇਆ ਹੈ, ਜਿਸ ਵਿਚ ਉਹ ਆਪ ਨਿਵਾਸ ਕਰਦਾ ਹੈ।

(12) ਕਾਇਆ ਹਰਿ ਮੰਦਰੁ
ਹਰਿ ਆਪਿ ਸਵਾਰੇ॥
ਤਿਸੁ ਵਿਚਿ ਹਰਿ ਜੀਉ ਵਸੈ ਮੁਰਾਰੇ॥
ਗੁਰ ਕੈ ਸਬਦਿ ਵਣਜਨਿ ਵਾਪਾਰੀ
ਨਦਰੀ ਆਪਿ ਮਿਲਾਇਦਾ॥ (ਪੰਨਾ 1059)

ਅਰਥਾਤ ਸਰੀਰ ਹਰੀ ਦਾ ਮੰਦਰੁ ਹੈ, ਜਿਸ ਨੂੰ ਹਰੀ ਨੇ ਆਪ ਹੀ ਆਪਣੇ ਬੈਠਣ ਲਈ ਸੰਵਾਰਿਆ ਹੈ। ਗੁਰੂ ਦੇ ਸ਼ਬਦ ਦੇ ਗਿਆਨ ਰਾਹੀਂ ਜੋ ਹਰੀ ਨਾਮ ਦਾ ਵਪਾਰ ਇਸ ਸਰੀਰ ਵਿਚ ਕਰਦੇ ਹਨ, ਉਨ੍ਹਾਂ ਨੂੰ ਹਰੀ ਆਪਣੀ ਯਾਦ ਬਖਸ਼ ਦਿੰਦਾ ਹੈ।

**ਗੁਰੂ ਰਾਮਦਾਸ ਜੀ ਦੀ ਬਾਣੀ ਵਿਚ 'ਹਰਿਮੰਦਰੁ'**

'ਹਰਿ' ਅਤੇ 'ਮੰਦਰੁ' ਸ਼ਬਦ ਇਕੱਠੇ ਵਰਤੇ ਹੋਏ ਨਹੀਂ ਮਿਲਦੇ, ਪਰ ਮੰਦਰ ਸ਼ਬਦ ਦੀ ਵਰਤੋਂ ਕੀਤੀ ਮਿਲਦੀ ਹੈ, ਜਿਸ ਤੋਂ 'ਹਰਿਮੰਦਰੁ' ਸ਼ਬਦ ਦੇ ਅਰਥਾਂ ਦਾ ਬੋਧ ਜ਼ਰੂਰ ਹੋ ਜਾਂਦਾ ਹੈ ਕਿ ਇਹ ਕੋਈ ਧਰਤੀ ਉਤੇ ਬਣਿਆ ਇੱਟਾਂ, ਪੱਥਰਾਂ ਦਾ ਕੋਠਾ ਨਹੀਂ, ਸਗੋਂ ਸਰੀਰ ਹੀ ਹਰੀ ਦਾ ਮੰਦਰ ਹੈ। ਪ੍ਰਮਾਣ ਵਜੋਂ,

(ੳ) ਰਾਮ ਨਾਮੁ ਰਤਨ ਕੋਠੜੀ
ਗੜ ਮੰਦਰਿ ਏਕ ਲੁਕਾਨੀ॥
ਸਤਿਗੁਰੁ ਮਿਲੈ ਤ ਖੋਜੀਐ
ਮਿਲਿ ਜੋਤੀ ਜੋਤਿ ਸਮਾਨੀ॥ (ਪੰਨਾ 1178)

ਅਰਥ ਵਿਚਾਰ: ਰਤਨ ਕੋਠੜੀ=ਵਧੀਆ ਆਤਮਕ ਗੁਣਾਂ ਦਾ ਖਜਾਨਾ। ਗੜ ਮੰਦਰਿ=ਸਰੀਰ ਕਿਲ੍ਹੇ (ਮੰਦਰ) ਵਿਚ। ਲੁਕਾਨੀ= ਗੁਪਤ ਹੈ। ਇਸ ਖਜਾਨੇ ਦੀ ਖੋਜ ਗੁਰੂ ਦੇ ਬਖਸ਼ੇ ਸ਼ਬਦ-ਗਿਆਨ ਨਾਲ ਕੀਤੀ ਜਾ ਸਕਦੀ ਹੈ ਅਤੇ ਜਿੰਦ ਰੱਬੀ ਜੋਤਿ ਵਿਚ ਲੀਨ ਹੋ ਸਕਦੀ ਹੈ।

(ਅ) ਮਨੁ ਖਿਨੁ ਖਿਨੁ ਭਰਮਿ
ਭਰਮਿ ਬਹੁ ਧਾਵੈ
ਤਿਲੁ ਘਰਿ ਨਹੀ ਵਾਸਾ ਪਾਈਐ॥
ਗੁਰਿ ਅੰਕਸੁ ਸਬਦੁ ਦਾਰੂ ਸਿਰਿ ਧਾਰਿਓ
ਘਰਿ ਮੰਦਰਿ ਆਣਿ ਵਸਾਈਐ॥
(ਪੰਨਾ 1179)

ਅਰਥ ਵਿਚਾਰ: ਘਰਿ=ਸਰੀਰ ਘਰ ਵਿਚ। ਘਰਿ ਮੰਦਰਿ= ਸਰੀਰ ਮੰਦਰ ਵਿਚ। ਮਨ ਭਟਕਦਾ ਰਹਿੰਦਾ ਹੈ ਅਤੇ ਸਰੀਰ ਘਰ ਵਿਚ ਟਿਕਿਆ ਨਹੀਂ ਰਹਿੰਦਾ। ਗੁਰੂ ਨੇ (ਗੁਰਿ-ਅਧਿਕਰਣ ਕਾਰਕ) ਜਿਸ ਦੇ ਸਿਰ ਉਤੇ ਸ਼ਬਦ ਦਾ ਅੰਕੁਸ਼ ਰੱਖ ਦਿੱਤਾ, ਉਸ ਦੇ ਮਨ ਨੂੰ ਗੁਰੂ ਜੀ ਨੇ ਸਰੀਰ ਮੰਦਰ ਵਿਚ ਟਿਕਾ ਦਿੱਤਾ।

(ੲ) ਜਿਤੁ ਗ੍ਰਿਹਿ ਮੰਦਰਿ ਹਰਿ ਹੋਤੁ ਜਾਸੁ
ਤਿਤੁ ਘਰਿ ਆਨਦੋ ਆਨੰਦੁ
ਭਜੁ ਰਾਮ ਰਾਮ ਰਾਮ॥ (ਪੰਨਾ 1297)

ਅਰਥ ਵਿਚਾਰ: ਗ੍ਰਿਹਿ= (ਅਧਿਕਰਣ ਕਾਰਕ) ਸਰੀਰ ਘਰ ਵਿਚ। ਮੰਦਰਿ= (ਅਧਿਕਰਣ ਕਾਰਕ) ਸਰੀਰ ਮੰਦਰ ਵਿਚ। ਜਿਸ ਸਰੀਰ ਮੰਦਰ (ਘਰ) ਵਿਚ ਹਰੀ ਦੀ ਸਿਫਤਿ ਹੁੰਦੀ ਹੈ, ਉਸ ਸਰੀਰ ਮੰਦਰ 'ਚ ਆਤਮਕ ਖੇੜਾ ਬਣਿਆ ਰਹਿੰਦਾ ਹੈ।

(ਸ) ਕਾਇਆ ਨਗਰਿ ਵਸਿਓ ਘਰਿ ਮੰਦਰਿ
ਜਪਿ ਸੋਭਾ ਗੁਰਮੁਖਿ ਕਰਪਰਾ॥
ਹਲਤਿ ਪਲਤਿ ਜਨ ਭਏ ਸੁਹੇਲੇ
ਮੁਖ ਊਜਲ ਗੁਰਮੁਖਿ ਤਰਫਾ॥

**ਅਰਥ ਵਿਚਾਰ:** ਕਾਇਆ ਨਗਰਿ=ਸਰੀਰ ਨਗਰ ਵਿਚ। ਘਰਿ ਮੰਦਰਿ=ਸਰੀਰ ਮੰਦਰ ਵਿਚ। ਕਰਪਰਾ=ਕਰਦੇ ਹਨ। ਤਰਫਾ=ਤਰਦੇ ਹਨ। ਸਰੀਰ ਮੰਦਰ ਵਿਚ ਹਰੀ ਵਸਦਾ ਹੈ, ਪਰ ਗੁਰੂ ਸਨਮੁਖੀਏ ਹੀ ਹਰੀ ਦੀ ਸ਼ੋਭਾ ਕਰਦੇ ਹਨ। ਐਸੇ ਗੁਰਮੁਖ ਲੋਕ-ਪ੍ਰਲੋਕ ਵਿਚ ਉਜਲ ਮੁੱਖ ਨਾਲ ਸੁਖੀ ਰਹਿੰਦੇ ਹਨ ਅਤੇ ਭਵਸਾਗਰ ਤਰ ਜਾਂਦੇ ਹਨ।

**ਗੁਰੂ ਅਰਜਨ ਦੇਵ ਜੀ ਦੀ ਬਾਣੀ ਵਿਚ 'ਹਰਿਮੰਦਰੁ'**

(ੳ) ਹਰਿਮੰਦਰੁ ਹਰਿ ਜੀਉ ਸਾਜਿਆ
ਮੇਰੇ ਲਾਲ ਜੀਉ
ਹਰਿ ਤਿਸੁ ਮਹਿ ਰਹਿਆ ਸਮਾਏ ਰਾਮ॥
(ਪੰਨਾ 542)

**ਅਰਥ ਵਿਚਾਰ:** ਉਕਤ "ਹਰਿ ਮੰਦਰੁ ਹਰਿ ਸਾਜਿਆ ਹਰਿ ਵਸੈ ਜਿਸੁ ਨਾਲਿ॥" (ਪੰਨਾ 1418) ਤੀਜੇ ਪਾਤਿਸ਼ਾਹ ਵਲੋਂ ਲਿਖੀ ਪੰਕਤੀ ਪੰਜਵੇਂ ਗੁਰੂ ਜੀ ਵਲੋਂ ਲਿਖੀ ਪੰਕਤੀ ਨਾਲ ਮੇਲ ਖਾਂਦੀ ਹੈ ਅਤੇ ਅਰਥ ਦੋਹਾਂ ਪੰਕਤੀਆਂ ਦੇ ਇੱਕੋ ਜਿਹੇ ਹੀ ਹਨ।

(ਅ) ਹਰਿ ਜਪੇ ਹਰਿਮੰਦਰੁ ਸਾਜਿਆ
ਸੰਤ ਭਗਤ ਗੁਣ ਗਾਵਹਿ ਰਾਮ॥
(ਪੰਨਾ 781)

ਅਰਥਾਤ ਮਨੁੱਖ ਦਾ ਇਹ ਸਰੀਰ ਰੂਪੀ ਘਰ (ਹਰਿਮੰਦਰੁ) ਹਰੀ ਨੇ ਨਾਮ ਜਪਣ ਲਈ ਬਣਾਇਆ ਹੈ। ਇਸ ਸਰੀਰ ਘਰ ਵਿਚ ਸੰਤ ਅਤੇ ਭਗਤ ਜਨ ਹਰੀ ਦੇ ਗੁਣ ਗਾਉਂਦੇ ਰਹਿੰਦੇ ਹਨ। ਹਰਿ ਜਪੇ= ਹਰੀ ਦਾ ਨਾਮ ਜਪਣ ਲਈ।

(ੲ) ਹਰਿ ਕਾ ਮੰਦਰੁ ਤਿਸੁ ਮਹਿ ਲਾਲੁ॥
ਗੁਰਿ ਖੋਲਿਆ ਪੜਦਾ ਦੇਖਿ ਭਈ ਨਿਹਾਲੁ॥
(ਪੰਨਾ 801)

ਅਰਥਾਤ ਸਰੀਰ ਹਰੀ ਦਾ ਨਿਵਾਸ ਅਸਥਾਨ ਹੈ, ਜਿਸ ਵਿਚ ਉਹ ਕੀਮਤੀ ਲਾਲ ਹਰੀ ਵਸਦਾ ਹੈ। ਜਦੋਂ ਗੁਰੂ ਜੀ ਜੀਵ ਇਸਤਰੀ ਦੇ ਭਰਮ ਭੁਲੇਖੇ ਦਾ ਪਰਦਾ ਖੋਲ੍ਹਦੇ ਹਨ ਤਾਂ ਸਰੀਰ ਦੇ ਅੰਦਰੋਂ ਹੀ ਇੱਥੇ ਵਸਦੇ ਲਾਲ ਨੂੰ ਸੁਰਤੀ ਦੀਆਂ ਅੱਖਾਂ ਨਾਲ ਦੇਖ ਕੇ ਉਹ ਨਿਹਾਲ ਹੋ ਜਾਂਦੀ ਹੈ।

(ਸ) ਕਰਿ ਅਪੁਨੀ ਦਾਸੀ ਮਿਟੀ ਉਦਾਸੀ
ਹਰਿ ਮੰਦਰਿ ਥਿਤਿ ਪਾਈ॥ (ਪੰਨਾ 782)

ਅਰਥਾਤ ਹਰੀ ਨੇ ਜੀਵ ਇਸਤਰੀ ਨੂੰ ਆਪਣੀ ਦਾਸੀ ਬਣਾ ਕੇ ਉਸ ਦੇ ਅੰਦਰੋਂ ਮੋਹ ਮਾਇਆ ਦੀ ਭਟਕਣਾ ਮਿਟਾ ਦਿੱਤੀ। ਉਸ ਜੀਵ ਇਸਤਰੀ ਨੇ ਹਰੀ ਦੇ ਬਣਾਏ ਇਸ ਸਰੀਰ-ਮੰਦਰ ਵਿਚ ਹੀ ਟਿਕਾਓ ਬਣਾ ਲਿਆ। ਮੰਦਰਿ= (ਅਧਿਕਰਣ ਕਾਰਕ) ਸਰੀਰ-ਮੰਦਰ ਵਿਚ।

ਸੋ, ਗੁਰਬਾਣੀ ਅਨੁਸਾਰ 'ਹਰਿਮੰਦਰੁ' ਕਿਸੇ ਇਮਾਰਤ ਦਾ ਨਾਂ ਨਹੀਂ ਹੈ। ਅਰਥ ਹੈ, ਸਰੀਰ ਹੀ ਹਰੀ ਦਾ ਮੰਦਰੁ (ਟਿਕਾਣਾ) ਜਾਂ ਘਰ ਹੈ।

# ਹਰਿ ਸਿਮਰਤ ਤੇਰੀ ਲਾਜ ਰਹੈ

ਗੁਰਬਾਣੀ ਗਿਆਨ

**ਰਾਮਕਲੀ ਮਹਲਾ ੫**

ਤੇਰੈ ਕਾਜਿ ਨ ਗ੍ਰਿਹੁ ਰਾਜੁ ਮਾਲੁ॥
ਤੇਰੈ ਕਾਜਿ ਨ ਬਿਖੈ ਜੰਜਾਲੁ॥
ਇਸਟ ਮੀਤ ਜਾਣੁ ਸਭ ਛਲੈ॥
ਹਰਿ ਹਰਿ ਨਾਮੁ ਸੰਗਿ ਤੇਰੈ ਚਲੈ॥
ਰਾਮ ਨਾਮ ਗੁਣ ਗਾਇ ਲੇ ਮੀਤਾ
ਹਰਿ ਸਿਮਰਤ ਤੇਰੀ ਲਾਜ ਰਹੈ॥
ਹਰਿ ਸਿਮਰਤ ਜਮੁ ਕਛੁ ਨ ਕਹੈ॥ ਰਹਾਉ॥
ਬਿਨੁ ਹਰਿ ਸਗਲ ਨਿਰਾਰਥ ਕਾਮ॥
ਸੁਇਨਾ ਰੁਪਾ ਮਾਟੀ ਦਾਮ॥
ਗੁਰ ਕਾ ਸਬਦੁ ਜਾਪਿ ਮਨ ਸੁਖਾ॥
ਈਹਾ ਊਹਾ ਤੇਰੋ ਊਜਲ ਮੁਖਾ॥
ਕਰਿ ਕਰਿ ਥਾਕੇ ਵਡੇ ਵਡੇਰੇ॥
ਕਿਨ ਹੀ ਨ ਕੀਏ ਕਾਜਿ ਮਾਇਆ ਪੂਰੇ॥
ਹਰਿ ਹਰਿ ਨਾਮੁ ਜਪੈ ਜਨੁ ਕੋਇ॥
ਤਾ ਕੀ ਆਸਾ ਪੂਰਨ ਹੋਇ॥
ਹਰਿ ਭਗਤਨ ਕੋ ਨਾਮੁ ਅਧਾਰੁ॥
ਸੰਤੀ ਜੀਤਾ ਜਨਮੁ ਅਪਾਰੁ॥
ਹਰਿ ਸੰਤੁ ਕਰੇ ਸੋਈ ਪਰਵਾਣੁ॥
ਨਾਨਕ ਦਾਸੁ ਤਾ ਕੈ ਕੁਰਬਾਣੁ॥

ਗੁਰੂ ਅਰਜਨ ਦੇਵ ਜੀ ਇਸ ਪਾਵਨ ਸ਼ਬਦ ਦੀ ਰਹਾਉ ਦੀ ਪੰਕਤੀ ਵਿਚ ਆਖਦੇ ਹਨ, ਹੇ ਮੇਰੇ ਪਿਆਰੇ ਮਿੱਤਰ ਤੂੰ ਇਸ ਜੀਵਨ ਵਿਚ ਪ੍ਰਭੂ ਦੇ ਗੁਣਾਂ ਦਾ ਗਾਇਨ ਕਰਿਆ ਕਰ; ਉਸ ਦਾ ਨਾਮ ਸਿਮਰਿਆਂ ਹੀ ਲੋਕ-ਪਰਲੋਕ ਵਿਚ ਤੇਰੀ ਇੱਜਤ ਰਹਿ ਸਕਦੀ ਹੈ। ਪ੍ਰਭੂ ਦੇ ਨਾਮ ਦਾ ਸਿਮਰਨ ਕੀਤਿਆਂ ਜਮਰਾਜ ਵੀ ਕੁਝ ਨਹੀਂ ਆਖ ਸਕਦਾ।

ਤੇਰੈ ਕਾਜਿ ਨ ਗ੍ਰਿਹੁ ਰਾਜੁ ਮਾਲੁ॥
ਤੇਰੈ ਕਾਜਿ ਨ ਬਿਖੈ ਜੰਜਾਲੁ॥
ਇਸਟ ਮੀਤ ਜਾਣੁ ਸਭ ਛਲੈ॥
ਹਰਿ ਹਰਿ ਨਾਮੁ ਸੰਗਿ ਤੇਰੈ ਚਲੈ॥

ਗੁਰਦੇਵ ਆਖਦੇ ਹਨ, ਇਹ ਘਰ, ਹਕੂਮਤ, ਧਨ ਦੌਲਤਾਂ-ਇਨ੍ਹਾਂ ਵਿਚੋਂ ਕੋਈ ਵੀ ਵਸਤੂ ਤੇਰੇ ਆਤਮਕ ਜੀਵਨ ਵਿਚ ਕੰਮ ਨਹੀਂ ਆ ਸਕਦੀ ਤੇ ਨਾ ਹੀ ਕੋਈ ਲਾਭ ਦੇ ਸਕਦੀ ਹੈ। ਤੂੰ ਯਾਦ ਰੱਖ ਤੇਰੇ ਇਹ ਪਿਆਰੇ ਮਿੱਤਰ ਵੀ ਤੇਰੇ ਲਈ ਛਲ ਰੂਪ ਹੀ ਹਨ। ਸਿਰਫ ਮਿਹਰਬਾਨ ਪ੍ਰਭੂ ਪਿਤਾ ਦਾ ਨਾਮ ਹੀ ਤੇਰੇ ਨਾਲ ਚਲੇਗਾ।

ਬਿਨੁ ਹਰਿ ਸਗਲ ਨਿਰਾਰਥ ਕਾਮ॥
ਸੁਇਨਾ ਰੁਪਾ ਮਾਟੀ ਦਾਮ॥
ਗੁਰ ਕਾ ਸਬਦੁ ਜਾਪਿ ਮਨ ਸੁਖਾ॥
ਈਹਾ ਊਹਾ ਤੇਰੋ ਊਜਲ ਮੁਖਾ॥

ਪ੍ਰਭੂ ਦੇ ਨਾਮ ਤੋਂ ਬਿਨਾ ਸਾਰੇ ਹੀ ਕੰਮ ਵਿਅਰਥ ਹੋ ਜਾਂਦੇ ਹਨ; ਜੇ ਤੂੰ ਉਸ ਪਰਮਾਤਮਾ ਦਾ ਨਾਮ ਸਿਮਰਨ ਨਹੀਂ ਕਰਦਾ ਤਾਂ ਸੋਨਾ, ਚਾਂਦੀ, ਰੁਪਿਆ ਪੈਸਾ ਮਿੱਟੀ ਸਮਾਨ ਹੈ। ਹੇ ਮਿੱਤਰ! ਗੁਰੂ ਦੇ ਸ਼ਬਦ ਦਾ ਜਾਪ ਕਰਦਾ ਰਿਹਾ ਕਰ, ਤੇਰੇ ਮਨ ਨੂੰ ਸੁਖ ਅਨੰਦ ਮਿਲੇਗਾ। ਇਸ ਨਾਲ ਲੋਕ-ਪਰਲੋਕ ਵਿਚ ਤੇਰਾ ਮੁਖ ਉਜਲਾ ਹੋਵੇਗਾ।

ਕਰਿ ਕਰਿ ਥਾਕੇ ਵਡੇ ਵਡੇਰੇ॥
ਕਿਨ ਹੀ ਨ ਕੀਏ ਕਾਜਿ ਮਾਇਆ ਪੂਰੇ॥
ਹਰਿ ਹਰਿ ਨਾਮੁ ਜਪੈ ਜਨੁ ਕੋਇ॥
ਤਾ ਕੀ ਆਸਾ ਪੂਰਨ ਹੋਇ॥

ਹੇ ਮਿੱਤਰ! ਤੇਰੇ ਵਡੇ ਵਡੇਰੇ ਵੀ ਮਾਇਆ ਦੇ ਧੰਦੇ ਕਰਦੇ ਹੀ ਥੱਕ ਗਏ, ਪਰ ਉਨ੍ਹਾਂ ਦੀ ਵੀ ਤ੍ਰਿਸ਼ਨਾ ਪੂਰੀ ਨਾ ਹੋਈ। ਜੋ ਕੋਈ ਵਿਰਲਾ ਵਡਭਾਗਾ ਮਨੁੱਖ ਪ੍ਰਭੂ ਦਾ ਨਾਮ ਜਪਦਾ ਹੈ, ਉਸ ਦੀ ਤ੍ਰਿਸ਼ਨਾ ਮੁਕ ਜਾਂਦੀ ਹੈ।

ਹਰਿ ਭਗਤਨ ਕੋ ਨਾਮੁ ਅਧਾਰੁ॥
ਸੰਤੀ ਜੀਤਾ ਜਨਮੁ ਅਪਾਰੁ॥
ਹਰਿ ਸੰਤੁ ਕਰੇ ਸੋਈ ਪਰਵਾਣੁ॥
ਨਾਨਕ ਦਾਸੁ ਤਾ ਕੈ ਕੁਰਬਾਣੁ॥

ਸ਼ਬਦ ਦੇ ਅਖੀਰ ਵਿਚ ਗੁਰਦੇਵ ਜੀ ਆਖਦੇ ਹਨ, ਪਰਮਾਤਮਾ ਦੇ ਭਗਤ ਜਨਾਂ ਵਾਸਤੇ ਪ੍ਰਭੂ ਦਾ ਨਾਮ ਹੀ ਉਨ੍ਹਾਂ ਦੇ ਜੀਵਨ ਦਾ ਆਸਰਾ ਹੁੰਦਾ ਹੈ; ਤਾਂ ਹੀ ਤਾਂ ਸੰਤ ਜਨਾਂ ਨੇ ਇਸ ਅਮੋਲਕ ਮਨੁੱਖਾ ਜਨਮ ਦੀ ਬਾਜੀ ਜਿੱਤ ਲਈ। ਪਰਮਾਤਮਾ ਦਾ ਸੰਤ ਜੋ ਕੁਝ ਕਰਦਾ ਹੈ, ਪਰਮਾਤਮਾ ਦੀਆਂ ਨਜ਼ਰਾਂ ਵਿਚ ਪ੍ਰਵਾਨ ਹੁੰਦਾ ਹੈ। ਹੇ ਨਾਨਕ! ਮੈਂ ਦਾਸ ਉਸ ਤੋਂ ਸਦਕੇ ਜਾਂਦਾ ਹਾਂ।

-ਬੀਬੀ ਸੁਰਜੀਤ ਕੌਰ ਸੈਕਰਾਮੈਂਟੋ

# ਪੰਜਾਬੀ ਸਮਾਜ ਨੂੰ ਚੁਣੌਤੀਆਂ ਅਤੇ ਸਮਾਧਾਨ

## ਚਿਰਾਗ-ਡਾਰ



ਡਾ. ਗੁਰਬਖਸ਼ ਸਿੰਘ ਭੰਡਾਲ
ਫੋਨ: 216-556-2080

*ਡਾ. ਗੁਰਬਖਸ਼ ਸਿੰਘ ਭੰਡਾਲ ਆਪਣੀ ਨਿਵੇਕਲੀ ਸ਼ੈਲੀ ਵਿਚ ਜੀਵਨ ਦੀਆਂ ਪਰਤਾਂ ਫਰੋਲਦੇ ਜ਼ਿੰਦਗੀ ਦੇ ਨਾਦ ਦੀ ਤਲਾਸ਼ ਵਿਚ ਰਹਿੰਦੇ ਹਨ। ਉਨ੍ਹਾਂ ਦੀ ਵਾਰਤਕ ਵਿਚ ਕਾਵਿ-ਰੰਗ ਇੰਨਾ ਭਾਰੂ ਹੁੰਦਾ ਹੈ ਕਿ ਕਈ ਵਾਰ ਤਾਂ ਭੁਲੇਖਾ ਪੈਂਦਾ ਹੈ ਕਿ ਇਹ ਵਾਰਤਕ ਹੈ ਜਾਂ ਕਵਿਤਾ। ਪਿਛਲੇ ਲੇਖ ਵਿਚ ਡਾ. ਭੰਡਾਲ ਨੇ ਪੰਜਾਬ ਦੇ ਅਜੋਕੇ ਨਿੱਘਰ ਰਹੇ ਹਾਲਾਤ 'ਤੇ ਚਿੰਤਾ ਜਾਹਰ ਕੀਤੀ ਸੀ, "ਪੰਜਾਬ, ਰਾਜਨੀਤਕ, ਧਾਰਮਿਕ, ਸਮਾਜਕ ਅਤੇ ਆਰਥਕ ਪੱਧਰ 'ਤੇ ਅਜਿਹੀ ਰਸਾਤਲ ਵਿਚ ਡਿਗਦਾ ਜਾ ਰਿਹਾ ਹੈ ਕਿ ਜੇ ਇਸ ਨੂੰ ਸੰਭਾਲਣ ਅਤੇ ਇਸ ਦੀ ਆਭਾ ਨੂੰ ਮੁੜ ਸਥਾਪਤ ਕਰਨ ਲਈ ਸੱਭੇ ਧਿਰਾਂ ਨੇ ਨਿੱਜੀ ਮੁਫਾਦ, ਰਾਜਨੀਤਕ ਵੱਖਰੇਵਿਆਂ ਅਤੇ ਧਾਰਮਿਕ ਸੌੜੇਪਣ ਤੋਂ ਉਪਰ ਉਠ ਕੇ ਉਸਾਰੂ ਯੋਗਦਾਨ ਪਾਉਣ ਵਿਚ ਪਹਿਲ-ਕਦਮੀ ਨਾ ਕੀਤੀ ਤਾਂ ਇਤਿਹਾਸ ਸਾਨੂੰ ਕਦੇ ਵੀ ਮੁਆਫ ਨਹੀਂ ਕਰੇਗਾ।" ਹਥਲੇ ਲੇਖ ਵਿਚ ਡਾ. ਭੰਡਾਲ ਨੇ ਪਰਦੇਸਾਂ ਵਿਚ ਆ ਕੇ ਵੱਸੇ ਪੰਜਾਬੀਆਂ, ਖਾਸ ਕਰ ਨਵੀਂ ਪੀੜ੍ਹੀ ਨੂੰ ਦਸਪੇਸ਼ ਸਮੱਸਿਆਵਾਂ, ਉਨ੍ਹਾਂ ਦੇ ਭੈੜੀ ਸੰਗਤ ਵਿਚ ਪੈਣ ਤੇ ਨਸ਼ਿਆਂ ਦਾ ਸ਼ਿਕਾਰ ਹੋਣ ਦਾ ਜ਼ਿਕਰ ਕੀਤਾ ਹੈ ਅਤੇ ਨਾਲ ਹੀ ਕੁਝ ਬਹੁਮੁੱਲੇ ਸੁਝਾਅ ਵੀ ਦਿੱਤੇ ਹਨ। ਉਹ ਕਹਿੰਦੇ ਹਨ, "ਸਿਰਫ ਧਨ, ਸ਼ੁਹਰਤ ਜਾਂ ਰੁਤਬਾ ਹੀ ਸਭ ਕੁਝ ਨਹੀਂ ਹੁੰਦਾ, ਸਭ ਤੋਂ ਅਮੁੱਲ ਇੱਜਤ, ਇਤਬਾਰ, ਇਖਲਾਕ ਅਤੇ ਇਨਸਾਨੀਅਤ ਹੁੰਦੀ ਹੈ, ਜੋ ਜੀਵਨ ਦੀ ਸਭ ਤੋਂ ਸੱਚੀ-ਸੱਚੀ ਇਬਾਦਤ ਤੇ ਇਬਾਰਤ ਹੈ। ਇਸ ਇਬਾਰਤ ਨੂੰ ਮਨ ਵਿਚ ਵਸਾ ਕੇ ਹੀ ਬੱਚਾ ਇਨਸਾਨ ਬਣਨ ਦੇ ਰਾਹ ਦਾ ਮਾਰਗੀ ਬਣ ਸਕਦਾ।" ਨਵੀਂ ਪੀੜ੍ਹੀ ਸੋਸ਼ਲ ਮੀਡੀਏ ਵਿਚ ਖਚਿਤ ਹੋ ਕੇ ਆਪਣੀ ਸ਼ਖਸੀਅਤ ਬਹੁਤ ਵਿਗਾੜ ਪੈਦਾ ਰਹੀ ਹੈ। ਆਪਣੀ ਮਾਂ ਬੋਲੀ, ਅਸਲ ਵਿਰਸੇ ਨੂੰ ਭੁੱਲਦੀ ਜਾ ਰਹੀ ਹੈ। ਡਾ. ਭੰਡਾਲ ਦਾ ਸੁਝਾਅ ਹੈ, "ਬੱਚਿਆਂ ਨਾਲ ਘਰ ਵਿਚ ਪੰਜਾਬੀ ਵਿਚ ਗੱਲ ਕਰੋ, ਗੁਰਦੁਆਰੇ ਲੈ ਕੇ ਜਾਓ। ਉਨ੍ਹਾਂ ਨੂੰ ਗੁਰਬਾਣੀ ਸਮਝ ਆਵੇਗੀ, ਕਿਉਂਕਿ ਪੰਜਾਬੀ ਸਮਝੇ ਬਿਨਾ ਗੁਰਬਾਣੀ ਸਮਝ ਹੀ ਨਹੀਂ ਸਕਦੇ।" -ਸੰਪਾਦਕ*

ਸਮਾਜਕ ਵਰਤਾਰਾ, ਸਮਾਂ, ਸਥਾਨ, ਸਥਿਤੀ, ਆਲਾ-ਦੁਆਲਾ ਤੇ ਸਰੋਕਾਰ ਸਮਾਜਕ ਸੰਦਰਭਾਂ 'ਤੇ ਨਿਰਭਰ। ਹਰੇਕ ਵਕਤ ਵਿਚ ਸਮਾਜ ਨੂੰ ਪ੍ਰਤੱਖ ਅਤੇ ਅਦਿੱਖ ਚੁਣੌਤੀਆਂ ਦਾ ਸਾਹਮਣਾ ਕਰਨਾ ਪੈਂਦਾ ਹੈ। ਇਨ੍ਹਾਂ ਚੁਣੌਤੀਆਂ ਦਾ ਮੁਕਾਬਲਾ ਕਰਨਾ ਅਤੇ ਇਸ ਤੋਂ ਉਭਰਨਾ ਹੀ ਸੱਚੇ ਕਰਮੀ ਦਾ ਫਰਜ਼ ਹੁੰਦਾ। ਇਹ ਚੁਣੌਤੀਆਂ ਦੇਸ਼ ਬਦਲਣ ਨਾਲ ਸਿਰਫ ਰੂਪ ਵਟਾਉਂਦੀਆਂ ਨੇ, ਪਰ ਕਦੇ ਵੀ ਮਨਫੀ ਨਹੀਂ ਹੁੰਦੀਆਂ। ਵੱਖਰੇ ਹਾਲਾਤ ਨਾਲ ਸਿੱਝਦਿਆਂ ਸਾਨੂੰ ਨਵੀਆਂ ਚੁਣੌਤੀਆਂ ਦਾ ਸਾਹਮਣਾ ਕਰਨਾ ਪੈਂਦਾ। ਦੇਸ਼ ਬਦਲਣ ਨਾਲ ਸਿਰਫ ਚੌਗਿਰਦਾ ਹੀ ਪ੍ਰਭਾਵਿਤ ਨਹੀਂ ਹੁੰਦਾ, ਸਾਡੇ ਸਰੋਕਾਰ, ਸਾਧਨ ਤੇ ਸੋਚ 'ਚ ਤਬਦੀਲੀ ਸੁਭਾਵਕ ਹੈ। ਜੇ ਇਸ ਤਬਦੀਲੀ ਨੂੰ ਸਮਝਣ, ਸੋਚਣ ਅਤੇ ਇਸ ਨੂੰ ਚੰਗੇਰੇ ਰੂਪ ਵਿਚ ਅਪਨਾਉਣ ਲਈ ਪਹਿਲ-ਕਦਮੀ ਕਰਾਂਗੇ ਤਾਂ ਚੁਣੌਤੀਆਂ ਇੰਨੀਆਂ ਵੱਡੀਆਂ ਤੇ ਮਾਰੂ ਨਹੀਂ ਹੋਣਗੀਆਂ। ਅਸੀਂ ਸਹਿਜੇ ਹੀ ਇਨ੍ਹਾਂ ਨੂੰ ਜੀਵਨ ਤਰਕ ਨਾਲ ਨਜਿੱਠ ਨਵੇਂ ਜੀਵਨ-ਦਰਸ਼ਨ ਦਾ ਮਾਰਗ ਬਣਾ ਸਕਦੇ ਹਾਂ।

ਪੰਜਾਬੀਆਂ ਨੇ ਉਤਰੀ ਅਮਰੀਕਾ ਵਿਚ ਆਉਣ ਨੂੰ ਪੰਜਾਬ ਵਿਚਲੀਆਂ ਚੁਣੌਤੀਆਂ ਤੋਂ ਮੁਕਤੀ ਦਾ ਰੂਪ ਸਮਝਿਆ ਸੀ; ਪਰ ਇਹ ਚੁਣੌਤੀਆਂ ਕਿਸੇ ਹੋਰ ਰੂਪ ਵਿਚ ਸਾਨੂੰ ਮੁਖਾਤਬ ਹੋ ਰਹੀਆਂ ਹਨ ਅਤੇ ਅਸੀਂ ਇਸ ਵਿਚੋਂ ਉਭਰਨ ਲਈ ਆਪਣੀ ਪਿੱਛਲ-ਖੁਰੀ ਸੋਚ ਵਿਚ ਹੀ ਉਲਝੇ ਹੋਏ ਹਾਂ। ਇਹ ਚੁਣੌਤੀਆਂ ਪ੍ਰਮੁੱਖ ਰੂਪ ਵਿਚ ਦੋ ਕਿਸਮ ਦੀਆਂ ਹਨ-ਨਵੇਂ ਆਏ ਪਰਵਾਸੀਆਂ ਦੀਆਂ ਅਤੇ ਪੁਰਾਣੇ ਸਥਾਪਤ ਹੋ ਚੁਕੇ ਪਰਵਾਸੀਆਂ ਦੀਆਂ ਚੁਣੌਤੀਆਂ। ਇਨ੍ਹਾਂ ਦੀਆਂ ਅਗਾਂਹ ਦੋ ਕਿਸਮਾਂ ਹਨ-ਚੰਗੀ ਵਿਦਿਆ ਪ੍ਰਾਪਤ ਕਰਕੇ ਪਰਵਾਸ ਕਰਨ ਵਾਲੇ ਅਤੇ ਦੂਜੇ ਘੱਟ ਪੜ੍ਹੇ-ਲਿਖੇ, ਜੋ ਪਰਿਵਾਰਾਂ ਨਾਲ ਆਏ ਸਨ।

ਨੌਜਵਾਨਾਂ ਦੀਆਂ ਸਮੱਸਿਆਵਾਂ ਨੂੰ ਸਮਝਣ ਲਈ ਚਾਰ ਹਿੱਸਿਆਂ ਵਿਚ ਵੰਡ ਸਕਦੇ ਹਾਂ। ਕੁਝ ਜਿਨ੍ਹਾਂ ਨੇ ਨਿਰੋਲ ਇਥੇ ਹੀ ਪੜ੍ਹਾਈ ਕੀਤੀ ਹੈ। ਕੁਝ ਜਿਨ੍ਹਾਂ ਨੇ ਕੁਝ ਪੜ੍ਹਾਈ ਪੰਜਾਬ ਅਤੇ ਕੁਝ ਇਥੇ ਕੀਤੀ ਹੈ। ਕੁਝ ਅਜਿਹੇ ਜਿਨ੍ਹਾਂ ਨੇ ਸਾਰੀ ਪੜ੍ਹਾਈ ਪੰਜਾਬ ਵਿਚ ਕੀਤੀ ਹੈ, ਪਰ ਆਪਣੇ ਕਿੱਤੇ ਵਿਚ ਨੌਕਰੀ ਪ੍ਰਾਪਤ ਕਰਨ ਤੋਂ ਅਸਮਰਥ ਨੇ। ਕੁਝ ਜੋ ਪੜ੍ਹਾਈ ਅੱਧ-ਵਿਚਾਲੇ ਛੱਡ ਕੇ, ਜ਼ਿੰਦਗੀ 'ਚ ਸਥਾਪਤ ਹੋਣ ਲਈ ਜਦੋਜਹਿਦ ਕਰ ਰਹੇ ਹਨ।

ਹਰ ਕਿਸਮ ਦੀਆਂ ਵੱਖੋ-ਵੱਖਰੀਆਂ ਚੁਣੌਤੀਆਂ ਅਤੇ ਇਨ੍ਹਾਂ ਦੀ ਤਹਿ ਵਿਚ ਜਾ ਕੇ ਹੀ ਇਨ੍ਹਾਂ ਨੂੰ ਹੱਲ ਕੀਤਾ ਜਾ ਸਕਦਾ।

ਵਿਸ਼ੇ ਦੀ ਵਿਸ਼ਾਲਤਾ ਨੂੰ ਮੁੱਖ ਰੱਖਦਿਆਂ ਸਿਰਫ ਨੌਜਵਾਨਾਂ ਨੂੰ ਦਰਪੇਸ਼ ਚੁਣੌਤੀਆਂ ਤੀਕ ਹੀ ਇਹ ਗੱਲਬਾਤ ਸੀਮਤ ਰਹੇਗੀ।

**ਸਭਿਆਚਾਰਕ ਵਖਰੇਵਿਆਂ ਵਿਚ ਪਿਸਣਾ:** ਨੌਜਵਾਨਾਂ ਨੂੰ ਘਰ ਵਿਚ ਅਤੇ ਸਕੂਲ/ਕਾਲਜ/ਕੰਮ 'ਤੇ ਵੱਖ-ਵੱਖ ਸਭਿਆਚਾਰਕ ਮਾਹੌਲ ਮਿਲਦਾ ਹੈ। ਉਨ੍ਹਾਂ ਦੀ ਸੋਚ ਵਿਚ ਦੁਚਿੱਤੀ ਪੈਦਾ ਹੁੰਦੀ ਹੈ ਕਿ ਕਿਸ ਨੂੰ ਅਪਨਾਉਣ ਅਤੇ ਕਿਸ ਨੂੰ ਨਕਾਰਨ? ਲੋੜ ਹੈ, ਮਾਪੇ ਬੱਚਿਆਂ ਨੂੰ ਹਰ ਸਭਿਆਚਾਰ ਦੀਆਂ ਪ੍ਰਮੁੱਖ ਵਿਸ਼ੇਸ਼ਤਾਵਾਂ ਦੱਸਣ, ਜਿਨ੍ਹਾਂ ਨਾਲ ਚੰਗੇ ਪ੍ਰਭਾਵ ਪੈਦਾ ਹੋਣਗੇ ਅਤੇ ਜਿਨ੍ਹਾਂ ਨੂੰ ਅਪਨਾਉਣ ਨਾਲ ਸਮਾਜਕ ਵਿਗਾੜ ਪੈਦਾ ਹੋਵੇਗਾ। ਹਰ ਸਭਿਆਚਾਰ ਦਾ ਵੱਖਰਾ ਪਹਿਰਾਵਾ, ਖਾਣਾ-ਪੀਣਾ, ਰਸਮੋ-ਰਿਵਾਜ਼ ਅਤੇ ਕਦਰਾਂ-ਕੀਮਤਾਂ ਹੁੰਦੀਆਂ ਹਨ। ਜੇ ਬੱਚਿਆਂ ਨੂੰ ਇਹ ਗੱਲ ਸਮਝਾਈ ਜਾਵੇ ਤਾਂ ਉਹ ਦੂਸਰੇ ਸਭਿਆਚਾਰ ਨੂੰ ਅਪਨਾਉਣ ਵੇਲੇ ਜ਼ਰੂਰ ਇਸ ਗੱਲ ਨੂੰ ਵਿਚਾਰ ਕੇ ਹੀ ਸਹੀ ਫੈਸਲਾ ਕਰਨਗੇ। ਪਰ ਸਮਾਂ ਵਿਹਾਉਣ ਪਿਛੋਂ ਸਿਰਫ ਪਛਤਾਵਾ ਹੀ ਰਹਿ ਜਾਂਦਾ। ਬੱਚਾ ਪਰਿਵਾਰ ਵਿਚੋਂ ਬਹੁਤ ਕੁਝ ਅਚੇਤ ਅਤੇ ਸੁਚੇਤ ਰੂਪ ਵਿਚ ਗ੍ਰਹਿਣ ਕਰਦਾ। ਬੱਚੇ ਨਾਲ ਦੋਸਤੀ ਪਾਓ ਅਤੇ ਉਸ ਨੂੰ ਆਪਣੇ ਸਭਿਆਚਾਰ ਨਾਲ ਜੋੜ ਕੇ ਭਾਈਚਾਰਕ ਸਾਂਝ ਵਧਾਉਣ ਤੇ ਪਰਿਵਾਰਕ ਮੇਲ-ਜੋਲ ਲਈ ਉਤਸ਼ਾਹਿਤ ਕਰੋ। ਬੱਚੇ ਦਾ ਮਨ ਦੂਜੇ ਸਭਿਆਚਾਰ ਦੇ ਚੰਗੇ ਪੱਖਾਂ ਨੂੰ ਅਪਨਾਉਣ ਦੇ ਨਾਲ-ਨਾਲ ਆਪਣੇ ਸਭਿਆਚਾਰ ਤੋਂ ਵੀ ਬੇਮੁਖ ਨਹੀਂ ਹੋਵੇਗਾ।

**ਪੀੜ੍ਹੀ-ਪਾੜਾ:** ਪੀੜ੍ਹੀਆਂ ਦਾ ਪਾੜਾ ਸੋਚ, ਦ੍ਰਿਸ਼ਟੀ ਅਤੇ ਸੁਪਨਿਆਂ ਵਿਚਲਾ ਪਾੜਾ ਹੁੰਦਾ। ਇਸ ਪਾੜੇ ਨੂੰ ਦੂਰ ਕਰਨ ਲਈ ਮਾਪਿਆਂ ਅਤੇ ਬੱਚਿਆਂ ਵਿਚ ਇਕਸੁਰਤਾ ਜਰੂਰੀ ਹੈ। ਮਾਪਿਆਂ ਨੂੰ ਬੱਚੇ ਦੀਆਂ ਭਾਵਨਾਵਾਂ ਅਤੇ ਉਸ ਦੀਆਂ ਚੁਣੌਤੀਆਂ ਨੂੰ ਸਮਝ ਕੇ, ਆਪਣੀ ਸੋਚ ਨੂੰ ਸਮੇਂ ਦਾ ਹਾਣੀ ਕਰਨ ਦੀ ਲੋੜ ਹੈ। ਬੱਚੇ 'ਤੇ ਕੁਝ ਥੋਪਿਆ ਨਾ ਜਾਵੇ ਸਗੋਂ ਉਸ ਦੇ ਸਨਮੁੱਖ ਸਾਰੀਆਂ ਸੰਭਾਵਨਾਵਾਂ ਨੂੰ ਰੱਖਿਆ ਜਾਵੇ। ਬੱਚੇ ਦੀ ਦਿਲਚਸਪੀ ਅਤੇ ਸਮਰੱਥਾ ਮੁਤਾਬਕ ਉਸ ਨੂੰ ਮਰਜ਼ੀ ਦਾ ਕੁਝ ਵੀ ਕਰਨ ਦੀ ਖੁੱਲ੍ਹ ਮਿਲੇਗੀ ਤਾਂ ਨਤੀਜੇ ਬਹੁਤ ਉਤਸ਼ਾਹਜਨਕ ਹੋਣਗੇ। ਬੱਚਿਆਂ ਦੀਆਂ ਰੁਚੀਆਂ ਦੀ ਪ੍ਰਫੁਲਤਾ ਲਈ ਸਹਿਯੋਗ ਦਿਓ। ਉਸ ਦੀਆਂ ਗਲਤੀਆਂ ਨੂੰ ਸੁਧਾਰੋ। ਬੱਚਿਆਂ ਨੂੰ ਵੀ ਯਾਦ ਰੱਖਣਾ ਚਾਹੀਦਾ ਹੈ ਕਿ ਬੱਚਿਆਂ ਦੇ ਸੱਚੇ ਸਨੇਹੀ ਉਨ੍ਹਾਂ ਦੇ ਮਾਪੇ ਹੀ ਹੁੰਦੇ, ਜੋ ਬੱਚੇ ਦੀ ਖੁਸ਼ੀ ਤੇ ਉਦਾਸੀ ਵਿਚ ਹਰ ਦਮ ਨਾਲ ਰਹਿੰਦੇ। ਉਹ ਤਾਂ ਬੱਚਿਆਂ ਦੀਆਂ ਬਲਾਵਾਂ ਉਤਾਰਨ ਲਈ ਖੁਦ ਨੂੰ ਵੀ ਦਾਅ 'ਤੇ ਲਾਉਣ ਤੋਂ ਗੁਰੇਜ਼ ਨਹੀਂ ਕਰਦੇ। ਮਾਪੇ ਵੀ ਬੱਚਿਆਂ ਦੇ ਨੈਣਾਂ ਵਿਚੋਂ ਆਪਣੇ ਸੁਪਨਿਆਂ ਦੀ ਕੁਝ ਕੁ ਪੂਰਨਤਾ ਤਾਂ ਚਾਹੁੰਦੇ ਨੇ।

> ***ਪੀੜ੍ਹੀਆਂ ਦਾ ਪਾੜਾ ਸੋਚ, ਦ੍ਰਿਸ਼ਟੀ ਅਤੇ ਸੁਪਨਿਆਂ ਵਿਚਲਾ ਪਾੜਾ ਹੁੰਦਾ। ਇਸ ਪਾੜੇ ਨੂੰ ਦੂਰ ਕਰਨ ਲਈ ਮਾਪਿਆਂ ਅਤੇ ਬੱਚਿਆਂ ਵਿਚ ਇਕਸੁਰਤਾ ਜਰੂਰੀ ਹੈ। ਮਾਪਿਆਂ ਨੂੰ ਬੱਚੇ ਦੀਆਂ ਭਾਵਨਾਵਾਂ ਅਤੇ ਉਸ ਦੀਆਂ ਚੁਣੌਤੀਆਂ ਨੂੰ ਸਮਝ ਕੇ, ਆਪਣੀ ਸੋਚ ਨੂੰ ਸਮੇਂ ਦਾ ਹਾਣੀ ਕਰਨ ਦੀ ਲੋੜ ਹੈ। ਬੱਚੇ 'ਤੇ ਕੁਝ ਥੋਪਿਆ ਨਾ ਜਾਵੇ ਸਗੋਂ ਉਸ ਦੇ ਸਨਮੁੱਖ ਸਾਰੀਆਂ ਸੰਭਾਵਨਾਵਾਂ ਨੂੰ ਰੱਖਿਆ ਜਾਵੇ। ਬੱਚੇ ਦੀ ਦਿਲਚਸਪੀ ਅਤੇ ਸਮਰੱਥਾ ਮੁਤਾਬਕ ਉਸ ਨੂੰ ਮਰਜ਼ੀ ਦਾ ਕੁਝ ਵੀ ਕਰਨ ਦੀ ਖੁੱਲ੍ਹ ਮਿਲੇਗੀ ਤਾਂ ਨਤੀਜੇ ਬਹੁਤ ਉਤਸ਼ਾਹਜਨਕ ਹੋਣਗੇ।***

**ਰੋਲ ਮਾਡਲ ਦੀ ਘਾਟ:** ਪੰਜਾਬੀ ਸਮਾਜ ਵਿਚ ਵੱਖ-ਵੱਖ ਖੇਤਰਾਂ ਵਿਚ ਰੋਲ ਮਾਡਲਾਂ ਦੀ ਬਹੁਤ ਘਾਟ ਹੈ, ਜੋ ਬੱਚਿਆਂ ਲਈ ਪ੍ਰੇਰਨਾ ਸਰੋਤ ਬਣ ਸਕਣ। ਪੁਰਾਣੇ ਸਮਿਆਂ ਦੇ ਰੋਲ ਮਾਡਲ ਉਸ ਸਮੇਂ ਉਭਰੇ ਸਨ, ਜਦ ਦਰਪੇਸ਼ ਸਮੱਸਿਆਵਾਂ ਅਤੇ ਸਰੋਕਾਰ ਹੋਰ ਸਨ। ਬਦਲਦੇ ਸਮੇਂ ਨਾਲ ਬਹੁਤ ਕੁਝ ਬਦਲ ਗਿਆ। ਅਜੋਕੇ ਮਾਹੌਲ ਵਿਚੋਂ ਉਠ ਕੇ ਆਪਣੀ ਹਿੰਮਤ, ਮਿਹਨਤ ਅਤੇ ਸਿਰੜ ਨਾਲ ਵੱਖਰੀ ਅਤੇ ਵਿਲੱਖਣ ਹੈਸੀਅਤ ਸਿਰਜਣ ਵਾਲੇ ਲੋਕ ਹੀ ਇਥੇ ਜੰਮੇ ਜਾਂ ਪਰਵਾਸ ਕਰ ਕੇ ਆਏ ਨੌਜਵਾਨਾਂ ਲਈ ਰੋਲ-ਮਾਡਲ ਬਣ ਸਕਦੇ ਨੇ। ਇਹ ਰੋਲ ਮਾਡਲ ਰਾਜਨੀਤੀ ਵਿਚੋਂ ਹੀ ਨਹੀਂ, ਸਗੋਂ ਵੱਖ ਵੱਖ ਖੇਤਰਾਂ-ਖੇਡਾਂ, ਵਿਗਿਆਨ, ਐਡਮਨਿਸਟਰੇਸ਼ਨ, ਬਿਜਨਸ, ਕਾਰਪੋਰੇਟ ਅਦਾਰੇ, ਮੀਡੀਆ, ਖੋਜ, ਅਧਿਆਪਨ ਆਦਿ ਵਿਚੋਂ ਤਲਾਸ਼ਣ ਦੀ ਲੋੜ ਹੈ। ਅਜਿਹੇ ਲੋਕਾਂ ਵਲੋਂ ਨਵੀਂ ਪੀੜ੍ਹੀ ਨੂੰ ਉਤਸ਼ਾਹਿਤ ਕਰਨ ਲਈ ਪੰਜਾਬੀ ਸਮਾਜ ਵਿਚ ਵਿਚਰਨ ਦੀ ਲੋੜ ਹੈ। ਦੁੱਖ ਇਹ ਹੈ ਕਿ ਅਜਿਹੇ ਬਹੁਤੇ ਲੋਕ ਪੰਜਾਬੀ ਸਮਾਜ ਤੋਂ ਟੁੱਟੇ ਹੋਏ ਹਨ। ਅਜਿਹੇ ਲੋਕ ਜਦ ਆਪਣੀ ਕਹਾਣੀ ਅਤੇ ਜਦੋਜਹਿਦ ਨੂੰ ਨਵੀਂ ਸੋਚ ਵਿਚ ਧਰ ਕੇ ਸੇਧ ਪ੍ਰਦਾਨ ਕਰਨਗੇ ਤਾਂ ਬੱਚੇ ਨਵੀਆਂ ਪ੍ਰਾਪਤੀਆਂ ਦਾ ਸਿਰਲੇਖ ਬਣ ਸਕਦੇ ਹਨ।

**ਸੁਪਨਿਆਂ ਦੀ ਘਾਟ:** ਬੱਚਿਆਂ ਦੀ ਪ੍ਰਗਤੀ ਲਈ ਜਰੂਰੀ ਹੈ ਕਿ ਬੱਚਿਆਂ ਨੂੰ ਸੁਪਨੇ ਲੈਣ ਦਿਓ। ਸੁਪਨੇ ਸਮੇਂ ਦੇ ਹਾਣੀ ਹੋਣੇ ਚਾਹੀਦੇ, ਜੋ ਸਮਾਜ ਦਾ ਮੁਹਾਂਦਰਾ ਨਿਖਾਰ ਸਕਣ। ਇਸ ਲਈ ਸੁਪਨਿਆਂ ਦੀ ਗੁਣਵਤਾ ਬਹੁਤ ਜਰੂਰੀ ਹੈ। ਜਦ ਬੱਚਿਆਂ ਦੇ ਸੁਪਨੇ ਥੋੜ੍ਹ-ਚਿਰੀ ਖੁਸ਼ੀ, ਐਸ਼ ਜਾਂ ਰਾਤੋ-ਰਾਤ ਅਮੀਰ ਬਣਨ ਦੀ ਲਾਲਸਾ ਵਿਚ ਗਲਤਾਨ ਹੁੰਦੇ ਤਾਂ ਇਹ ਰਾਹ ਅਧੋਗਤੀ ਨੂੰ ਜਾਂਦਾ। ਬੱਚੇ ਗੈਂਗ ਵਾਰ ਜਾਂ ਨਸ਼ਿਆਂ ਪ੍ਰਤੀ ਉਲਾਰ ਹੋ ਜਾਂਦੇ। ਬੱਚਿਆਂ ਨੂੰ ਦੱਸੋ ਕਿ ਸਫਲਤਾ ਲਈ ਸੁਪਨਾ, ਸੇਧ, ਸਿਰੜ, ਸਾਧਨਾ ਅਤੇ ਸਮਰਪਣ ਜਰੂਰੀ ਹੈ। ਕੋਈ ਰਸਤਾ ਛੋਟਾ ਨਹੀਂ। ਲੰਮੀ ਘਾਲਣਾ ਦੌਰਾਨ ਸਹਿਜ ਰਹਿ ਕੇ ਹੀ ਸਥਾਈ ਸਫਲਤਾ ਮਨੁੱਖ ਦਾ ਹਾਸਲ ਹੁੰਦੀ, ਜੋ ਸਮਾਜ ਲਈ ਵੀ ਮਾਣ ਹੁੰਦੀ। ਕਿਸੇ ਵੀ ਸਫਲ ਵਿਅਕਤੀ ਨੂੰ ਨਾ ਦੇਖੋ ਸਗੋਂ ਉਸ ਦੀ ਸਫਲਤਾ ਪਿਛੇ ਉਸ ਦੀ ਮਿਹਨਤ ਨੂੰ ਸਲਾਮ ਕਰੋਗੇ ਤਾਂ ਬੱਚਿਆਂ ਦੇ ਮਨ ਵਿਚ ਅਜਿਹੀ ਪਗਡੰਡੀ ਨੂੰ ਮਾਰਗ ਬਣਾਉਣ ਦੀ ਤਮੰਨਾ ਮਨ ਵਿਚ ਪੈਦਾ ਹੋਵੇਗੀ। ਡਾ. ਅਬਦੁਲ ਕਲਾਮ ਦਾ ਕਹਿਣਾ ਸੀ, ਬੱਚਿਆਂ ਨੂੰ ਸੁਪਨੇ ਜਰੂਰ ਦਿਓ, ਪੂਰੇ ਉਹ ਆਪੇ ਕਰ ਲੈਣਗੇ।

**ਭਟਕਣ ਅਤੇ ਉਦਾਸੀਨਤਾ:** ਬੱਚਿਆਂ ਵਿਚ ਸਹਿਜ, ਧੀਰਜ ਅਤੇ ਠਰੰਮੇ ਦੀ ਬਹੁਤ ਘਾਟ ਹੈ। ਤੇਜ-ਤਰਾਰੀ ਉਨ੍ਹਾਂ ਦੇ ਜੀਵਨ ਦਾ ਸੱਚ ਬਣ ਚੁਕਾ ਏ। ਉਹ ਇਸ ਦੌੜ ਵਿਚ ਫਾਡੀ ਰਹਿਣ ਤੋਂ ਤ੍ਰਹਿੰਦੇ ਮਾਨਸਿਕ ਭਟਕਣਾ ਦਾ ਸ਼ਿਕਾਰ ਹੋ ਰਹੇ ਹਨ। ਉਹ ਦਰਪੇਸ਼ ਚੁਣੌਤੀਆਂ ਨੂੰ ਸਮਝਣ ਅਤੇ ਇਨ੍ਹਾਂ ਨਾਲ ਸਿੱਝਣ ਲਈ ਚੁਣੌਤੀਆਂ ਦੇ ਨੈਣਾਂ ਵਿਚ ਝਾਕਣ ਤੇ ਇਸ ਨੂੰ ਹਰਾਉਣ ਲਈ ਹਿੰਮਤ ਜੁਟਾਉਣ ਲਈ ਬੇਹਿੰਮਤੇ ਨੇ। ਬੱਚਿਆਂ ਨੂੰ ਸਮਾਜ ਵਿਚ ਵਿਚਰਦਿਆਂ ਜਾਂ ਕੰਮ ਕਾਜ ਦੌਰਾਨ ਪੈਰ ਪੈਰ 'ਤੇ ਪੈਦਾ ਹੋਣ ਵਾਲੀਆਂ ਰੁਕਾਵਟਾਂ ਨੂੰ ਦੇਖਣ ਅਤੇ ਉਨ੍ਹਾਂ ਨੂੰ ਦੂਰ ਕਰਨ ਲਈ ਜੀਵਨੀ ਝੰਜਟਾਂ ਨੂੰ ਸਮਝਣ ਦੀ ਸੋਚ ਮਨ ਵਿਚ ਪੈਦਾ ਕਰਨ ਲਈ ਉਤਸ਼ਾਹਿਤ ਕਰੋ। ਬੱਚੇ ਜੀਵਨ ਸੰਗਰਾਮ ਵਿਚ ਨਿਰਾਸ਼ ਅਤੇ ਹਤਾਸ਼ ਨਹੀਂ ਹੋਣਗੇ, ਸਗੋਂ ਇਸ ਨੂੰ ਜੀਵਨ ਦਾ ਹਿੱਸਾ ਸਮਝ ਕੇ ਇਸ ਵਿਚੋਂ ਆਪਣੀ ਸ਼ਖਸੀਅਤ ਨੂੰ ਸਿਰਜ, ਨਵੇਂ ਦਿਸਹੱਦਿਆਂ ਦਾ ਸਿਰਲੇਖ ਬਣਨਗੇ। ਬੱਚੇ ਨੂੰ ਧਨ/ਸਹੂਲਤਾਂ ਦੀ ਬਹੁਤਾਤ ਨਹੀਂ ਚਾਹੀਦੀ, ਸਗੋਂ ਸਮਾਂ ਦਿਓ। ਕਈ ਵਾਰ ਘੱਟ ਸਹੂਲਤਾਂ ਅਤੇ ਤੰਗੀ-ਤੁਰਸ਼ੀ ਨਾਲ ਯੁੱਧ ਕਰਨ ਵਾਲੇ ਬੱਚੇ ਨਵੀਆਂ ਪ੍ਰਾਪਤੀਆਂ ਦਾ ਸਿਖਰ ਸਿਰਜ ਜਾਂਦੇ। ਸਿਰਫ ਮਨ ਵਿਚ ਲੋਅ ਪੈਦਾ ਕਰਨ ਦੀ ਲੋੜ ਹੈ। ਮਨ ਤੋਂ ਕਰਮ ਨੂੰ ਜਾਂਦਾ ਰਸਤਾ ਬੱਚੇ ਨੇ ਆਪਣੇ ਆਪ ਹੀ ਤਲਾਸ਼ ਲੈਣਾ ਹੈ। ਅਜਿਹੇ ਬੱਚਿਆਂ ਨੂੰ ਥੋੜ੍ਹ-ਚਿਰੇ ਪ੍ਰਚਲਿਤ ਨਸ਼ੇ ਦੀ ਲੋੜ ਹੀ ਨਹੀਂ ਰਹਿੰਦੀ। ਉਨ੍ਹਾਂ ਨੂੰ ਲਗਨ ਅਤੇ ਕੰਮ ਦਾ ਹੀ ਅਜਿਹਾ ਨਸ਼ਾ ਹੁੰਦਾ ਕਿ ਉਹ ਜੀਵਨ ਦਾ ਸੁਗੰਧਤ ਰੰਗ ਬਣ ਜਾਂਦੇ।

**ਪਿੱਤਰੀ ਹਉਮੈ ਦਾ ਤਿਆਗ:** ਮਾਪੇ ਕਈ ਵਾਰ ਹਉਮੈ ਦਾ ਸ਼ਿਕਾਰ ਹੁੰਦੇ ਹਨ, ਉਨ੍ਹਾਂ ਨੂੰ ਲੱਗਦਾ ਕਿ ਉਹ ਹੀ ਸਹੀ ਹਨ। ਬੱਚਿਆਂ ਦੀ ਸੁਣੋ, ਉਹ ਵੀ ਸਹੀ ਹੋ ਸਕਦੇ, ਕਿਉਂਕਿ ਉਹ ਨਵੇਂ ਸਮੇਂ ਦੀ ਪੈਦਾਇਸ਼ ਹਨ ਅਤੇ ਉਨ੍ਹਾਂ ਨੂੰ ਨਵੀਆਂ ਉਲਝਣਾਂ, ਸਰੋਕਾਰਾਂ ਅਤੇ ਸੰਭਾਵਨਾਵਾਂ ਦਾ ਵੱਧ ਗਿਆਨ ਹੈ। ਆਪਣੀ ਹਉਮੈ ਨੂੰ ਹਾਵੀ ਨਾ ਹੋਣ ਦਿਓ। ਸਗੋਂ ਕਿਸੇ ਵੀ ਮਸਲੇ ਅਤੇ ਇਸ ਦੀਆਂ ਬਹੁ-ਪਰਤਾਂ ਨੂੰ ਪਰਿਵਾਰ ਵਿਚ ਵਿਚਾਰੋ ਤੇ ਫਿਰ ਕਿਸੇ ਸਿੱਟੇ 'ਤੇ ਪਹੁੰਚੋ। ਤਾਨਾਸ਼ਾਹੀ ਵਤੀਰੇ ਕਾਰਨ ਕਈ ਵਾਰ ਬੱਚੇ ਬਗਾਵਤ ਕਰ ਜਾਂਦੇ ਨੇ। ਬੱਚਿਆਂ ਦੀ ਊਰਜਾ ਨੂੰ ਉਸਾਰੂ ਗਤੀਵਿਧੀਆਂ ਜਿਵੇਂ ਖੇਡਾਂ, ਚਿੱਤਰਕਾਰੀ ਆਦਿ ਜਾਂ ਹੋਰ ਕਲਾ-ਬਿਰਤੀ ਵਾਲੇ ਪਾਸੇ ਲਾਓ, ਨਾ ਕਿ ਉਨ੍ਹਾਂ ਨੂੰ ਨਾਕਾਰਾਤਮਕ ਰਾਹਾਂ ਦੀ ਧੂੜ ਬਣਨ ਲਈ ਉਕਸਾਓ। ਬੱਚੇ ਬਹੁਤ ਕੋਮਲ ਹੁੰਦੇ, ਇਨ੍ਹਾਂ ਨੂੰ ਕਿਸੇ ਵੀ ਰੰਗ ਅਤੇ ਰੂਪ ਵਿਚ ਢਾਲਿਆ ਜਾ ਸਕਦਾ। ਲੋੜ ਹੈ, ਇਨ੍ਹਾਂ ਵਰਗਾ ਬਣ ਕੇ ਇਨ੍ਹਾਂ ਦੀ ਸੋਚ ਨੂੰ ਹਲੂਣੋ। ਬੱਚਿਆਂ ਨਾਲ ਕਦਰਾਂ-ਕੀਮਤਾਂ, ਸਮਾਜਕ ਸੰਦਰਭਾਂ, ਵਿਅਕਤੀਤਵ ਵਿਕਾਸ ਅਤੇ ਸੋਚ ਨੂੰ ਝੰਜੋੜਨ ਵਾਲੀਆਂ ਗੱਲਾਂ ਕਰੋ, ਉਹ ਸੁਣਦੇ ਨੇ।

ਫਿਜ਼ਿਕਸ ਪੜ੍ਹਾਉਂਦਿਆਂ ਜਦ ਮੈਂ ਉਨ੍ਹਾਂ ਦੇ ਸੁਪਨਿਆਂ ਅਤੇ ਉਨ੍ਹਾਂ ਦੀ ਪੂਰਤੀ ਜਾਂ ਸਰਬ-ਵਿਆਪੀ ਸਰੋਕਾਰਾਂ ਬਾਰੇ ਗੱਲ ਕਰਦਾ ਹਾਂ ਤਾਂ ਸੁਚੇਤ ਰੂਪ ਵਿਚ ਵਿਦਿਆਰਥੀ ਸੁਣਦੇ ਨੇ। ਉਨ੍ਹਾਂ ਦਾ ਕਹਿਣਾ ਹੈ ਕਿ ਉਨ੍ਹਾਂ ਨੇ ਪੜ੍ਹਾਈ ਦੇ ਨਾਲ ਨਾਲ ਜੀਵਨ-ਜਾਚ ਵੀ ਸਿੱਖੀ ਹੈ, ਜੋ ਅੱਜੇ ਤੱਕ ਅਧਿਆਪਕ ਜਾਂ ਮਾਪੇ ਨਹੀਂ ਸਿਖਾ ਸਕੇ।

**ਤੜਕ-ਭੜਕ ਵਾਲੀ ਜੀਵਨ-ਲਾਲਸਾ:** ਬੱਚਿਆਂ ਦਾ ਸੋਹਲ ਮਨ ਮੀਡੀਆ ਦੇ ਪ੍ਰਭਾਵ ਕਾਰਨ ਤੜਕ-ਭੜਕ ਵਾਲੇ ਜੀਵਨ ਪ੍ਰਤੀ ਜਲਦੀ ਉਤੇਜਿਤ ਹੋ ਜਾਂਦਾ ਹੈ। ਤੜਕ-ਭੜਕ ਪਿਛੇ ਛੁਪੀ ਹਕੀਕਤ, ਸੱਚਾਈ ਅਤੇ ਕੋਹਝ ਬਾਰੇ ਵੀ ਬੱਚਿਆਂ ਨੂੰ ਦੱਸੋ ਤਾਂ ਕਿ ਉਨ੍ਹਾਂ ਨੂੰ ਪਤਾ ਹੋਵੇ ਕਿ ਜੋ ਨਜ਼ਰ ਆ ਰਿਹਾ ਹੈ, ਇਹ ਪੂਰਾ ਸੱਚ ਨਹੀਂ। ਇਸ ਦੀ ਪੀੜਾ, ਜਦੋਜਹਿਦ ਅਤੇ ਤਿਲਕਣ ਦੀ ਚੀਸ ਨੂੰ ਮਨ ਵਿਚ ਵਸਾ ਕੇ ਜਿਉਣ ਵਾਲੇ ਇਹ ਲੋਕ, ਸੱਚ ਜਿਉਂਦੇ ਲੋਕਾਂ ਤੋਂ ਵੱਖਰੇ ਹਨ। ਸਿਰਫ ਧਨ, ਸ਼ੁਹਰਤ ਜਾਂ ਰੁਤਬਾ ਹੀ ਸਭ ਕੁਝ ਨਹੀਂ ਹੁੰਦਾ; ਇਤਬਾਰ, ਇਖਲਾਕ ਇਨਸਾਨੀਅਤ ਤੇ ਇੱਜਤ ਸਭ ਤੋਂ ਅਮੁੱਲ ਹੁੰਦੀ, ਜੋ ਜੀਵਨ ਦੀ ਸਭ ਤੋਂ ਸੱਚੀ-ਸੱਚੀ ਇਬਾਦਤ ਤੇ ਇਬਾਰਤ ਹੈ। ਇਸ ਇਬਾਰਤ ਨੂੰ ਮਨ 'ਚ ਵਸਾ ਕੇ ਹੀ ਬੱਚਾ ਇਨਸਾਨ ਬਣਨ ਦੇ ਰਾਹ ਦਾ ਮਾਰਗੀ ਬਣ ਸਕਦਾ। ਬੱਚੇ ਨੂੰ ਰੋਬੋਟ ਨਾ ਬਣਾਓ, ਸਗੋਂ ਭਾਵਨਾਵਾਂ ਅਤੇ ਸੂਖਮ ਸੋਚ ਦਾ ਚਿਰਾਗ ਬਣਾਓ। ਇਸ ਦੀ ਰੋਸ਼ਨੀ ਵਿਚ ਘਰ ਤੇ ਸਮਾਜ ਦਾ ਨਾਂ ਜਗਮਗ ਕਰੇਗਾ।

**ਸੋਸ਼ਲ ਮੀਡੀਆ ਦੇ ਪ੍ਰਭਾਵ:** ਅਜੋਕੇ ਯੁੱਗ ਵਿਚ ਸੋਸ਼ਲ ਮੀਡੀਆ ਦਾ ਕਾਫੀ ਬੋਲਬਾਲਾ ਹੈ। ਨੌਜਵਾਨ ਪੀੜ੍ਹੀ ਇਸ ਦੀ ਗੁਲਾਮ ਬਣ ਚੁਕੀ ਹੈ। ਇਸ ਨੂੰ ਸੁਚਾਰੂ ਰੂਪ ਵਿਚ ਵਰਤਣ ਦੀ ਥਾਂ ਨੌਜਵਾਨ ਚੈਟਿੰਗ ਕਰਨ, ਸੰਪਰਕ ਬਣਾਉਣ ਅਤੇ ਬੇਅਰਥ ਸਮਾਂ ਗਵਾਉਣ ਆਦਿ ਤੀਕ ਸੀਮਤ ਹੋ ਚੁਕੇ ਹਨ। ਇਸ ਕਾਰਨ ਊਲ ਜਲੂਲ ਜਿਹੀ ਨਵੀਂ ਭਾਸ਼ਾ ਸੋਸ਼ਲ ਮੀਡੀਏ ਵਿਚ ਵਰਤੀ ਜਾ ਰਹੀ ਹੈ। ਇਕ ਟੇਬਲ 'ਤੇ ਬੈਠਿਆਂ ਵੀ ਬੱਚੇ ਇਕ ਦੂਜੇ ਨਾਲ ਗੱਲ ਕਰਨ ਦੀ ਥਾਂ ਮੈਸੇਜ ਰਾਹੀਂ ਗੱਲਾਂ ਕਰਦੇ ਨੇ। ਅਜਿਹਾ ਹਾਲ ਰਿਹਾ ਤਾਂ ਬੱਚਿਆਂ ਨੂੰ ਬੋਲਣਾ ਭੁੱਲ ਜਾਵੇਗਾ। ਉਹ ਸਮਾਜ ਵਿਚ ਵਿਚਰਨ ਅਤੇ ਗੱਲਬਾਤ ਰਾਹੀਂ ਆਪਣੀ ਗੱਲ ਕਹਿਣ ਤੋਂ ਮੁਥਾਜ ਹੋ ਜਾਣਗੇ। ਲੋੜ ਹੈ, ਮਾਪੇ ਪਹਿਲ ਕਰਨ ਅਤੇ ਖੁਦ ਪਹਿਲਾਂ ਸੋਸ਼ਲ ਮੀਡੀਏ ਦੀ ਬੇਲੋੜੀ ਵਰਤੋਂ ਨੂੰ ਸੀਮਤ ਕਰਨ। ਬੱਚੇ ਆਪਣੇ ਆਪ ਹੀ ਉਨ੍ਹਾਂ ਦੀ ਗੱਲ ਮੰਨਣਗੇ। ਹੁਣ ਤਾਂ ਰੋਂਦੇ ਬੱਚੇ ਨੂੰ ਵਰਾਉਣ ਲਈ ਵੀ ਫੋਨ ਦਾ ਹੀ ਸਹਾਰਾ ਲਿਆ ਜਾਂਦਾ। ਭਾਵੇਂ ਇਹ ਘਰ, ਗੁਰਦੁਆਰਾ ਜਾਂ ਕੋਈ ਫੰਕਸ਼ਨ ਹੋਵੇ। ਇਸ ਤੋਂ ਨਿਜ਼ਾਤ ਪਾਉਣਾ ਬਹੁਤ ਜ਼ਰੂਰੀ। ਬੱਚਿਆਂ ਨੂੰ ਲਿਖਣਾ ਭੁੱਲ ਚੁੱਕਾ ਏ ਅਤੇ ਜੇ ਬੋਲਣਾ ਵੀ ਭੁੱਲ ਗਿਆ ਤਾਂ ਗੁੰਗੇ ਬੱਚਿਆਂ ਦੀ ਔਲਾਦ ਗੁੰਗੀ ਹੋਵੇਗੀ। ਬਹੁਤ ਗੰਭੀਰ ਹੈ ਇਹ ਸਮੱਸਿਆ। ਇਸ ਲਈ ਮਾਪਿਆਂ ਨੂੰ ਚੇਤੰਨ ਹੋਣ ਅਤੇ ਇਸ 'ਤੇ ਕਾਬੂ ਪਾਉਣ ਦੀ ਲੋੜ। ਬੱਚੇ ਜਰੂਰ ਮੰਨਦੇ ਹਨ, ਜੇ ਤੁਸੀਂ ਆਪ ਰੋਲ ਮਾਡਲ ਬਣੋ।

**ਧਰਮ ਤੇ ਬੋਲੀ ਨਾਲ ਜੁੜਨਾ:** ਵਿਦੇਸ਼ਾਂ ਵਿਚ ਆ ਕੇ ਬਹੁਤ ਸਾਰੀਆਂ ਸਮੱਸਿਆਵਾਂ ਨਾਲ ਹਰ ਪਰਵਾਸੀ ਨੂੰ ਜੂਝਣਾ ਪੈਂਦਾ, ਪਰ ਕੁਝ ਕੁ ਅਸੀਂ ਖੁਦ ਪੈਦਾ ਕਰਦੇ ਹਾਂ। ਬੱਚਿਆਂ ਨਾਲ ਘਰ ਵਿਚ ਪੰਜਾਬੀ ਵਿਚ ਗੱਲ ਕਰੋ, ਗੁਰਦੁਆਰੇ ਲੈ ਕੇ ਜਾਓ। ਉਨ੍ਹਾਂ ਨੂੰ ਗੁਰਬਾਣੀ ਸਮਝ ਆਵੇਗੀ, ਕਿਉਂਕਿ ਪੰਜਾਬੀ ਸਮਝੇ ਬਿਨਾ ਗੁਰਬਾਣੀ ਸਮਝ ਹੀ ਨਹੀਂ ਸਕਦੇ। ਅੰਗਰੇਜ਼ੀ ਬੋਲਣ 'ਤੇ ਜੋਰ ਨਾ ਦਿਓ। ਬੱਚਿਆਂ ਨੇ ਸਕੂਲਾਂ ਵਿਚ ਅਤੇ ਆਪਣੇ ਸਾਥੀਆਂ ਤੋਂ ਅੰਗਰੇਜ਼ੀ ਤਾਂ ਸਿੱਖ ਲੈਣੀ ਹੈ। ਜੇ ਉਹ ਅੰਗਰੇਜ਼ੀ ਦੇ ਨਾਲ ਨਾਲ ਪੰਜਾਬੀ ਸਮਝਣ ਅਤੇ ਬੋਲਣਾ ਸਿੱਖ ਜਾਣਗੇ ਤਾਂ ਉਹ ਆਪਣੇ ਧਰਮ ਨੂੰ ਸਮਝਣ ਤੇ ਭਾਈਚਾਰਕ ਸਾਂਝ ਵਧਾਉਣ ਵਿਚ ਕਾਮਯਾਬ ਹੋਣਗੇ। ਵੱਧ ਬੋਲੀਆਂ ਸਿੱਖਣਾ ਯੋਗਤਾ ਹੀ ਹੁੰਦੀ ਹੈ। ਮਨੁੱਖੀ ਦਿਮਾਗ ਦੀ ਅਸੀਮਤ ਸਮਰੱਥਾ ਹੁੰਦੀ ਬਹੁਤ ਕੁਝ ਸਿੱਖਣ ਦੀ। ਜੇ ਪੰਜਾਬੀ ਬੋਲੀ ਜਿਉਂਦੀ ਰਹੀ ਤਾਂ ਧਰਮ ਬਚੇਗਾ। ਧਰਮ ਮਨ ਵਿਚ ਜਿਉਂਦਾ ਰਿਹਾ ਤਾਂ ਬੱਚਿਆਂ ਵਿਚ ਧਾਰਮਿਕਤਾ ਜਿਉਂਦੀ ਰਹੇਗੀ, ਜੋ ਉਨ੍ਹਾਂ ਦੀਆਂ ਆਦਤਾਂ ਵਿਚ ਬੰਦਿਆਈ, ਭਲਿਆਈ ਅਤੇ ਚੰਗਿਆਈ ਦੀਆਂ ਕਲਮਾਂ ਲਾਵੇਗੀ। ਉਹ ਕਿਸੇ ਦੇ ਹੰਝੂਆਂ ਦੀ ਤਫਸੀਲ ਪੜ੍ਹ ਸਕਣਗੇ। ਕਿਸੇ ਦੀ ਪੀੜਾ ਨੂੰ ਅੰਤਰੀਵ ਵਿਚ ਉਤਾਰ, ਪੀੜ ਹਰਨ ਲਈ ਓਹੜ-ਪੋਹੜ ਜਰੂਰ ਕਰਨਗੇ।

**ਵਿਰਾਸਤ ਨੂੰ ਵਿਸਾਰਨਾ:** ਉਤਰੀ ਅਮਰੀਕਾ ਵਿਚ ਬਹੁਤੇ ਬੱਚੇ ਵਿਰਾਸਤ ਤੋਂ ਬੇਮੁੱਖ ਹੋ ਕੇ ਇਸ ਤੋਂ ਦੂਰ ਹੋ ਰਹੇ ਹਨ। ਇਸ ਲਈ ਸਮੁੱਚਾ ਪੰਜਾਬੀ ਸਮਾਜ ਅਤੇ ਇਸ ਦੇ ਮੋਹਤਬਰ ਜਿੰਮੇਵਾਰ ਹਨ, ਜੋ ਵੱਖ-ਵੱਖ ਖੇਤਰਾਂ ਵਿਚ ਮੋਹਰੀ ਹਨ, ਜਿਨ੍ਹਾਂ ਦੇ ਮੁਖੌਟੇ ਬਹੁਤੀ ਵਾਰ ਜਲਦੀ ਹੀ ਜੱਗ ਜਾਹਰ ਹੋ ਜਾਂਦੇ ਹਨ। ਇਹ ਮੁਖੌਟਾਧਾਰੀ ਹਰ ਖੇਤਰ ਵਿਚ ਹਨ। ਜਦ ਕਥਨੀ ਅਤੇ ਕਰਨੀ ਵਿਚ ਪਾੜਾ ਵਧੇਗਾ ਤਾਂ ਨੌਜਵਾਨ ਪੀੜ੍ਹੀ ਨੂੰ ਬਹੁਤ ਅੱਖਰੇਗਾ। ਇਸ ਅੱਖਰਤਾ ਵਿਚੋਂ ਹੀ ਨੌਜਵਾਨ ਸੋਚ ਨੂੰ ਆਪਣੇ ਵਡੇਰਿਆਂ ਨਾਲ ਨਫਰਤ ਪੈਦਾ ਹੁੰਦੀ। ਜੋ ਕੁਝ ਵੀ ਧਾਰਮਿਕ, ਸਮਾਜਕ, ਸਾਹਿਤਕ ਤੇ ਸਭਿਆਚਾਰਕ ਅਦਾਰਿਆਂ, ਖੇਡ ਮੇਲਿਆਂ, ਸਭਿਆਚਾਰ ਨੂੰ ਬਚਾਉਣ ਦੀ ਆੜ ਹੇਠ ਮੇਲੇ ਰੂਪੀ ਖਿਲਵਾੜ, ਗਾਇਕੀ ਦੇ ਨਾਂ ਹੇਠ ਪਲੀਤ ਹੋ ਰਹੀ ਪੰਜਾਬੀਅਤ, ਨਸ਼ਿਆਂ ਤੇ ਗੈਂਗ ਵਾਰ ਦੀ ਅਲਾਮਤ ਅਤੇ ਰਾਜਸੀ ਲਾਲਸਾਵਾਂ ਨੂੰ ਵਿਦੇਸ਼ਾਂ ਵਿਚ ਲਿਆਉਣ ਕਾਰਨ ਹੋ ਰਿਹਾ ਹੈ, ਬਹੁਤ ਬੁਰਾ ਲੱਗਦਾ ਹੈ ਇਥੇ ਜਨਮੇ ਬੱਚਿਆਂ ਨੂੰ।

ਪੰਜਾਬੀ ਵਿਰਾਸਤ ਨੂੰ ਗਿੱਧੇ-ਭੰਗੜੇ, ਸਾਗ ਤੇ ਮੱਕੀ ਦੀ ਰੋਟੀ ਆਦਿ ਤੀਕ ਹੀ ਸੀਮਤ ਨਾ ਕਰੋ। ਸਿਰਫ ਇਹੀ ਵਿਰਸਾ ਨਹੀਂ। ਵਿਰਸਾ ਤਾਂ ਬਹੁਤ ਵਸੀਹ ਅਤੇ ਵਿਲੱਖਣ ਏ, ਇਸ ਵਿਚ ਕਦਰਾਂ-ਕੀਮਤਾਂ, ਰਹੁ-ਰੀਤਾਂ, ਅਦਬ, ਸਤਿਕਾਰ, ਨਿਰਮਲ ਭੈਅ, ਪਰਿਵਾਰਕ ਸਾਂਝ ਵਿਚਲੀ ਪਾਕੀਜ਼ਗੀ ਤੇ ਪੀਡਾਪਨ, ਸੱਚ, ਸਮਰਪਣ, ਸਾਦਗੀ, ਸੁਹੰਢਣੀ ਜੀਵਨ-ਜਾਚ ਅਤੇ ਕਿਸੇ ਦੇ ਕੰਮ ਆਉਣ ਦਾ ਚਾਅ ਵੀ ਹੁੰਦਾ ਹੈ। ਲੋੜ ਹੈ, ਅਸੀਂ ਸਰਬੱਤ ਦੇ ਭਲੇ ਨੂੰ ਅੰਤਰੀਵ ਵਿਚ ਵਸਾ, ਕਿਰਤ ਕਰਨ ਅਤੇ ਵੰਡ ਛਕਣ ਦਾ ਸੁੱਚਾ ਸੁਨੇਹਾ ਨਵੀਂ ਪੀੜ੍ਹੀ ਨੂੰ ਦੇਈਏ। ਫਿਰ ਸਾਡੇ ਬੱਚੇ ਇਸ ਦੇਸ਼ ਨੂੰ ਭਾਗ ਲਾ, ਇਸ ਦੀ ਬੁਲੰਦੀ ਦੇ ਮੀਨਾਰ ਬਣਨਗੇ, ਜਿਨ੍ਹਾਂ 'ਤੇ ਅਸੀਂ ਪੰਜਾਬੀ ਹੋਣ ਦੇ ਨਾਤੇ ਫਖਰ ਵੀ ਕਰ ਸਕਾਂਗੇ। ਪੰਜਾਬੀਅਤ ਦੀ ਬੁਲੰਦਗੀ ਵਿਦੇਸ਼ੀ ਧਰਤੀ 'ਤੇ ਵੀ ਲਹਿਰਾ ਸਕਾਂਗੇ।

ਪਹਿਲ ਤਾਂ ਮਾਪਿਆਂ ਨੂੰ ਕਰਨੀ ਪੈਣੀ ਹੈ, ਬੱਚਿਆਂ ਨੇ ਆਪੇ ਹੀ ਮਗਰ ਆ ਜਾਣਾ ਹੈ।

# ਰਹਣੂ ਕੀ ਥਾਓ

**ਪੰਜਾਬ ਦੀ ਫਿਜ਼ਾ ਵਿਚ ਇਹ ਫਿਕਰ ਦਿਨ-ਬਦਿਨ ਕਿਸੇ ਗਰਦ-ਗੁਬਾਰ ਵਾਂਗ ਸਿਰੀਂ ਚੜ੍ਹ ਰਿਹਾ ਹੈ ਕਿ ਪੰਜਾਬ ਦਾ ਨੌਜਵਾਨ ਆਪਣੀ ਮਿੱਟੀ, ਆਪਣਾ ਵਤਨ, ਆਪਣੇ ਲੋਕਾਂ ਨੂੰ ਛੱਡ ਕੇ ਪਰਦੇਸੀ ਹੋ ਰਿਹਾ ਹੈ। ਕੈਨੇਡਾ ਵੱਸਦੇ ਸ਼ਾਇਰ ਸੁਖਪਾਲ ਨੇ ਇਸ ਪ੍ਰਸੰਗ ਵਿਚ ਫਰਵਰੀ 1995 ਦੀ ਇਕ ਸ਼ਾਮ ਨੂੰ ਪਟਿਆਲੇ ਦੇ ਬੱਸ ਅੱਡੇ ਅੰਦਰ ਹੋਈ ਇਕ ਗੱਲਬਾਤ ਨੂੰ ਕਾਗਜ਼ ਦੀ ਜੂਨੇ ਪਾਇਆ। ਇਸ ਕਥਾ ਵਿਚ ਬਹੁਤ ਸਾਰੀਆਂ ਸੋਚਣ-ਵਿਚਾਰਨ ਵਾਲੀਆਂ ਗੱਲਾਂ-ਬਾਤਾਂ ਹਨ, ਜੋ ਪਾਠਕਾਂ ਨਾਲ ਸਾਂਝੀਆਂ ਕਰ ਰਹੇ ਹਾਂ। -ਸੰਪਾਦਕ**

ਸਰਦੀ ਦਾ ਦਿਨ...

ਸ਼ਾਮ ਦਾ ਵੇਲਾ...

ਪਟਿਆਲੇ ਦਾ ਬਸ ਅੱਡਾ...

ਪਟਿਆਲਾ- ਪਿੰਡਾਂ ਦੀ ਤਬੀਅਤ ਵਾਲਾ ਸ਼ਹਿਰ। ਰੌਣਕ ਮੇਲਾ, ਚਹਿਲ ਪਹਿਲ ਤੇ ਭਰਿਆ ਭਰਾਇਆ ਆਪਣਾਪਨ।

ਪਰ ਇਸ ਸ਼ਹਿਰ ਸੂਰਜ ਢਲਦੇ ਹੀ ਕਿਸੇ ਪਾਸੇ ਜਾਣ ਨੂੰ ਬਸ ਨਹੀਂ ਮਿਲਦੀ।

"ਤੁਸੀਂ ਵੀ ਆਖਰੀ ਬੱਸ ਉਡੀਕ ਰਹੇ ਓ?" ਮੈਂ ਭੌਂ ਕੇ ਤੱਕਿਆ: ਚਾਲੀ ਪੰਜਤਾਲੀ ਵਰ੍ਹਿਆਂ ਦੇ, ਸਾਂਵਲੇ ਰੰਗ, ਦਰਮਿਆਨੇ ਕੱਦ, ਸਾਦੇ ਪਰ ਸੁਥਰੇ ਕੱਪੜੇ ਪਾਈ ਸੱਜਣ ਮੈਨੂੰ ਕਹਿ ਰਹੇ ਸਨ।

"ਵੇਖੋ! ਸ਼ਾਮ ਦੇ ਸਵਾ ਛੇ ਵੱਜ ਗਏ ਨੇ, ਹੁਣ ਕੋਈ ਉਮੀਦ ਨਹੀਂ, ਆਓ ਅੱਡੇ ਬਾਹਰੋਂ ਸਰਹਿੰਦ ਦੀ ਬੱਸ ਲੈਨੇ ਆਂ। ਸਰਹਿੰਦੋਂ ਲੁਧਿਆਣੇ ਪਹੁੰਚਣਾ ਕੋਈ ਮਸਲਾ ਨਹੀਂ।" ਉਹ ਬਾਹਰ ਨੂੰ ਤੁਰਦੇ ਬੋਲੇ।



ਸੁਖਪਾਲ

ਮੈਂ ਆਪਣੀ ਥਾਂ ਤੋਂ ਨਾ ਹਿੱਲਿਆ। ਪਿਛਾਂਹ ਪਰਤ ਕੇ ਉਹ ਥੋੜ੍ਹੀ ਜਿਹੀ ਖਿੱਝ ਨਾਲ ਬੋਲੇ, "ਲਗਦਾ, ਤੁਹਾਨੂੰ ਪਹੁੰਚਣ ਦੀ ਕਾਹਲੀ ਨਹੀਂ!"

ਮੈਂ ਆਖਿਆ, "ਨਹੀਂ, ਕਾਹਲ ਬਹੁਤ ਹੈ ਪਰ ਮੇਰੀ ਮਾਂ ਮੇਰੇ ਨਾਲ ਜਾ ਰਹੀ ਹੈ। ਗੋਡਿਆਂ ਦੀ ਤਕਲੀਫ ਕਰਕੇ ਮੇਰੀ ਮਾਂ ਨੂੰ ਬੱਸ ਚੜ੍ਹਨੀ ਔਖੀ ਲਗਦੀ ਹੈ। ਬੱਸ ਅੱਡੇ 'ਤੇ ਲੱਗੀ ਹੋਵੇ ਤਾਂ ਸੌਖਿਆਂ ਚੜ੍ਹ ਸਕਦੇ ਹਨ। ਜੇ ਸਾਨੂੰ ਅੱਡੇ ਅੰਦਰੋਂ ਬਸ ਨਾ ਮਿਲੀ ਤਾਂ ਕੱਲ੍ਹ ਸਵੇਰੇ ਜਾਵਾਂਗੇ।"

ਮੈਨੂੰ ਸਮਝ ਨਾ ਆਈ, ਮੇਰੀ ਸਹਿਜ ਸੁਭਾ ਆਖੀ ਗੱਲ ਵਿਚ ਕੀ ਸੀ, ਜੋ ਉਨ੍ਹਾਂ ਦੇ ਚਿਹਰੇ 'ਤੇ ਕੂਲੀ ਮੁਸਕਾਨ ਆ ਗਈ। ਉਨ੍ਹਾਂ ਬਾਹਰ ਜਾਣ ਦਾ ਉਪਰਾਲਾ ਛਡ ਦਿੱਤਾ। ਹਥਲਾ ਅਟੈਚੀ ਉਥੇ ਹੀ ਰੱਖ ਕੇ ਮੇਰੇ ਨਾਲ ਗੱਲੀਂ ਲੱਗ ਗਏ, "ਸੱਚੀ ਗੱਲ ਏ। ਸਾਡੀਆਂ ਬੱਸਾਂ ਦੀ ਬਣਤਰ ਉਮਰਾਂ ਤੋਂ ਨਹੀਂ ਬਦਲੀ। ਸਾਡੀ ਆਬਾਦੀ ਵਧ ਕੇ ਏਨੀ ਹੋ ਗਈ ਏ ਕਿ ਭੀੜ ਭੜੱਕੇ ਵਿਚ ਬੱਸ, ਗੱਡੀ ਚੜ੍ਹਨੇ ਵਰਗਾ ਆਮ ਕੰਮ ਵੀ 'ਸਰਵਾਈਵਲ ਆਫ ਦ ਫਿਟੈਸਟ' ਵਾਲਾ ਮਸਲਾ ਬਣ ਗਿਐ। ਕਿਥੇ ਰਹਿੰਦੇ ਓ? ਕੀ ਕਰਦੇ ਓ?" ਉਨ੍ਹਾਂ ਪੁੱਛਿਆ।

"ਘਰ ਮੇਰਾ ਲੁਧਿਆਣੇ ਹੈ। ਅੱਜ ਕੱਲ੍ਹ ਕਨੇਡੇ ਪੜ੍ਹਦਾ ਹਾਂ। ਮੇਰਾ ਸਬਜੈਕਟ ਵੈਟਰਨਰੀ ਸਾਇੰਸ ਏ। ਤੁਹਾਡਾ ਕਿੱਤਾ ਕੀ ਏ?'

"ਮੈਂ ਇੰਜੀਨੀਅਰਿੰਗ ਕਾਲਜ ਵਿਚ ਪ੍ਰੋਫੈਸਰ ਆਂ।" ਉਨ੍ਹਾਂ ਮਾਣ ਨਾਲ ਆਖਿਆ। "ਕੈਨੇਡਾ ਕਿੱਥੇ ਰਹਿੰਦੇ ਓ?"

"ਟੋਰਾਂਟੋ ਦੇ ਲਾਗੇ ਨਿੱਕੇ ਜਿਹੇ ਸ਼ਹਿਰ ਗੁਅਲਫ ਵਿਚ ਮੇਰੀ ਯੂਨੀਵਰਸਿਟੀ ਹੈ।" ਮੈਂ ਦਸਿਆ।

"ਮਿਸੀਸਾਗਾ ਕਿਥੇ ਕਰਕੇ ਏ?"

"ਜਿਥੇ ਟੋਰਾਂਟੋ ਦਾ ਏਅਰਪੋਰਟ ਏ।"

"ਹੈਮਿਲਟਨ ਕਿੰਨਾ ਕੁ ਦੂਰ ਏ?"

"ਮੇਰੇ ਸ਼ਹਿਰੋਂ ਪੌਣੇ ਘੰਟੇ ਦੀ ਵਿੱਥ 'ਤੇ। ਤੁਸੀਂ ਸ਼ਹਿਰਾਂ ਦੇ ਕਿਵੇਂ ਵਾਕਫ ਓ?"

"ਮੇਰੇ ਦੋਸਤ ਰਹਿੰਦੇ ਨੇ ਓਥੇ, ਮੇਰੇ ਆਪਣੇ, ਪਿਆਰੇ!"

"ਏਨੇ ਪਿਆਰੇ ਦੋਸਤਾਂ ਨੂੰ ਤੁਸੀਂ ਮਿਲਣ ਕਦੇ ਨਹੀਂ ਗਏ?"

ਉਹ ਹੱਸ ਪਏ, "ਮਿਲਣਾ ਮਿਲਾਉਣਾ ਕੀ, ਚਾਹੁੰਦਾ ਤਾਂ ਆਪ ਹੀ ਜਾ ਕੇ ਰਹਿ ਸਕਦਾ ਸਾਂ। ਸੰਨ ਸਤੱਤਰ ਵਿਚ ਘਰ ਬੈਠਿਆਂ ਕੈਨੇਡਾ ਦੀ ਇੰਮੀਗ੍ਰੇਸ਼ਨ ਮਿਲੀ ਸੀ, ਮੈਂ ਆਪ ਹੀ ਨਹੀਂ ਗਿਆ।"

"ਓਥੇ ਜਾਣ ਲਈ ਤਾਂ ਲੋਕ ਤਰਲੇ ਲੈਂਦੇ, ਜੀਅ ਜਾਨ ਖਤਰੇ ਵਿਚ ਪਾਉਂਦੇ, ਲੱਖਾਂ ਰੁਪਏ ਰੋੜ੍ਹਦੇ ਨੇ। ਇਕ ਤੁਸੀਂ ਓ...!" ਮੈਂ ਹੈਰਾਨ ਸਾਂ।

"ਬਸ, ਆਪਣੇ ਪਿਤਾ ਜੀ ਕਰਕੇ ਨਹੀਂ ਗਿਆ।"

"ਪਿਤਾ ਹੁਰਾਂ ਨੇ ਮਨ੍ਹਾ ਕੀਤਾ ਸੀ?"

"ਨਹੀਂ, ਅਜਿਹੀ ਕੋਈ ਗੱਲ ਨਹੀਂ। ਮੇਰੇ ਪਿਤਾ ਜੀ ਦੂਜਿਆਂ ਦਾ ਰਾਹ ਪੱਧਰਾ ਕਰਦੇ ਬੰਦੇ ਸਨ, ਰਾਹਾਂ ਰੋਕਣ ਵਾਲੇ ਨਹੀਂ ਸਨ। ਪਿਛਲੇ ਵੇਲਿਆਂ ਦੇ ਹੋ ਕੇ ਵੀ ਉਨ੍ਹਾਂ ਮੈਨੂੰ ਜ਼ਿੰਦਗੀ ਜੀਂਦਿਆਂ ਠੀਕ ਕਿਸਮ ਦੀ ਹਰ ਖੁੱਲ੍ਹ ਦਿੱਤੀ: ਆਪਣਾ ਕਿੱਤਾ ਆਪ ਚੁਣਨ ਦੀ, ਮਿੱਤਰ ਲੱਭਣ, ਘੁੰਮਣ-ਫਿਰਨ ਦੀ, ਵਿਆਹ ਲਈ ਜੀਵਨ-ਸਾਥੀ ਢੂੰਡਣ, ਚੰਗੇ ਮਾੜੇ ਸਭ ਤਜਰਬੇ ਕਰਨੇ ਦੀ।"

"ਫੇਰ ਕਨੇਡੇ ਕਿਉਂ ਨਾ ਗਏ?" ਮੇਰੀ ਗੁੰਝਲ ਹੋਰ ਪੀਡੀ ਹੋ ਗਈ।

"ਮੈਂ ਦੋਂਹ ਵਰ੍ਹਿਆਂ ਦਾ ਸਾਂ ਜਦ ਮੇਰੀ ਮਾਂ ਗੁਜ਼ਰ ਗਈ।" ਇਕ ਪਲ ਲਈ ਉਹ ਰੁਕ ਗਏ, ਜੀਕਰ ਵਗਦੇ ਪਾਣੀ ਅੱਗੇ ਪੱਥਰ ਆ ਜਾਵੇ ਤੇ ਉਹ ਠਹਿਰ ਕੇ ਉਸ ਦੇ ਦੁਆਲਿਉਂ ਰਾਹ ਲੱਭਦਾ ਪਿਆ ਹੋਵੇ; ਫਿਰ ਬੋਲੇ, "ਸਭ ਦੇ ਆਖਣ 'ਤੇ ਵੀ ਮੇਰੇ ਪਿਤਾ ਨੇ ਹੋਰ ਵਿਆਹ ਨਾ ਕੀਤਾ। ਮੈਨੂੰ ਜਤਨਾਂ ਨਾਲ ਪਾਲਿਆ। ਮੁੰਡਿਆਂ ਨੂੰ ਬਚਪਨ ਵਿਚ ਮਾਂਵਾਂ ਚੌਂਕੇ ਲਾਗੇ ਵੀ ਨਹੀਂ ਲੱਗਣ ਦਿੰਦੀਆਂ। ਜੇ ਖਾਣਾ ਮੁਢਲੀ ਲੋੜ ਹੈ ਤਾਂ ਖਾਣਾ ਪਕਾਉਣਾ ਸਿੱਖਣਾ ਉਸ ਤੋਂ ਪਹਿਲੀ ਲੋੜ ਹੈ। ਮੇਰੇ ਪਿਤਾ ਦਾ ਇਹੋ ਹਾਲ ਸੀ: ਕੁਝ ਵੀ ਕਰਨਾ ਨਹੀਂ ਸੀ ਆਉਂਦਾ ਪਰ ਉਨ੍ਹਾਂ ਨੇ ਮੇਰੀ ਖਾਤਰ ਸਭ ਕੁਝ ਸਿਖਿਆ। ਮੈਨੂੰ ਵੀ ਹਰ ਕੰਮ ਤੇ ਚੱਜ-ਆਚਾਰ ਸਿਖਾਇਆ।"

"ਮੈਨੂੰ ਕਹਿੰਦੇ, ਬੇਟਾ, ਆਪਣੀ ਜ਼ਿੰਦਗੀ ਵਿਚ ਸਾਮਾਨ ਨਹੀਂ, ਸਮਰੱਥਾ ਪੈਦਾ ਕਰਨਾ। ਏਹੋ ਅਸਲੀ ਤਾਕਤ ਹੈ। ਬੰਦਾ ਚੋਰੀਂ ਜਾਂ ਝੂਠੀਂ ਵੀ ਕਿੰਨਾ ਕੁਝ ਹਾਸਲ ਕਰ ਸਕਦੈ ਪਰ ਜੇ ਪੈਦਾ ਕਰਨੇ ਦੀ ਸਮਰੱਥਾ ਹੋਵੇ ਤਾਂ ਇਹ ਕਰਨ ਦੀ



*ਭਾਂ-ਭਾਂ ਕਰਦਾ ਪਟਿਆਲੇ ਦਾ ਬੱਸ ਅੱਡਾ।*

ਲੋੜ ਨਈਂ ਰਹਿੰਦੀ, ਨਾ ਹੀ ਜੀਂਦਿਆਂ ਡਰ ਲਗਦਾ ਹੈ। ਭੈ-ਹੀਣ ਬੰਦਾ ਹੀ ਜ਼ਿੰਦਗੀ ਮਾਣ ਸਕਦਾ ਹੈ।"

ਉਨ੍ਹਾਂ ਦੀ ਅਵਾਜ਼ ਬੋਲਦਿਆਂ ਨਿੱਖਰ ਗਈ, ਜਿਵੇਂ ਸਾਜ਼ ਸੁਰ ਹੋ ਗਿਆ ਹੋਵੇ, "ਮੈਨੂੰ ਜਦੋਂ ਕਨੇਡੇ ਦਾ ਵੀਜ਼ਾ ਲੱਗਾ, ਉਦੋਂ ਕੁ ਹੀ ਪਿਤਾ ਜੀ ਨੌਕਰੀਓਂ ਰਿਟਾਇਰ ਹੋਏ ਸਨ। ਜਦ ਮੈਂ ਉਨ੍ਹਾਂ ਨੂੰ ਕਨੇਡੇ ਜਾ ਵੱਸਣ ਨੂੰ ਕਿਹਾ ਤਾਂ ਉਹ ਬੋਲੇ, ਬੇਟਾ, ਮੇਰੀ ਜ਼ਿੰਦਗੀ ਦੇ ਦੋ ਹੀ ਮਕਸਦ ਸਨ: ਆਪਣਾ ਜੀਵਨ ਸੰਭਲ ਕੇ ਜੀਣਾ; ਦੂਜਾ, ਚੰਗਾ ਬੰਦਾ ਬਣਨ 'ਚ ਤੇਰੀ ਮਦਦ ਕਰਨੀ। ਮਿਹਰ ਹੋਈ ਹੈ ਕੁਦਰਤ ਦੀ, ਮੈਂ ਦੋਵਾਂ ਕੰਮਾਂ ਵਿਚ ਸਫਲ ਰਿਹਾਂ।"

"ਪਰ ਇਹ ਸਭ ਕੁਝ ਕਰਦਿਆਂ ਮੈਂ ਔਖੇ ਵੇਲੇ 'ਚੋਂ ਲੰਘਿਆ ਹਾਂ। ਕਿੰਨੀਆਂ ਥਾਂਵਾਂ ਬਦਲੀਆਂ ਤੇ ਕੰਮ ਬਦਲੇ, ਹੁਣ ਜਾ ਕੇ ਮੈਨੂੰ ਸੌਖਾ ਸਾਹ ਆਇਆ ਏ। ਨਵੇਂ ਸਿਰੇ ਤੋਂ ਨਵੀਂ ਥਾਉਂ ਜਾ ਕੇ ਰਹਿਣ ਦਾ ਕੰਮ ਮੈਂ ਇਸ ਉਮਰੇ ਨਹੀਂ ਛੇੜਨਾ ਚਾਹੁੰਦਾ। ਪਨੀਰੀ ਜਿਥੇ ਮਰਜ਼ੀ ਲਾ ਦਿਉ ਪਰ ਪੱਕਿਆ ਬੂਟਾ ਓਪਰੀ ਥਾਂਵੇਂ ਖੁੱਲ੍ਹ ਕੇ ਨਹੀਂ ਪਲਦਾ। ਇਸ ਲਈ ਮੈਨੂੰ ਇਸ ਇਮਤਿਹਾਨੇ ਨਾ ਹੀ ਪਾ।"

"ਮੈਂ ਜੋ ਹਾਸਲ ਕਰਨਾ ਸੀ, ਕਰ ਚੁੱਕਾ। ਹੁਣ ਮੈਂ ਜੀਵਨ ਨੂੰ ਕੁਝ 'ਹਾਸਲ ਕਰਨ' ਲਈ ਨਹੀਂ ਜਿਉਣਾ ਚਾਹੁੰਦਾ, ਹੁਣ ਮੈਂ ਇਸ ਨੂੰ ਸਿਰਫ 'ਜਿਉਣਾ' ਚਾਹੁੰਦਾ ਹਾਂ। ਹੁਣ ਤਾਂ ਮੈਂ ਬਸ ਉਸ ਦਾ ਅਨੰਦ ਲੈਣਾ ਚਾਹੁੰਨਾਂ, ਜਿਸ ਦੀ ਮੈਨੂੰ ਫੁਰਸਤ ਨਹੀਂ ਜਾਂ ਸਮਝ ਨਹੀਂ ਸੀ।"

"ਮੇਰੀ ਇੱਛਾ ਹੁਣ ਇਹ ਹੈ-ਜਦ ਜੀਅ ਚਾਹੇ ਉਠਾਂ, ਹਲਕੀ ਫੁਲਕੀ ਸੈਰ ਕਰਾਂ, ਬੱਚਿਆਂ ਨਾਲ ਖੇਡਾਂ, ਉਨ੍ਹਾਂ ਨੂੰ ਵੱਡੇ ਹੁੰਦੇ ਤੱਕਾਂ, ਉਨ੍ਹਾਂ ਦੀ ਹੈਰਾਨੀ ਵਿਚ ਹੈਰਾਨ ਹੋਵਾਂ, ਆਪਣੇ ਤਜਰਬੇ ਸਾਂਝੇ ਕਰਾਂ, ਸਰਦੀਆਂ ਵਿਚ ਧੁੱਪੇ ਬੈਠਾਂ, ਚਾਹ ਦੇ ਕੱਪ ਦਾ ਨਸ਼ਾ ਮਾਣਾਂ, ਵਗਦੇ ਪਾਣੀ ਵਿਚ ਪੈਰ ਪਾ ਚਿਰ ਤਕ ਬੈਠਾ ਰਹਾਂ, ਮਿੱਤਰ ਪਿਆਰਿਆਂ ਦੇ ਦੁੱਖ-ਸੁੱਖ ਵਿਚ ਨਾਲ ਖਲੋਵਾਂ, ਘਾਹ 'ਤੇ ਲੇਟ ਕੇ ਬੱਦਲਾਂ 'ਚੋਂ ਤਸਵੀਰ ਪਛਾਣਾਂ...।"

"ਇਹ ਕੁਝ ਮੈਨੂੰ ਏਥੇ ਹੀ ਲੱਭ ਪੈਣਾ ਏ। ਮੈਨੂੰ ਦੂਜੀ ਥਾਂਵੇਂ ਜਾਣ ਦੀ ਲੋੜ ਨਹੀਂ ਪਰ ਤੇਰਾ ਹੁਣ ਨਵੀਆਂ ਥਾਂਵਾਂ ਗਾਹੁਣ ਦਾ, ਜੀਵਨ ਨੂੰ ਜਾਣਨ ਦਾ ਵੇਲਾ ਏ। ਤੂੰ ਤਾਂ ਜ਼ਰੂਰ ਈ ਜਾਹ, ਪਰ ਮੇਰੀ ਸੇਵਾ ਲਈ ਆਪਣੀ ਬੀਵੀ ਨੂੰ ਛੱਡ ਕੇ ਨਾ ਜਾਵੀਂ, ਇਸ ਦੀ ਉਮਰ ਵੀ ਖਾਣ ਹੰਢਾਣ ਤੇ ਜੀਣ ਦੀ ਏ। ਮੇਰੀ ਚਿੰਤਾ ਨਾ ਕਰਿਓ। ਮੇਰੇ ਕੋਲ ਪੈਨਸ਼ਨ ਹੈ ਤੇ ਬੱਚਤ ਵੀ। ਮੈਂ ਤੁਹਾਨੂੰ ਦੋਹਾਂ ਨੂੰ ਖੁਸ਼ ਤੇ ਤਰੱਕੀ ਕਰਦਾ ਵੇਖਾਂ, ਜਿਥੇ ਹੋਵੇ ਜਿਵੇਂ ਵਾਪਰੇ ਸੋਈ ਨਿਆਮਤ।"

ਏਨਾ ਆਖ ਉਹ ਚੁੱਪ ਕਰ ਗਏ।

ਮੈਂ ਪੁੱਛਿਆ, "ਤੁਹਾਡੇ ਪਿਤਾ ਤੁਹਾਨੂੰ ਰੋਕਿਆ ਨਹੀਂ ਸੀ, ਫਿਰ ਵੀ ਬਾਹਰ ਕਿਉਂ ਨਾ ਗਏ?"

ਭਿੱਜੀ ਹੋਈ ਅਵਾਜ਼ 'ਚ ਬੋਲੇ, "ਪਿਤਾ ਕਿਹਾ ਸੀ, ਜਿਸ ਵੀ ਤਰੀਕੇ ਖੁਸ਼ ਰਹਿ ਸਕਦਾਂ, ਸੋਈ ਕਰਾਂ। ਪਿਤਾ ਦੇ ਮੋਹ ਤੇ ਸਾਥ ਬਾਝੋਂ ਮੈਂ ਖੁਸ਼ ਰਹਿ ਹੀ ਨਹੀਂ ਸਾਂ ਸਕਦਾ। ਮੈਂ ਤਾਂ ਜ਼ਿੰਦਗੀ ਬਿਹਤਰ ਕਰਨ ਲਈ ਕਨੇਡੇ ਜਾਣਾ ਚਾਹੁੰਦਾ ਸਾਂ। ਜਿਸ ਜ਼ਿੰਦਗੀ ਵਿਚ ਸਭ ਸਹੂਲਤ ਹੋਵੇ ਪਰ ਖੁਸ਼ੀ ਨਾ ਹੋਵੇ, ਉਸ ਨੂੰ ਬਿਹਤਰ ਕਿੰਜ ਆਖੋਗੇ?"

ਮੈਂ ਆਖਿਆ, "ਬਹੁਤੇ ਲੋਕਾਂ ਨੂੰ ਤਾਂ ਕਨੇਡੇ ਜਾਣਾ ਤਰੱਕੀ ਲਗਦੀ ਹੈ।"

ਉਹ ਬੋਲੇ, "ਜੁੜਨਾ ਤੇ ਜੋੜਨਾ ਤਰੱਕੀ ਏ। ਟੁੱਟ ਕੇ ਜੁੜ ਜਾਣਾ ਹੋਰ ਵੱਡੀ ਗੱਲ ਏ। ਦੁਬਾਰਾ ਜੁੜਨਾ ਹੋਵੇ ਤਾਂ ਟੁੱਟਣਾ ਵੀ ਸਾਰਥਕ ਏ, ਜੁੜਨ ਦੀ ਕੋਸ਼ਿਸ਼ ਵਿਚ ਟੁੱਟਣਾ ਵੀ ਸਹੀ ਏ, ਪਰ ਨਿਰਾ ਟੁੱਟਣਾ ਤਾਂ ਬੇਅਰਥੀ ਜਿਹੀ ਘਟਨਾ ਏ। ਬੰਦੇ ਦੇ ਹਾਲਾਤ ਉਸ ਨੂੰ ਤੋੜਨ ਲਈ ਹਰ ਵੇਲੇ ਤਤਪਰ ਰਹਿੰਦੇ ਨੇ। ਜੁੜਿਆ ਰਹਿਣਾ ਬੰਦੇ ਦਾ ਆਪਣਾ ਕਾਰਜ ਏ। ਪਰਦੇਸ ਰਹਿ ਕੇ ਮੇਰਾ ਮਨ ਹਰ ਵੇਲੇ ਟੁੱਟਿਆ ਖਿਲਰਿਆ ਰਹਿੰਦਾ। ਇਹ ਤਰੱਕੀ ਨਹੀਂ ਸੀ ਹੋਣੀ।"

ਮੈਂ ਪੁੱਛਿਆ, "ਇੰਜ ਨਹੀਂ ਲੱਗਿਆ ਕਿ ਤੁਸੀਂ ਵੱਡੀ ਪ੍ਰਾਪਤੀ ਤੋਂ ਵਾਂਝੇ ਰਹਿ ਗਏ?"

"ਨਹੀਂ, ਇਕ ਦਿਨ ਇਕ ਵਾਰੀ ਵੀ ਨਹੀਂ। ਪੈਸਾ ਜਾਂ ਸਹੂਲਤਾਂ ਇਕੱਠੀਆਂ ਕਰਨਾ ਵਾਕਈ ਹਿੰਮਤ ਵਾਲੀ ਗੱਲ ਏ, ਪਰ ਸਿਰਫ ਏਹੋ ਪ੍ਰਾਪਤੀ ਨਹੀਂ। ਮੇਰੇ ਦੋ ਬੱਚੇ ਨੇ, ਦੋਨੋਂ ਲਾਇਕ ਨੇ। ਪੜ੍ਹੇ ਲਿਖੇ ਨੇ, ਕਾਲਜਾਂ ਵਿਚ ਪੜ੍ਹਾਉਂਦੇ ਨੇ। ਬੇਟਾ ਸ਼ਾਸਤਰੀ ਸੰਗੀਤ ਦਾ ਅਧਿਆਪਕ ਏ, ਬੇਟੀ ਸਮਾਜ ਵਿਗਿਆਨ ਦੀ। ਮੇਰੇ ਨੇੜੇ ਰਹਿਣ ਸਦਕਾ ਪਿਤਾ ਜੀ ਪਿਛਲੀ ਉਮਰੇ ਇਕੱਲੇ ਨਾ ਰਹੇ। ਮੇਰਾ ਪਤਨੀ ਨਾਲ ਸਮਝਦਾਰੀ ਭਰਿਆ ਰਿਸ਼ਤਾ ਏ। ਰੋਜ਼ ਸ਼ਾਮ ਨੂੰ ਘਰ ਪਰਤਣ ਦੀ ਤਾਂਘ ਹੁੰਦੀ ਏ। ਸਾਰੇ ਜੀਅ 'ਕੱਠੇ ਬਹਿਨੇ ਆਂ, ਦੇਰ ਰਾਤ ਤੱਕ ਗੱਲਾਂ ਹੁੰਦੀਆਂ ਨੇ। ਸਾਡੇ ਵਿਚਾਲੇ ਵਖਰੇਵੇਂ ਵੀ ਨੇ ਪਰ ਵਿਚਾਰਾਂ ਵਿਚ, ਰਿਸ਼ਤੇ ਵਿਚ ਨਹੀਂ। ਕਿੰਨੇ ਸਾਰੇ ਮਿੱਤਰ ਨੇ-ਨੇੜੇ ਵੀ, ਦੂਰ ਵੀ। ਕਦੀ ਕੋਈ ਆ ਜਾਂਦਾ ਏ, ਕਿਸੇ ਕੋਲ ਅਸੀਂ ਜਾ ਆਉਨੇ ਆਂ। ਅੱਜ ਤੁਸੀਂ ਮਿਲ ਗਏ ਹੋ, ਗੱਲਾਂ ਕਰ ਕੇ ਚੰਗਾ ਲੱਗ ਰਿਹਾ ਏ। ਕੀ ਇਹ ਸਭ ਪ੍ਰਾਪਤੀ ਨਹੀਂ?"

ਮੈਂ ਆਖਿਆ, "ਹਾਂ ਹੈ, ਪਰ ਬਹੁਤੇ ਲੋਕ ਰੱਜਵੇਂ ਪੈਸੇ ਖਾਤਰ ਬਾਹਰ ਜਾਂਦੇ ਨੇ। ਕਈਆਂ ਨੂੰ ਲਗਦਾ ਏ ਕਿ ਏਥੇ ਉਨ੍ਹਾਂ ਦੇ ਬੱਚਿਆਂ ਦਾ ਭਵਿਖ ਸੁਰੱਖਿਅਤ ਨਹੀਂ।"

ਉਹ ਬੋਲੇ, "ਮੈਂ ਹੁਣ ਜੋ ਕਮਾਉਂਦਾ ਹਾਂ, ਉਸ ਤੋਂ ਵਧ ਏਥੇ ਰਹਿੰਦਿਆਂ ਵੀ ਕਰ ਸਕਦਾ ਸਾਂ। ਮੇਰੀ ਪਤਨੀ ਪੜ੍ਹੀ ਲਿਖੀ ਏ ਪਰ ਉਸ ਨੇ ਨੌਕਰੀ ਨਹੀਂ ਕੀਤੀ। ਸਾਡਾ ਵਿਆਹ ਦੇ ਪਹਿਲੇ ਦਿਨ ਇਕਰਾਰ ਹੋ ਗਿਆ ਸੀ। ਮੈਂ ਕਈ ਲੋਕਾਂ ਨੂੰ ਤੱਕਿਆ ਸੀ, ਇਕੋ ਛੱਤ ਹੇਠਾਂ ਰਹਿੰਦੇ ਸਨ, ਫਿਰ ਵੀ ਘਰ ਦੇ ਬੰਦੇ ਨਿਖੜੇ ਰਹਿੰਦੇ ਸਨ। ਮੈਂ ਨਹੀਂ ਸਾਂ ਚਾਹੁੰਦਾ ਕਿ ਜ਼ਿੰਦਗੀ ਆਰਥਕ ਪੱਖੋਂ ਤਕੜੀ ਹੁੰਦੀ ਸਾਨੂੰ ਇਕ ਦੂਜੇ ਤੋਂ ਜਾਂ ਬੱਚਿਆਂ ਤੋਂ ਹੀ ਵੱਖਰਾ ਕਰ ਦੇਵੇ। ਅਸੀਂ ਇਕੋ ਤਨਖਾਹ ਵਿਚ ਸਾਦਾ ਰਹਿ ਕੇ ਜੀਣ ਦਾ ਫੈਸਲਾ ਕੀਤਾ। ਬੱਚਿਆਂ ਨੂੰ ਕਈ ਸੁੱਖ-ਸਹੂਲਤਾਂ ਨਾ ਦੇ ਹੋਈਆਂ, ਪਰ ਅਸੀਂ ਉਨ੍ਹਾਂ ਨੂੰ ਆਪਣੀ ਪੂਰੀ ਤਵੱਜੋ ਦਿੱਤੀ। ਕਿੰਨਾ ਵੀ ਪੈਸਾ ਹੋਵੇ, ਤਵੱਜੋ ਦੀ ਥਾਂ ਨਹੀਂ ਲੈ ਸਕਦਾ। ਅਸੀਂ ਉਨ੍ਹਾਂ ਨੂੰ ਜੋ ਨਹੀਂ ਦਿੱਤਾ, ਉਹ ਸਭ ਉਨ੍ਹਾਂ ਨੂੰ ਆਪੇ ਹਾਸਲ ਕਰਨ ਦੇ ਜੋਗ ਬਣਾਇਆ। ਕੀ ਪਤਾ, ਪਰਦੇਸ ਜਾ ਕੇ ਰੋਜ਼ੀ-ਰੋਟੀ ਦੇ ਭੰਬਲਭੂਸੇ ਵਿਚ ਪੈ ਕੇ ਅਸੀਂ ਇਹ ਸਭ ਕੁਝ ਨਾ ਕਰ ਸਕਦੇ। ਉਂਜ ਥੋੜ੍ਹੀ ਜਿਹੀ ਆਰਥਕ ਤੰਗੀ ਵਿਚ ਪਲਣਾ ਮਾੜੀ ਗੱਲ ਨਹੀਂ, ਬੱਚਾ ਜ਼ਿੰਦਗੀ ਦੀ ਅਸਲੀਅਤ ਨੇੜਿਓਂ ਵੇਖਣ ਲੱਗ ਪੈਂਦਾ ਏ।"

"ਪਰ ਕੀ ਤੁਹਾਡੀ ਪਤਨੀ ਨੂੰ ਪੜ੍ਹ-ਲਿਖ ਕੇ ਵੀ ਘਰ ਰਹਿਣਾ ਬੁਰਾ ਨਹੀਂ ਲੱਗਾ?" ਮੈਂ ਪੁੱਛਿਆ।

"ਘਰ ਲਈ ਸਮਾਨ ਮੁਹੱਈਆ ਕਰਨਾ, ਜਾਂ ਘਰ ਨੂੰ ਚਲਾਉਣਾ- ਇਕੋ ਜਿਹੀ ਮਿਹਨਤ ਦੇ ਕੰਮ ਨੇ। ਅਸੀਂ ਮਰਦਾਂ ਨੇ ਬੱਜਰ ਗਲਤੀ ਇਹ ਕੀਤੀ ਕਿ ਕਮਾਉਣ ਨੂੰ ਹੀ ਸਾਰੀ ਮਹੱਤਤਾ ਦੇ ਛੱਡੀ, ਘਰ ਨੂੰ ਚਲਾਉਣ ਵਾਲੀ ਦਾ ਦਰਜਾ ਨੀਵਾਂ ਆਖਣ ਲੱਗ ਪਏ। ਸਾਡੇ ਘਰ ਇੰਜ ਨਹੀਂ। ਮੇਰੀ ਪਤਨੀ ਮਾਣ ਤਾਣ ਪੱਖੋਂ ਮੈਥੋਂ ਘੱਟ ਨਹੀਂ। ਘਰ ਦੇ ਫੈਸਲਿਆਂ ਵਿਚ ਉਹ ਬਰਾਬਰ ਦੀ ਹਿੱਸੇਦਾਰ ਏ। ਇਸ ਕਰਕੇ ਉਸ ਨੂੰ ਘਰ ਰਹਿਣਾ ਕਦੇ ਆਪਣਾ ਅਪਮਾਨ ਨਹੀਂ ਲੱਗਾ। ਉਸ ਦੇ ਜਤਨ ਤੇ ਸਿਆਣਪ ਬਾਝੋਂ ਅਸੀਂ ਸਹਿਜ, ਸਾਵੇਂ ਤੇ ਚੰਗੇ ਤਰੀਕੇ ਨਾਲ ਨਾ ਰਹਿ ਸਕਦੇ, ਨਾ ਕੁਝ ਬਣ ਸਕਦੇ।"

ਮੈਂ ਪੁੱਛਿਆ, "ਇਸ ਗੱਲ ਦਾ ਉਸ ਨੂੰ ਪਤਾ ਹੈ?"

ਉਹ ਮੁਸਕਰਾਏ, "ਇਸ ਗੱਲ ਦਾ ਅਹਿਸਾਸ ਅਸੀਂ ਖੁਦ ਕਰਦੇ ਹਾਂ, ਉਸ ਨੂੰ ਵੀ ਦੱਸਦੇ ਰਹਿੰਦੇ ਹਾਂ, ਵਰਨਾ ਉਸ ਨੂੰ ਕਿੰਜ ਪਤਾ ਲੱਗੇਗਾ?"

ਮੇਰੀ ਜਗਿਆਸਾ ਹਾਲੇ ਸ਼ਾਂਤ ਨਹੀਂ ਸੀ, "ਤੁਸੀਂ ਆਪਣੇ ਪਿਤਾ, ਪਤਨੀ, ਬੱਚਿਆਂ ਦੀਆਂ ਸਫਲਤਾਵਾਂ ਗਿਣਾਈਆਂ ਨੇ। ਤੁਹਾਡਾ ਆਪਣਾ ਕੈਰੀਅਰ ਵੀ ਬਾਹਰ ਜਾ ਕੇ ਫਲ-ਫੁਲ ਸਕਦਾ ਸੀ।"

ਮੇਰੀ ਗੱਲ ਦਾ ਉਤਰ ਦਿੰਦਿਆਂ ਉਨ੍ਹਾਂ ਦੀਆਂ ਅੱਖਾਂ ਵਿਚ ਜੋ ਲਿਸ਼ਕ ਪਈ, ਉਹ ਮੈਨੂੰ ਹਾਲੇ ਵੀ ਯਾਦ ਹੈ, "ਅਠਾਰਾਂ ਵਰ੍ਹਿਆਂ ਤੋਂ ਮੈਂ ਪੜ੍ਹਾ ਰਿਹਾਂ। ਮੇਰੇ ਲਈ ਪੜ੍ਹਾਉਣਾ ਸਿਰਫ ਰੁਜ਼ਗਾਰ ਨਹੀਂ, ਸ਼ੌਕ ਵੀ ਹੈ। ਨੇਮ ਨਾਲ ਮੰਦਿਰ ਨਹੀਂ ਜਾਂਦਾ ਪਰ ਨੇਮ ਨਾਲ ਕੰਮ 'ਤੇ ਜਾਂਦਾ ਹਾਂ। ਸਵੇਰੇ ਕੰਮ 'ਤੇ ਜਾਣ ਦੀ ਕਾਹਲ ਹੁੰਦੀ ਹੈ, ਪਰਤਣ ਲੱਗਿਆਂ ਡੂੰਘੀ ਤਸੱਲੀ। ਮੇਰੇ ਕਿੰਨੇ ਹੀ ਵਿਦਿਆਰਥੀ ਘਰ ਆਏ ਰਹਿੰਦੇ ਨੇ। ਕਿਸੇ ਦੀ ਸਮੱਸਿਆ ਪੜ੍ਹਾਈ ਮੁਤੱਲਕ ਹੁੰਦੀ ਏ, ਕੋਈ ਮੇਰੇ ਨਾਲ ਬੈਠ ਜ਼ਾਤੀ ਮੁਸ਼ਕਿਲ ਹੱਲ ਕਰਦਾ ਏ। ਮੇਰਾ ਟੱਬਰ ਮੇਰੇ ਘਰ ਦੀ ਚਾਰ-ਦੀਵਾਰੀ ਅੰਦਰ ਹੀ ਨਹੀਂ, ਬਾਹਰ ਵੀ ਏ। ਮੇਰੇ ਪੜ੍ਹਾਏ ਕਿੰਨੀ ਹੀ ਬੱਚਿਆਂ ਨੇ ਪੁਲ ਬਣਾਏ, ਨਹਿਰਾਂ ਕੱਢੀਆਂ, ਮਸ਼ੀਨਾਂ ਘੜੀਆਂ ਹੋਣਗੀਆਂ, ਕਿੰਨੇ ਬੜੇ ਕੰਮ ਕੀਤੇ ਹੋਣਗੇ, ਜਿਨ੍ਹਾਂ ਨਾਲ ਆਲਾ ਦੁਆਲਾ ਉਸਰਿਆ ਏ। ਜਦੋਂ ਉਹ ਇਹ ਕੰਮ ਕਰਦੇ ਨੇ, ਤਾਂ ਅਚਨਚੇਤ ਹੀ ਉਸ ਵਿਚ ਮੈਂ ਵੀ ਕਿਧਰੇ ਸ਼ਾਮਲ ਹੁੰਨਾਂ! ਮੇਰਾ ਕਾਰਜ ਮੈਨੂੰ ਜਿਉਂਦਾ ਰਖਦਾ ਏ ਤੇ ਮੇਰੇ ਆਲੇ ਦੁਆਲੇ ਨੂੰ ਵੀ। ਮੈਨੂੰ ਆਪਣੇ ਕੈਰੀਅਰ ਵਿਚ ਤਸੱਲੀ ਹੈ।"

ਮੈਂ ਪੁੱਛਿਆ, "ਕੀ ਬਾਹਰ ਜਾਣਾ ਗਲਤੀ ਹੈ? ਸਭ ਨੂੰ ਏਥੇ ਰਹਿਣਾ ਚਾਹੀਦੈ?"

ਉਹ ਮਾਫੀ ਦੀ ਸੁਰ ਵਿਚ ਬੋਲੇ, "ਮੈਨੂੰ ਗਲਤ ਨਾ ਸਮਝੋ। ਬਾਹਰ ਜਾ ਕੇ ਵਸਣਾ ਨਾ ਤਾਂ ਮਾੜੀ ਗੱਲ ਹੈ, ਨਾ ਸੌਖੀ। ਪੱਛਮੀ ਮੁਲਕ ਉਚੇਰੀ ਵਿਦਿਆ ਤੇ ਬਿਹਤਰ ਟੈਕਨੋਲੋਜੀ ਨੂੰ ਸਿੱਖਣ, ਸਮਝਣ ਤੇ ਮਾਣਨ ਦਾ ਖੁਲ੍ਹਾ ਮੌਕਾ ਦਿੰਦੇ ਨੇ। ਮੈਂ ਇੰਜੀਨੀਅਰ ਹਾਂ, ਟੈਕਨੋਲੋਜੀ ਮੇਰਾ ਧਰਮ ਹੈ। ਪੱਛਮ ਦੀ ਟੈਕਨੋਲੋਜੀ, ਸਿਸਟਮ, ਵਿਦਿਆ ਤੇ ਉਨ੍ਹਾਂ ਦੀ ਪਦਾਰਥਕ ਤਰੱਕੀ ਲਈ ਮੇਰੇ ਮਨ ਵਿਚ ਆਦਰ ਈ ਨਹੀਂ ਸਗੋਂ ਸ਼ਰਧਾ ਦਾ ਅਹਿਸਾਸ ਹੈ।"

"ਦੂਜੀ ਗੱਲ, ਹਰ ਬੰਦੇ ਨੇ ਆਪਣੀ ਮੁਸ਼ਕਿਲ ਆਪੇ ਝੱਲਣੀ, ਆਪੇ ਹੱਲ ਕਰਨੀ ਹੁੰਦੀ ਏ। ਥਾਂਵਾਂ ਬਦਲਿਆਂ ਜ਼ਿੰਦਗੀ ਵਿਚੋਂ ਝੇੜੇ ਝਾਂਜੇ ਮੁੱਕ ਨਹੀਂ ਜਾਂਦੇ। ਹਾਂ, ਕਈ ਵਾਰੀ ਉਨ੍ਹਾਂ ਦਾ ਰੂਪ ਬਦਲ ਜਾਂਦੈ; ਤੇ ਸਾਡੀ ਸਮਰੱਥਾ ਬਦਲੇ ਹੋਏ ਸਰੂਪ ਨੂੰ ਸੌਖਿਆਂ ਨਜਿੱਠਣਾ ਜਾਣਦੀ ਹੈ। ਇਸੇ ਕਰਕੇ ਬਾਹਰ ਜਾ ਕੇ ਕਈ ਬੰਦਿਆਂ ਦੀ ਜ਼ਿੰਦਗੀ ਸੌਖੀ ਹੋ ਜਾਂਦੀ ਏ। ਜਿਥੇ ਜੀਅ ਕੇ ਜੀਣ ਵਿਚੋਂ ਰੱਜ ਆਵੇ ਤੇ ਮੁੜ ਮੁੜੇ ਜੀਣ ਚਿਤ ਕਰੇ, ਓਥੇ ਵਸਣਾ ਚਾਹੀਦਾ ਏ। ਸਭ ਨੇ ਆਪੋ ਆਪਣਾ ਜੀਣੈ। ਇਸ ਲਈ ਕਿਥੇ ਵੱਸਣੈ, ਇਹ ਫੈਸਲਾ ਵੀ ਸਭ ਨੇ ਆਪੇ ਕਰਨੈ।"

ਮੈਂ ਕਿਹਾ, "ਆਪਣੇ ਮੁਲਕ ਦੀ ਹਾਲਤ ਏਨੀ ਭੈੜੀ ਹੈ। ਚੰਗੇ ਹੋਣਾ ਜੁਰਮ ਹੋ ਗਿਆ ਹੈ। ਇਕੋ ਮੁਲਕ ਦਾ ਵਾਸੀ ਹੋ ਕੇ ਵੀ ਕੋਈ ਬੰਦਾ ਨਾ ਤਾਂ ਹਰ ਥਾਂ ਪੜ੍ਹ ਸਕਦਾ ਹੈ, ਨਾ ਹੀ ਰੋਜ਼ੀ ਲੱਭ ਸਕਦਾ ਹੈ। ਕੰਮ ਜਾਣਨਾ, ਕੰਮ ਲੱਭਣ ਦੀ ਸ਼ਰਤ ਨਹੀਂ ਰਹੀ, ਹੁਣ ਤਾਂ ਭ੍ਰਿਸ਼ਟ ਹੋਣਾ ਹੀ ਗੁਣ ਹੈ। ਚੰਗਾ ਬੰਦਾ ਇਸ ਨਾਲ ਨਾ ਤਾਂ ਸਮਝੌਤਾ ਕਰ ਸਕਦਾ ਹੈ, ਨਾ ਹੀ ਇਸ ਨੂੰ ਬਦਲ ਸਕਣ ਦੀ ਤਾਕਤ ਉਸ ਇਕੱਲੇ ਵਿਚ ਹੈ। ਕੀ ਇਹ ਸਭ ਉਦਾਸ ਨਹੀਂ ਕਰਦਾ? ਮੇਰੇ ਕਈ ਮਿੱਤਰਾਂ ਨੂੰ ਪੈਸੇ ਜਾਂ ਸੁੱਖ ਸਹੂਲਤ ਦੀ ਭੁੱਖ ਨਹੀਂ, ਇਨ੍ਹਾਂ ਹਾਲਾਤ ਤੋਂ ਤੰਗ ਆ ਕੇ ਬਾਹਰ ਵੱਲ ਨੂੰ ਮੂੰਹ ਕਰ ਲਿਆ ਹੈ। ਕੀ ਇਸ ਕਰਕੇ ਬਾਹਰ ਜਾਣ ਨੂੰ ਕਦੀ ਤੁਹਾਡੇ ਜੀਅ ਨਹੀਂ ਕੀਤਾ?"

ਉਹ ਬੋਲੇ, "ਸੁਣਦੇ ਸਾਂ, 'ਜੈਸਾ ਰਾਜਾ ਵੈਸੀ ਪਰਜਾ।' ਮੈਂ ਸੋਚਦਾ ਸਾਂ ਕਿ ਆਮ ਇਨਸਾਨ ਤਾਂ ਭੋਲਾ ਹੁੰਦੈ, ਸਾਡਾ ਘਾਣ ਸਿਆਸਤਦਾਨ ਕਰਦੇ ਨੇ ਪਰ ਜਿਸ ਦਿਨ ਦੀ ਲੱਖ ਲੋਕਾਂ ਨੇ ਰਲ ਕੇ ਬਾਬਰੀ ਮਸਜਿਦ ਢਾਹੀ ਏ, ਮੈਨੂੰ ਜਾਪਣ ਲੱਗਾ ਏ, ਜੈਸੀ ਪਰਜਾ ਵੈਸਾ ਰਾਜਾ।"

"ਮੇਰੇ ਵਰਗੇ ਆਮ ਤੇ ਮਾੜੇ ਬੰਦੇ ਨੂੰ ਤਾਂ ਏਸ ਸਿਸਟਮ ਦੇ ਭੈੜੇ ਗੁਰ ਵੀ ਨਹੀਂ ਆਉਂਦੇ। ਸਰਕਾਰੀ ਦਫਤਰ ਵਿਚ ਕੰਮ ਮਹੀਨਿਆਂ ਬੱਧੀ ਰੁਕਿਆ ਰਹਿੰਦੈ। ਤੰਗ ਆ ਕੇ ਰਿਸ਼ਵਤ ਦੇਣੀ ਪੈ ਹੀ ਜਾਏ ਤਾਂ ਕਿੰਨੇ ਦਿਨ ਤੱਕ ਆਪਣੇ ਹੱਥ ਨਾਲ ਆਪਣੇ ਮੂੰਹ ਵਿਚ ਰੋਟੀ ਪਾਉਣ ਨੂੰ ਜੀਅ ਨਹੀਂ ਕਰਦਾ।"

"ਇਹੋ ਸੋਚ ਕੇ ਜ਼ਿੰਦਗੀ ਭਰ ਰਾਹ ਨਹੀਂ ਬਦਲਿਆ ਕਿ ਹਾਲਾਤ ਤਾਂ ਤੱਕੜੀ ਵਰਗੇ ਹੁੰਦੇ ਨੇ। ਕੀ ਹੋਇਆ ਜੇ ਤੱਕੜੀ ਮਾੜੇ ਪਾਸੇ ਝੁਕਦੀ ਜਾ ਰਹੀ ਏ! ਅਸੀਂ ਹੋਰ ਕੁਝ ਨਹੀਂ ਕਰ ਸਕਦੇ ਤਾਂ ਆਪਣਾ ਭਾਰ ਈ ਚੰਗੇ ਪਾਸੇ ਪਾਉਂਦੇ ਰਹੀਏ। ਏਸ ਦੇ ਉਲਰ ਜਾਣ ਵਿਚ ਦੇਰੀ ਤਾਂ ਕਰੀਏ, ਖੌਰੇ ਏਨੇ ਚਿਰ ਵਿਚ ਹੱਲ ਨਿਕਲ ਹੀ ਆਵੇ! ਲੜ ਨਹੀਂ ਸਕਦੇ ਤਾਂ ਭੈੜੇ ਬੰਦਿਆਂ ਦਾ ਸਾਥ ਤਾਂ ਨਾ ਦੇਈਏ। ਬਾਹਰ ਜਾ ਕੇ ਵੱਸਣ ਦੀ ਜਦੋਜਹਿਦ ਕਿਹੜਾ ਘੱਟ ਹੋਣੀ ਸੀ? ਏਥੇ ਰਹਿ ਕੇ ਏਹੋ ਸਾਡੇ ਯੁੱਧ ਸਹੀ!"

ਮੈਂ ਪੁੱਛਿਆ, "ਅਜਿਹੇ ਹਾਲਾਤ ਜਾਂ ਸਮਾਜ 'ਚ ਜੀਣਾ ਤੁਹਾਨੂੰ ਕਦੇ ਅਪਮਾਨ ਵਰਗਾ ਨਹੀਂ ਲੱਗਾ?"

ਉਹ ਬੋਲੇ, "ਸਮਾਜ ਕਹੋ ਜਾਂ ਆਲਾ ਦੁਆਲਾ, ਇਹ ਤਾਂ ਛੱਤ ਵਰਗਾ ਹੁੰਦਾ ਹੈ, ਹਰ ਬੰਦੇ ਦੇ ਸਿਰ 'ਤੇ ਹਰ ਪਲ ਪਸਰਿਆ ਰਹਿੰਦੈ। ਛੱਤ ਭਾਵੇਂ ਕਿੱਡੀ ਵੀ ਹੋਵੇ, ਭਾਰ ਹਮੇਸ਼ਾ ਗਿਣੇ ਚੁਣੇ ਥੰਮ੍ਹਿਆਂ ਉਤੇ ਈ ਹੁੰਦੈ। ਅਸੀਂ ਅਜਿਹੇ ਕਿਸੇ ਥੰਮ੍ਹ ਦੀ ਇੱਟ ਹੀ ਸਹੀ! ਜਿਉਂਦੇ ਰਹਿਣ ਲਈ ਸਾਨੂੰ ਏਨਾ ਮਾਣ ਬਥੇਰਾ ਏ!!"

ਮੈਂ ਕਿਹਾ, "ਬੰਦਾ ਆਪਣੇ ਲਈ ਵੀ ਜੀਣਾ ਚਾਹੁੰਦਾ ਹੈ ਤੇ ਦੂਜਿਆਂ ਲਈ ਵੀ। ਕਈ ਵਾਰੀ ਦੋਹਾਂ ਗੱਲਾਂ ਵਿਚ ਮੇਲ ਨਹੀਂ ਬਹਿੰਦਾ। ਉਦੋਂ ਸਮਝ

*(ਅਗਲੇ ਸਫੇ 'ਤੇ ਜਾਰੀ)*

ਨਹੀਂ ਆਉਂਦੀ ਕਿ ਬੰਦਾ ਆਪਣੇ ਲਈ ਜੀਵੇ ਕਿ ਹੋਰਨਾਂ ਦਾ ਫਿਕਰ ਕਰੇ।"

ਬੜੀ ਤਸੱਲੀ ਨਾਲ ਉਹ ਬੋਲੇ, "ਮੈਂ ਇਹ ਸਭ ਕੁਝ ਆਪਣੇ ਲਈ ਹੀ ਕੀਤਾ ਏ। ਮੈਂ ਬਸ ਓਹੀਓ ਕੀਤਾ ਜੋ ਕਰਕੇ ਮੈਂ ਵੰਡਿਆ ਨਾ ਜਾਵਾਂ। ਮਨ ਸਾਫ, ਸ਼ਾਂਤ ਤੇ ਇਕਸੁਰ ਹੋਵੇ ਤਾਂ ਜੀਣ ਦਾ ਮਜ਼ਾ ਹੋਰ ਏ!"

ਉਨ੍ਹਾਂ ਦੇ ਬੁਲ੍ਹਾਂ 'ਤੇ ਆਈ ਮੁਸਕਾਣ ਜਿਵੇਂ ਹਰ ਨਸ਼ਤਰ ਖੁੰਢਾ ਕਰ ਸਕਦੀ ਸੀ।

ਮੈਂ ਪੁੱਛਿਆ, "ਤੇਰਾਂ ਸਾਲ ਪੰਜਾਬ 'ਚ ਅੱਤ ਦੀ ਹਿੰਸਾ ਹੋਈ। ਕਹਿੰਦੇ ਕਹਾਉਂਦੇ ਸਰਦਾਰਾਂ ਵੀ ਘਰ ਛਡ ਕੇ ਪਰਦੇਸ ਵਿਚ ਸ਼ਰਨਾਂ ਜਾ ਮੰਗੀਆਂ। ਤੁਸੀਂ ਹਿੰਦੂ ਹੋ, ਤੁਹਾਨੂੰ ਵੀ ਕੋਈ ਟੁੱਕ ਸਕਦਾ ਸੀ। ਉਨ੍ਹਾਂ ਔਖੇ ਦਿਨਾਂ ਵਿਚ ਵੀ ਨਹੀਂ ਲੱਗਾ, ਬਾਹਰ ਨਾ ਜਾ ਕੇ ਗਲਤੀ ਕੀਤੀ?"

ਉਹ ਪੀੜ ਭਰੀ ਅਵਾਜ਼ 'ਚ ਬੋਲੇ, "ਆਮ ਇਨਸਾਨ ਹਾਂ ਮੈਂ, ਟੱਬਰ ਬਾਲਾਂ ਬੱਚਿਆਂ ਵਾਲਾ। ਵਲੀ-ਔਲੀਆ ਨਹੀਂ ਕਿ ਡਰ ਨਾ ਲਗਦਾ। ਐਵੇਂ ਕਿਸੇ ਦਿਨ ਬਸ 'ਚੋਂ ਲਾਹ ਕੇ ਮੈਨੂੰ ਵੀ ਮਾਰ ਦੇਣਗੇ, ਮੇਰੀ ਬੇ-ਉਮੀਦੀ ਸੀ ਪਰ ਹਰ ਬੰਦਾ ਥੋੜ੍ਹਾ ਈ ਧਰਤੀ ਤੋਂ ਪੂੰਝਿਆ ਜਾ ਸਕਦਾ ਏ? ਦੁਨੀਆਂ ਦੇ ਸਾਰੇ ਜਾਲ ਰਲ ਕੇ ਵੀ ਇਕੋ ਵਾਰੀ ਸਾਰਾ ਸਾਗਰ ਜਿਉਂਦੀਆਂ ਜਾਨਾਂ ਤੋਂ ਖਾਲੀ ਨਹੀਂ ਕਰ ਸਕਦੇ। ਹੋਰ ਹਜ਼ਾਰਾਂ ਵਾਂਗਰ ਮੈਂ ਵੀ ਬਚ ਨਿਕਲਾਂਗਾ, ਇਹੋ ਮੇਰੀ ਉਮੀਦ ਸੀ। ਬੇ-ਉਮੀਦੀ ਸਾਹਵੇਂ ਮੈਂ ਉਮੀਦ ਨੂੰ ਚੁਣਿਆ।"

ਫਿਰ ਬੱਚਿਆਂ ਵਰਗੀ ਮਾਸੂਮੀਅਤ ਨਾਲ ਹੱਸੇ, "ਵੇਖੋ, ਲੋਕੀਂ ਪਾਰਟੀਆਂ ਨੂੰ ਵੋਟਾਂ ਪੌਂਦੇ ਨੇ, ਅਸਾਂ ਉਮੀਦ ਨੂੰ ਵੋਟ ਪਾਈ ਸੀ, ਉਹੀਓ ਜਿੱਤੀ। ਹਾਲਾਤ ਬਦਲ ਗਏ ਨੇ, ਆਪਾਂ ਜਿਉਂਦੇ ਜਾਗਦੇ ਹਾਂ, ਇਕ ਦੂਜੇ ਦੇ ਸਾਹਵੇਂ ਹਾਂ, ਗੱਲਾਂ ਕਰਦੇ ਪਏ ਹਾਂ।"

ਮੈਂ ਪੁੱਛਿਆ, "ਪਰ ਤੁਹਾਡੇ ਪਿਤਾ ਜੀ ਉਸ ਬੁਰੇ ਹਾਲ ਵਿਚ ਕੀ ਕਹਿੰਦੇ ਸਨ? ਕੀ ਉਨ੍ਹਾਂ ਦਾ ਪੰਜਾਬ ਛੱਡ ਕੇ ਜਾਣ ਨੂੰ ਜੀਅ ਨਹੀਂ ਕੀਤਾ?"

"ਉਹ ਕਹਿੰਦੇ ਸਨ, ਮੇਰਾ ਤੇ ਪੰਜਾਬ ਦੀ ਇਸ ਧਰਤੀ ਦਾ ਰਿਸ਼ਤਾ ਮੈਂ, ਮੇਰੇ ਬਚਪਨ, ਤੇ ਮੇਰੀ ਮਿੱਟੀ ਨੇ ਰਲ ਕੇ ਜੋੜਿਆ ਏ। ਰਿਸ਼ਤੇ ਵਿਚ ਪੱਗ ਵਟਾਈ ਜਾਂਦੀ ਏ ਪਰ ਨਿਰਾ ਪੱਗਾਂ ਕਰਕੇ ਰਿਸ਼ਤਾ ਨਹੀਂ ਬਣਦਾ। ਨਾ ਬੰਦਿਆਂ ਨਾਲ, ਨਾ ਧਰਤੀ ਨਾਲ। ਰਿਸ਼ਤੇ ਮੋਹ ਨਾਲ ਬਣਦੇ ਨੇ। ਮੈਨੂੰ ਕਿਸੇ ਚੁਰਾਹੇ ਖੜ੍ਹ ਕੇ ਕਿਸੇ ਅੱਗੇ ਆਪਣੀ ਧਰਤੀ ਲਈ ਆਪਣੇ ਮੋਹ ਨੂੰ ਸਾਬਤ ਕਰਨ ਦੀ ਲੋੜ ਨਹੀਂ। ਨਾਲੇ ਜਿਨ੍ਹਾਂ ਦੇ ਸਿਰਾਂ 'ਤੇ ਪੱਗਾਂ ਸਨ, ਉਹ ਵੀ ਸਾਡੇ ਆਪਣੇ ਹੀ ਹਨ! ਉਨ੍ਹਾਂ ਨੂੰ ਕਿਹੜਾ ਸਾਡੇ ਨਾਲੋਂ ਘੱਟ ਖਤਰਾ ਸੀ? ਬੰਦਾ ਚਾਹੇ ਨਿਹੱਥਾ ਹੋਵੇ, ਭੀੜ ਪਵੇ ਤਾਂ ਆਪਣੀ ਮਾਂ, ਆਪਣੇ ਭੈਣ-ਭਰਾਵਾਂ ਮਿੱਤਰਾਂ-ਪਿਆਰਿਆਂ ਨਾਲ ਖਲੋਂਦਾ ਏ ਕਿ ਭੱਜ ਟੁਰਦਾ ਏ?"

ਮੈਂ ਕਿਹਾ, "ਕਤਲੋਗਾਰਤ ਮੁੱਕ ਗਈ ਏ। ਹੁਣ ਤਾਂ ਤੁਹਾਡੇ ਬਜ਼ੁਰਗਾਂ ਨੂੰ ਵੀ ਸੁੱਖ ਦਾ ਸਾਹ ਆਇਆ ਹੋਣੈ...।"

ਡੂੰਘਾ ਸਾਹ ਲੈ ਕੇ ਉਹ ਬੋਲੇ, "ਪਿਤਾ ਨਹੀਂ ਰਹੇ। ਅਮਨ ਅਮਾਨ ਤੋਂ ਪਹਿਲਾਂ ਹੀ ਉਹ ਸੰਨ ਉਨਾਨਵੇਂ ਵਿਚ ਗੁਜ਼ਰ ਗਏ।"

ਇਕ ਗੱਡੀ ਸੀ, ਖਿਆਲਾਂ ਦੀ। ਕਿੰਨੇ ਹੀ ਚਿਰ ਤੋਂ ਮੈਂ ਤੇ ਉਹ ਇਸ ਉਤੇ ਸਹਿਜ ਸਫਰ ਕਰ ਰਹੇ ਸਾਂ। ਇਸ ਗੱਡੀ ਦੇ ਇਕ ਪਾਸੇ ਦੇ ਪਹੀਏ ਮੇਰੇ ਸੁਆਲਾਂ ਦੇ ਸਨ, ਦੂਜੇ ਪਾਸੇ ਦੇ ਉਨ੍ਹਾਂ ਦੀਆਂ ਗੱਲਾਂ ਦੇ। ਜਿਉਂ ਜਿਉਂ ਗੱਡੀ ਚੱਲ ਰਹੀ ਸੀ, ਸੁੰਦਰ ਦਿਸਹੱਦਾ ਮੇਰੀਆਂ ਅੱਖਾਂ ਅੱਗੇ ਉਦੈ ਹੋ ਰਿਹਾ ਸੀ। ਉਸ ਦੁਮੇਲ 'ਤੇ ਉਨ੍ਹਾਂ ਦੇ ਪਿਤਾ ਦਾ ਚਿਹਰਾ ਸੂਰਜ ਵਾਂਗੂੰ ਚਮਕ ਰਿਹਾ ਸੀ।

ਚਾਣਚੱਕ ਹੀ ਜ਼ੋਰ ਦਾ ਧੱਕਾ ਲੱਗਾ, ਸਾਰੇ ਪਹੀਏ ਇਕ ਦੂਜੇ ਵਿਚ ਰਲਗੱਡ ਹੋ ਗਏ, ਸੂਰਜ ਡੁੱਬ ਗਿਆ, ਦਿਸਹੱਦਾ ਲੁਪਤ ਹੋ ਗਿਆ। ਹਵਾ 'ਚ ਉਡਦਾ ਖੰਭ ਖੁਰਦਰੀਆਂ ਟਹਿਣੀਆਂ ਵਿਚ ਫਸ ਕੇ ਲੀਰੋ ਲੀਰ ਹੋ ਗਿਆ।

ਕਿੰਨਾ ਚਿਰ ਅਸੀਂ ਚੁੱਪ ਰਹੇ। ਇਹ ਸ਼ਰਧਾਂਜਲੀ ਵਰਗਾ ਮੌਨ ਸੀ। ਵਿਦਾਇਗੀ, ਜਿਸ ਦੇ ਅਦਬ ਨੂੰ ਕੋਈ ਲਫਜ਼ ਨਹੀਂ ਸੀ ਪੁਜਦਾ।

ਜਿਹੜਾ ਦਾਇਰਾ ਸ਼ੁਰੂ ਹੋਇਆ ਸੀ, ਪੂਰਾ ਹੋ ਗਿਆ। ਮੇਰਾ ਸੰਸਾ ਜਿਥੋਂ ਤੁਰਿਆ, ਅਨੰਤ ਮੁਕਾਮ ਦੀ ਯਾਤਰਾ ਕਰਕੇ ਉਥੇ ਹੀ ਵਾਪਸ ਪਰਤ ਆਇਆ। ਬੜੇ ਚਿਰ ਮਗਰੋਂ ਮੈਂ ਪੁਛਿਆ, "ਅੱਜ ਜਦੋਂ ਉਹ ਹੋਂਦ ਨਹੀਂ ਰਹੀ, ਜੋ ਕਰੀਬ ਸਾਰੇ ਫੈਸਲਿਆਂ ਦੇ ਪਿਛੇ ਖੜ੍ਹੀ ਰਹੀ ਤਾਂ ਉਹ ਫੈਸਲਾ ਗਲਤ ਜਾਪਦੈ? ਕੀ ਪਰਦੇਸ ਜਾ ਵਸਣ ਨੂੰ ਹੁਣ ਜੀਅ ਕਰਦੈ?"



***ਪੰਜਾਬ ਵਿਚ ਇਕ ਢਲਦੀ ਸ਼ਾਮ ਦੀ ਝਲਕ।***

ਉਮਰ ਭਰ ਦੀ ਕਮਾਈ ਫਕੀਰੀ ਸਾਦਗੀ ਨਾਲ ਉਹ ਬੋਲੇ, "ਨਹੀਂ, ਹੁਣ ਤਾਂ ਜੀਵਨ ਦੀ ਸ਼ਾਮ ਦਿਸਣ ਲੱਗ ਪਈ ਏ। ਏਸ ਸ਼ਾਮ ਮੈਂ ਬਹੁਤ ਸੰਤੁਸ਼ਟ ਹਾਂ। ਗੱਲ ਇਹ ਨਹੀਂ ਕਿ ਜੀਵਨ ਵਿਚ ਤੁਹਾਨੂੰ ਕੀ ਮਿਲਿਆ, ਇਸ ਵਿਚ ਹੈ ਕਿ ਤੁਸੀਂ ਜੀਵਨ ਨੂੰ ਕਿਵੇਂ ਮਿਲੇ? ਮੈਂ ਜੀਵਨ ਨੂੰ ਪਿਆਰ, ਹੌਂਸਲੇ, ਮਿਹਨਤ ਤੇ ਵਿਸ਼ਵਾਸ ਨਾਲ ਮਿਲਿਆ। ਡਰ ਕੇ ਇਸ ਦੇ ਅੱਗੇ ਅੱਗੇ ਜਾਂ ਲਾਲਚ ਵਿਚ ਇਸ ਦੇ ਮਗਰ ਮਗਰ ਨਹੀਂ ਭੱਜਿਆ ਫਿਰਿਆ। ਸਾਵੇਂ ਕਦਮੀਂ ਟੁਰਦੇ ਰਹਿਣ ਦੀ ਕੋਸ਼ਿਸ਼ ਕੀਤੀ। ਨਾ ਤਾਂ ਵੇਲੇ ਤੋਂ ਪਹਿਲਾਂ ਹੀ ਫੈਸਲੇ ਕਰਨ ਦੀ ਕੋਈ ਕਾਹਲ ਕੀਤੀ, ਨਾ ਹੀ ਫੈਸਲਿਆਂ ਨੂੰ ਅੱਗੇ ਪਾਇਆ ਏ, ਨਾ ਈ ਉਨ੍ਹਾਂ ਨੂੰ ਲੈ ਕੇ ਮੁੜ ਮੁੜ ਸੋਚਦਾ ਹਾਂ।"

ਮੈਂ ਪੁੱਛਿਆ, "ਕੀ ਤੁਹਾਡੇ ਵਾਂਗ ਬਾਪ ਦੀ ਸੇਵਾ ਕਰਨਾ ਹੀ ਜ਼ਿੰਦਗੀ ਨੂੰ ਸਫਲਾ ਕਰਦੈ? ਜ਼ਿੰਦਗੀ ਵਿਚ ਤਸੱਲੀ ਦੇ ਤਾਂ ਕਈ ਜ਼ਰੀਏ ਨੇ!"

ਉਹ ਬੋਲੇ, "ਮੇਰੇ ਲਈ ਪਿਤਾ ਨਾਲ ਰਿਸ਼ਤਾ ਮੇਰੇ ਜਿਉਣ ਦਾ ਕੇਂਦਰ ਸੀ। ਕਿਸੇ ਲਈ ਕੁਝ ਹੋਰ ਹੋ ਸਕਦੈ-ਆਪਣਾ ਕੰਮ, ਸਮਾਜ ਸੇਵਾ, ਪਿਆਰ ਮੁਹੱਬਤ, ਚਿੱਤਰ ਬਣਾਉਣੇ, ਗਿਆਨ ਦੀ ਤ੍ਰੇਹ, ਸੰਗੀਤ, ਕਿਤਾਬਾਂ-ਮਹੱਤਤਾ ਇਸ ਜਾਂ ਉਸ ਦੀ ਨਹੀਂ। ਜੋ ਵੀ ਚੁਣ ਲਉ, ਉਹੀ ਅਹਿਮ ਹੋ ਜਾਂਦੈ, ਪਰ ਚੁਣਿਆ ਰੂਹ ਨਾਲ ਹੋਵੇ। ਜੋ ਫੈਸਲਾ ਜਾਂ ਕੰਮ ਫਰਜ਼ ਵਾਂਗਰ ਢੋਣਾ ਪਏ, ਉਸ ਨੂੰ ਮਾਣਿਆ ਨਹੀਂ ਜਾ ਸਕਦਾ। ਪਿਤਾ ਦਾ ਖਿਆਲ ਰੱਖਣਾ ਮੇਰੇ ਸਿਰ 'ਤੇ ਲੱਦਿਆ ਫਰਜ਼ ਨਹੀਂ ਸੀ। ਇਹ ਮੇਰੀ ਖੁਸ਼ੀ ਸੀ, ਮੇਰੀ ਆਪਣੀ ਚੋਣ।"

ਮੈਂ ਆਖਿਆ, "ਤੁਹਾਡੀਆਂ ਗੱਲਾਂ ਸੁਣ ਕੇ ਲਗਦੈ ਜਿਵੇਂ ਤੁਹਾਥੋਂ ਕਦੀ ਕੋਈ ਗਲਤੀ ਨਹੀਂ ਹੋਈ!"

ਉਹ ਮੁਸਕਰਾਏ, "ਨਹੀਂ, ਇਹ ਗੱਲ ਨਹੀਂ। ਮੈਥੋਂ ਵੀ ਕਈ ਗਲਤੀਆਂ ਹੋਈਆਂ। ਗਲਤ, ਫੈਸਲੇ ਹੁੰਦੇ ਨੇ, ਬੰਦਾ ਨਹੀਂ! ਜਿਉਣਾ ਜ਼ਿੰਦਗੀ ਨੂੰ ਹੁੰਦਾ ਏ, ਗਲਤੀਆਂ ਨੂੰ ਨਹੀਂ। ਜੀਵਨ ਏਡਾ ਵੱਡਾ ਏ ਕਿ ਗਲਤ ਫੈਸਲੇ ਵਿਚੋਂ ਵੀ ਕੁਝ ਖੂਬਸੂਰਤ ਜਾਂ ਤਾਕਤਵਰ ਜਿਹਾ ਨਿਕਲ ਆਉਂਦਾ ਏ। ਗਲਤੀ ਕਰਕੇ ਵੱਧੋਂ-ਵੱਧ ਕੋਈ ਮਰ ਜਾਵੇਗਾ। ਮੋਏ ਬੂਟੇ ਖਾਦਾਂ ਬਣ ਕੇ ਹੋਰ ਕਿਸੇ ਬੂਟੇ ਵਿਚ ਖਿੜ ਜਾਂਦੇ ਨੇ। ਕੁਦਰਤ ਬੰਦੇ ਦੀ ਗਲਤੀ ਵੀ ਚੰਗੇ ਪਾਸੇ ਵਰਤ ਲੈਂਦੀ ਏ। ਵੱਡੀ ਗਲਤੀ ਇਕੋ ਏ, ਡਰਦੇ ਰਹਿਣਾ, ਕੁਝ ਨਾ ਕਰਨਾ।"

ਮੈਂ ਆਖਿਆ, "ਮੈਥੋਂ ਗਲਤੀ ਹੋ ਜਾਵੇ ਤਾਂ ਕਿੰਨਾ ਹੀ ਚਿਰ ਆਪਣੇ ਆਪ 'ਤੇ ਗੁੱਸਾ ਚੜ੍ਹਿਆ ਰਹਿੰਦੈ।"

ਉਹ ਬੋਲੇ, "ਮੈਂ ਵੀ ਏਦਾਂ ਹੀ ਕਰਦਾ ਸਾਂ। ਨਿੱਕੇ ਹੁੰਦਿਆਂ ਜਦ ਮੈਂ ਪਿਤਾ ਨੂੰ ਮੇਰੀ ਖਾਤਰ ਜਫਰ ਜਾਲਦਿਆਂ ਤੱਕਣਾ ਤਾਂ ਮੇਰੀ ਵੀ ਕੋਸ਼ਿਸ਼ ਹੁੰਦੀ, ਮੈਥੋਂ ਕੋਈ ਗਲਤੀ ਨਾ ਹੋਵੇ, ਉਨ੍ਹਾਂ ਨੂੰ ਤਕਲੀਫ ਨਾ ਹੋਵੇ। ਜਦ ਮੇਰੇ ਘਰ ਬੱਚਾ ਹੋਇਆ ਤਾਂ ਮੈਂ ਤੱਕਿਆ, ਉਸ ਦੀ ਮਾਂ ਉਸ ਦੀ ਗਲਤੀ 'ਤੇ ਹੱਸ ਛਡਦੀ ਸੀ। ਮੈਨੂੰ ਲੱਗਾ, ਮੈਂ ਐਵੇਂ ਹੀ 'ਸਿਆਣੇ' ਹੋਣ ਦੀ ਹਉਮੈ ਸਿਰ 'ਤੇ ਚੁੱਕੀ ਫਿਰਨਾਂ। ਕੁਦਰਤ ਅੱਗੇ, ਰੱਬ ਅੱਗੇ, ਹਾਲਾਤ ਅੱਗੇ ਬੰਦਾ ਹੀ ਬੱਚਾ ਹੁੰਦੈ, ਇਹ ਵੀ ਮੇਰੀਆਂ ਭੁੱਲਾਂ ਵੇਖ ਕੇ ਹੱਸਦੇ ਤੇ ਭੁੱਲ ਜਾਂਦੇ ਹੋਣਗੇ।"

ਮੈਂ ਪੁੱਛਿਆ, "ਗਲਤੀਆਂ ਦਾ ਕਦੀ ਦੁੱਖ ਨਹੀਂ ਹੋਇਆ?"

ਉਹ ਹੱਸ ਪਏ, "ਤੁਰਨਾ ਹੋਏ ਤਾਂ ਸਿਰ 'ਤੇ ਭਾਰ ਘਟਾਉਣਾ ਪੈਂਦੈ। ਗਲਤੀ ਦਾ ਭਾਰ ਸਿਰ 'ਤੇ ਚੁੱਕੀ ਫਿਰਾਂ ਤਾਂ ਕਿਵੇਂ ਤੁਰਾਂਗੇ? ਠੀਕ ਗਲਤ ਦਾ ਪਤਾ ਤਾਂ ਤੁਰ ਕੇ ਹੀ ਲਗਦਾ ਹੈ। ਇਕ ਗੱਲ ਮੈਂ ਆਪਣੀ ਪਤਨੀ ਤੋਂ ਸਿੱਖੀ ਹੈ। ਦੁੱਧ ਉਬਲੇ ਜਾਂ ਰੋਟੀ ਸੜ ਜਾਏ, ਅਗਲੀ ਵਾਰੀ ਦੁੱਧ ਉਬਾਲਣਾ, ਰੋਟੀ ਲਾਹੁਣਾ ਨਹੀਂ ਛਡਦੀ। ਜਿੱਦਾਂ ਵੀ ਹੋਵੇ, ਬਸ ਤੁਰਦੇ ਰਹੋ।"

ਆਪਣੀ ਘੜੀ ਵੇਖ ਕੇ ਬੋਲੇ, "ਏਸ ਗੱਲ ਤੋਂ ਯਾਦ ਆਇਆ, ਹੁਣ ਅੱਗੇ ਤੁਰਨ ਦਾ ਵੇਲਾ ਏ। ਲਉ, ਗੱਲਾਂ ਵਿਚ ਪਤਾ ਨਹੀਂ ਲੱਗਾ ਕਿਸ ਵੇਲੇ ਸਾਢੇ ਸੱਤ ਵੱਜ ਗਏ! ਮਾਫੀ ਚਾਹੁੰਨਾਂ, ਕਹਿੰਦੇ ਕਹਿੰਦੇ ਸ਼ਾਇਦ ਜ਼ਿਆਦਾ ਹੀ ਕਹਿ ਦਿੱਤਾ। ਬੀਵੀ ਵੀ ਇਹੋ ਕਹਿੰਦੀ ਏ, 'ਜਿਥੇ ਵੇਖੋ, ਪੀਰਡ ਲਾ ਕੇ ਬਹਿ ਜਾਂਦੇ ਓ! ਮਾਸਟਰਾਂ ਦਾ ਇਹੋ ਵਖਤ ਏ!' ਬਸ ਹੁਣ ਮੈਨੂੰ ਇਜਾਜ਼ਤ ਦੇਵੋ। ਸਰਹਿੰਦ ਦੀ ਬੱਸ ਤਾਂ ਹੁਣ ਬਾਹਰੋਂ ਫੜਨੀ ਪਏਗੀ।"

ਆਪਣਾ ਪਤਾ ਦਿੱਤਾ ਤੇ ਬੋਲੇ, "ਜਦ ਜੀਅ ਚਾਹੇ, ਬਿਨ-ਪੁੱਛਿਆਂ ਘਰ ਆ ਜਾਣਾ। ਸਾਡਾ ਬੂਹਾ ਬੰਦ ਨਹੀਂ ਹੁੰਦਾ।"

ਮੇਰੀ ਮਾਂ ਨੂੰ ਉਨ੍ਹਾਂ ਨੇ ਪ੍ਰਣਾਮ ਆਖਿਆ, ਵਿਦਾ ਲਈ।

ਕੁਝ ਕਦਮ ਬਾਹਰ ਤੁਰ ਕੇ ਵਾਪਸ ਆ ਗਏ ਤੇ ਬੋਲੇ, "ਤੁਸੀਂ ਸੋਚਦੇ ਹੋਵੋਗੇ, ਮੈਂ ਆਪਣੀ ਜ਼ਿੰਦਗੀ ਕਿਉਂ ਤੁਹਾਡੇ ਨਾਲ ਫੋਲ ਰਿਹਾ ਸਾਂ? ਐਵੇਂ ਨਿੱਕੀ ਜਿਹੀ ਵਜ੍ਹਾ ਸੀ: ਜਦ ਮੈਂ ਤੁਹਾਨੂੰ ਬਾਹਰ ਚੱਲ ਕੇ ਬੱਸ ਲੈਣ ਲਈ ਕਿਹਾ, ਤੁਸਾਂ ਮੇਰੀ ਗੱਲ ਨਾ ਮੰਨੀ। ਇਸ ਲਈ ਕਿ ਇੰਜ ਕਰਨ ਨਾਲ ਤੁਹਾਡੀ ਮਾਂ ਜੀ ਔਖੇ ਹੋਣਗੇ। ਬਸ ਏਨੀ ਕੁ ਗੱਲ ਤੁਹਾਡੀ ਮੈਨੂੰ ਛੋਹ ਗਈ। ਤੁਹਾਡੇ ਵਾਂਗ ਹੀ ਮੈਂ ਵੀ ਇਕ ਦਿਨ ਆਪਣੇ ਪਿਤਾ ਲਈ ਕੈਨੇਡਾ ਦਾ ਜਹਾਜ ਨਾ ਚੜ੍ਹਿਆ।"

ਢਲਦੀ ਸ਼ਾਮ ਦੇ ਹਨੇਰੇ ਵਿਚ ਜਗਦੇ ਸੂਰਜ ਵਰਗਾ ਚਾਨਣਾ ਅਕਸ ਸਾਵੇਂ ਕਦਮੀਂ ਤੁਰਦਾ ਮੇਰੀਆਂ ਅੱਖਾਂ ਅੱਗਿਓਂ ਹੌਲੀ ਹੌਲੀ ਓਹਲੇ ਹੋ ਗਿਆ।

ਮੈਨੂੰ ਮੇਰਾ ਨਿੱਘਾ ਮਿੱਤਰ, ਨਰੇਸ਼ ਰਾਮਪਾਲ ਚੇਤੇ ਆਇਆ। ਵਰ੍ਹਿਆਂ ਪਹਿਲਾਂ, ਐਸੀ ਹੀ ਸ਼ਾਮ ਨੂੰ ਅਸੀਂ ਦੋਵੇਂ ਰੰਗ-ਭਰਿਆ ਸੂਰਜ ਡੁੱਬਦਾ ਵੇਖ ਰਹੇ ਸਾਂ। ਮੰਤਰ-ਮੁਗਧ ਹੋ ਕੇ ਮੈਂ ਕਿਹਾ, "ਸਿਰਫ ਸੂਰਜ ਹੀ ਹੈ, ਜੋ ਏਨੇ ਜਲਾਲ ਲਾਲ ਡੁੱਬ ਸਕਦਾ ਹੈ।"

ਨਰੇਸ਼ ਬੋਲਿਆ, "ਜਿਹੜਾ ਏਨੇ ਜਲਾਲ ਨਾਲ ਡੁੱਬ ਸਕਦਾ ਹੈ, ਓਹੀ ਅਗਲੀ ਸਵੇਰ ਉਦੈ ਵੀ ਹੋ ਸਕਦਾ ਹੈ...।"

---

# ਜਿਉਣਾ ਵੀ ਇੱਕ ਅਦਾ ਹੈ...

ਕੁਦਰਤ ਨੇ ਮਨੁੱਖ ਨੂੰ ਬਿਹਤਰੀਨ ਜਜ਼ਬਾਤ ਅਤੇ ਅਦਾ ਨਾਲ ਨਿਵਾਜਿਆ ਹੈ, ਜਿਸ ਰਾਹੀਂ ਉਹ ਆਪਣੇ ਦੁੱਖ-ਸੁੱਖ ਮਹਿਸੂਸ ਕਰਦਾ ਹੈ ਤੇ ਦੂਜਿਆਂ ਨਾਲ ਸਾਂਝੇ ਕਰਦਾ ਹੈ। ਜਜ਼ਬਾਤ ਵਿਅਕਤ ਕਰਨ ਦਾ ਤਰੀਕਾ, ਹਰ ਕਿਸੇ ਦਾ ਵੱਖਰਾ ਵੱਖਰਾ ਹੁੰਦਾ ਹੈ। ਕਈਆਂ ਦਾ ਆਪਣੇ ਜਜ਼ਬਾਤ 'ਤੇ ਕਾਬੂ ਨਹੀਂ ਹੁੰਦਾ ਅਤੇ ਕਈ ਆਪਣੇ ਜਜ਼ਬਾਤ ਲੁਕਾਉਣਾ ਬਾਖੂਬੀ ਜਾਣਦੇ ਹਨ। ਇਨ੍ਹਾਂ ਦਾ ਹੀ ਇੱਕ ਹਿੱਸਾ ਹੈ ਅਦਾ। ਅਦਾ, ਜਿਸ ਦੇ ਸ਼ਾਬਦਿਕ ਅਰਥ ਹਨ-ਢੰਗ, ਤਰੀਕਾ, ਨਖਰਾ। ਹਰ ਮਨੁੱਖ ਦਾ ਹਰ ਚੀਜ਼ ਨੂੰ ਦੇਖਣ ਦਾ, ਸਮਝਣ ਦਾ, ਆਪਣਾ ਢੰਗ ਹੁੰਦਾ ਹੈ। ਉਸ ਦੀਆਂ ਆਪਣੀਆਂ ਅਦਾਵਾਂ, ਚਾਹੇ ਉਹ ਪਿਆਰ ਕਰਨ ਦੀ ਅਦਾ ਹੋਵੇ, ਕਿਸੇ ਰੁੱਸੇ ਨੂੰ ਮਨਾਉਣ ਦੀ, ਕਿਸੇ ਨੂੰ ਰਿਝਾਉਣ ਦੀ। ਉਸ ਨੂੰ ਦੂਜਿਆਂ ਤੋਂ ਅਲੱਗ ਬਣਾਉਂਦੀਆਂ ਹਨ। ਅਕਬਰ ਇਲਾਹਾਬਾਦੀ 'ਅਦਾ' ਨੂੰ ਖੂਬਸੂਰਤੀ ਦੇ ਮੰਦਿਰ ਵਿਚ ਇਉਂ ਪੇਸ਼ ਕਰਦੇ ਹਨ:



**ਮੋਨਿਕਾ ਕਟਾਰੀਆ, ਫਗਵਾੜਾ**
ਫੋਨ: 91-99145-37506

ਕਿਸ ਕਿਸ ਅਦਾ ਸੇ ਤੂਨੇ
ਜਲਵਾ ਦਿਖਾ ਕੇ ਮਾਰਾ
ਆਜ਼ਾਦ ਹੋ ਚੁਕੇ ਥੇ, ਬੰਦਾ ਬਨਾ ਕੇ ਮਾਰਾ।
ਅੱਵਲ ਬਨਾ ਕੇ ਪੁਤਲਾ,
ਪੁਤਲੇ ਮੇ ਜਾਨ ਡਾਲੀ
ਫਿਰ ਉਸਕੋ ਖੁਦ ਕਜਾ ਕੀ
ਸੂਰਤ ਮੇ ਆ ਕੇ ਮਾਰਾ।

ਜਿਵੇਂ ਇਸ਼ਕ ਕਰਨਾ, ਰੁੱਸਣਾ, ਮਨਾਉਣਾ ਇਹ ਸਭ ਅਦਾਵਾਂ ਅਸੀਂ ਬਾਖੂਬੀ ਨਿਭਾਉਣਾ ਜਾਣਦੇ ਹਾਂ। ਇਨ੍ਹਾਂ ਤੋਂ ਇਲਾਵਾ ਇੱਕ ਅਦਾ ਹੋਰ ਵੀ ਹੈ, ਜਿਸ ਨੂੰ ਅਸੀਂ ਮਾਣਨਾ ਭੁੱਲ ਬੈਠੇ ਹਾਂ। ਇਹ ਅਦਾ ਹੈ, ਜੀਣ ਦੀ ਅਦਾ। ਅੱਜ ਦੇ ਦੌਰ ਵਿਚ ਮਨੁੱਖ ਸਿਰਫ ਦੌੜ ਰਿਹਾ ਹੈ-ਕਦੀ ਸਫਲਤਾ ਪਿੱਛੇ, ਦੂਜਿਆਂ ਪਿੱਛੇ, ਕਦੀ ਆਪਣੀਆਂ ਲਾਲਸਾਵਾਂ ਪਿੱਛੇ। ਇਸ ਸਭ ਦੇ ਚੱਲਦੇ, ਉਹ ਜ਼ਿੰਦਗੀ ਗੁਜ਼ਾਰ ਤਾਂ ਰਿਹਾ ਹੈ, ਪਰ ਜੀਅ ਨਹੀਂ ਰਿਹਾ। ਉਹ ਸਿਰਫ ਇਸ ਜਦੋ-ਜਹਿਦ ਵਿਚ ਹੈ ਕਿ ਮੇਰਾ ਸਟੇਟਸ, ਮੇਰਾ ਰੁਤਬਾ ਬਣਿਆ ਰਹੇ, ਇਸ ਨੂੰ ਕੋਈ ਖੋਹ ਨਾ ਲਵੇ। ਅਸੀਂ ਆਪਣੇ-ਆਪ ਨੂੰ ਇੰਨਾ ਕੁ ਰੁਝਾਅ ਲਿਆ ਹੈ ਕਿ ਸਾਡੇ ਕੋਲ ਕਿਸੇ ਦੂਸਰੇ ਲਈ ਸਮਾਂ ਹੈ ਹੀ ਨਹੀਂ। ਸਾਡੇ ਰਿਸ਼ਤੇ, ਨਾਤੇ ਫੋਨ, ਮੈਸੇਜ ਤੱਕ ਸੀਮਤ ਹੋ ਕੇ ਰਹਿ ਗਏ ਹਨ। ਸਾਡਾ ਹਾਸਾ ਬਨਾਵਟੀ ਜਿਹੀ ਮੁਸਕਾਨ ਬਣ ਕੇ ਰਹਿ ਗਿਆ ਹੈ।

ਅਸੀਂ ਆਪਣੇ ਆਪ ਨੂੰ ਅਜਿਹੀ ਮਸ਼ੀਨ ਬਣਾ ਲਿਆ ਹੈ, ਜਿਸ ਵਿਚ ਜਜ਼ਬਾਤ ਤਾਂ ਬਹੁਤ ਸਨ, ਪਰ ਹੁਣ ਉਨ੍ਹਾਂ ਨੂੰ ਦੌਲਤ-ਸ਼ੁਹਰਤ ਦਾ ਘੁਣ ਲੱਗ ਚੁਕਾ ਏ। ਅੱਜ ਦੇ ਮਨੁੱਖ ਦੀ ਵੱਡੀ ਤ੍ਰਾਸਦੀ ਹੈ ਕਿ ਉਹ ਕੁਦਰਤ ਤੋਂ ਦੂਰ ਹੁੰਦਾ ਜਾ ਰਿਹਾ ਹੈ, ਜਦਕਿ ਜੀਣ ਦੀ ਸਭ ਤੋਂ ਵੱਡੀ ਅਦਾ ਸਾਨੂੰ ਕੁਦਰਤ ਸਿਖਾਉਂਦੀ ਹੈ। ਕੁਦਰਤ ਸਿਰਫ ਦੇਣਾ ਜਾਣਦੀ ਹੈ, ਤੇ ਬਦਲੇ ਵਿਚ ਸਾਡੇ ਕੋਲੋਂ ਸਿਰਫ ਪਿਆਰ ਅਤੇ ਅਪਣੱਤ ਦੀ ਮੰਗ ਕਰਦੀ ਹੈ। ਕੁਦਰਤ ਸਾਨੂੰ ਸਿਖਾਉਂਦੀ ਹੈ ਕਿ ਬਿਨਾ ਸਵਾਰਥ ਦੇ ਦੂਜਿਆਂ ਲਈ ਜਿਉਣਾ ਚਾਹੀਦਾ ਹੈ। ਇਕੱਲੇ ਆਪਣੇ ਲਈ ਸੋਚਣਾ, ਜਿਉਣਾ, ਉਸ ਵਿਚ ਉਹ ਅਨੰਦ ਨਹੀਂ, ਜੋ ਦੂਜਿਆਂ ਦੀ ਖੁਸ਼ੀ ਦੀ ਵਜ੍ਹਾ ਬਣਨ ਵਿਚ ਹੁੰਦਾ ਹੈ।

ਸਾਨੂੰ ਜ਼ਿੰਦਗੀ ਦੇ ਹਰ ਪਹਿਲੂ ਨੂੰ ਸਾਕਾਰਾਤਮਕ ਦ੍ਰਿਸ਼ਟੀ ਤੋਂ ਵਾਚਣਾ ਚਾਹੀਦਾ ਹੈ। ਕਿਉਂਕਿ ਅਸੀਂ ਜਿਹੋ ਜਿਹਾ ਸੋਚਦੇ ਹਾਂ, ਅਸੀਂ ਉਵੇਂ ਦੇ ਹੀ ਹੋ ਜਾਂਦੇ ਹਾਂ, ਅਤੇ ਸਾਡੇ ਨਾਲ ਉਸੇ ਤਰ੍ਹਾਂ ਦੀਆਂ ਘਟਨਾਵਾਂ ਵਾਪਰਦੀਆਂ ਹਨ। ਇਸ ਲਈ ਹਮੇਸ਼ਾ ਦੂਜਿਆਂ ਦਾ ਚੰਗਾ ਸੋਚੋ, ਤੁਹਾਡੇ ਨਾਲ ਕਦੇ ਵੀ ਬੁਰਾ ਨਹੀਂ ਹੋਵੇਗਾ। ਸਾਨੂੰ ਆਪਣੇ ਮਨ ਅੰਦਰ ਮੁਸੀਬਤਾਂ ਦਾ ਹੱਸ ਕੇ ਮੁਕਾਬਲਾ ਕਰਨ ਦੀ ਅਦਾ ਉਜਾਗਰ ਕਰਨ ਦੀ ਲੋੜ ਹੈ। ਸਾਡਾ ਖੁਸ਼ਨੁਮਾ ਸੁਭਾਅ ਹੀ ਸਾਡੇ ਮਿੱਥੇ ਮਨੋਰਥ ਤੱਕ ਪਹੁੰਚਣ ਵਿਚ ਸਹਾਇਕ ਹੁੰਦਾ ਹੈ। ਆਪਣੇ ਮਨੋਰਥ, ਉਦੇਸ਼ ਨੂੰ ਹਮੇਸ਼ਾ ਕੇਂਦਰ ਬਿੰਦੂ 'ਤੇ ਰੱਖੋ, ਉਸ ਤੋਂ ਕਦੇ ਵੀ ਭਟਕੋ ਨਾ,

ਜ਼ਿੰਦਗੀ ਚਾਹੇ ਕਿੰਨੇ ਵੀ ਜੁਲਮ ਕਰਦੀ ਰਵੇ,
ਜਿਉਣ ਦਾ ਮਕਸਦ ਨਹੀਂ ਭੁੱਲੀਦਾ।
ਹੀਰੇ ਦੀ ਤਾਲਾਸ਼ 'ਚ ਨਿਕਲੇ ਹੋਈਏ ਤਾਂ,
ਪੱਥਰਾਂ 'ਤੇ ਨਹੀਂ ਡੁੱਲ੍ਹੀਦਾ।

ਅਸੀਂ ਆਪਣੇ ਦ੍ਰਿੜ ਨਿਸ਼ਚੇ ਅਤੇ ਮਿਹਨਤ ਨਾਲ ਹਰ ਮੈਦਾਨ ਫਤਿਹ ਕਰ ਸਕਦੇ ਹਾਂ। ਜ਼ਿੰਦਗੀ ਨੂੰ ਜੇ ਸੱਚ-ਮੁੱਚ ਹੀ ਖੁਸ਼ਨੁਮਾ ਬਣਾਉਣਾ ਚਾਹੁੰਦੇ ਹੋ ਤਾਂ ਵਰਤਮਾਨ ਵਿਚ ਜਿਉਣਾ ਸਿੱਖੋ। ਬੀਤ ਚੁਕੇ ਸਮੇਂ ਜਾਂ ਭਵਿੱਖ ਬਾਰੇ ਸੋਚ ਕੇ ਆਪਣਾ ਅੱਜ ਖਰਾਬ ਨਾ ਕਰੋ।

ਆਪਣੇ ਅੱਜ ਨੂੰ ਮਾਣੋ, ਕਿਉਂਕਿ ਸਾਡਾ ਕੱਲ, ਸਾਡਾ ਅੱਜ ਤੈਅ ਕਰਦਾ ਹੈ। ਜੇ ਅੱਜ ਨੂੰ ਬਿਹਤਰੀਨ ਬਣਾਵਾਂਗੇ, ਆਉਣ ਵਾਲਾ ਕੱਲ ਬਾਹਾਂ ਪਸਾਰ ਕੇ ਸਾਡਾ ਸਵਾਗਤ ਕਰੇਗਾ। ਕਦੇ ਵੀ ਜ਼ਿੰਦਗੀ ਵਿਚ ਹਾਰ ਨਾ ਮੰਨੋ ਅਤੇ ਆਪਣੇ ਵਲੋਂ ਹਰ ਸੰਭਵ, ਅਸੰਭਵ ਕੋਸ਼ਿਸ਼ ਕਰੋ, ਸਫਲਤਾ ਜਰੂਰ ਤੁਹਾਡੇ ਕਦਮ ਚੁੰਮੇਗੀ।

ਆਪਣੇ ਪਿਤਾ ਦੀ ਮੌਤ ਦਾ ਭਿਆਨਕ ਮੰਜ਼ਰ ਮੈਂ ਬਹੁਤ ਛੋਟੀ ਉਮਰੇ ਵੇਖਿਆ। ਉਸ ਵੇਲੇ ਮੈਨੂੰ ਆਪਣੀ ਜ਼ਿੰਦਗੀ ਖਤਮ ਹੋ ਚੁਕੀ ਜਾਪਦੀ ਸੀ, ਪਰ ਕਹਿੰਦੇ ਨੇ, ਜੋ ਦੁੱਖ ਦਿੰਦਾ ਹੈ, ਉਹ ਉਸ ਨੂੰ ਸਹਿਣ ਦਾ ਹੌਸਲਾ ਪਹਿਲਾ ਬਖਸ਼ ਦਿੰਦਾ ਹੈ। ਮੈਂ ਇਹ ਨਹੀਂ ਕਹਿ ਰਹੀ ਅਸੀਂ ਉਨ੍ਹਾਂ ਨੂੰ ਭੁੱਲ ਜਾਂਦੇ ਹਾਂ, ਸਗੋਂ ਅਸੀਂ ਉਨ੍ਹਾਂ ਦੀ ਖਾਤਿਰ, ਉਨ੍ਹਾਂ ਦੇ ਸੁਪਨਿਆਂ ਦੀ ਖਾਤਿਰ ਨਵੇਂ ਸਿਰਿਓਂ ਜੀਣਾ ਸ਼ੁਰੂ ਕਰਦੇ ਹਾਂ। ਪਿਤਾ ਦੀ ਕਮੀ ਕੋਈ ਪੂਰੀ ਨਹੀਂ ਕਰ ਸਕਦਾ, ਪਰ ਜੇ ਅਸੀਂ ਜ਼ਰਾ ਗਹੁ ਨਾਲ ਵੇਖੀਏ ਤਾਂ ਕਈ ਸੰਭਾਵਨਾਵਾਂ ਸਾਡੇ ਆਸ-ਪਾਸ ਹੀ ਮੌਜੂਦ ਹੁੰਦੀਆਂ ਹਨ, ਜੋ ਜਿਉਣ ਦਾ ਨਵਾਂ ਮਕਸਦ ਬਖਸ਼ਦੀਆਂ ਹਨ। ਉਹ ਸ਼ਬਦ ਕਿਤਾਬਾਂ ਵੀ ਨਹੀਂ ਸਿਖਾ ਸਕਦੀਆਂ ਜੋ ਤਹਾਨੂੰ ਤੁਹਾਡਾ ਬੁਰਾ ਵਕਤ ਅਤੇ ਜ਼ਿੰਦਗੀ ਸਿਖਾਉਂਦੀ ਹੈ। ਕਦੇ ਵੀ ਆਪਣੇ ਜੀਵਨ ਵਿਚ ਖੜੋਤ ਨਾ ਆਉਣ ਦਿਓ। ਸਾਨੂੰ ਇਸ ਤਰ੍ਹਾਂ ਜਿਉਣਾ ਚਾਹੀਦਾ ਹੈ ਕਿ ਸਾਡਾ ਜੀਵਨ ਦੂਜਿਆਂ ਲਈ ਮਾਰਗ ਦਰਸ਼ਕ ਬਣ ਸਕੇ। ਗੁਰੂ ਨਾਨਕ ਦੇਵ ਜੀ ਫੁਰਮਾਉਂਦੇ ਹਨ, "ਮਨ ਤੂੰ ਜੋਤਿ ਸਰੂਪ ਹੈ ਆਪਣਾ ਮੂਲ ਪਛਾਣ॥"

ਸੱਚ-ਮੁੱਚ ਹੀ ਸਾਡੇ ਮਨ 'ਚ ਉਸ ਰੱਬ ਦੀ ਜੋਤ ਜਗ ਰਹੀ ਹੈ, ਇਸ ਨੂੰ ਇੰਜ ਜਗਦੇ ਰੱਖਣ ਲਈ ਸਾਨੂੰ ਆਪਣੀਆਂ ਜ਼ਿੰਮੇਵਾਰੀਆਂ ਨਿਭਾਉਂਦਿਆਂ ਦੂਜਿਆਂ ਦੇ ਭਲੇ ਲਈ ਲਾਉਣਾ ਚਾਹੀਦਾ ਹੈ, ਅਜਿਹੀ ਅਦਾ ਨਾਲ ਜ਼ਿੰਦਗੀ ਜੀਓ ਕਿ ਜ਼ਿੰਦਗੀ ਦੂਜਿਆਂ ਲਈ ਪਾਰਸ ਬਣ ਜਾਵੇ।

---

## ਸੰਪਾਦਕ ਦੀ ਡਾਕ

## ਡਾ. ਭੰਡਾਲ ਅਤੇ ਡਾ. ਘੁੰਮਣ ਦੇ ਸ਼ਾਨਦਾਰ ਲੇਖ

**ਸਤਿਕਾਰਯੋਗ ਸੰਪਾਦਕ ਜੀ,**

'ਪੰਜਾਬ ਟਾਈਮਜ਼' ਦਾ 4 ਮਈ ਦਾ ਅੰਕ ਪੜ੍ਹਿਆ, ਸਾਰਾ ਹੀ ਮੈਟਰ ਬਹੁਤ ਵਧੀਆ ਲੱਗਾ। ਵਿਸ਼ੇਸ਼ ਕਰ ਕੇ ਡਾ. ਗੁਰਬਖਸ਼ ਸਿੰਘ ਭੰਡਾਲ ਦਾ ਲੇਖ 'ਹਤਾਸ਼ ਹੈ ਪੰਜਾਬ' ਅਤੇ ਡਾ. ਆਸਾ ਸਿੰਘ ਘੁੰਮਣ ਦਾ ਲੇਖ 'ਚਲ ਉੜ ਜਾ ਰੇ ਪੰਛੀ ਕਿ ਅਬ ਯੇ ਦੇਸ਼ ਹੂਆ ਬੇਗਾਨਾ' ਬਹੁਤ ਹੀ ਵਧੀਆ ਲੇਖ ਹਨ, ਕਿਉਂਕਿ ਇਨ੍ਹਾਂ ਲੇਖਾਂ ਵਿਚ ਲੇਖਕਾਂ ਨੇ ਪੰਜਾਬ ਦੇ ਰਾਜਨੀਤਕ, ਧਾਰਮਿਕ, ਸਮਾਜਕ ਅਤੇ ਸਭਿਆਚਾਰਕ ਹਾਲਾਤ ਦਾ ਵਰਣਨ ਕੀਤਾ ਹੈ।

ਡਾ. ਆਸਾ ਸਿੰਘ ਘੁੰਮਣ ਨੇ ਪੁਰਾਣੇ ਪੰਜਾਬ ਦੀ ਤਸਵੀਰ ਨੂੰ ਬਹੁਤ ਸੋਹਣਾ ਬਿਆਨ ਕੀਤਾ ਹੈ ਅਤੇ ਪੁਰਾਣੀਆਂ ਯਾਦਾਂ ਨੂੰ ਸਾਂਝਾ ਕੀਤਾ ਹੈ। ਇਸੇ ਤਰ੍ਹਾਂ ਡਾ. ਭੰਡਾਲ ਪੰਜਾਬ ਦੀ ਮੌਜੂਦਾ ਆਰਥਕ, ਰਾਜਨੀਤਕ, ਧਾਰਮਿਕ ਤੇ ਸਭਿਆਚਾਰਕ ਦਸ਼ਾ ਬਾਰੇ ਬਹੁਤ ਚਿੰਤਤ ਹਨ। ਉਹ ਆਪਣੇ ਲੇਖ ਦੇ ਅੰਤ ਵਿਚ ਲਿਖਦੇ ਹਨ, "ਕੋਈ ਤਾਂ ਰੋਂਦੇ ਪੰਜਾਬ ਨੂੰ ਵਰ੍ਹਾਵੇ। ਇਸ ਦੀਆਂ ਚੀਖਾਂ ਨੂੰ ਆਪਣੇ ਅੰਤਰੀਵ ਵਿਚ ਵਸਾਵੇ। ਇਸ ਦੀ ਹੋਣੀ ਨੂੰ ਮੱਥੇ ਤੋਂ ਮਿਟਾਵੇ। ਮਸਤਕ ਲਕੀਰਾਂ ਵਿਚ ਜਿਉਣ ਦਾ ਅਦਬ ਉਕਰਾਵੇ। ਕੋਈ ਤਾਂ ਇਸ ਦੀ ਜਵਾਨੀ ਨੂੰ ਜਜ਼ਬਾ, ਜ਼ਮੀਰ, ਨੈਤਿਕਤਾ ਅਤੇ ਜ਼ਹਿਨੀਅਤ ਦਾ ਸਬਕ ਪੜ੍ਹਾਵੇ ਤਾਂ ਕਿ ਅਰਥਹੀਣ ਹੋ ਆਪਣੀ ਜ਼ਿੰਦਗੀ ਅਜਾਈਂ ਨਾ ਗਵਾਵੇ।"

ਡਾ. ਕੁਲਦੀਪ ਕੌਰ ਦਾ ਲੇਖ 'ਜਿਨ੍ਹੇਂ ਨਾਜ਼ ਹੈ ਹਿੰਦ ਪਰ ਵੋ ਕਹਾਂ ਹੈਂ' ਵੀ ਬਹੁਤ ਵਧੀਆ ਹੈ, ਜਿਸ ਵਿਚ ਉਨ੍ਹਾਂ ਮੋਦੀ ਸਰਕਾਰ ਦਾ ਸੱਚ ਬਿਆਨ ਕੀਤਾ ਹੈ। ਸੱਚ ਲਿਖਣਾ ਸੌਖਾ ਨਹੀਂ ਹੁੰਦਾ। ਲੇਖ ਵਿਚ ਡਾ. ਕੁਲਦੀਪ ਕੌਰ ਨੇ ਨੈਤਿਕਤਾ ਦਾ ਨੁਕਤਾ ਉਠਾਇਆ ਹੈ। ਚੰਗੇ ਵਿਚਾਰਾਂ ਲਈ ਉਹ ਵਧਾਈ ਦੇ ਪਾਤਰ ਹਨ।

***-ਮਾਸਟਰ ਨਿਰਮਲ ਸਿੰਘ ਲਾਲੀ***
***ਯੂਬਾ ਸਿਟੀ, ਕੈਲੀਫੋਰਨੀਆ।***

# ਵੇਖਣ ਤੋਂ ਵਿਆਹ ਤੱਕ

***ਪੰਜਾਬ ਦਾ ਜੰਮਿਆ-ਪਲਿਆ ਅਤੇ ਹੁਣ ਲੰਡਨ (ਵਲਾਇਤ) ਵੱਸਦਾ ਅਮੀਨ ਮਲਿਕ ਭਾਵੇਂ ਕਿਤੇ ਵੀ ਹੋਵੇ, ਪੰਜਾਬ ਉਹਦੇ ਅੰਦਰ ਆਬਾਦ ਹੈ ਅਤੇ ਇਹ ਹਰ ਵਕਤ ਮੌਲਦਾ-ਵਿਗਸਦਾ ਰਹਿੰਦਾ ਹੈ। ਉਹ ਆਪਣੀਆਂ ਕਹਾਣੀਆਂ ਦੇ ਹਰ ਕਿਰਦਾਰ ਨੂੰ ਅੰਦਰੋਂ-ਬਾਹਰੋਂ ਇਸ ਤਰ੍ਹਾਂ ਫਰੋਲਦਾ ਹੈ ਕਿ ਪਾਠਕ ਨੂੰ ਇਸ ਕਿਰਦਾਰ ਨਾਲ ਅਪਣੱਤ ਹੋ ਜਾਂਦੀ ਹੈ। 'ਵੇਖਣ ਤੋਂ ਵਿਆਹ ਤੱਕ' ਨਾਂ ਦੇ ਇਸ ਲੇਖ ਵਿਚ ਉਸ ਨੇ ਆਪਣੇ ਵਿਆਹ ਦਾ ਕਿੱਸਾ ਬਿਆਨ ਕੀਤਾ ਹੈ। ਇਹ ਕਿੱਸਾ ਦਿਲਚਸਪ ਤਾਂ ਹੈ ਹੀ, ਇਸ ਅੰਦਰ ਭਰਿਆ ਦਰਦ ਹਰ ਵਾਕ ਵਿਚੋਂ ਝਾਤੀਆਂ ਮਾਰਦਾ ਮਹਿਸੂਸ ਹੁੰਦਾ ਹੈ। -ਸੰਪਾਦਕ***

ਸਾਰੀ ਉਮਰ ਆਪਣੀ ਮਾਂ ਦੀ ਗਰੀਬੀ ਦਾ ਸਾਥ ਨਿਭਾਇਆ, ਧੱਕੇ ਖਾਧੇ ਅਤੇ ਭੁੱਖਾਂ ਕੱਟੀਆਂ ਪਰ ਜਿਸ ਬੇੜੀ ਦਾ ਕੋਈ ਵੀ ਆਸਰਾ ਨਾ ਹੋਵੇ, ਉਸ ਨੂੰ ਛੱਲਾਂ ਹੀ ਕੰਢੇ ਲਾ ਦਿੰਦੀਆਂ ਨੇ। ਜਿਸ ਨੂੰ ਰੱਬ ਨੇ ਡੋਬਣਾ ਨਾ ਹੋਵੇ, ਉਸ ਨੂੰ ਸਮੁੰਦਰ ਉਛਾਲ ਕੇ ਬਾਹਰ ਸੁੱਟ ਦਿੰਦਾ ਏ। ਮੈਥੋਂ ਵੱਡੇ ਪੰਜ ਭਰਾ, ਪਿਉ ਦੀ ਛਾਂ-ਛੱਪਰ ਥੱਲੇ ਸਨ ਜਿਹੜੇ ਆਪੋ-ਆਪਣੇ ਟਿਕਾਣੇ ਲੱਗ ਗਏ। ਮੈਂ ਸਭ ਤੋਂ ਨਿੱਕਾ ਪਰ ਦੁੱਖਾਂ ਦੀ ਦੁਕਾਨ ਸਭ ਤੋਂ ਵੱਡੀ ਪਾਈ। ਡਿੱਗਦਾ, ਢਹਿੰਦਾ, ਡੁੱਬਦਾ-ਤਰਦਾ ਰਿਹਾ ਅਤੇ ਰਾਹ ਖਹਿੜਿਆਂ ਵਿਚ ਗਵਾਚਦਾ ਰਿਹਾ। ਰੱਬ ਕੰਨੋਂ ਫੜ ਕੇ ਮੈਨੂੰ ਫਿਰ ਆਪਣੀ ਮਰਜ਼ੀ ਦੀ ਰਾਹ ਪਾ ਦਿੰਦਾ ਰਿਹਾ। ਇੰਜ ਹੀ ਮੈਂ ਵਸਦਾ-ਉਜੜਦਾ ਇਕ ਦਿਨ ਡੰਗਰ ਚਾਰਦਾ-ਚਾਰਦਾ ਧੱਕੋ-ਧੱਕੀ ਦਸ ਜਮਾਤਾਂ ਪੜ੍ਹ ਕੇ ਰੇਲਵੇ ਦੇ ਪੰਜ ਸਾਲ ਇੰਜੀਨੀਅਰਿੰਗ ਕੋਰਸ ਲਈ ਚੁਣਿਆ ਗਿਆ। ਰੱਬ ਦੀ ਮਨਸ਼ਾ ਤੋਂ ਬਾਅਦ ਮਾਂ ਦੀ ਮਰਜ਼ੀ ਨੇ ਅੱਖ ਪੱਟੀ ਤਾਂ ਆਖਣ ਲੱਗੀ, "ਵੇ ਪੁੱਤਰ! ਮੈਂ ਮਰ ਗਈ ਤਾਂ ਭਰਾ-ਭਾਬੀਆਂ ਨੇ ਤੈਨੂੰ ਨਹੀਂ ਪੁਛਣਾ। ਤੇਰਾ ਵਿਆਹ ਕਿਸੇ ਨਹੀਂ ਕਰਨਾ।"

ਮਾਂ ਦੀ ਕਦੇ ਮੋੜੀ ਤਾਂ ਨਹੀਂ ਸੀ ਪਰ ਟਾਲਦਾ

**ਅਮੀਨ ਮਲਿਕ**

ਰਿਹਾ, ਝਾਂਸੇ ਦਿੰਦਾ ਰਿਹਾ ਅਤੇ ਕਦੇ-ਕਦੇ ਨਾਰਾਜ਼ ਵੀ ਕੀਤਾ। ਅੰਮਾ ਨੇ ਆਪਣੀ ਸਾਦਗੀ ਦੇ ਰੰਗ ਵਿਚ ਕਈ ਮੰਗਣੀਆਂ ਵੀ ਕਰ ਸੁੱਟੀਆਂ। ਉਹ ਮੰਗਣੀ ਕਰ ਆਉਂਦੀ, ਮੈਂ ਤੋੜਨ ਦੇ ਆਹਰ ਕਰਦਾ ਰਿਹਾ। ਅੰਮਾ ਵਿਚਾਰੀ ਇਹੀ ਦੇਖਦੀ ਸੀ ਕਿ ਇਹ ਕੁੜੀ ਹੈ ਤੇ ਮੁੰਡੇ ਨਾਲ ਵਿਆਹੀ ਜਾ ਸਕਦੀ ਹੈ। ਜਦੋਂ ਦੋ ਮੰਗਣੀਆਂ ਚਕਨਾਚੂਰ ਹੋ ਕੇ ਚਿੱਪਰਾਂ ਅੰਮਾ ਦੇ ਜਜ਼ਬਾਤੀ ਪੈਰਾਂ ਵਿਚ ਲੱਗੀਆਂ ਤਾਂ ਉਸ ਨੇ ਆਖ ਦਿੱਤਾ, "ਚੰਗਾ ਪੁੱਤਰ, ਹੁਣ ਤੂੰ ਆਪਣੀ ਮਰਜ਼ੀ ਹੀ ਕਰੀਂ।" ਮਰਜ਼ੀ ਤਾਂ ਵੀ ਮੇਰੀ ਕੋਈ ਨਹੀਂ ਸੀ। ਇਸ ਤੋਂ ਪਿੱਛੋਂ ਵੀ ਜੋ ਕੁਝ ਮੇਰੇ ਨਾਲ ਹੋਇਆ, ਉਹ ਕਦੋਂ ਰੱਬ ਨੇ ਮੇਰੇ ਕੋਲੋਂ ਪੁੱਛ ਕੇ ਕੀਤਾ? ਮੰਗਤੇ ਦੀ ਕਿਹੜੀ ਮਰਜ਼ੀ?


ਇਵੇਂ ਤੁਰਦੇ ਫਿਰਦੇ ਕਈ ਥਾਂਈਂ ਹੱਸ ਦੰਦਾਂ ਦੀ ਪ੍ਰੀਤ ਵੀ ਹੋਈ। ਕਈ ਪ੍ਰੀਤਾਂ ਨੇੜਿਉਂ ਹੀ ਮੁੱਕ ਗਈਆਂ, ਜਿਵੇਂ ਟੇਸ਼ਨ ਤੋਂ ਕਿਸੇ ਤੇਜ਼ ਰਫਤਾਰ ਗੱਡੀ ਦੇ ਗੁਜ਼ਰਨ ਨਾਲ ਕੱਖ-ਕੂੜਾ ਥੋੜ੍ਹੀ ਜਿਹੀ ਦੂਰੀ ਤੱਕ ਨਾਲ ਜਾ ਕੇ ਹੰਭ ਜਾਂਦਾ ਹੈ ਤੇ ਗੱਡੀ ਅੱਗੇ ਨਿਕਲ ਜਾਂਦੀ ਏ। ਕਈ ਪ੍ਰੀਤਾਂ ਦੂਰ ਤੱਕ ਵੀ ਗਈਆਂ ਅਤੇ ਹਾਸੇ, ਮੜ੍ਹਾਸੇ ਵੀ ਬਣ ਗਏ। ਉਹ ਜਵਾਨੀ ਹੀ ਕਾਹਦੀ ਜਿਸ ਨੇ ਕੰਧਾਂ ਕੋਠੇ ਨਾ ਟੱਪੇ, ਛਿੱਤਰ ਪੌਲਾ ਨਾ ਖਾਧਾ ਅਤੇ ਤੋਏ ਲਾਅਨਤ ਨਾ ਕਰਾਈ। ਜਿਹੜੀ ਜਵਾਨੀ ਸ਼ਰਾਰਤ ਨਹੀਂ ਕਰਦੀ, ਉਹ ਉਸ ਫੰਡਰ ਘਟਾ ਵਾਂਗ ਹੁੰਦੀ ਹੈ ਜਿਹੜੀ ਵਰ੍ਹੇ ਬਗੈਰ ਗੁਜ਼ਰ ਜਾਏ।

ਸੰਨ 1963 ਦੀ ਗੱਲ ਹੈ ਕਿ ਵੱਡਾ ਭਰਾ ਵਜ਼ੀਰਾਬਾਦ ਰੇਲਵੇ ਸ਼ੈੱਡ ਦਾ ਇੰਚਾਰਜ ਸੀ ਤੇ ਮੈਂ ਸੱਤ ਸੌ ਮੀਲ ਦੂਰ ਕੋਇਟੇ ਅਜੇ ਟਰੇਨਿੰਗ ਦਾ ਆਖਰੀ ਸਾਲ ਪੂਰਾ ਕਰ ਰਿਹਾ ਸੀ। ਈਦ ਦਾ ਦਿਹਾੜਾ ਆ ਗਿਆ ਤੇ ਅੰਮਾ ਨੇ ਸੁਨੇਹਾ ਘੱਲਿਆ ਕਿ ਮੈਂ ਵਜ਼ੀਰਾਬਾਦ ਹਾਂ, ਤੂੰ ਵੀ ਈਦ ਉਪਰ ਵਜ਼ੀਰਾਬਾਦ ਆ ਜਾ! ਪੰਜਵੀ ਥਾਂ ਵੱਡੇ ਭਰਾ ਦੇ ਬਾਲ ਮੇਰੀ ਉਮਰ ਦੇ ਨਾਲ-ਨਾਲ ਹੀ ਸਨ। ਵੱਡੀ ਭਤੀਜੀ ਇੱਫਤ ਨੌਵੀਂ ਵਿਚ ਪੜ੍ਹਦੀ ਸੀ। ਈਦ ਵਾਲੇ ਦਿਹਾੜੇ ਇੱਫਤ ਦੀ ਬਾਂਕੀ ਜਿਹੀ ਸ਼ਰੀਂਹ ਦੇ ਫੁੱਲ ਵਰਗੀ ਜਮਾਤਣ ਸਹੇਲੀ ਸੇਵੀਆਂ ਦੀ ਪਲੇਟ ਨੂੰ ਰੇਸ਼ਮੀ ਰੁਮਾਲ ਨਾਲ ਢਕ ਕੇ ਅੰਦਰ ਵੜੀ। ਉਸ ਨੇ ਬੜੇ ਸੋਹਣੇ ਲੀੜੇ ਪਾਏ ਹੋਏ ਸਨ ਪਰ ਆਪਣੇ ਸੁਹੱਪਣ ਨੂੰ ਟਾਸੇ ਦੀ ਚਾਦਰ ਨਾਲ ਇੰਜ ਕੁੰਜ-ਕੁੰਜ ਕੇ ਢਕਿਆ ਹੋਇਆ ਸੀ ਕਿ ਵਾਰ-ਵਾਰ ਦੇਖਣ ਨੂੰ ਜੀਅ ਕਰਦਾ ਸੀ।

ਸਭ ਨੂੰ ਈਦ ਮੁਬਾਰਕ ਆਖ ਉਸ ਨੇ ਮੈਨੂੰ ਵੀ ਨੇੜੇ ਹੋ ਕੇ ਆਖ ਦਿੱਤਾ, "ਚਾਚਾ ਜੀ! ਸਲਾਮ ਅਲੈਕਮ।" ਮੈਂ ਇੰਜ ਕਦੀ ਨਹੀਂ ਸੀ ਕੀਤਾ ਪਰ ਉਸ ਨੇ ਪਤਾ ਨਹੀਂ ਕਿਸ ਤਰ੍ਹਾਂ ਦਾ ਸਲਾਮ ਕੀਤਾ ਕਿ ਉਸ ਨਾਲ ਸਾਰੀ ਉਮਰ ਗੁਜ਼ਾਰਨ ਦਾ ਦਿਲ ਵਿਚ ਅਹਿਦ ਕਰ ਲਿਆ। ਅੰਨ੍ਹੇਵਾਹ ਹੀ ਦਿਲ ਵਿਚ ਆਰਜ਼ੂ ਬੀਜ ਲਈ। ਸਭ ਤੋਂ ਸੋਹਣੀ ਅਤੇ ਸਭ ਤੋਂ ਬੁਰੀ ਗੱਲ ਇਹ ਹੋਈ ਕਿ ਉਹ ਕੁੜੀ ਕਿਸੇ ਵੱਲ ਅੱਖ ਪੁੱਟ ਕੇ ਨਹੀਂ ਸੀ ਦੇਖਦੀ। ਕੋਈ ਨਾ ਦੇਖੇ ਤਾਂ ਉਸ ਨੂੰ ਦੇਖਣ ਤੇ ਬੜਾ ਜੀਅ ਕਰਦਾ ਏ। ਉਹ ਚੁੱਪ-ਚਪੀਤੀ ਮੂੰਹ ਮੀਟੀ ਜਿਹੀ ਆਈ ਤੇ ਕੁਝ ਘੜੀਆਂ ਬਹਿ ਕੇ ਚਲੀ ਗਈ।

ਉਸ ਤੋਂ ਬਾਅਦ ਮੈਂ ਇਕ ਲੱਤ ਉਤੇ ਖਲੋ ਗਿਆ। ਮੈਂ ਭਾਵੇਂ ਸ਼ਰਾਫਤ ਨਾਲ ਕਈ ਪੱਤਣ ਤਰ ਚੁਕਿਆ ਸਾਂ ਪਰ ਨਾ ਕਿਸੇ ਮਾਸੂਮ ਨੂੰ ਡੋਬਿਆ ਅਤੇ ਨਾ ਕਿਸੇ ਪੱਤਣ ਉਤੇ ਬੇੜੀਆਂ ਰੋੜ੍ਹ ਕੇ ਬੈਠਾ। ਪਤਾ ਨਹੀਂ ਦਿਲ ਨੇ ਕੁਝ ਆਖਿਆ ਕਿ ਰੱਬੋਂ ਹੁਕਮ ਹੋਇਆ, ਦੋ ਘੜੀਆਂ ਵਿਚ ਹੀ ਫੈਸਲਾ ਕਰ ਲਿਆ ਕਿ ਜੇ ਵਿਆਹ ਜ਼ਰੂਰੀ ਹੈ ਤਾਂ ਇਸ ਕੁੜੀ ਨਾਲ ਹੋਣਾ ਚਾਹੀਦਾ ਏ। ਗੱਲ ਅਕਲ ਦੀ ਨਹੀਂ ਸੀ ਪਰ ਪਿਆਰ ਦਾ ਤੇ ਅਕਲ ਦਾ ਇੱਟ ਕੁੱਤੇ ਦਾ ਵੈਰ ਹੈ। ਕੁਝ ਮੇਰੇ ਉਸ ਮਾਹੌਲ ਦਾ ਕਸੂਰ ਸੀ ਜਿਸ 'ਚ ਖੱਜਲ ਖਰਾਬੇ ਨੇ ਮੈਨੂੰ ਜੰਗੀ ਕਬੂਤਰ ਜਾਂ ਬਾਹਰਲਾ ਬਿੱਲਾ ਬਣਾ ਛੱਡਿਆ ਸੀ।

ਆਪਣੀ ਭਤੀਜੀ ਇੱਫਤ ਨਾਲ ਗੱਲ ਕੀਤੀ ਤਾਂ ਉਸ ਨੇ ਕੀਤੀ ਕਤਰੀ ਖੂਹ ਵਿਚ ਪਾ ਦਿੱਤੀ। ਆਖਣ ਲੱਗੀ, "ਚਾਚਾ ਜੀ! ਇਸ ਕੁੜੀ ਬਾਰੇ ਸੋਚਿਉ ਵੀ ਨਾ, ਇਹ ਬੜੀ ਸ਼ਰੀਫ ਅਤੇ ਆਣ ਅਣਖ ਵਾਲੀ ਖੁਦਦਾਰ ਹੈ। ਕਿਧਰੇ ਮੇਰੀ ਬੇਇੱਜਤੀ ਨਾ ਕਰਵਾ ਦਿਉ।"



*ਅਮੀਨ ਮਲਿਕ*

ਇੱਫਤ ਨੂੰ ਕੀ ਪਤਾ ਸੀ ਕਿ ਉਸ ਦੀ ਸ਼ਰਾਫਤ ਖੁਦਦਾਰੀ ਅਤੇ ਟਾਸੇ ਦੀ ਚਾਦਰ ਨਾਲ ਮਾਰੀ ਹੋਈ ਬੁੱਕਲ ਨਾਲ ਅੱਖ ਪੁੱਟ ਕੇ ਨਾ ਦੇਖਣਾ ਹੀ ਤਾਂ ਮੇਰੇ ਲਈ ਮੁਸੀਬਤ ਬਣਿਆ ਸੀ। ਮੈਂ ਤਾਂ ਸ਼ਾਦੀ ਦਾ ਤਰਲਾ ਮਾਰਿਆ ਸੀ। ਇਸ ਨਾਲ ਸ਼ਰਾਫਤ ਦੀ ਨੁੱਕਰ ਤਾਂ ਨਹੀਂ ਭੁਰਦੀ। ਮੈਂ ਸੋਚਾਂ ਵਿਚ ਪੈ ਗਿਆ ਕਿ ਇਸ ਪੱਤਣ ਉਤੇ ਬੇੜੀ ਡੋਬਣ ਨੂੰ ਜੀਅ ਕੀਤਾ ਤਾਂ ਅੱਗਿਓਂ ਬੇੜਾ ਹੀ ਗਰਕ ਗਿਆ। ਜਿਹੜੀ ਗਲੀ ਵਿਚੋਂ ਲੰਘਣ ਦੀ ਮਨਾਹੀ ਹੋਈ, ਮੈਂ ਉਸੇ ਹੀ ਗਲੀ ਨੂੰ ਸੋਚਾਂ ਵਿਚ ਵਸਾ ਲਿਆ। ਸ਼ਾਦੀ ਲਈ ਸ਼ਰੀਫ ਲੜਕੀ ਹੀ ਤਾਂ ਚਾਹੀਦੀ ਸੀ ਪਰ ਇੱਫਤ ਨੇ ਆਖਿਆ, "ਇਹ ਬੜੀ ਸ਼ਰੀਫ ਏ, ਇਸ ਬਾਰੇ ਨਾ ਸੋਚੀਂ।" ਇਸ ਗੱਲ ਨੇ ਕੁੜੀ ਦਾ ਭਾਅ ਤਾਂ ਵਧਾ ਹੀ ਦਿੱਤਾ ਸੀ ਪਰ ਮੈਂ ਭੋਹ ਦੇ ਭਾਅ ਵਿਕ ਗਿਆ।

ਉਂਜ, ਇਸ ਜੰਦਰੇ ਲਈ ਇੱਫਤ ਹੀ ਮੈਨੂੰ ਚਾਬੀ ਨਜ਼ਰ ਆਈ ਸੀ। ਉਸ ਨੂੰ ਫਿਰ ਪੁੱਛ ਕੇ ਦੇਖਿਆ ਤਾਂ ਉਸ ਨੇ ਉਮੀਦਾਂ ਨੂੰ ਹੀ ਸਾੜ ਫੂਕ ਛੱਡਿਆ। ਆਖਣ ਲੱਗੀ, "ਮੇਰੀ ਇਸ ਸਹੇਲੀ ਨੇ ਆਪਣੀ ਇਕ ਕਾਪੀ ਉਪਰ ਲਿਖਿਆ ਹੋਇਆ ਹੈ ਕਿ 'ਵਿਆਹ ਤੋਂ ਪਹਿਲਾਂ ਕਿਸੇ ਨਾਲ ਜ਼ਹਿਨੀ ਸਬੰਧ ਬੇਹਯਾਈ ਹੈ ਅਤੇ ਵਿਆਹ ਤੋਂ ਬਾਅਦ ਕਬਰ ਤੋਂ ਪਹਿਲਾਂ ਸਬੰਧ ਟੁੱਟਣਾ ਬੇਵਫਾਈ ਹੈ'।" ਇਸ ਗੱਲ ਨੇ ਉਸ ਕੁੜੀ ਨੂੰ ਇੰਨਾ ਖੂਬਸੂਰਤ ਬਣਾ ਰੱਖਣਾ, ਕਿਸੇ ਧੀ ਭੈਣ ਦੀ ਬੜੀ ਉਤਮ ਖੂਬੀ ਹੈ ਪਰ ਮੈਨੂੰ ਇਸੇ ਹੀ ਖੂਬੀ ਨਾਲ ਚਿੜ ਹੋ ਗਈ। ਮੈਂ ਹੋਰ ਵੀ ਪੱਕਾ ਹੋ ਗਿਆ ਕਿ ਸ਼ਰੀਫ ਕੁੜੀ ਨਾਲ ਵਿਆਹ ਕਰਾਉਣਾ ਮੇਰਾ ਹੱਕ ਕਿਉਂ ਨਹੀਂ ਬਣਦਾ? ਲਿਹਾਜ਼ਾ ਇੰਜ ਦੀ ਰਾਣੀ ਮਲਿਕ ਅਤੇ 1963 ਵਿਚ ਨਸੀਮ ਅਖਤਰ ਰਾਣਾ ਦੀ ਬੇਰੁਖੀ ਜਾਂ ਬਹੁਤੀ ਸ਼ਰਾਫਤ ਨੇ ਮੇਰੀ ਸ਼ਰਾਫਤ ਨੂੰ ਜੱਗਾ ਜੱਬਰੂ ਅਤੇ ਦੁੱਲਾ ਬਣਾ ਦਿੱਤਾ। ਇਸ ਨੇ ਪਾਸਾ ਵੱਟਿਆ ਤਾਂ ਮੈਂ ਪੇਸ਼ ਪੈ ਗਿਆ। ਇਸ ਨੇ ਲਾਜ ਦੀ ਰਾਖੀ ਕੀਤੀ ਤੇ ਮੈਂ ਜਾਨ ਤਲੀ ਉਤੇ ਰੱਖ ਲਈ। ਇਹ ਸ਼ਰਾਫਤ ਦੀਆਂ ਬਰੂਹਾਂ ਨਾ ਟੱਪ ਸਕੀ ਤੇ ਮੈਂ ਸ਼ੱਕ ਨੂੰ ਲਗਾਮ ਨਾ ਪਾ ਸਕਿਆ। ਮੈਨੂੰ ਇਹ ਵੀ ਪਤਾ ਸੀ ਕਿ ਮੇਰੀ ਇਸ ਜਾਇਜ਼ ਖਾਹਿਸ਼ ਦੀ ਡੋਲਦੀ ਬੇੜੀ ਨੂੰ ਆਸਰਾ ਦੇਣ ਵਾਲਾ ਵੀ ਕੋਈ ਨਹੀਂ। ਇਕ ਮਾਂ ਹੀ ਮਾਂ ਸੀ ਜਿਹੜੀ ਵਡੇਰੀ ਉਮਰ ਹੋਣ ਕਰਕੇ ਪੇਂਡੂ ਸਭਿਆਚਾਰ ਤੋਂ ਵੱਧ ਕੁਝ ਵੀ ਨਹੀਂ ਸੀ ਜਾਣਦੀ।

ਅਖੀਰ ਮੈਂ ਆਪਣੇ ਆਪ ਹੀ ਨਸੀਮ ਅਖਤਰ ਦਾ ਗਲੀ ਮੁਹੱਲਾ ਅਤੇ ਖਾਨਦਾਨੀ ਜੁਗਰਾਫੀਆ ਜਾਣਨ ਲਈ ਨਿਕਲ ਪਿਆ।

ਵਜ਼ੀਰਾਬਾਦ ਨਿੱਕਾ ਜਿਹਾ ਸ਼ਹਿਰ ਹੈ ਤੇ ਮੈਨੂੰ ਗਲੀਆਂ ਕੱਛਣ ਦਾ ਸ਼ੌਕ ਵੀ ਸੀ। ਦਸ ਦਿਹਾੜੇ ਵਜ਼ੀਰਾਬਾਦ ਰਹਿ ਕੇ ਸਾਰਾ ਆਲਾ ਦੁਆਲਾ ਟੋਹ ਲਿਆ। ਕੁੜੀ ਦੇ ਛੇ ਭਰਾ ਤੇ ਕੱਲੀ-ਕੱਲੀ ਭੈਣ। ਇਹ ਗੱਲ ਵੀ ਮੇਰੇ ਹੱਕ ਵਿਚ ਨਹੀਂ ਸੀ ਜਾਂਦੀ। ਛੇ ਭੈਣਾਂ ਤੇ ਇਕ ਭਰਾ ਹੁੰਦਾ ਤਾਂ ਮੈਨੂੰ ਫਾਇਦਾ ਸੀ। ਉਤੋਂ ਇਕ ਹੋਰ ਗੱਲ ਮੇਰੇ ਵਿਰੁਧ ਸੀ ਕਿ ਪਿਉ ਨੂੰ ਲੰਡਨ ਵਿਚੋਂ ਵਾਉਚਰ ਵੀ ਆਇਆ ਹੋਇਆ ਸੀ। ਕੱਲੀ-ਕੱਲੀ ਧੀ ਤੇ ਛੇ ਭਰਾ ਅਤੇ ਪਿਉ ਲੰਡਨ ਜਾਣ ਵਾਲਾ ਹੋਵੇ ਤਾਂ ਮੇਰੀ ਉਥੇ ਕੀ ਵੱਟਕ? ਉਨ੍ਹਾਂ ਦੇ ਇਹ ਸਾਰੇ ਫਾਇਦੇ ਮੇਰੇ ਲਈ ਵੱਡਾ ਨੁਕਸਾਨ ਸਨ। ਮੈਂ ਆਪਣੀ ਆਰਜ਼ੂ ਨੂੰ ਸ਼ਰਾਫਤ ਦੀ ਬੁੱਕਲ ਵਿਚ ਵਲ੍ਹੇਟ ਕੇ ਵਾਪਸ ਕੋਇਟੇ ਚਲਾ ਗਿਆ।


ਢਾਈ ਮਹੀਨੇ ਬਾਅਦ ਵੱਡੀ ਈਦ ਆ ਗਈ। ਵਜ਼ੀਰਾਬਾਦ ਅੱਪੜ ਕੇ ਸਭ ਤੋਂ ਪਹਿਲਾਂ ਜੋਗੀਆਂ ਵਾਲੇ ਮੁਹੱਲੇ ਦੀ ਗਲੀ ਦਾ ਪਤਾ ਕੀਤਾ। ਪਿਉ ਮੁਹੰਮਦ ਸ਼ਰੀਫ ਰਾਣਾ ਲੰਡਨ ਜਾ ਚੁੱਕਿਆ ਸੀ। ਸਭ ਤੋਂ ਵੱਡਾ ਭਰਾ ਸ਼ਕੀਲ ਸਰਕਾਰੀ ਸਕਾਲਰਸ਼ਿਪ ਉਤੇ ਫਰਾਂਸ ਅਤੇ ਪਿਉ ਨੇ ਚਾਰ ਹੋਰ ਪੁੱਤਰ ਵੀ ਲੰਡਨ ਮੰਗਵਾ ਲਏ ਸਨ। ਹੁਣ ਇਸ ਗਲੀ ਵਿਚ ਨਸੀਮ ਤੋਂ ਇਲਾਵਾ ਮਾਂ, ਇਕ ਭਾਬੀ ਅਤੇ ਇਕ ਵੱਡਾ ਭਰਾ ਇਕਬਾਲ ਹੀ ਸਨ। ਇਕਬਾਲ ਦੀ ਉਮਰ 18 ਤੋਂ ਉਤੇ ਹੋ ਗਈ ਸੀ ਜਿਸ ਨੂੰ ਪਿਉ ਲੰਡਨ ਨਹੀਂ ਸੱਦ ਸਕਦਾ ਸੀ। ਮੇਰੀ ਵੰਡੀਆਂ ਪਾਉਣ ਵਾਲੇ ਇਸ ਇਕਬਾਲ ਨੂੰ ਜੇ ਕੈਦੋਂ ਲੰਗੜਾ ਆਖ ਲਈਏ ਤਾਂ ਕੋਈ ਗੁਨਾਹ ਨਹੀਂ, ਕਿਉਂ ਜੋ ਸੰਨ 1963 ਤੋਂ 1976 ਤੱਕ ਦੇ ਮੇਰੇ 13 ਵਰ੍ਹੇ ਇਸੇ ਨੇ ਹੀ ਕਤਲ ਕੀਤੇ। ਇਹ ਲੰਮੀ ਕਹਾਣੀ ਹੈ, ਵਰਕਿਆਂ ਦੇ ਵੱਸ ਵਿਚ ਨਹੀਂ ਕਿ ਮੁੱਕ ਸਕੇ।

ਇਕ ਦਿਨ ਮੈਂ ਆਪਣੀ ਮਾਂ ਨੂੰ ਸਾਰੀ ਗੱਲ ਦੱਸ ਕੇ ਆਖਿਆ, "ਅੰਮਾ, ਉਹ ਤੇਰੀ ਨੂੰਹ ਬਣੇ ਨਾ ਬਣੇ ਪਰ ਮੈਂ ਕੁੜੀ ਲੱਭ ਲਈ ਏ।" ਅੰਮਾ ਬੜੀ ਰਾਜ਼ੀ ਹੋਈ। ਉਸ ਨੂੰ ਪਤਾ ਸੀ ਕਿ ਮੇਰੇ ਪੁੱਤਰ ਦਾ ਦੁਨੀਆ ਵਿਚ ਕੋਈ ਜੋੜ ਹੀ ਨਹੀਂ। ਮਾਂ ਨੇ ਝਲੂੰਗੀ ਬੰਨ੍ਹ ਲਈ ਤੇ ਰਿਸ਼ਤਾ ਮੰਗਣ ਤੁਰ ਪਈ। ਮਾਂ ਦਾ ਸੁਭਾਅ ਇੰਜ ਦਾ ਹੀ ਸੀ ਕਿ ਦੋ ਚਾਰ ਮਾਲਟੇ, ਦੋ ਛੱਲੀਆਂ ਤੇ ਅਮਰੂਦਾਂ ਦਾ ਮੱਕੂ ਫੜਿਆ ਤੇ ਨਸੀਮ ਅਖਤਰ ਦੇ ਘਰ। ਰਿਸ਼ਤਾ ਤਾਂ ਨਾ ਮਿਲਿਆ ਪਰ ਕੈਦੋਂ ਨੇ ਸੌ-ਸੌ ਗੱਲ ਕੀਤੀ ਤਾਂ ਅੰਮਾ ਵਿਚਾਰੀ ਪਰਤ ਆਈ। ਮਜਬੂਰ ਸੀ ਪੁੱਤਰ ਦੇ ਪਿਆਰ ਹੱਥੋਂ। ਅੰਮਾ ਫਿਰ ਗਈ ਪਰ ਇਕਬਾਲ ਕੈਦੋਂ ਨੇ ਬਦਤਮੀਜ਼ੀ ਕੀਤੀ। ਕੁਝ ਮਹੀਨੇ ਟੱਪ ਗਏ ਤੇ ਫਕੀਰ ਤਬੀਅਤ ਮੇਰੀ ਮਾਂ ਫਿਰ ਤਰਲੇ ਮਾਰਨ ਚਲੀ ਗਈ। ਅੰਮਾ ਨੇ ਦੱਸਿਆ, "ਵੇ ਪੁੱਤਰ! ਉਸ ਇਕਬਾਲ ਨੇ ਮੈਨੂੰ ਆਪਣੇ ਘਰ ਨਮਾਜ਼ ਵੀ ਨਹੀਂ ਪੜ੍ਹਨ ਦਿੱਤੀ ਤੇ ਨਾਲੇ ਮੇਰਾ ਨਿੱਕ-ਸੁੱਕ ਚੁੱਕ ਕੇ ਗਲੀ ਵਿਚ ਸੁੱਟ ਦਿੱਤਾ।" ਸੁਣ ਕੇ ਅੰਮਾ 'ਤੇ ਤਰਸ ਆਇਆ ਤੇ ਆਪਣੀ ਆਰਜ਼ੂ 'ਤੇ ਗੁੱਸਾ।

ਕਦੀ-ਕਦੀ ਸੋਚਦਾ ਸਾਂ ਕਿ ਨਸੀਮ ਅਖਤਰ ਮੇਰੀ ਖਾਹਿਸ਼ ਦਾ ਹਸ਼ਰ ਅਤੇ ਮੇਰੀ ਅੰਮਾ ਦੀ ਹੱਤਕ ਦੇਖਦੀ ਤਾਂ ਹੋਵੇਗੀ। ਉਸ ਨੂੰ ਕੋਈ ਖਿਆਲ ਆਉਂਦਾ ਤਾਂ ਹੋਵੇਗਾ। ਮੇਰੀ ਭਤੀਜੀ ਨੂੰ ਮਾਜਰੇ ਦਾ ਪਤਾ ਸੀ। ਉਸ ਨੇ ਮੈਨੂੰ ਇੰਨਾ ਹੀ ਦੱਸਿਆ ਕਿ ਨਸੀਮ ਆਖਦੀ ਸੀ: "ਮੇਰਾ ਭਰਾ ਇਕਬਾਲ ਬਦਤਮੀਜ਼ ਹੈ। ਉਸ ਨੂੰ ਅੰਮਾ ਜੀ ਨਾਲ ਇੰਜ ਨਹੀਂ ਸੀ ਕਰਨਾ ਚਾਹੀਦਾ।" ਆਖਰ ਮੈਨੂੰ ਅੰਮਾ ਨੇ ਪੁੱਛਿਆ, "ਵੇ ਪੁੱਤਰ! ਉਹ ਤਾਂ ਮੰਨਦੇ ਨਹੀਂ, ਹੁਣ ਕਿੱਥੇ ਵਿਆਹ ਕਰਨਾ ਈ?" ਮੈਂ ਆਖਿਆ, "ਅੰਮਾ ਹੁਣ ਵੀ ਉਥੇ ਹੀ ਕਰਨੈ।" ਮੈਂ ਉਥੇ ਦਾ ਉਥੇ ਹੀ ਰਿਹਾ ਤੇ ਵੇਲਾ ਬੜਾ ਹੀ ਦੂਰ ਚਲਾ ਗਿਆ। ਕਈ ਯਤਨ ਕੀਤੇ, ਮੱਝੀਆਂ ਚਾਰੀਆਂ, ਬੇਲੇ ਗਾਹੇ ਤੇ ਕੰਨ ਪੜਵਾਏ ਪਰ ਖੈਰ ਨਾ ਪਈ।

ਫਿਰ ਇਕ ਦਿਨ ਨੂਠਾ ਹੀ ਟੁੱਟ ਗਿਆ। ਸੰਨ 1970 ਦੀ ਇਕ ਤਪਦੀ ਦੁਪਹਿਰ ਨੂੰ ਲਾਹੌਰ ਏਅਰ ਪੋਰਟ ਤੋਂ ਇਕ ਜਹਾਜ ਉਡਿਆ ਤੇ ਉਹ ਨਸੀਮ ਅਖਤਰ ਨੂੰ ਲੰਡਨ ਲੈ ਗਿਆ। ਮੈਂ ਕੈਦੋਂ ਤੋਂ ਡਰ ਕੇ ਬੜੀ ਦੂਰ ਖਲੋਤਾ ਜਹਾਜ ਦਾ ਧੂੰਆਂ ਹੀ ਦੇਖ ਸਕਿਆ; ਅਖੇ, "ਲੈ ਗੱਡੀ ਯਾਰਾ ਚੱਲ ਗਈ, ਮੈਨੂੰ ਦਿਸਦਾ ਏ ਧੂੰ-ਧੂੰ। ਮੇਰੇ ਦਿਲ ਦਾ ਕੋਠਾ ਸੜ ਗਿਆ, ਤਖਤ ਸਣੇ ਬਰੂੰਹ।" ਕਿਸੇ ਖਲੂਸ ਭਰੇ ਦਿਲ ਦਾ ਸ਼ੀਸ਼ਾ ਟੁੱਟ ਜਾਏ ਤਾਂ ਚਿੱਪਰਾਂ ਤਲਵਾਰ ਬਣ ਜਾਂਦੀਆਂ ਨੇ।

ਮੈਂ ਉਸੇ ਤਲਵਾਰ ਨੂੰ ਕਲਮ ਬਣਾ ਦੇ ਦਰਦ ਹੀ ਦਵਾਤ ਵਿਚ ਡੋਬ ਦਿੱਤਾ ਤੇ ਨਸੀਮ ਅਖਤਰ ਦੇ ਵੱਡੇ ਭਰਾ ਸ਼ਕੀਲ ਨੂੰ ਲੰਡਨ ਖਤ ਲਿਖਿਆ। ਉਧਰੋਂ ਜਵਾਬ ਨਾ ਆਇਆ ਪਰ ਮੈਂ ਸਵਾਲ ਕਰਨਾ ਨਾ ਛੱਡਿਆ। ਉਨ੍ਹਾਂ ਦਰ ਬੰਦ ਕੀਤੀ ਰੱਖਿਆ ਤੇ ਮੈਂ ਅਲਖ ਜਗਾਣੀ ਨਾ ਛੱਡੀ। ਇਥੇ ਦਸਦਾ ਜਾਵਾਂ ਕਿ ਉਸ ਵੇਲੇ ਦੀ ਨਸੀਮ ਅਖਤਰ ਤੇ ਅੱਜ ਦੀ ਰਾਣੀ ਨੇ ਮੈਨੂੰ ਉਰਦੂ ਦਾ ਲੇਖਕ ਉਸ ਵੇਲੇ ਹੀ ਬਣਾ ਦਿੱਤਾ ਸੀ। ਜਜ਼ਬਾਤ ਦੇ ਲਹੂ ਵਿਚ ਡੋਬ ਕੇ ਇੰਨੇ ਕੁ ਖਤ ਲਿਖੇ ਕਿ ਪੱਥਰ ਵੀ ਬੋਲ ਪਏ।



*ਅਮੀਨ ਮਲਿਕ ਆਪਣੀ ਬੇਗਮ ਰਾਣੀ ਮਲਿਕ ਨਾਲ।*

ਉਸ ਦੇ ਵੱਡੇ ਭਰਾ ਨੇ ਆਖਰ ਜਵਾਬ ਦਿੱਤਾ, "ਅਮੀਨ ਸਾਹਿਬ! ਹਮ ਆਪ ਕੇ ਖਾਨਦਾਨ ਔਰ ਆਪ ਕੋ ਪੂਰੀ ਤਰਹ ਨਹੀਂ ਜਾਨਤੇ। ਹਮ ਸ਼ਰੀਫ ਸੇ ਲੋਗ ਹੈਂ ਔਰ ਨਸੀਮ ਕਾ ਰਿਸ਼ਤਾ ਹਮ ਆਂਖੇਂ ਬੰਦ ਕਰਕੇ ਨਹੀਂ ਕਰ ਸਕਤੇ। ਹਮ ਸਿਰਫ ਇੱਫਤ ਕੋ ਜਾਨਤੇ ਹੈਂ ਔਰ ਬਸ।" ਇਹ ਖਤ ਮੇਰੀ ਕਸ਼ਕੋਲ ਵਿਚ ਖੈਰ ਤਾਂ ਨਹੀਂ ਸੀ ਪਰ ਮੇਰੀ ਸਦਾ ਉਤੇ ਕਿਸੇ ਨੇ ਬੂਹਾ ਖੋਲ੍ਹ ਕੇ ਦੇਖਿਆ ਤਾਂ ਸਹੀ। ਮੇਰੇ ਵਲੋਂ ਖਤ ਜਾਂਦੇ ਰਹੇ ਕਿ ਸੰਨ 1971 ਆ ਗਿਆ। ਮੈਂ ਕੁੰਦੀਆਂ ਜ਼ਿਲ੍ਹਾ ਮੀਆਂਵਾਲੀ ਦੀ ਰੇਲਵੇ ਸ਼ੈੱਡ ਦਾ ਇੰਚਾਰਜ ਸੀ। ਅੰਗਰੇਜ਼ਾਂ ਵੇਲੇ ਦੀ ਅੱਠ ਕਨਾਲ ਦੀ ਸਰਕਾਰੀ ਕੋਠੀ ਵਿਚ ਇਕ ਨੌਕਰ ਨਾਲ ਇਕੱਲਾ ਹੀ ਜੁਦਾਈਆਂ ਦੀ ਅੱਗ ਸੇਕਦਾ ਸਾਂ। ਉਸ ਵੇਲੇ ਤਾਂ ਹਿਸਾਬ ਕੀਤਾ ਸੀ ਪਰ ਅੱਜ ਕੱਲ੍ਹ ਲੰਡਨ ਬੈਠੇ ਨੂੰ ਯਾਦ ਨਹੀਂ ਕਿ ਕਿੰਨੇ ਹਜ਼ਾਰ ਰੁਪਏ ਦੇ ਖਤ ਲਿਖ ਚੁਕਿਆ ਸਾਂ। ਸਿਰਫ ਇੰਨਾ ਕੁ ਹੀ ਆਖਾਂਗਾ ਕਿ ਨੀਅਤਾਂ ਸੱਚੀਆਂ ਹੋਣ ਤਾਂ ਲਿਖਤਾਂ ਆਪ ਹੀ ਹੱਥ ਜੋੜ ਕੇ ਮਿੰਨਤਾਂ ਕਰ ਲੈਂਦੀਆਂ ਹਨ ਮਾਲਕਾਂ ਦੀਆਂ... ਆਖਰ ਇਕ ਦਿਨ ਲੰਡਨ ਤੋਂ ਚਿੱਠੀ ਆਈ, "ਅਮੀਨ ਸਾਹਿਬ! ਅਸਾਂ ਫੈਸਲਾ ਕਰ ਲਿਆ ਹੈ ਕਿ ਇਹ ਸ਼ਾਦੀ ਕਰ ਹੀ ਦੇਣੀ ਚਾਹੀਦੀ ਏ। ਅਸੀਂ ਫਲਾਣੇ ਦਿਨ ਨਸੀਮ ਨੂੰ ਲੈ ਕੇ ਕਰਾਚੀ ਏਅਰਪੋਰਟ ਉਤੇ ਉਤਰਾਂਗੇ ਤੇ ਤੁਸੀਂ ਵੀ ਉਥੇ ਅੱਪੜ ਜਾਉ। ਇਹ ਸ਼ਾਦੀ ਕਰਾਚੀ ਹੀ ਕੀਤੀ ਜਾਵੇਗੀ।"

ਸੱਤ ਵਰ੍ਹੇ ਕਲਮ ਦੀ ਨੋਕ ਨਾਲ ਪੱਥਰ ਨੂੰ ਕੱਟਦਾ ਰਿਹਾ ਤੇ ਫਿਰ ਜਾ ਕੇ ਕਿਧਰੇ ਮੁਰਾਦਾਂ ਦੇ ਬੂਟੇ ਨੂੰ ਬੂਰ ਦੇਖਿਆ। ਸਾਢੇ ਅੱਠ ਸੌ ਮੀਲ ਦਾ ਪੈਂਡਾ ਕਰ ਕੇ ਕੁੰਦੀਆਂ ਤੋਂ ਕਰਾਚੀ ਅੱਪੜ ਗਿਆ। ਜ਼ਿੰਦਗੀ ਮੌਤ ਦੀ ਘੜੀ ਨੇੜੇ-ਨੇੜੇ ਆਉਂਦੀ ਗਈ ਤਾਂ ਰਾਤ ਦੇ ਤਿੰਨ ਵਜੇ ਰੂਸੀ ਏਅਰ ਲਾਈਨ ਐਰੋ ਫਲੋਟ ਕਰਾਚੀ ਏਅਰ ਪੋਰਟ ਉਤੇ ਉਤਰੀ। ਲੋਹੇ ਦੀਆਂ ਸੀਖਾਂ ਫੜ ਕੇ ਅੰਦਰ ਝਾਕ ਰਿਹਾ ਸਾਂ ਕਿ ਐਵੇਂ ਸੱਜੇ ਪਾਸੇ ਦੇਖ ਬੈਠਾ। ਨਾਲ ਕੈਦੋਂ ਲੰਗੜਾ ਇਕਬਾਲ ਵੀ ਖਲੋਤਾ ਸੀ। ਉਨ੍ਹਾਂ ਨੂੰ ਹੀ ਉਡੀਕ ਰਿਹਾ ਸੀ। ਮੈਂ ਡਰਦੇ ਨੇ ਸਲਾਮ ਕਰ ਦਿੱਤੀ ਪਰ ਉਸ ਨੇ ਮੱਥੇ ਉਪਰ ਸੱਤ ਠੀਕਰੀਆਂ ਭੰਨ ਕੇ ਸਵਾਲ ਕਰ ਦਿੱਤਾ, "ਅਮੀਨ ਸਾਹਿਬ! ਤੁਸੀਂ ਕਿਧਰ ਆਏ ਹੋ? ਕਿਸੇ ਨੂੰ ਮਿਲਣਾ ਜੇ?" ਉਸ ਨੇ ਮੂੰਹ ਵਿਗਾੜ ਕੇ ਮੈਨੂੰ ਪੁੱਛਿਆ।

ਮੈਂ ਥੋੜ੍ਹਾ ਜਿਹਾ ਵਿਗੜ ਕੇ ਆਖਿਆ, "ਇਕਬਾਲ ਸਾਹਿਬ! ਮੈਂ ਬਿਨ ਬੁਲਾਇਆ ਨਹੀਂ ਆਇਆ।" ਫਿਰ ਦੋਵੇਂ ਪਾਸੀਂ ਚੁੱਪ ਹੋ ਗਈ। ਮੈਨੂੰ ਪਤਾ ਲੱਗ ਗਿਆ ਕਿ ਇਸ ਬੰਦੇ ਨੂੰ ਸ਼ਾਦੀ ਬਾਰੇ ਕਿਸੇ ਨੇ ਕੁਝ ਨਹੀਂ ਦੱਸਿਆ। ਨਸੀਮ ਅਖਤਰ ਰਾਤ ਦੇ ਚਾਰ ਵਜੇ ਲੰਮੇ ਫਰ ਕੋਟ ਵਿਚ ਆਪਣੀ ਮਾਂ ਅਤੇ ਪਿਉ ਨਾਲ ਸਾਹਮਣੇ ਆ ਗਈ। ਇਸ ਘੜੀ ਦੇ ਜਜ਼ਬਾਤ, ਖਿਆਲਾਤ, ਅਹਿਸਾਸ ਜਾਂ ਦਿਲੀ ਹਾਲਤ ਖੋਲ੍ਹ ਕੇ ਦੱਸਣ ਲੱਗ ਪਿਆ ਤਾਂ ਖਲਾਰ ਪੈ ਜਾਏਗਾ। ਉਸ ਦੇ ਮਾਂ ਪਿਉ ਨੇ ਮੇਰੇ ਸਿਰ ਉਤੇ ਪਿਆਰ ਦਿੱਤਾ ਤੇ ਮੈਂ ਚੋਰੀ-ਚੋਰੀ ਪਿਆਰ ਨਾਲ ਨਸੀਮ ਨੂੰ ਦੇਖਿਆ। ਕੈਦੋਂ ਲੰਗੜਾ ਬਿਨਾ ਝਿਜਕ ਉਨ੍ਹਾਂ ਨੂੰ ਆਪਣਿਆਂ ਵਾਂਗ ਮਿਲਿਆ ਤੇ ਮੈਂ ਆਪਣਾ ਹੋ ਕੇ ਵੀ ਦੂਰ-ਦੂਰ ਰਿਹਾ। ਇਹ ਸਾਰੇ ਮੈਨੂੰ ਵੀ ਆਪਣੇ ਨਾਲ ਲੈ ਕੇ ਡਰੱਗ ਰੋਡ ਨਸੀਮ ਦੇ ਮਾਮੇ ਦੇ ਘਰ ਚਲੇ ਗਏ। ਮੇਰੀ ਮੰਜੀ ਹਟਵੇਂ ਜਿਹੇ ਕਮਰੇ ਵਿਚ ਵਿਛਾ ਦਿੱਤੀ ਤੇ ਆਪ ਇਹ ਸਾਰੇ ਜਾਗਦੇ ਗੱਲਾਂ ਕਰਦੇ ਰਹੇ।

ਮੈਂ ਸਵੇਰੇ ਦਸ ਵਜੇ ਉਠਿਆ ਤਾਂ ਨਾਲ ਦੇ ਕਮਰੇ ਵਿਚ ਉਚੀ-ਉਚੀ ਉਖੜੀਆਂ ਗੱਲਾਂ ਦੀ ਆਵਾਜ਼ ਆ ਰਹੀ ਸੀ। ਇਕ ਬਾਲੜੀ ਮੈਨੂੰ ਨਾਸ਼ਤਾ ਫੜਾ ਗਈ ਪਰ ਮੈਂ ਨਾਸ਼ਤਾ ਅੱਗੇ ਰੱਖ ਕੇ ਬਹੁਤ ਅੱਗੇ ਦੀ ਫਿਕਰ ਵਿਚ ਡੁੱਬਿਆ ਪਿਆ ਸਾਂ। ਮੇਰੇ ਅੰਦਰ ਕੋਈ ਕਜ ਨਹੀਂ ਸੀ। ਰੰਗ ਡੰਗ, ਲੰਗ ਪੈਰ, ਚਾਲ ਢਾਲ, ਮਾਲ ਹਾਲ ਅਤੇ ਕੰਮਕਾਜ ਵਲੋਂ ਉਨ੍ਹਾਂ ਨਾਲੋਂ ਚਾਰ ਹੱਥ ਅੱਗੇ ਹੀ ਹੋਵਾਂਗਾ ਪਰ ਕੈਦੋਂ ਕੋਈ ਵੀ ਹੋਵੇ, ਉਹ ਆਦਮ ਬੇਜ਼ਾਰ ਜਾਂ ਇਨਸਾਨ ਦਾ ਦੁਸ਼ਮਣ ਹੀ ਹੁੰਦਾ ਹੈ। ਉਸ ਦੀ ਫਿਤਰਤ ਵਿਚ ਮਸੀਤਾਂ ਦੇ ਲੋਟੇ ਤੋੜਨਾ, ਰਾਹ ਵਿਚ ਕੰਡੇ ਖਲਾਰਨਾ ਅਤੇ ਘੁੱਗੀਆਂ ਦੇ ਬੱਚੇ ਮਾਰਨਾ ਸ਼ਾਮਿਲ ਹੁੰਦਾ ਹੈ। ਉਹੀ ਗੱਲ ਹੋਈ। ਥੋੜ੍ਹੇ ਹੀ ਚਿਰ ਪਿੱਛੋਂ ਨਸੀਮ ਅਖਤਰ ਦੀ ਮਾਂ ਦੋ ਕਮੀਜ਼ਾਂ ਤੇ ਇਕ ਟਾਈ ਬਾਹਾਂ ਉਤੇ ਰੱਖੀ ਕਮਰੇ ਵਿਚ ਆਈ। ਆਖਣ ਲੱਗੀ, "ਦੇਖ ਬੱਚਿਆ! ਹੁੰਦਾ ਉਹੀ ਹੈ ਜੋ ਰੱਬ ਨੂੰ ਮਨਜ਼ੂਰ ਹੋਵੇ। ਗੱਲ ਸਾਰੀ ਲੇਖਾਂ ਦੀ ਹੈ। ਅਸੀਂ ਬੜੀ ਕੋਸ਼ਿਸ਼ ਕੀਤੀ ਕਿ ਇਹ ਰਿਸ਼ਤਾ ਹੋ ਜਾਵੇ। ਇੰਨੀ ਦੂਰੋਂ ਕਿਰਾਇਆ ਭਾੜਾ ਪੁੱਟ ਕੇ ਆਏ ਸਾਂ ਪਰ ਮੈਂ ਆਪਣੇ ਪੁੱਤਰ ਨੂੰ ਵੀ ਨਾਰਾਜ਼ ਨਹੀਂ ਕਰ ਸਕਦੀ। ਸਾਰੀ ਰਾਤ ਬਹਿਸ ਹੁੰਦੀ ਰਹੀ ਹੈ ਤੇ ਚਾਰੇ ਪਾਸੇ ਧਿਆਨ ਮਾਰ ਕੇ ਇਹੀ ਫੈਸਲਾ ਹੋਇਐ ਕਿ ਅਸੀਂ ਇਹ ਰਿਸ਼ਤਾ ਨਹੀਂ ਕਰ ਸਕਦੇ। ਇਹ ਕਮੀਜ਼ਾਂ, ਟਾਈ ਸ਼ਕੀਲ ਨੇ ਤੇਰੇ ਲਈ ਘੱਲੀਆਂ ਸਨ, ਲੈ-ਲੈ।"

ਹੁਣ ਇਸ ਘੜੀ ਨੂੰ ਖੋਲ੍ਹਿਆ ਫੋਲਿਆ ਗਿਆ ਤਾਂ ਇਸ ਦਾ ਖਿਲਾਰਾ ਵੀ ਸੰਭਾਲਿਆ ਨਹੀਂ ਜਾਣਾ। ਮਿਲਣ ਅਤੇ ਵਿਛੜਨ ਦੀਆਂ ਘੜੀਆਂ ਮਹਿਸੂਸ ਹੀ ਕਰ ਲਵੋ, ਸੁਣ ਕੇ ਕੀ ਕਰੋਗੇ, ਇਥੇ ਚੁੱਪ ਹੀ ਚੰਗੀ...।

***(ਅਗਲੇ ਸਫੇ 'ਤੇ ਜਾਰੀ)***

ਹੰਝੂਆਂ ਭਰੀਆਂ ਅੱਖੀਆਂ ਨਾਲ ਲੀੜੇ ਪਾਏ ਤੇ ਦੋ ਚਾਰ ਚੀਜ਼ਾਂ ਬੈਗ ਵਿਚ ਰੱਖ ਹੀ ਰਿਹਾ ਸਾਂ ਕਿ ਇਕ ਹੋਣੀ ਹੋ ਗਈ, "ਮਾਪਿਆਂ ਨਾਲ ਬਗਾਵਤ ਤਾਂ ਨਹੀਂ ਕਰ ਸਕਦੀ ਪਰ ਇਹ ਮੇਰੇ ਵੱਸ ਵਿਚ ਹੈ ਕਿ ਜੇ ਤੇਰੇ ਨਾਲ ਸ਼ਾਦੀ ਨਹੀਂ ਹੋਈ ਤਾਂ ਹੁਣ ਮੇਰੀ ਸ਼ਾਦੀ ਹੋਰ ਕਿਧਰੇ ਨਹੀਂ ਹੋਵੇਗੀ।" ਉਹ ਇਕ ਬੂਹੇ ਥਾਣੀਂ ਵੜ ਕੇ ਇਹ ਗੱਲ ਆਖਦੀ ਹੋਈ ਦੂਜੇ ਬੂਹੇ ਤੋਂ ਬਾਹਰ ਨਿਕਲ ਗਈ। ਇਹੀ ਸੱਤਾਂ ਸਾਲਾਂ ਬਾਅਦ ਮੇਰੀ ਵੱਡੀ ਸਾਰੀ ਬਾਤ ਅਤੇ ਨਿੱਕੀ ਜਿਹੀ ਮੁਲਾਕਾਤ ਨਸੀਮ ਅਖਤਰ ਨਾਲ ਹੋਈ। ਇਹ ਗੱਲ ਉਹ ਮੈਨੂੰ ਮੁਖਾਤਬ ਕੀਤੇ ਬਗੈਰ ਮੇਰੇ ਕੰਨ ਨੂੰ ਸੁਣਾ ਕੇ ਚਲੀ ਗਈ। ਇਸ ਗੱਲ ਦਾ ਕੱਦ ਇੰਨਾ ਵੱਡਾ ਸੀ ਕਿ ਮੈਂ ਨਸੀਮ ਨੂੰ ਦੇਖ ਵੀ ਨਾ ਸਕਿਆ। ਪਤਾ ਨਹੀਂ, ਉਹਦੇ ਲੀੜੇ ਵੀ ਕਿਹੜੇ ਰੰਗ ਦੇ ਸਨ। ਰੱਬ ਦੇ ਰੰਗ ਹੀ ਸਾਹ ਨਹੀਂ ਸਨ ਲੈਣ ਦਿੰਦੇ, ਮੈਂ ਦੂਜੇ ਰੰਗ ਕਿੱਥੋਂ ਦੇਖਦਾ?


ਹੁਣ ਤੁਸੀਂ ਇਸ ਗੱਲ ਦੀਆਂ ਫੁੱਲਝੜੀਆਂ ਮੈਨੂੰ ਪੁੱਛੋਗੇ ਤਾਂ ਕਿਤਾਬ ਲਿਖਣ ਦਾ ਖਿਲਾਰਾ ਪੈ ਜਾਵੇਗਾ। ਹੋ ਸਕੇ ਤਾਂ ਇਸ ਗੱਲ ਨੂੰ ਚਿੱਥ ਕੇ ਰੱਖ ਲਵੋ। ਮੇਰੇ ਲਈ ਇਹ ਗੱਲ ਸ਼ਾਦੀ ਹੋ ਜਾਣ ਤੋਂ ਨਿੱਕੀ ਵੀ ਨਹੀਂ ਸੀ। ਖੁਸ਼ੀ ਇਹ ਸੀ ਕਿ ਕਿਸੇ ਨੂੰ ਮੇਰੇ ਦੁੱਖਾਂ ਦਾ ਤਾਂ ਅਹਿਸਾਸ ਹੋ ਗਿਆ ਹੈ। ਇੰਨੀ ਸ਼ਰੀਫ ਕੁੜੀ ਵਾਸਤੇ ਇਹ ਕੁਝ ਕਰ ਜਾਣਾ ਵੀ ਸੋਹਣੀ ਦੇ ਝਨਾਂ ਵਿਚ ਠਿੱਲ੍ਹਣ ਵਰਗੀ ਗੱਲ ਸੀ। ਇਸ ਮੁਕਾਮ ਉਤੇ ਸਵਰਗੀ ਮੁਕੇਸ਼ ਦਾ ਗੀਤ ਯਾਦ ਆਇਆ, "ਤੁਮ ਮੇਰੀ ਹੋ ਨਾ ਹੋ, ਕਿਸੀ ਔਰ ਕੀ ਹੋਗੀ ਤੋਂ ਮੁਸ਼ਕਿਲ ਹੋਗੀ।"

ਅੱਖਾਂ ਵਿਚ ਅੱਥਰੂ ਤੇ ਦਿਲ ਵਿਚ ਖੁਸ਼ੀਆਂ ਦਾ ਤੂਫਾਨ ਲੈ ਕੇ ਉਸ ਘਰੋਂ ਨਿਕਲ ਆਇਆ। ਆਸ ਟੁੱਟ ਗਈ ਸੀ, ਬਸ ਇਕ ਆਸਰਾ ਸੀ ਮੇਰੇ ਕੋਲ। ਆਸਾਰਾ ਮਿਲ ਜਾਏ ਤਾਂ ਆਸ ਮਰਨ ਦੀ ਬਜਾਏ ਸਾਹ ਲੈਂਦੀ ਰਹਿੰਦੀ ਏ। ਇਹ ਮੇਰੇ ਲਈ ਕੋਈ ਘੱਟ ਤਾਂ ਨਹੀਂ ਸੀ ਕਿ ਉਹ ਮੇਰੇ ਸਿਵਾ ਕਿਸੇ ਹੋਰ ਨੂੰ ਆਪਣਾ ਨਹੀਂ ਆਖੇਗੀ। ਸਾਹਿਰ ਲੁਧਿਆਣਵੀ ਨੇ ਆਖਿਆ ਸੀ: "ਚਾਂਦ ਮਿਲਤਾ ਨਹੀਂ ਸਬ ਕੋ, ਸੰਸਾਰ ਮੇਂ ਇਕ ਦੀਆ ਹੀ ਬਹੁਤ ਰੋਸ਼ਨੀ ਕੇ ਲੀਏ।" ਉਹ ਮੇਰੀ ਬਣੇ ਨਾ ਬਣੇ, ਫਿਰ ਵੀ ਮੇਰੀ ਹੀ ਹੈ।

ਕਰਾਚੀ ਕੈਂਟ ਤੋਂ ਸਿੰਧ ਐਕਸਪ੍ਰੈਸ ਤਕਾਲੀਂ ਸੱਤ ਵਜੇ ਚੱਲੀ ਤਾਂ ਫਸਟ ਕਲਾਸ ਦੇ ਡੱਬੇ ਵਿਚ ਮੈਂ ਇਕੱਲਾ ਹੀ ਮੁਸਾਫਰ ਸਾਂ। ਉਸ ਵੇਲੇ ਫਸਟ ਕਲਾਸ ਦਾ ਸਫਰ ਅਮੀਰ ਹੀ ਕਰਦੇ ਸਨ ਪਰ ਮੇਰੇ ਕੋਲ ਸਰਕਾਰੀ ਪਾਸ ਸੀ। ਸ਼ਾਮ ਦਾ ਵੇਲਾ, ਉਤੋਂ ਤਨਹਾਈ, ਦੁੱਖ ਹੋਰ ਵੀ ਦੂਣਾ ਹੋ ਗਿਆ ਤੇ ਰੱਜ ਕੇ ਰੋ ਲਿਆ। ਅੰਮਾ ਵਿਚਾਰੀ ਲਾਹੌਰ ਬੈਠੀ ਮੇਰੇ ਸਿਹਰੇ ਦੀਆਂ ਲੜੀਆਂ ਪਰੋ ਰਹੀ ਸੀ। ਉਸ ਨੂੰ ਆਪਣੇ ਅਰਮਾਨਾਂ ਦੀ ਮੌਤ ਵਾਲੀ ਖਬਰ ਸੁਣਾ ਕੇ ਕੁੰਦੀਆਂ ਅੱਪੜ ਗਿਆ। ਬਰਬਰ ਉਜਾੜ ਵਿਚ ਦਸ ਕਮਰਿਆਂ ਦੀ ਕੋਠੀ ਵਿਚ ਇਕ ਮੈਂ ਤੇ ਦੂਜਾ ਮੇਰਾ ਫੱਤਾ ਨੌਕਰ ਕਿੰਨੀ ਕੁ ਰੌਣਕ ਲਾ ਲੈਂਦੇ?

ਜਦੋਂ ਵੇਲਾ ਵੱਢ-ਵੱਢ ਖਾਣ ਲੱਗ ਪਏ ਤਾਂ ਪੀਣਾ ਮਜਬੂਰੀ ਬਣ ਜਾਂਦੀ ਏ। ਜ਼ਿੰਦਗੀ ਦੀ ਗੱਡੀ ਵਿਚੋਂ ਸਬਰ ਦਾ ਪੈਟਰੋਲ ਮੁੱਕ ਜਾਏ ਤਾਂ ਪੈਂਡਾ ਕਰਨ ਲਈ ਬੰਦਾ ਕਈ ਦਾਰੂ ਲੱਭਦਾ ਏ।

ਸੁਣਿਆ ਏ ਮਰ ਗਿਆ ਹੈ ਵਿਚਾਰਾ। ਮੇਰੀ ਸ਼ੈੱਡ ਦਾ ਫਾਇਰਮੈਨ ਸੀ ਨੂਰਾ ਮਰਾਸੀ ਪਰ ਉਸ ਨਾਲ ਬੇਤਕੱਲੁਫ ਸਾਂ ਮੈਂ। ਉਹ ਜਦੋਂ ਵੀ ਰਾਵਲਪਿੰਡੀ ਦੌਰੇ ਜਾਂਦਾ, ਉਸ ਦੇ ਹੱਥ ਦੌਰਾ ਪਵਾਣ ਲਈ ਬੋਤਲ ਮੰਗਵਾ ਲੈਂਦਾ। ਨੂਰੇ ਨੇ ਡਰਦੇ-ਡਰਦੇ ਇਕ ਦਿਨ ਆਪਣੀ ਸਰਾਇਕੀ ਬੋਲੀ ਵਿਚ ਆਖਿਆ, "ਵੱਤ ਕਾਵੜ ਨਾ ਕਰਸੇਂ ਤਾਂ



ਸਾਹਬ ਹਿੱਕ ਗੱਲ ਚਾ ਆਖਸਾਂ ਕਿ ਬਹੋਂ ਜ਼ਿਆਦਾ ਪੀਸੈਂ ਤਾਂ ਸਿਹਤ ਖਰਾਬ ਥੀਵੇਸੀ।" ਮੈਂ ਕਾਵੜ ਕੀ ਕਰਨੀ ਸੀ। ਜਦੋਂ ਨਿੱਕਾ ਸਾਂ ਤਾਂ ਠੱਠੀ ਵਿਚ ਰਹਿੰਦੇ ਚਮਨ ਇਸਾਈ ਦਾ ਯਾਰ ਸਾਂ। ਇਸ ਗੱਲ ਤੋਂ ਕਈ ਵੇਰਾਂ ਛਿੱਤਰ ਵੀ ਖਾਧੇ ਕਿ ਤੂੰ ਲਹਿਣੇ ਇਸਾਈ ਘਰੋਂ ਰੋਟੀ ਖਾ ਲੈਨਾਂ। ਹੁਣ ਨੂਰਾ ਮਰਾਸੀ ਮੇਰੀ ਸ਼ੈਡ ਦਾ ਮੁਲਾਜ਼ਮ ਹੀ ਮੇਰਾ ਸੰਗੀ ਤੇ ਰਾਜ਼ਦਾਨ ਸੀ। ਉਹ ਜੋ ਵੀ ਆਖੇ, ਸਿਰ ਮੱਥੇ। ਨਾ ਮੈਂ ਸਾਹਿਬ ਸਾਂ ਤੇ ਨਾ ਹੀ ਉਹ ਮੇਰਾ ਮਾਮੂਲੀ ਜਿਹਾ ਮੁਲਾਜ਼ਮ। ਉਂਜ ਵੀ ਸਾਹਿਬ ਅਖਵਾਣਾ ਮੇਰੀ ਮਜਬੂਰੀ ਸੀ। ਬੜੀ ਜਾਅਲੀ ਜਿਹੀ ਜ਼ਿੰਦਗੀ ਹੈ ਸਾਹਿਬ ਅਖਵਾਣਾ। ਕੋਈ ਸਾਹਿਬ ਆਖੇ ਤਾਂ ਮੈਂ ਆਪਣੇ ਆਪ ਨੂੰ ਕਮੀਨਾ ਜਿਹਾ ਲੱਗਦਾ ਸਾਂ।

ਹੁਣ ਵੀ ਜਦੋਂ ਬਹੁਤੀ ਅੱਗ ਲਗਦੀ ਤਾਂ ਸ਼ਰਾਬ ਦਾ ਛੱਟਾ ਮਾਰ ਕੇ ਸਕੂਨ ਦਾ ਭਾਂਬੜ ਬਾਲ ਲੈਂਦਾ ਸਾਂ। ਜਿਸ ਨੇ ਕਦੀ ਮੈਨੂੰ ਪੁੱਠੇ ਹੱਥ ਉਤੇ ਵੀ ਬੋਸਾ ਨਾ ਦਿੱਤਾ, ਉਹ ਟਾਸੇ ਦੀ ਚਾਦਰ ਲੈ ਕੇ ਮਾਪਿਆਂ ਦੀ ਇੱਜਤ ਨੂੰ ਮੱਕਾ ਆਖ ਕੇ ਲੰਡਨ ਪਰਤ ਗਈ ਸੀ। ਉਸ ਨੂੰ ਏਅਰ ਪੋਰਟ ਤੋਂ ਬਾਹਰ ਆਉਂਦੀ ਤੇ ਆਪਣੇ ਕਮਰੇ ਤੋਂ ਬਾਹਰ ਨਿਕਲਦਾ ਹੀ ਦੇਖਿਆ ਸੀ। ਮੇਰੀ ਬਸ ਅੱਠਾਂ ਵਰ੍ਹਿਆਂ ਦੀ ਇੰਨੀ ਕੁ ਹੀ ਕਮਾਈ ਸੀ। ਅੱਠਾਂ ਵਰ੍ਹਿਆਂ ਦੀ ਤਪੱਸਿਆ ਦੇ ਇਕੱਠੇ ਕੀਤੇ ਹੋਏ ਕੱਖ ਇਕੋ ਹੀ ਰਾਤ ਦੀ ਤੀਲੀ ਨੇ ਸਾੜ ਫੂਕ ਛੱਡੇ। ਹੁਣ ਨਾ ਕੋਈ ਆਸ, ਨਾ ਰੀਝ ਤੇ ਨਾ ਚਾਅ। ਉਹੀ ਮੇਰੀ ਉਦਾਸ ਕਲਮ ਤੇ ਸੜੇ ਬਲੇ ਖਤ ਜੋ ਲੰਡਨ ਦੇ ਬੰਦ ਬੂਹੇ ਉਤੇ ਸੱਦਾ ਦਿੰਦੇ ਰਹੇ। ਭਾਵੇਂ ਕਿੱਡੀ ਵੀ ਖਰਾਬ ਹੋਵੇ ਪਰ ਜਿਉਂਦੀ ਰਵ੍ਹੇ ਇਹ ਮਰ ਜਾਣੀ ਸ਼ਰਾਬ ਜਿਸ ਦੇ ਆਸਰੇ ਮੈਂ ਜ਼ਿੰਦਾ ਰਿਹਾ। ਨਾ ਕੋਈ ਅੰਗ ਨਾ ਸਾਕ, ਨਾ ਸੰਗੀ ਨਾ ਸਾਥੀ। ਨਾ ਕੋਈ ਦੇਖਣ ਵਾਲਾ, ਨਾ ਕੋਈ ਠਾਕਣ ਵਾਲਾ।

ਵਕਤ ਅਤੇ ਹਾਲਤ ਇੰਜ ਦਾ ਜ਼ੁਲਮ ਕਰ ਰਹੇ ਹੋਣ ਤਾਂ ਫਿਰ ਤੋਲ ਕੇ ਸੋਚ-ਸੋਚ ਕੇ ਜਾਂ ਜੋਖ-ਜੋਖ ਕੇ ਕੌਣ ਪੀਂਦਾ ਏ? ਮੇਰਾ ਨੌਕਰ ਫੱਤਾ ਮਾਛੀ ਕਦੀ-ਕਦੀ ਆਖ ਛੱਡਦਾ, "ਸਾਹਿਬ ਹੁਣ ਬਸ ਚਾ ਕਰੋ।" ਉਸ ਨੂੰ ਕੀ ਪਤਾ ਕਿ ਜਦੋਂ ਬੰਦੇ ਦੀ ਬਸ ਹੋ ਜਾਏ ਤਾਂ ਉਹ ਕਦੋਂ ਬਸ ਕਰਦਾ ਏ। ਆਖਰ ਉਹੀ ਹੋਇਆ ਜੋ ਅਖੀਰ ਕਰਨ ਨਾਲ ਹੋ ਜਾਂਦਾ ਏ। ਮੈਂ ਪੀਂਦਾ ਰਿਹਾ ਤੇ ਉਹ ਮੈਨੂੰ ਖਾਂਦੀ ਰਹੀ। ਅੱਖਾਂ ਜਾਂਦੀਆਂ ਰਹੀਆਂ। ਰੇਲਵੇ ਡਾਕਟਰ ਨੇ ਲਾਚਾਰੀ ਜਾਹਰ ਕਰਕੇ ਲਾਹੌਰ ਟੋਰ ਦਿੱਤਾ। ਡਾਕਟਰ ਅਲੀ ਨੇ ਆਖਿਆ, "ਤੈਨੂੰ ਨਾਮੁਰਾਦ ਡਪਲੋਪੀਆ (ਦੋ-ਦੋ ਦਿਸਣ ਦੀ ਬਿਮਾਰੀ) ਹੋ ਗਿਆ ਏ।" ਉਸ ਨੇ ਕਈ ਕੁਝ ਪੁੱਛਿਆ ਪਰ ਮੈਂ ਮੁਸਲਮਾਨ ਸਾਂ, ਇਸ ਕਰਕੇ ਝੂਠ ਬੋਲ ਦਿੱਤਾ।

ਕੀ ਦੱਸਦਾ ਕਿ ਕੁੰਦੀਆਂ ਦੀ ਉਜਾੜ ਵਿਚ ਨੌਕਰੀ ਕਰਕੇ, ਨੌਕਰ ਦੀ ਪੱਕੀ ਖਾ ਕੇ ਜੀਵਿਆ ਨਹੀਂ ਸੀ ਜਾਂਦਾ ਤੇ ਜਿਉਣ ਲਈ ਮੌਤ ਪੀਂਦਾ ਰਿਹਾ। ਹੁਣ ਮੈਨੂੰ ਇਹੀ ਆਖਣਾ ਪਵੇਗਾ ਕਿ ਮੈਂ ਜਦੋਂ ਵੀ ਡੁੱਬਣ ਲੱਗਾ, ਸਮੁੰਦਰ ਨੇ ਮੈਨੂੰ ਉਛਾਲ ਕੇ ਬਾਹਰ ਸੁੱਟ ਦਿੱਤਾ ਸੀ। ਦਿਲ ਦਾ ਕੌਲ ਡੋਡਾ ਜਦੋਂ ਸੜਨ ਲੱਗਾ, ਕਿਧਰੋਂ ਮਿਹਰਬਾਨ ਘਟਾ ਆਣ ਵਰ੍ਹੀ। ਠੇਡਾ ਲੱਗ ਕੇ ਡਿੱਗਣ ਲੱਗਾ ਤਾਂ ਮਾਂ ਦੀ ਦੁਆ ਨੇ ਹੱਥ ਦੇ ਕੇ ਬਚਾ ਲਿਆ। ਕਿਸੇ ਮਿਲਣ ਵਾਲੇ ਸੱਜਣ ਨੇ ਲੰਡਨ ਜਾ ਕੇ ਨਸੀਮ ਦੇ ਇਕ ਭਰਾ ਨੂੰ ਦੱਸ ਦਿੱਤਾ ਕਿ ਅਮੀਨ ਸਾਹਿਬ ਸ਼ਰਾਬ ਪੀ-ਪੀ ਕੇ ਅੱਖਾਂ ਗਵਾ ਬੈਠਾ ਹੈ। ਤੁਰਦੀ-ਤੁਰਦੀ ਇਹ ਗੱਲ ਨਸੀਮ ਦੇ ਕੰਨੀਂ ਪੈ ਗਈ। ਮੁਹੱਬਤ ਨਾ ਸਹੀ, ਉਹ ਮੇਰੀ ਦੁਸ਼ਮਣ ਵੀ ਤਾਂ ਨਹੀਂ ਸੀ। ਆਖਰ ਇਨਸਾਨ ਸੀ, ਕੋਈ ਪੱਥਰ ਤਾਂ ਨਹੀਂ।

ਮੇਰੇ ਦਫਤਰ ਵਿਚ ਪੋਸਟਮੈਨ ਸਲਾਮ ਕਰਕੇ ਵੜਿਆ ਤੇ ਮੇਜ਼ 'ਤੇ ਇੰਗਲੈਂਡ ਦੀ ਟਿਕਟ ਲਾ ਖਤ ਰੱਖ ਦਿੱਤਾ। ਖਤ ਦੇਖ ਕੇ ਸੋਚ ਲਿਆ ਕਿ ਜੇ ਇਹ ਜ਼ਿੰਦਗੀ ਦਾ ਪੈਗਾਮ ਨਹੀਂ ਤਾਂ ਦੂਜੀ ਮੌਤ ਦਾ ਫਾਂਸੀ ਘਾਟ ਜ਼ਰੂਰ ਤਿਆਰ ਹੋ ਗਿਆ ਏ। ਸ਼ਕੀਲ ਦਾ ਖਤ ਸਮਝ ਕੇ ਖੋਲ੍ਹਿਆ ਪਰ ਅੱਗਿਓਂ ਸਾਹ ਬੰਦ ਹੋ ਗਿਆ। ਕਰਮਾਂਵਾਲੀ ਨੇ ਲਿਖਿਆ ਸੀ, "ਅਮੀਨ ਸਾਹਿਬ! ਜ਼ਿੰਦਗੀ ਅੱਲ੍ਹਾ ਕੀ ਦੀ ਹੂਈ ਅਮਾਨਤ ਹੈ, ਇਸ ਕੇ ਸਾਥ ਯੂੰ ਬਦਸਲੂਕੀ ਕਰਨਾ ਹਰਾਮ ਹੈ। ਸ਼ਰਾਬ ਕਾ ਆਸਰਾ ਲੇਕਰ ਆਂਖੋਂ ਕਾ ਦੁਸ਼ਮਣ ਬਨ ਜਾਨਾ ਫਕਤ ਬੁਜ਼ਦਿਲੀ ਹੈ, ਮਰਦਾਨਗੀ ਨਹੀਂ। ਦੁਆ ਗੋ, ਨਸੀਮ।"

ਇਸ ਇਕ ਸਤਰ ਦੇ ਖਤ ਨੇ ਮੈਨੂੰ ਪਾਰ ਤਾਂ ਨਾ ਕੀਤਾ ਪਰ ਡੁੱਬਣ ਤੋਂ ਬਚਾ ਲਿਆ। ਇਕ ਸਤਰ ਵਿਚ ਲੱਖਾਂ ਪੈਗਾਮ ਅਤੇ ਅਣਗਿਣਤ ਆਸਰੇ ਸਨ। ਦਸ ਸਾਲਾਂ ਪਿੱਛੋਂ ਇਕ ਹੀ ਸਹੀ ਪਰ ਇਕ ਚਿੱਠੀ ਮੇਰੇ ਲਈ ਉਤੋਂ ਉਤਰੀ ਹੋਈ ਆਇਤ ਅਤੇ ਗੁਰੂ ਦੀ ਬਾਣੀ ਨਾਲੋਂ ਘੱਟ ਨਹੀਂ ਸੀ। ਇਸ ਵਿਚ ਨਿੱਕੀ ਜਿਹੀ ਮੱਤ ਅਤੇ ਅਰਥਾਂ ਭਰੀ ਸਮੁੰਦਰ ਜਿੱਡੀ ਡੂੰਘੀ ਖਾਮੋਸ਼ ਮੁਹੱਬਤ ਵੀ। ਮੈਂ ਇਸ ਮੱਤ ਅਤੇ ਮੁਹੱਬਤ ਨੂੰ ਤਵੀਤ ਬਣਾ ਕੇ ਗਲ ਪਾ ਲਿਆ। ਡਾਕਟਰ ਦੀ ਦਵਾ ਅਤੇ ਮਾਂ ਦੀ ਦੁਆ ਵੀ ਕੰਮ ਕਰ ਰਹੀ ਸੀ। ਅੱਖਾਂ ਵੀ ਮਿਲ ਗਈਆਂ ਅਤੇ ਅੱਖ ਵੀ ਖੁੱਲ੍ਹ ਗਈ। ਇਕ ਨਵੇਂ ਹੌਂਸਲੇ ਅਤੇ ਜਜ਼ਬੇ ਨਾਲ ਅੱਗ ਲਾਉਂਦੇ ਖਤ ਲੰਡਨ ਵੱਲ ਟੋਰਦਾ ਰਿਹਾ। ਬਕੌਲ ਮੌਲਵੀ ਗੁਲਾਮ ਰਸੂਲ ਆਲਮਪੁਰੀ:

ਅਸੀਂ ਵਾਂਗ ਪਰਦੇਸੀਆਂ ਦੇਸ਼ ਅੰਦਰ,
ਕਿਹੜੇ ਦੇਸ਼ ਅੰਦਰ ਕੂਟਾਂ ਮੱਲੀਆਂ ਨੀ।
ਮੇਰੇ ਦਰਦ ਫਰਾਕ ਦੀਆਂ ਹਾਵਾਂ,
ਤੇਰੇ ਮਾਲਵੇ 'ਤੇ ਚੜ੍ਹ ਚੱਲੀਆਂ ਨੀ।

ਪਤਾ ਨਹੀਂ ਅਗਲੇ ਪੜ੍ਹਦੇ ਵੀ ਸਨ ਕਿ ਨਹੀਂ ਪਰ ਮੈਂ ਲਿਖਦਾ ਰਿਹਾ। ਉਨ੍ਹਾਂ ਸ਼ੁਦਾਈ ਆਖਿਆ ਹੋਵੇਗਾ ਪਰ ਮੈਂ ਇਸ ਸ਼ੁਦਾਅ ਨੂੰ ਹੀ ਜ਼ਿੰਦਗੀ ਸਮਝ ਕੇ ਜੱਫੀ ਪਾਈ ਰੱਖੀ ਤੇ ਹੱਥੋਂ ਕਸ਼ਕੋਲ ਨਾ ਛੱਡੀ। ਸੰਨ 1963 ਤੋਂ ਤੁਰਦਾ-ਤੁਰਦਾ ਸੰਨ 1971 ਨਾਲ ਠੇਡਾ ਖਾ ਕੇ ਡਿੱਗ ਪਿਆ ਸਾਂ ਪਰ ਉਠ ਕੇ ਫਿਰ ਲੀੜੇ ਝਾੜੇ ਤੇ ਫਿਰ ਉਸੇ ਹੀ ਨਾਉਮੀਦੀ ਵਾਲੀ ਮੰਜ਼ਿਲ ਵਲ ਤੁਰਦਾ ਰਿਹਾ। ਚੂਰੀ ਲੱਭੇ ਨਾ ਲੱਭੇ, ਇਸ਼ਕ ਦੇ ਬੇਲੇ ਵਿਚ ਮੱਝੀਆਂ ਚਾਰਨੀਆਂ ਨਹੀਂ ਸਨ ਛੱਡੀਆਂ। ਪੰਜ ਵਰ੍ਹੇ ਹੋਰ ਲੰਘ ਗਏ। ਸ਼ਕਲਾਂ ਅਤੇ ਹਾਲਾਤ ਬਦਲਦੇ ਗਏ ਪਰ ਮੁਕੱਦਰ ਨੇ ਅਜੇ ਵੀ ਆਪਣਾ ਚਿਹਰਾ ਨਾ ਬਦਲਿਆ। ਰੇਲਵੇ ਨੇ ਪਾਵਰ ਕੰਟਰੋਲਰ ਦੀ ਨੌਕਰੀ ਦੇ ਕੇ ਲਾਹੌਰ ਬਦਲੀ ਕਰ ਦਿੱਤੀ। ਬੜਾ ਕੁਝ ਬਦਲ ਗਿਆ ਪਰ ਮੁਕੱਦਰ ਨਾ ਬਦਲਿਆ। ਆਪਣਾ ਗਮ ਆਪਣੀ ਥਾਂ ਪਰ ਅੰਮਾ ਦੀ ਖਾਹਿਸ਼ ਦਾ ਝੋਰਾ ਦੇਖਿਆ ਨਹੀਂ ਸੀ ਜਾਂਦਾ। ਉਹ ਜਾਣ ਤੋਂ ਪਹਿਲਾਂ ਮੇਰਾ ਵਿਆਹ ਦੇਖਣਾ ਚਾਹੁੰਦੀ ਸੀ।

ਆਖਦੇ ਨੇ ਕਿ ਜਜ਼ਬੇ ਸੱਚੇ ਹੋਣ ਤਾਂ ਖੂਹ ਆਪ ਵੀ ਚਲ ਕੇ ਤ੍ਰਿਹਾਏ ਵਲ ਆ ਜਾਂਦਾ ਹੈ। ਲੰਡਨ ਵਿਚ ਨਸੀਮ ਨੇ ਆਪਣੀ ਮਾਂ ਨੂੰ ਆਖ ਛੱਡਿਆ ਸੀ, "ਹੁਣ ਬਸ, ਮੈਂ ਆਪਣਾ ਕਮਾ ਕੇ ਖਾਂਦੀ ਹਾਂ, ਕਿਸੇ ਉਤੇ ਭਾਰ ਨਹੀਂ ਤੇ ਤੁਸੀਂ ਵੀ ਮੇਰੇ ਉਤੇ ਵਿਆਹ ਦਾ ਭਾਰ ਨਾ ਪਾਇਓ। ਇਸ ਵਿਆਹ ਦੇ ਨਾਂ ਉਤੇ ਮੈਨੂੰ ਤਮਾਸ਼ਾ ਨਾ ਬਣਾਇਓ।" ਆਖੀਰ ਮਾਪਿਆਂ ਨੇ ਇਹ ਭਾਰ ਪਾ ਹੀ ਦਿੱਤਾ। ਲੰਡਨ ਵਿਚ ਵਕੀਲ ਮੁੰਡੇ ਨਾਲ ਵਿਆਹ ਦਾ ਆਹਰ ਵਿੱਢ ਲਿਆ। ਆਪਣੀ ਮਾਂ ਅੱਗੇ ਤਰਲਾ ਮਾਰਿਆ ਪਰ ਸ਼ਰੀਫ ਜਿਹੀ ਕੁੜੀ ਦੀ ਕੀ ਵੱਟਕ? ਮਾਂ ਨੇ ਮਜਬੂਰੀ ਜਾਹਰ ਕੀਤੀ ਤੇ ਸ਼ਰਾਫਤ ਨੇ ਥੋੜ੍ਹਾ ਜਿਹਾ ਸਿਰ ਚੁਕਿਆ। ਉਹ ਕੁੜੀ ਆਪਣੇ ਪਿਉ ਨੂੰ ਸਿਰਫ ਇੰਨਾ ਹੀ ਆਖ ਸਕੀ, "ਅੱਬਾ ਜੀ, ਜਿਹੜਾ ਘਰ ਵੱਸਣ ਤੋਂ ਪਹਿਲਾਂ ਹੀ ਉਜੜ ਜਾਏ, ਉਸ ਨੂੰ ਵਸਾਣ ਦਾ ਕੀ ਫਾਇਦਾ? ਮੇਰਾ ਵਿਆਹ ਕਰਕੇ ਤੁਸੀਂ ਤਾਂ ਖੁਸ਼ ਹੋ ਜਾਵੋਗੇ ਪਰ ਜਿਹੜੀ ਬੇਨਾਮ ਜਿਹੀ ਗੱਲ ਮੇਰੇ ਨਾਂ ਨਾਲ ਜੁੜ ਗਈ ਏ, ਜਿਸ ਤੋਂ ਹਰ ਕੋਈ ਵਾਕਫ ਹੈ, ਉਸ ਗੱਲ ਦਾ ਅਫਸਾਨਾ ਬਣ ਕੇ ਫਸਾਦ ਪੈ ਗਿਆ ਤਾਂ ਮੇਰਾ ਕੀ ਬਣੇਗਾ? ਮੇਰੀ ਤਾਂ ਕੋਈ ਪਸੰਦ ਨਹੀਂ ਪਰ ਜੇ ਮੈਂ ਕਿਸੇ ਦੀ ਪਸੰਦ ਬਣ ਗਈ ਆਂ ਤਾਂ ਮੇਰਾ ਕੀ ਕਸੂਰ? ਮੈਂ ਭਾਵੇਂ ਕੁਝ ਵੀ ਨਹੀਂ ਕੀਤਾ ਪਰ ਮੇਰੀ ਜ਼ਿੰਦਗੀ ਦੇ ਹਰ ਪੰਨੇ ਉਤੇ ਅਮੀਨ ਦਾ ਨਾਂ ਇਸ ਤਰ੍ਹਾਂ ਲਿਖਿਆ ਗਿਆ ਏ ਕਿ ਮੇਰੀ ਬੇਗੁਨਾਹੀ ਵੀ ਮੈਨੂੰ ਬਰੀ ਨਹੀਂ ਕਰਾ ਸਕੇਗੀ। ਕੱਲ੍ਹ ਨੂੰ ਕਿਸੇ ਨੇ ਮੈਨੂੰ ਅਮੀਨ ਦੇ ਨਾਂ ਦਾ ਤਾਅਨਾ ਦੇ ਦਿੱਤਾ ਤਾਂ ਨਾ ਮੈਂ ਕਬੂਲਣਾ ਤੇ ਨਾ ਬੋਲਣਾ ਏ। ਬੇਗੁਨਾਹ ਨੂੰ ਕਿਸੇ ਗੁਨਾਹਗਾਰ ਆਖਿਆ ਤਾਂ ਰੋ ਕੇ ਚੁੱਪ ਹੋ ਜਾਇਆ ਕਰਾਂਗੀ। ਅਮੀਰੀ ਗਰੀਬੀ ਜਾਂ ਰੋਟੀ ਰੋਜ਼ੀ ਤਾਂ ਉਤਲਾ ਦਿੰਦਾ ਏ। ਕਮ-ਅਜ-ਕਮ ਅਮੀਨ ਨੂੰ ਸ਼ਰਾਫਤ ਦਾ ਤਾਂ ਪਤਾ ਹੈ...।"

ਉਹ ਭਾਵੇਂ ਸਵਰਗੀ ਭੋਲਾ ਜਿਹਾ ਹੀ ਸੀ ਪਰ ਪਿਉ ਦੀ ਸਮਝ ਵਿਚ ਗੱਲ ਆ ਗਈ ਅਤੇ ਸ਼ਾਇਦ ਕੁਦਰਤ ਨੂੰ ਹੀ ਜੋਸ਼ ਆ ਗਿਆ ਸੀ। ਕੈਦੋਂ ਲੰਗੜਾ ਵੀ ਉਸ ਵੇਲੇ ਬੈਲਜੀਅਮ ਧੱਕੇ ਖਾ ਰਿਹਾ ਸੀ। ਉਹ ਸ਼ਰੀਫ ਆਦਮੀ (ਸ਼ਕੀਲ) ਅੱਜ ਦੁਨੀਆ ਵਿਚ ਨਹੀਂ। ਉਸ ਦਾ ਖਤ ਆਇਆ, "ਅਮੀਨ ਸਾਹਿਬ! ਮਾਅਜ਼ਰਤ ਕੇ ਸਾਥ ਅਰਜ਼ ਹੈ ਕਿ ਏਕ ਬਾਰ ਫਿਰ ਕਰਾਚੀ ਆ ਜਾਏਂ।" ਮੇਰੀ ਅੰਮਾ ਮੇਰੇ ਨਾਲ ਸੀ ਅਤੇ ਕਿਸਮਤ ਵੀ ਨਾਲ ਹੀ ਰਹੀ। ਸੰਨ 63 ਅੱਜ 13 ਸਾਲਾਂ ਪਿੱਛੋਂ ਸੰਨ 76 ਨੂੰ ਜੱਫੀ ਪਾ ਕੇ ਮਿਲ ਰਿਹਾ ਸੀ। 13 ਵਰ੍ਹਿਆਂ ਦੀ ਤਪੱਸਿਆ ਸਾਨੂੰ ਦੇਖ ਕੇ ਹੱਸ ਪਈ ਤੇ ਆਖਣ ਲੱਗੀ, "ਇੰਨਾ ਸਬਰ ਝੱਲ ਕੇ ਇੰਨਾ ਵੱਡਾ ਸਬਰ ਕਰਨ ਵਾਲਿਓ! ਤੁਹਾਨੂੰ ਰੱਬ ਦੀਆਂ ਰੱਖਾਂ।"

4 ਅੱਖਾਂ, 1976 ਦੀ ਸ਼ਾਮ ਰਾਤ ਦੇ ਹਨੇਰੇ ਨੂੰ ਗਲ ਮਿਲ ਰਹੀ ਸੀ ਤੇ ਮੈਂ ਰਾਣੀ ਮਲਿਕ ਦੀ ਬਾਂਹ ਫੜ ਕੇ ਕਰਾਚੀ ਤੋਂ ਲਾਹੌਰ ਜਾਣ ਵਾਲੀ ਉਸੇ ਸਿੰਧ ਐਕਸਪ੍ਰੈਸ ਵਿਚ ਬੈਠ ਗਿਆ ਸਾਂ। ਉਹੀ ਵੇਲਾ, ਉਹੀ ਟੇਸ਼ਨ ਅਤੇ ਉਹੀ ਗੱਡੀ ਪਰ ਅੱਜ ਮੰਜ਼ਿਲ ਬਦਲ ਗਈ ਸੀ।

---

# ਨਿੱਕ ਸੁੱਕ



ਗੁਲਜ਼ਾਰ ਸਿੰਘ ਸੰਧੂ
Sandhugulzar@yahoo.com

## ਭਾਰਤ-ਪਾਕਿ ਸਾਂਝ ਦੇ ਤਾਜ਼ਾ ਪ੍ਰਸੰਗ

ਪਾਕਿਸਤਾਨ ਦੇ ਪ੍ਰਧਾਨ ਮੰਤਰੀ ਇਮਰਾਨ ਖਾਨ ਨੇ ਬੀਜਿੰਗ (ਚੀਨ) ਵਾਲੀ ਕਾਨਫਰੰਸ ਵਿਚ ਭਾਰਤ ਨਾਲ ਰਾਜਨੀਤਕ ਤੇ ਸਭਿਆਚਾਰਕ ਸਾਂਝ ਵਧਣ ਦੀ ਆਸ ਪ੍ਰਗਟਾਈ ਹੈ। ਉਸ ਦਾ ਖਿਆਲ ਹੈ ਕਿ ਪਾਕਿਸਤਾਨ ਉਦੋਂ ਤੱਕ ਆਰਥਕ ਤੌਰ 'ਤੇ ਵਿਕਾਸ ਨਹੀਂ ਕਰ ਸਕਦਾ, ਜਦੋਂ ਤੱਕ ਭਾਰਤ ਨਾਲ ਇਸ ਦਾ ਰਿਸ਼ਤਾ ਸੁਖਾਵਾ ਨਹੀਂ ਹੁੰਦਾ। ਇਸ ਵਿਚ ਕਸ਼ਮੀਰ ਦਾ ਮਸਲਾ ਪ੍ਰਮੁੱਖ ਹੈ। ਇਧਰ ਭਾਰਤ ਦੇ ਸੇਵਾ ਮੁਕਤ ਲੈਫਟੀਨੈਂਟ ਜਨਰਲ ਡੀ. ਐਸ. ਹੂਡਾ ਨੇ ਵੀ ਭਾਰਤ ਲਈ ਤਿਆਰ ਕੀਤੇ ਸੁਰੱਖਿਆ ਮੈਨੀਫੈਸਟੋ ਵਿਚ ਵੀ ਲਿਖਿਆ ਹੈ ਕਿ ਦੋਹਾਂ ਦੇਸ਼ਾਂ ਵਿਚਾਲੇ ਸੀਮਾ ਦੀ ਠੀਕ ਨਿਸ਼ਾਨਦੇਹੀ ਕਰਨ ਲਈ ਆਪਸ ਵਿਚ ਵਾਰਤਾਲਾਪ ਤਦ ਹੀ ਸੰਭਵ ਹੈ, ਜੇ ਦੋਵੇਂ ਗਵਾਂਢੀ ਦੇਸ਼ ਰੂਸ, ਚੀਨ ਤੇ ਅਮਰੀਕਾ ਦੀਆਂ ਗੱਲਾਂ ਵਿਚ ਨਾ ਆਉਣ। ਜੇ ਅਸੀਂ ਚਾਹੁੰਦੇ ਹਾਂ ਕਿ ਪਾਕਿਸਤਾਨ ਆਪਣਾ ਰਵਈਆ ਬਦਲੇ ਤਾਂ ਸਾਨੂੰ ਆਪਣੀ ਪੀੜ੍ਹੀ ਥੱਲੇ ਵੀ ਸੋਟਾ ਫੇਰਨ ਦੀ ਲੋੜ ਹੈ।

ਜਨਰਲ ਹੂਡਾ ਨੇ ਇਹ ਮੈਨੀਫੈਸਟੋ ਕਾਂਗਰਸ ਪਾਰਟੀ ਦੀ ਮੰਗ ਉਤੇ ਤਿਆਰ ਕੀਤਾ ਹੈ। ਇਸ ਨੂੰ ਜਾਰੀ ਕਰਦੇ ਸਮੇਂ ਦੇਸ਼ ਦੇ ਸਾਬਕਾ ਗ੍ਰਹਿ ਮੰਤਰੀ ਪੀ. ਚਿਦੰਬਰਮ ਨੇ ਜ਼ੋਰ ਦੇ ਕੇ ਕਿਹਾ ਹੈ ਕਿ ਸ਼ਕਤੀਸ਼ਾਲੀ ਸੈਨਾ ਸਥਾਪਤ ਕਰਨ ਦਾ ਮੰਤਵ ਜੰਗ ਛੇੜਨਾ ਨਹੀਂ ਸਗੋਂ ਜੰਗ ਨੂੰ ਰੋਕਣਾ ਹੁੰਦਾ ਹੈ। ਇਹ ਵੀ ਕਿ ਕਤਲੋਗਾਰਤ ਤੇ ਘੁਸਪੈਠ ਨੂੰ ਰੋਕਣ ਲਈ ਦੈਂਤਵਾਦੀ ਹੋਣਾ ਉਕਾ ਹੀ ਗਲਤ ਹੈ। ਹਵਾਈ ਜਾਂ ਸਰਜੀਕਲ ਹਮਲੇ ਪਾੜੇ ਪੂਰਨ ਦੀ ਥਾਂ ਪਾੜੇ ਵਧਾਉਂਦੇ ਹਨ।

ਆਪਸੀ ਸਭਿਆਚਾਰਕ ਤੇ ਵਪਾਰਕ ਸਾਂਝ ਦੀਆਂ ਦਲੀਲਾਂ ਵੀ ਉਦੋਂ ਤੱਕ ਕੋਈ ਅਰਥ ਨਹੀਂ ਰਖਦੀਆਂ, ਜਦੋਂ ਤੱਕ ਦੋਵੇਂ ਧਿਰਾਂ ਇੱਕ ਸੁਰ ਨਹੀਂ ਹੁੰਦੀਆਂ। ਚੇਤੇ ਰਹੇ, ਕੇਂਦਰੀ ਸਰਕਾਰ ਦੀ ਇੰਟੈਲੀਜੈਂਸ ਬਿਊਰੋ ਦੇ ਸਾਬਕਾ ਡਾਇਰੈਕਟਰ ਏ. ਐਸ. ਦੁੱਲਤ ਨੇ ਪ੍ਰਧਾਨ ਮੰਤਰੀ ਅਟਲ ਬਿਹਾਰੀ ਵਾਜਪਾਈ ਦੇ ਕਾਰਜ ਕਾਲ ਵਿਚ ਕਸ਼ਮੀਰ ਸਮਸਿਆ ਦਾ ਹੱਲ ਕਰਨ ਸਬੰਧੀ ਜੋ ਰਿਪੋਰਟ ਤਿਆਰ ਕੀਤੀ ਸੀ, ਉਸ ਵਿਚ ਵੀ ਸਾਂਝੀ ਵਾਰਤਾਲਾਪ ਉਤੇ ਜ਼ੋਰ ਦਿੱਤਾ ਸੀ।

ਇਸ ਵਿਚ ਦਰਜ ਹੈ ਕਿ ਅਟੱਲ ਬਿਹਾਰੀ ਵਾਜਪਾਈ ਵੀ ਇਸ ਮਸਲੇ ਦੇ ਹੱਲ ਬਾਰੇ ਸੀਮਾ ਦੀ ਮੁੜ ਨਿਸ਼ਾਨਦੇਹੀ ਦੇ ਹੱਕ ਵਿਚ ਸਨ। ਇਮਰਾਨ ਖਾਨ ਤੇ ਜਨਰਲ ਹੂਡਾ ਦੇ ਵਿਚਾਰ ਸੁੱਟ ਪਾਉਣ ਵਾਲੇ ਨਹੀਂ। ਇਹ ਦੋਹਾਂ ਗਵਾਂਢੀ ਦੇਸ਼ਾਂ ਲਈ ਲਾਭਦਾਇਕ ਹਨ।

ਅਜੋਕੇ ਪਾਕਿਸਤਾਨ ਦੇ ਯਾਤਰੀ ਜਾਣਦੇ ਹਨ ਕਿ ਸਮੁੱਚੇ ਪਾਕਿਸਤਾਨ ਦੀਆਂ ਵੱਡੀਆਂ ਸੜਕਾਂ ਗੰਜੀਆਂ ਹਨ ਤੇ ਪਿੰਡਾਂ ਦੇ ਘਰ ਪੱਕੀ ਇੱਟ ਦੇ ਬਣੇ ਹੋਣ 'ਤੇ ਵੀ ਕੱਚੀ ਦਿਖ ਵਾਲੇ ਹਨ। ਸੜਕਾਂ ਦੇ ਕੰਢੇ ਅਤੇ ਖੇਤਾਂ ਵਿਚ ਸਫੈਦਾ ਜਾਂ ਪਾਪੂਲਰ ਦੇ ਰੁੱਖ ਨਾਂ-ਮਾਤਰ ਵੀ ਨਹੀਂ। ਕੁਝ ਇਸ ਤਰ੍ਹਾਂ ਕਿ ਜਿਵੇਂ ਆਜ਼ਾਦੀ ਨੇ ਉਥੋਂ ਦੀ ਵਸੋਂ ਨੂੰ ਵਿਕਾਸ ਦੀ ਲੀਹ ਉਤੇ ਤੁਰਨ ਹੀ ਨਹੀਂ ਲਾਇਆ। ਜੇ ਸਾਡੇ ਨਾਲੋਂ ਫਰਕ ਹੈ ਤਾਂ ਕੇਵਲ ਏਨਾ ਕਿ ਲੋਕ ਬੜੇ ਮਿਲਾਪੜੇ ਹਨ। ਮਰਦ ਲੋਕ ਜੱਫੀਆਂ ਪਾ ਕੇ ਮਿਲਦੇ ਹਨ ਤੇ ਔਰਤਾਂ ਨੇੜੇ ਹੋ ਕੇ ਤੁਰਨਾ ਜਾਂ ਬਹਿਣਾ ਪਸੰਦ ਕਰਦੀਆਂ ਹਨ। ਦੋਹਾਂ ਦੇਸ਼ਾਂ ਦੀ ਸਾਂਝ ਇਹ ਜਮੂਦ ਤੋੜ ਸਕਦੀ ਹੈ। ਆਪੋ ਵਿਚ ਦੀ ਵਾਰਤਾਲਾਪ ਅਪਨਾਈਏ ਤੇ ਗੱਲ ਅੱਗੇ ਤੋਰੀਏ।

**ਜਲ੍ਹਿਆਂ ਵਾਲਾ ਬਾਗ ਦੇ ਸਾਕੇ ਦੀ ਨੁਮਾਇਸ਼:** ਅਪਰੈਲ ਮਹੀਨੇ ਦੇ ਆਖਰੀ ਹਫਤੇ ਨਵੀਂ ਦਿੱਲੀ ਆਰਟ ਐਂਡ ਕਲਚਰਲ ਹੈਰੀਟੇਜ ਟਰੱਸਟ ਨੇ ਇੰਦਰਾ ਗਾਂਧੀ ਨੈਸ਼ਨਲ ਸੈਂਟਰ ਆਫ ਆਰਟਸ ਦੇ ਸਹਿਯੋਗ ਨਾਲ ਸੌ ਸਾਲ ਪਹਿਲਾਂ ਵਾਪਰੇ ਜਲ੍ਹਿਆਂ ਵਾਲਾ ਬਾਗ ਦੇ ਸਾਕੇ ਦੀ ਨੁਮਾਇਸ਼ ਲਾਈ। ਇਸ ਵਿਚ ਉਨ੍ਹਾਂ ਸਮਿਆਂ ਦੀ ਹਿੰਦੂ-ਮੁਸਲਿਮ ਏਕਤਾ ਦੇ ਕਈ ਪ੍ਰਸੰਗ ਦਰਸਾਏ ਗਏ। ਖਾਸ ਕਰ ਪੰਜਾਬੀ ਨਾਵਲਕਾਰ ਨਾਨਕ ਸਿੰਘ ਦੀ 'ਅੱਖੀਂ ਡਿੱਠਾ ਬਿਰਤਾਂਤ' ਪੇਸ਼ ਕਰਨ ਵਾਲੀ ਖੂਨੀ ਵਿਸਾਖੀ ਦੇ ਹਵਾਲੇ ਨਾਲ। ਖੂਨੀ ਵਿਸਾਖੀ ਦੀ ਗੱਲ ਤਾਂ ਹੁੰਦੀ ਰਹੇਗੀ, ਪਰ ਮੀਡੀਆ ਨੇ ਇਸ ਪ੍ਰਸੰਗ ਨੂੰ ਲੈ ਕੇ ਵਾਸੂ ਮੱਲ ਕਪੂਰ ਦੀ ਪਤਨੀ ਪੂਰਨ ਦੇਵੀ ਦੇ ਦੁੱਖਾਂ ਦੀ ਦਾਸਤਾਨ ਵੀ ਉਭਾਰੀ ਹੈ। ਉਸ ਨੇ ਜਲ੍ਹਿਆਂ ਵਾਲਾ ਬਾਗ ਦੇ ਸਾਕੇ ਵਿਚ ਸ਼ਹੀਦ ਹੋਏ ਪਤੀ ਵਾਸੂ ਮੱਲ ਦੀ ਸ਼ਹੀਦੀ ਤੋਂ ਪਿੱਛੋਂ ਲਾਲ ਰੰਗ ਦੀਆਂ ਚੂੜੀਆਂ ਤੋੜ ਦਿੱਤੀਆਂ ਸਨ ਤੇ ਵਾਸੂ ਮੱਲ ਕਪੂਰ ਦੀ ਸ਼ਹੀਦੀ ਤੋਂ ਚਾਰ ਮਹੀਨੇ ਪਿੱਛੋਂ ਭਜਨ ਲਾਲ ਨਾਂ ਦੇ ਬੇਟੇ ਨੂੰ ਜਨਮ ਦਿੱਤਾ ਸੀ। ਇਹ ਵੀ ਕਿ ਵਾਸੂ ਮੱਲ ਦਾ ਪਰਿਵਾਰ ਹੁਣ ਤੱਕ ਵੀ ਵਿਆਹ ਸ਼ਾਦੀਆਂ ਮੌਕੇ ਲਾਲ ਚੂੜਾ ਨਹੀਂ ਪਾਉਂਦਾ। ਅਸੀਂ ਚਾਹਾਂਗੇ ਕਿ ਜੇ ਦਿੱਲੀ ਵਾਲੀ ਨੁਮਾਇਸ਼ ਵਿਚ ਇਹ ਘਟਨਾ ਨਹੀਂ ਉਭਾਰੀ ਗਈ ਤਾਂ ਇਸ ਨੂੰ ਨੁਮਾਇਸ਼ ਦਾ ਹਿੱਸਾ ਬਣਾ ਕੇ ਇਹ ਨੁਮਾਇਸ਼ ਅੰਮ੍ਰਿਤਸਰ ਵਿਚ ਵੀ ਲਾਉਣੀ ਚਾਹੀਦੀ ਹੈ। ਅੱਜ ਨਹੀਂ ਤਾਂ ਅਗਸਤ ਵਿਚ ਮਨਾਏ ਜਾਣ ਵਾਲੇ ਸੁਤੰਤਰਤਾ ਦਿਵਸ ਦੇ ਨੇੜੇ। ਉਸ ਸਾਕੇ ਨੇ ਸੁਤੰਤਰਤਾ ਦੀ ਨੀਂਹ ਰੱਖੀ ਸੀ। ਨੀਂਹ ਪੱਥਰ ਰੱਖਣ ਵਾਲੇ ਹਰ ਪਾਤਰ ਨੂੰ ਚੇਤੇ ਰਖਣਾ ਬਣਦਾ ਹੈ।

**ਅੰਤਿਕਾ: ਜਸਵਿੰਦਰ**
ਛਿੜੇ ਜਦ ਕੰਬਣੀ ਖਾਬਾਂ 'ਚ
ਉਸ ਵੇਲੇ ਸਮਝ ਆਉਂਦੀ,
ਕਿ ਪਾਲਾ ਸਿਰਫ ਖੁੱਲ੍ਹੀਆਂ ਬਾਰੀਆਂ
ਵਿਚ ਦੀ ਨਹੀਂ ਆਉਂਦਾ।

---

## ਗੱਲ ਬਣੀ ਕਿ ਨਹੀਂ?

-ਐਸ. ਅਸ਼ੋਕ ਭੌਰਾ

**ਚੌਕੀਦਾਰ**

ਚੌਕੀਦਾਰ ਨ੍ਹੀਂ ਜਾਗਦਾ, ਲੁੱਟ ਮਚੂ'ਗੀ ਹੋਰ।
ਲੋਕੀਂ ਕਿੱਥੇ ਸਮਝਦੇ, ਚੋਰ ਮਚਾਵੇ ਸ਼ੋਰ।
ਮੁਨਸਿਫ ਬੇਈਮਾਨ ਹੈ, ਕੌਣ ਦਏਗਾ ਦੰਡ?
ਗਵਾਹ ਹੀ ਚੁੱਕੀ ਫਿਰ ਰਹੇ, ਜੁਮਲਿਆਂ ਵਾਲੀ ਪੰਡ।
ਜੋਗੀਆਂ ਕੋਲੇ ਬੀਨ ਨ੍ਹੀਂ, ਤਾਂ ਹੰਕਾਰਿਆ ਸੱਪ।
ਤਾਂਹੀਓਂ ਹਰ ਥਾਂ ਮਾਰਦੈ, ਮਣ ਮਣ ਪੱਕੀ ਗੱਪ।
ਚੜ੍ਹਿਆ ਪਾਣੀ ਹੜ੍ਹਾਂ ਦਾ, ਹੁਣ ਨਾ ਹੋਇਆ ਡੱਕ।
ਮੁੜ ਕੇ ਚੱਬਣਾ ਪਏਗਾ, ਫਿਰ ਮਰਦਿਆਂ ਨੂੰ ਅੱਕ।
ਪਰਜਾ ਕੋਲ ਜਮੀਰ ਨ੍ਹੀਂ, ਅੰਦਰੋਂ ਚੁੱਪ ਅਵਾਜ਼।
ਹਰ ਪਾਸੇ ਹੀ ਹੋ ਰਿਹੈ, ਤਾਂ ਜੰਗਲ ਦਾ ਰਾਜ।
ਛੜਿਆਂ ਕੋਲੇ ਮਸਤੀਆਂ, ਰੰਨਾਂ ਵਾਲੇ ਹੈਕ।
ਹੁਣ ਘਰਾਂ ਵਿਚ ਹੋਣਗੇ, ਸਰਜੀਕਲ ਅਟੈਕ।
ਸੁੱਤਾ ਕੁੰਭ ਜੇ ਰਹਿ ਗਿਆ, ਉਜੜੂ ਲੰਕਾ ਫੇਰ।
'ਭੌਰੇ' ਫਿਰੂ ਦਹਾੜਦਾ, ਫਿਰ ਲੇਲਿਆਂ ਵਿਚ ਸ਼ੇਰ।

ਕਹਾਣੀ

# ਦਰ-ਦਰਵੇਸ਼

*ਜਿਲਾ ਅੰਮ੍ਰਿਤਸਰ ਦੇ ਪਿੰਡ ਤਾਰਾਗੜ੍ਹ ਤਲਾਣਾ ਦੇ ਜੰਮਪਲ ਪੰਜਾਬੀ ਕਹਾਣੀਕਾਰ ਦਲਬੀਰ ਚੇਤਨ (5 ਅਪਰੈਲ 1944-ਪਹਿਲੀ ਜਨਵਰੀ 2005) ਨੇ 'ਰਿਸ਼ਤਿਆਂ ਦੇ ਆਰ-ਪਾਰ', 'ਰਾਤ ਬਰਾਤੇ', 'ਖਾਰਾ ਬੱਦਲ', 'ਮਹਿੰਦੀ ਬਾਜ਼ਾਰ', 'ਚੇਤਨ ਕਥਾ' ਤੇ 'ਵਿਦਾ ਹੋਣ ਤੋਂ ਪਹਿਲਾਂ' ਕਹਾਣੀ ਸੰਗ੍ਰਿਹ ਪੰਜਾਬੀ ਸਾਹਿਤ ਜਗਤ ਦੀ ਝੋਲੀ ਪਾਏ ਹਨ। ਉਸ ਨੂੰ ਕੁਲਵੰਤ ਸਿੰਘ ਵਿਰਕ ਪੁਰਸਕਾਰ ਅਤੇ ਗੁਰਬਖਸ਼ ਸਿੰਘ ਪ੍ਰੀਤਲੜੀ ਪੁਰਸਕਾਰ ਨਾਲ ਵੀ ਸਨਮਾਨਿਆ ਗਿਆ। ਉਸ ਨੇ ਕਰੀਬ 15 ਸਾਲ ਭਾਰਤੀ ਹਵਾਈ ਸੈਨਾ ਵਿਚ ਨੌਕਰੀ ਕੀਤੀ ਤੇ ਸੇਵਾ ਮੁਕਤੀ ਪਿਛੋਂ ਕਰ ਤੇ ਆਬਕਾਰੀ ਵਿਭਾਗ ਵਿਚ ਜਾ ਲੱਗਾ। ਉਸ ਦੀਆਂ ਕਹਾਣੀਆਂ ਦੱਬੇ-ਕੁਚਲੇ ਅਤੇ ਧਰਤੀ ਨਾਲ ਜੁੜੇ ਜਿਉੜਿਆਂ ਦੀਆਂ ਬਾਤਾਂ ਪਾਉਂਦੀਆਂ ਹਨ। ਇਕ ਔਰਤ ਦਾ ਦਰਦ ਸੁਣ ਕੇ ਕਿਵੇਂ ਉਹਦੇ ਘਰ ਆਏ ਦਰਵੇਸ਼ ਦਾ ਦਿਲ ਤੜਫ ਉਠਦਾ ਹੈ, ਹਥਲੀ ਕਹਾਣੀ 'ਦਰ-ਦਰਵੇਸ਼' ਪੜ੍ਹ ਕੇ ਪਾਠਕ ਵੀ ਮਹਿਸੂਸ ਕਰ ਸਕਦੇ ਹਨ। -ਸੰਪਾਦਕ*



**ਦਲਬੀਰ ਚੇਤਨ**

"ਬੀਬਾ ਮੈਂ ਅੰਦਰ ਆ ਸਕਦਾਂ?" ਕੋਈ ਓਪਰਾ ਬੰਦਾ ਬੜੇ ਹੀ ਅਦਬ ਨਾਲ ਘਰ ਦੀਆਂ ਮੁਹਾਠਾਂ (ਦਹਿਲੀਜ਼ਾਂ) ਧੋ ਰਹੀ ਔਰਤ ਨੂੰ ਪੁੱਛਦਾ ਹੈ।

ਔਰਤ ਤ੍ਰਭਕ ਕੇ ਮੂੰਹ ਹਨੇਰੇ 'ਚ ਪੁੱਛਣ ਵਾਲੇ ਦਾ ਮੂੰਹ ਵੇਖਦੀ ਹੈ, ਪਰ ਚਿਹਰਾ ਧੁੰਦਲਾ ਹੀ ਦਿਸਦਾ ਹੈ। ਪੋਹ ਦੀ ਧੁੰਦ ਕਾਰਨ, ਵਰਾਂਡੇ 'ਚ ਜਗ ਰਹੀ ਬੱਤੀ ਦਾ ਚਾਨਣ ਵੀ ਬੜਾ ਮੱਧਮ ਜਿਹਾ ਹੈ। ਉਂਜ ਤਾਂ ਕਾਲੇ ਦਿਨਾਂ 'ਚ ਚਾਨਣ ਦੀ ਬੜੀ ਲੋੜ ਸੀ, ਪਰ ਕਾਲੇ ਦਿਨਾਂ ਤੋਂ ਹੀ ਡਰਦਿਆਂ, ਲੋਕਾਂ ਨੇ ਬਾਹਰਲੇ ਬੂਹਿਆਂ 'ਤੇ ਲੱਗੀਆਂ ਬੱਤੀਆਂ ਆਪਣੇ ਹੱਥੀਂ ਹੀ ਲਾਹ ਦਿੱਤੀਆਂ ਸਨ।

ਸਹਿਮੀ ਔਰਤ ਬੜੇ ਗਹੁ ਨਾਲ ਉਸ ਓਪਰੇ ਬੰਦੇ ਨੂੰ ਵੇਂਹਦੀ ਹੈ। ਉਹ ਕੋਈ ਦਰਵੇਸ਼ ਲਗਦਾ ਹੈ। ਪਿਛਾਂਹ ਨੂੰ ਮੋਢਿਆਂ ਤੱਕ ਲਟਕ ਰਹੇ ਸਿਰ ਦੇ ਚਿੱਟੇ ਵਾਲ, ਲੰਮੀ ਸਫੈਦ ਦਾਹੜੀ, ਗਲ ਲੰਮਾ ਚਿੱਟਾ ਚੋਲਾ, ਪੈਰੀਂ ਖੜਾਵਾਂ ਤੇ ਹੱਥ ਵਿਚ ਖੂੰਡੀ। ਉਹ ਉਸ ਨੂੰ ਨਿਹਾਰਦੀ, ਡਰੀ ਸਹਿਮੀ ਜਿਹੀ ਬੜਾ ਕੁਝ ਸੋਚਦੀ ਹੈ। ਓਪਰੇ ਬੰਦਿਆਂ ਨਾਲ ਜੁੜੀ ਦਹਿਸ਼ਤ ਦਾ ਖਿਆਲ ਉਸ ਨੂੰ ਹਲੂਣ ਸੁੱਟਦਾ ਹੈ। ਉਸ ਨੂੰ ਕੁਝ ਵੀ ਨਹੀਂ ਅਹੁੜ ਰਿਹਾ ਕਿ ਉਹ ਕੀ ਜਵਾਬ ਦੇਵੇ...।

ਅੰਮ੍ਰਿਤ ਵੇਲੇ ਉਠ ਕੇ ਬਾਹਰਲੀਆਂ ਦਹਿਲੀਜ਼ਾਂ ਧੋਣਾ ਇਸ ਔਰਤ ਦਾ ਨਿੱਤਨੇਮ ਹੈ। ਮਰਨ ਵਾਲਾ ਕਿਹਾ ਕਰਦਾ ਸੀ, "ਸਵੱਖਤੇ ਉਠ ਕੇ ਘਰ ਦੀਆਂ ਮੁਹਾਠਾਂ ਧੋ ਲੈਣੀਆਂ ਚਾਹੀਦੀਆਂ। ਕੀ ਪਤਾ ਕਿਹੜੇ ਵੇਲੇ ਕੋਈ ਘਰ ਆ ਜਾਵੇ।" ਉਹਦੀ ਯਾਦ ਆਉਂਦਿਆਂ ਉਹਦੇ ਕਾਲਜੇ ਦਾ ਰੁੱਗ ਭਰਿਆ ਗਿਆ ਤੇ ਉਹ ਹੋਰ ਵੀ ਸਹਿਮ ਗਈ, ਪਰ ਉਹਨੂੰ ਮਰਨ ਵਾਲੇ ਦੇ ਬੋਲ ਯਾਦ ਆਉਂਦੇ ਨੇ ਜੋ ਕਿਹਾ ਕਰਦਾ ਸੀ, "ਵੇਖ, ਇਸ ਬੂਹੇ 'ਤੇ ਮਾਰੀ ਕੋਈ ਵੀ ਆਵਾਜ਼ ਕਦੇ ਖਾਲੀ ਨਹੀਂ ਮੁੜਨੀ ਚਾਹੀਦੀ।" ਉਹ ਆਪਣੇ ਅੰਦਰ ਉਗਮ ਆਏ ਸਹਿਮ ਨੂੰ ਪਰ੍ਹੇ ਸੁੱਟਦਿਆਂ ਕਹਿੰਦੀ ਹੈ, "ਜੀ, ਜੀ ਆਇਆਂ ਨੂੰ, ਬੱਸ ਦਲ੍ਹੀਜਾਂ 'ਤੇ ਪਾਣੀ ਦਾ ਆਖਰੀ ਛੱਟਾ ਮਾਰ ਲੈਣ ਦਓ।"

ਦਰਵੇਸ਼ਾਂ ਵਰਗਾ ਬੰਦਾ ਅੰਦਰ ਲੰਘ ਆਇਆ। ਔਰਤ ਨੇ ਬੈਠਣ ਲਈ ਉਚਾ ਮੂੜ੍ਹਾ ਦਿੱਤਾ ਤੇ ਆਪ ਪੀੜ੍ਹੀ ਉਤੇ ਬੈਠ ਗਈ। ਦਰਵੇਸ਼ ਨੇ ਮੂੜ੍ਹੇ ਉਤੇ ਬੈਠ ਕੇ ਅੱਖਾਂ ਮੁੰਦ ਲਈਆਂ। ਔਰਤ ਇਕ ਟੱਕ ਉਸ ਨੂੰ ਨਿਹਾਰਨ ਲੱਗੀ। ਚਿਹਰੇ ਉਤੇ ਥਕਾਵਟ ਸੀ ਤੇ ਪੈਰ ਧੂੜ ਨਾਲ ਅੱਟੇ ਪਏ ਸਨ। ਪਿੱਠ 'ਤੇ ਮਿਲਟਰੀ ਵਾਲਿਆਂ ਵਰਗਾ ਵੱਡਾ ਸਾਰਾ ਪਿੱਠੂ ਸੀ। ਚਿੱਟਾ ਚੋਲਾ ਮੈਲਾ-ਕੁਚੈਲਾ ਹੋਇਆ ਪਿਆ ਸੀ। ਲੱਗਦਾ ਸੀ ਜਿਵੇਂ ਉਹ ਬੜੇ ਹੀ ਲੰਮੇ ਤੇ ਔਖੇ ਰਾਹਾਂ 'ਚੋਂ ਲੰਘ ਕੇ ਆਇਆ ਹੋਵੇ। ਉਹਦੇ ਬੀਬੇ ਜਿਹੇ ਚਿਹਰੇ ਨੂੰ ਵੇਖ ਔਰਤ ਦਾ ਸਹਿਮ ਕੁਝ ਘਟਿਆ ਪਰ ਫੇਰ ਵੀ ਉਹ ਸੋਚਣ ਲੱਗੀ, "ਕੌਣ ਹੋਵੇਗਾ ਇਹ? ਤੇ ਇਸ ਤੋਂ ਵੱਡੀ ਗੱਲ ਕਿ ਇਸ ਨੂੰ ਪੁੱਛਿਆ ਕਿੱਦਾਂ ਜਾਵੇ ਕਿ ਕੌਣ ਹੈ ਇਹ?" ਔਰਤ ਅਜੇ ਵੀ ਦੁਚਿੱਤੀ 'ਚ ਸੀ।

ਦਰਵੇਸ਼ ਨੇ ਅੱਖਾਂ ਉਘੇੜੀਆਂ ਤੇ ਆਪਣੇ ਮੋਢਿਆਂ ਦੁਆਲਿਉਂ ਤਣੀਆਂ ਖੋਲ੍ਹ ਪਿੱਠੂ ਲਾਹ ਕੇ ਫਰਸ਼ ਉਤੇ ਰੱਖ ਦਿੱਤਾ। "ਬੌਤ੍ਹ ਥੱਕ ਗਿਆ ਹਾਂ ਬੀਬਾ, ਥੋੜ੍ਹਾ 'ਰਾਮ ਕਰਨ ਨੂੰ ਜੀ ਕਰਦੈ।" ਦਰਵੇਸ਼ ਨੇ ਆਖਿਆ।

"ਠੀਕ ਐ, ਜੇ ਚਾਹੋ ਤਾਂ ਗਰਮ ਪਾਣੀ ਨਾਲ ਪੈਰ ਵੀ ਧੋ ਲਵੋ, ਥਕਾਵਟ ਲਹਿ ਜਾਏਗੀ।" ਪਤਾ ਨਹੀਂ ਉਹ ਕਿਵੇਂ ਉਂਜ ਦੀਆਂ ਗੱਲਾਂ ਕਰਨ ਲੱਗ ਪਈ ਸੀ, ਜਿਵੇਂ ਉਹ ਮਰਨ ਵਾਲੇ ਦੇ ਜਿਉਂਦੇ ਜੀ, ਘਰ ਆਏ ਲੋਕਾਂ ਨਾਲ ਕਰਿਆ ਕਰਦੀ ਸੀ। ਔਰਤ ਨੇ ਤ੍ਰਿਮਚੀ 'ਚ ਪਾਣੀ ਪਾ ਲਿਆਂਦਾ। ਦਰਵੇਸ਼ ਨੇ ਦੋਵੇਂ ਪੈਰ ਪਾਣੀ 'ਚ ਰੱਖਦਿਆਂ ਕੁਝ ਰਾਹਤ ਮਹਿਸੂਸ ਕੀਤੀ।

"ਇਥੇ ਤਾਂ ਆਲੇ-ਦੁਆਲੇ ਰੌਲਾ ਹੀ ਬੜਾ 'ਰਾਮ ਕਿਵੇਂ ਹੋਏਗਾ?" ਦਰਵੇਸ਼ ਨੇ ਜਿਵੇਂ ਆਪਣੇ-ਆਪ ਨੂੰ ਹੀ ਪੁੱਛਿਆ ਪਰ ਜਵਾਬ ਔਰਤ ਨੇ ਦਿੱਤਾ, "ਦਰਅਸਲ ਘਰ ਦੇ ਲਾਗੇ ਹੀ ਰੱਬ ਦਾ ਘਰ ਹੈ ਜੀ, ਲੋਕ ਸਵੇਰੇ-ਸਵੇਰੇ ਰੱਬ ਦਾ ਨਾਂ ਲੈਂਦੇ ਨੇ।"

"ਰੱਬ ਦੇ ਨਾਂ ਦਾ ਰੌਲੇ ਨਾਲ ਕੀ ਵਾਸਤਾ ਬੀਬਾ?" ਦਰਵੇਸ਼ ਨੇ ਹੱਸ ਕੇ ਪੁੱਛਿਆ, ਪਰ ਉਹਦਾ ਹਾਸਾ ਵੀ ਰੋਣ ਵਰਗਾ ਹੀ ਸੀ।

"ਧੁਆਡੀ ਗੱਲ ਵੀ ਠੀਕ ਐ ਜੀ, ਮੇਰਾ ਮਰਨ ਵਾਲਾ ਵੀ ਕਿਹਾ ਕਰਦਾ ਸੀ ਕਿ ਰੱਬ ਦੇ ਘਰ ਸਭ ਤੋਂ ਵਧ ਸ਼ਾਂਤੀ ਚਾਹੀਦੀ ਐ ਪਰ ਲਗਦਾ ਜਿਵੇਂ ਇਥੇ ਵੀ ਚੋਣ ਪ੍ਰਚਾਰ ਹੋ ਰਿਹਾ ਹੋਵੇ।"

"ਉਹ ਜ਼ਰੂਰ ਬਾਗੀ ਸੁਭਾਅ ਦੇ ਬੰਦੇ ਹੋਣਗੇ?" ਦਰਵੇਸ਼ ਜਿਵੇਂ ਕਿਆਸ ਲਾਇਆ।

"ਬਸ ਜੀ, ਪਖੰਡ ਬਿਲਕੁਲ ਬਰਦਾਸ਼ਤ ਨਹੀਂ ਸਨ ਕਰਦੇ। ਆਹ ਵੇਖੋ, ਇਹ ਸਾਰੇ ਸ਼ੇਅਰ ਉਨ੍ਹਾਂ ਨੇ ਆਪਣੇ ਹੱਥੀਂ ਲਿਖੇ ਸਨ।" ਔਰਤ ਨੇ ਕੰਧ ਉਤੇ ਲੱਗੇ ਪਰਦੇ ਨੂੰ ਇਕ ਪਾਸੇ ਸਰਕਾਇਆ। ਸਾਰੀ ਚਿੱਟੀ ਕੰਧ, ਕਾਲੇ ਅੱਖਰਾਂ ਨਾਲ ਸ਼ੇਅਰ ਲਿਖ-ਲਿਖ ਭਰੀ ਹੋਈ ਸੀ। ਦਰਵੇਸ਼ ਨੇ ਸਾਰੇ ਸ਼ੇਅਰਾਂ ਉਤੇ ਨਜ਼ਰ ਮਾਰੀ ਪਰ ਇਕ ਥਾਂ ਜਿਵੇਂ ਉਹਦੀ ਨਜ਼ਰ ਅੜ ਗਈ:

ਯਾ ਧਰਤੀ ਕੇ ਜ਼ਖਮੋਂ ਪਰ ਮਰਹਮ ਰਖ ਦੇ
ਯਾ ਮੇਰਾ ਦਿਲ ਪੱਥਰ ਕਰ ਦੇ, ਯਾ ਅੱਲ੍ਹਾ।

"ਕਮਾਲ ਹੈ ਭਈ!" ਦਰਵੇਸ਼ ਜਿਵੇਂ ਆਵੇਸ਼ 'ਚ ਹੀ ਬੋਲਿਆ।

"ਜੀ ਉਹ ਤਾਂ ਕਿਹਾ ਕਰਦੇ ਸਨ, ਮਨੁੱਖ ਦਾ ਕਲਿਆਣ ਸਿਆਸਤ ਤੇ ਧਰਮ ਰਾਹੀਂ ਹੀ ਹੋ ਸਕਦਾ ਸੀ, ਪਰ ਇਹ ਦੋਵੇਂ ਗੜ੍ਹ ਮਾੜੇ ਹੱਥਾਂ ਨੇ ਹਥਿਆ ਲਏ ਨੇ।"

"ਉਹ ਕਦੇ ਨਹੀਂ ਸਨ ਜਾਂਦੇ ਰੱਬ ਦੇ ਘਰ?" ਦਰਵੇਸ਼ ਨੇ ਹੈਰਾਨ ਹੁੰਦਿਆਂ ਪੁੱਛਿਆ।

"ਕੀ ਦੱਸਾਂ ਜੀ, ਇਕ ਵਾਰ ਇੰਜ ਦਾ ਸਵਾਲ ਹੀ ਉਨ੍ਹਾਂ ਦੇ ਕਿਸੇ ਧਾਰਮਕ ਕਿਸਮ ਦੇ ਦੋਸਤ ਨੇ ਪੁੱਛਿਆ ਸੀ ਤੇ ਉਨ੍ਹਾਂ ਨੇ ਅੱਗੋਂ ਹੱਸ ਕੇ ਕਿਹਾ ਸੀ, '...ਅਸਲ 'ਚ ਜਦੋਂ ਤੁਸੀਂ ਢੋਲਕੀਆਂ-ਛੈਣੇ ਕੁੱਟਣ ਲੱਗਦੇ ਹੋ ਤਾਂ ਰੱਬ ਵਿਚਾਰਾ ਰੌਲੇ ਤੋਂ ਘਬਰਾ ਕੇ, ਮੇਰੇ ਘਰ ਆ ਜਾਂਦਾ। ਫੇਰ ਤੂੰ ਹੀ ਦੱਸ ਮੈਂ ਉਥੇ ਕੀ ਲੈਣ ਜਾਣਾ?"

"ਬੜਾ ਦਿਲਚਸਪ ਬੰਦਾ ਹੋਏਗਾ, ਰੱਬ ਨਾਲ ਏਨੀ ਨੇੜਤਾ? ਨਹੀਂ ਤਾਂ ਲੋਕ ਰੱਬ ਤੋਂ ਡਰਦੇ ਹੀ ਰੱਬ ਨੂੰ ਪੂਜੀ ਜਾਂਦੇ ਨੇ।"

"ਰੱਬ ਬਾਰੇ ਉਨ੍ਹਾਂ ਇਕ ਕਿਤਾਬ ਵੀ ਲਿਖੀ ਸੀ, ਸਾਈਂ। ਉਸ ਕਿਤਾਬ ਦੀ ਏਨੀ ਪ੍ਰਸ਼ੰਸਾ ਤੇ ਵਿਰੋਧ ਹੋਇਆ ਕਿ ਕੁਝ ਲੋਕਾਂ ਨੇ ਉਨ੍ਹਾਂ ਨੂੰ ਕਾਫਰ ਮਿਥ ਲਿਆ।"

ਔਰਤ ਨੇ ਅਲਮਾਰੀ 'ਚੋਂ ਕਿਤਾਬ ਕੱਢ ਕੇ ਦਰਵੇਸ਼ ਨੂੰ ਲਿਆ ਫੜਾਈ। ਦਰਵੇਸ਼ ਨੇ ਪਹਿਲਾਂ ਸਰਵਰਕ ਨੂੰ ਗਹੁ ਨਾਲ ਵੇਖਿਆ ਤੇ ਫੇਰ ਉਹ ਬੇਤਰਤੀਬੀ ਜਿਹੀ ਨਾਲ ਵਰਕੇ ਫੋਲਣ ਲੱਗਾ। ਇਕ ਥਾਂ ਉਹਦੀ ਨਜ਼ਰ ਅਟਕ ਗਈ, "ਧਰਤੀ ਉਤੇ ਜਿੰਨੀਆਂ ਲੜਾਈਆਂ ਤੇ ਕਤਲੋਗਾਰਤ ਧਰਮ ਦੇ ਨਾਂ ਉਤੇ ਹੋਏ, ਉਨੇ ਹੋਰ ਕਿਸੇ ਵੀ ਕਾਰਨ ਨਹੀਂ ਹੋਏ।" ਉਹਨੇ ਕੁਝ ਹੋਰ ਵਰਕੇ ਫੋਲੇ। ਇਕ ਥਾਂ ਲਿਖਿਆ ਸੀ, "ਮਨੁੱਖ ਨੂੰ ਮਨੁੱਖ ਹੀ ਰਹਿਣ ਦਿਓ, ਇਹਨੂੰ ਧਾਰਮਕ ਬਣਾਉਣ ਉਤੇ ਜ਼ੋਰ ਨਾ ਪਾਉ। ਧਾਰਮਕ ਬੰਦਾ ਉਲਾਰ ਹੋ ਜਾਂਦਾ ਹੈ ਤੇ ਉਲਾਰ ਬੰਦਾ ਕਦੇ ਵੀ ਸਹੀ ਨਹੀਂ ਹੁੰਦਾ।"

ਵਰਕੇ ਫਰੋਲਦਿਆਂ ਤੇ ਟਾਵੀਂ-ਟਾਵੀਂ ਸਤਰ ਪੜ੍ਹਦਿਆਂ ਦਰਵੇਸ਼ ਨੂੰ ਲੱਗਾ ਜਿਵੇਂ ਉਹਦੀ ਥਕਾਵਟ ਲਹਿ ਰਹੀ ਹੋਵੇ। ਉਹ ਇਕ-ਅੱਧੀ ਸਤਰ ਪੜ੍ਹ ਕੇ ਅਗਲੇ ਵਰਕੇ ਫੋਲਣ ਲੱਗ ਪੈਂਦਾ ਜਿਵੇਂ ਸਾਰੀ ਕਿਤਾਬ ਦਾ ਜਾਇਜ਼ਾ ਲੈ ਰਿਹਾ ਹੋਵੇ।

"ਮਨੁੱਖਤਾ ਤੋਂ ਵੱਡਾ ਕੋਈ ਧਰਮ ਨਹੀਂ। ਸਮੇਂ-ਸਮੇਂ ਕੁਝ ਲੋਕ ਪੈਦਾ ਹੋਏ, ਜਿਨ੍ਹਾਂ ਮਨੁੱਖ ਨੂੰ ਵਧੀਆ ਮਨੁੱਖ ਬਣਾਉਣ ਲਈ ਉਪਰਾਲੇ ਵੀ ਕੀਤੇ ਪਰ ਉਨ੍ਹਾਂ ਦੇ ਚਲਾਕ ਪੈਰੋਕਾਰਾਂ ਨੇ ਉਨ੍ਹਾਂ ਦੇ ਨਾਂਵਾਂ 'ਤੇ ਹੀ ਝੰਡੇ ਤੇ ਬੁੰਗੇ ਬਣਾ ਕੇ ਮਨੁੱਖਤਾ ਵਿਚ ਹੋਰ ਵੀ ਵੰਡੀਆਂ ਪਾ ਦਿੱਤੀਆਂ।"

ਦਰਵੇਸ਼ ਨੇ ਸਾਰੀ ਕਿਤਾਬ ਦੇ ਵਰਕੇ ਪਲਟੇ ਤੇ ਆਖਰੀ ਸਫੇ 'ਤੇ ਝਾਤੀ ਮਾਰੀ। ਲਿਖਿਆ ਸੀ, "ਜਿੰਨਾ ਚਿਰ ਧਰਮ ਦੇ ਦਾਅਵੇਦਾਰ ਆਪੋ-ਆਪਣਾ ਗਿਆਨ ਫੜੀ ਮਨੁੱਖ ਤੇ ਰੱਬ ਦੇ ਵਿਚਾਲੇ ਖੜੇ ਹਨ, ਰੱਬ ਦੀ ਰੌਸ਼ਨੀ ਮਨੁੱਖ ਤੱਕ ਨਹੀਂ ਪਹੁੰਚ ਸਕਦੀ।"


ਦਰਵੇਸ਼ ਨੇ ਅੱਖਾਂ ਮੀਟ ਕੇ ਇਕ ਲੰਮਾ ਸਾਹ ਲਿਆ। ਫੇਰ ਅੱਖਾਂ ਉਘੇੜ ਕੇ ਔਰਤ ਵਲ ਵੇਖਦਿਆਂ ਪੁੱਛਿਆ, "ਬੀਬਾ, ਤੁਸਾਂ ਤਾਂ ਪੜ੍ਹੀ ਹੀ ਹੋਵੇਗੀ ਇਹ ਕਿਤਾਬ।"

"ਜੀ ਹਾਂ, ਮੈਂ ਤਾਂ ਕਈ ਵਾਰ ਪੜ੍ਹੀ ਏ। ਜਦੋਂ ਵੀ ਦਿਲ ਉਦਾਸ ਹੁੰਦਾ, ਪੜ੍ਹ ਕੇ ਸੋਚਦੀ ਆਂ, ਅਜਿਹੇ ਮਨੁੱਖ ਨੂੰ ਮਾਰਨ ਵਾਲਿਓ, ਤੁਸੀਂ ਕਿਹੜੇ ਰੱਬ ਨੂੰ ਖੁਸ਼ ਕੀਤਾ ਹੋਵੇਗਾ?" ਔਰਤ ਦੀ ਗੱਲ ਸੁਣ ਕੇ ਦਰਵੇਸ਼ ਜਿਵੇਂ ਹੈਰਾਨ ਹੀ ਰਹਿ ਗਿਆ।

"ਕਿਸ ਨੇ ਮਾਰ ਦਿੱਤਾ ਸੀ, ਇਹੋ-ਜਿਹੇ ਮਨੁੱਖ ਨੂੰ?" ਉਹ ਜਿਵੇਂ ਰੋਣਹਾਕਾ ਹੋ ਗਿਆ ਸੀ, "ਕੌਣ ਸਨ ਉਹ...?"

"ਬਸ ਜੀ, ਉਨ੍ਹਾਂ ਦੇ ਦਾਅਵੇ ਅਨੁਸਾਰ ਰੱਬ ਨੂੰ ਮੰਨਣ ਵਾਲੇ ਸਨ, ਉਹ।"

ਦਰਵੇਸ਼ ਦੀ ਹੈਰਾਨੀ ਜਿਵੇਂ ਅਸੀਮ ਹੋਈ ਜਾ ਰਹੀ ਸੀ, "ਰੱਬ ਨੂੰ ਮੰਨਣ ਵਾਲਿਆਂ ਹੀ



ਰੱਬ ਵਰਗੇ ਬੰਦੇ ਨੂੰ ਮਾਰ'ਤਾ?"

"ਬਸ ਸਾਈਂ, ਉਸ ਦਿਨ ਵੀ ਮੈਂ ਸਰਦਲਾਂ ਧੋ ਕੇ ਹਟੀ ਸਾਂ ਕਿ ਕੁਝ ਲਿੱਬੜੇ ਪੈਰ, ਸੁੱਚੀ ਸਰਦਲ ਨੂੰ ਲਤਾੜ ਕੇ ਅੰਦਰ ਲੰਘ ਆਏ। ਸਾਡੇ ਤਰਲੇ-ਮਿੰਨਤਾਂ ਦਾ ਉਨ੍ਹਾਂ ਲਈ ਕੋਈ ਅਰਥ ਹੀ ਨਹੀਂ ਸੀ। ਉਨ੍ਹਾਂ ਧੂਹ ਕੇ, ਉਸ ਨੂੰ ਬਾਹਰ ਕੱਢ ਲਿਆ। ਉਹਨੇ ਸਿਰਫ ਏਨਾ ਹੀ ਪੁੱਛਿਆ ਸੀ, ਮੈਨੂੰ ਮੇਰਾ ਕਸੂਰ ਤਾਂ ਦੱਸੋ?"

"ਕਸੂਰ ਪੁਛਦੈਂ...? ਤੂੰ ਆਂਹਦੇ ਰੱਬ ਨੂੰ ਨਈਂ ਮੰਨਦਾ?"

"ਜ਼ਰੂਰੀ ਤਾਂ ਨਹੀਂ ਕਿ ਮੈਂ ਧੁਆਡੇ ਵਾਂਗ ਹੀ ਰੱਬ ਨੂੰ ਮੰਨਾਂ।" ਉਨ੍ਹਾਂ ਬਗੈਰ ਕਿਸੇ ਡਰ-ਭੈਅ ਦੇ ਬੜੀ ਹੀ ਦ੍ਰਿੜਤਾ ਨਾਲ ਕਿਹਾ ਸੀ।

"ਸਵਾਲ-ਜਵਾਬ ਕਰਦੈਂ?...ਇਹ ਕਾਫਰ ਹੋਣ ਦਾ ਸਭ ਤੋਂ ਵੱਡਾ ਸਬੂਤ ਐ।"...ਤੇ ਅਗਲੇ ਹੀ ਪਲ ਇਕ ਨੇ ਆਪਣੀ ਬੰਦੂਕ ਦੀ ਗੋਲੀ, ਉਹਦੇ ਸੀਨੇ 'ਚ ਦਾਗ ਦਿੱਤੀ। 'ਹੇ ਖੁਦ...ਆ।' ਕਹਿੰਦਾ ਉਹ ਵਿਹੜੇ ਵਿਚ ਡਿੱਗ ਪਿਆ ਤੇ ਉਹਦੇ ਲਹੂ ਦੀਆਂ ਕੁਝ ਛਿੱਟਾਂ ਧੋਤੀ ਸਰਦਲ ਉਤੇ ਵੀ ਆ ਡਿੱਗੀਆਂ ਸਾਈਂ। ਔਰਤ ਜਿਵੇਂ ਨਵੇਂ ਸਿਰਿਓਂ ਰੋਣਹਾਕੀ ਹੋ ਗਈ ਸੀ।

ਔਰਤ ਦੀ ਗਾਥਾ ਸੁਣ ਦਰਵੇਸ਼ ਦੀਆਂ ਅੱਖਾਂ ਵਿਚੋਂ ਵੀ ਹੰਝੂ ਵਹਿ ਤੁਰੇ।

"ਮੈਂ ਹੋਰ ਕਿਸੇ ਰੱਬ ਨੂੰ ਕੀ ਕਰਨਾ ਸੀ ਜੀ...ਮੇਰੇ ਲਈ ਤਾਂ ਉਹੀ ਰੱਬ ਸੀ।" ਔਰਤ ਰੋਣ ਵਰਗੀ ਆਵਾਜ਼ 'ਚ ਕਹਿ ਰਹੀ ਸੀ। ਦਰਵੇਸ਼ ਆਪਣਾ ਸਿਰ ਸੱਜੇ-ਖੱਬੇ ਇੰਜ ਮਾਰ ਰਿਹਾ ਸੀ, ਜਿਵੇਂ ਬੜਾ ਕੁਝ ਅਸਹਿ ਵਾਪਰ ਗਿਆ ਹੋਵੇ।

"ਸਾਈਂ, ਸਕੂਲ ਵਿਚ ਪੜ੍ਹਾਉਂਦੇ ਸਨ। ਹਮੇਸ਼ਾ ਸਕੂਲ ਦੇ ਦਰ 'ਤੇ ਸੱਜਦਾ ਕਰਕੇ ਅੰਦਰ ਦਾਖਲ ਹੁੰਦੇ। ਕਹਿੰਦੇ, 'ਇਸ ਤੋਂ ਵੱਡਾ ਕੋਈ ਮੰਦਿਰ ਨਹੀਂ ਹੋ ਸਕਦਾ।' ਕਦੇ ਕਿਸੇ ਲੋੜਵੰਦ ਨੂੰ ਘਰੋਂ ਖਾਲੀ ਨਹੀਂ ਸੀ ਮੋੜਿਆ। ਆਪ ਉੜਾਂ-ਥੁੜਾਂ ਵੀ ਝੱਲ ਲੈਣੀਆਂ ਪਰ ਕਹਿਣਾ, 'ਆਉਣ ਵਾਲੇ ਦੀ ਲੋੜ ਸ਼ਾਇਦ ਮੇਰੇ ਤੋਂ ਵੀ ਵੱਡੀ ਹੋਵੇ।' ਕਈ ਵਾਰ ਸੋਚਦੀ ਆਂ, ਰੱਬ ਨੂੰ ਮੰਨਣ ਵਾਲਾ ਹੋਰ ਕਿੱਦਾਂ ਦਾ ਹੁੰਦਾ ਹੋਵੇਗਾ?"

"ਬਸ ਬੀਬਾ ਬਸ਼...।" ਦਰਵੇਸ਼ ਹੱਥ ਦਿਲ ਵਾਲੇ ਪਾਸੇ ਛਾਤੀ ਉਤੇ ਮਲਣ ਲੱਗਾ ਜਿਵੇਂ ਬਹੁਤ ਹੀ ਪੀੜ ਮਹਿਸੂਸ ਕਰ ਰਿਹਾ ਹੋਵੇ। ਔਰਤ ਨੇ ਵੇਖਿਆ, ਦਰਵੇਸ਼ ਦੀ ਛਾਤੀ 'ਚੋਂ ਲਹੂ ਸਿੰਮ ਕੇ ਚੋਲੇ 'ਚੋਂ ਬਾਹਰ ਵੀ ਦਿਸਣ ਲੱਗ ਪਿਆ ਸੀ।

ਦਰਵੇਸ਼ ਨੇ ਪਿੱਠੂ 'ਚੋਂ ਇਕ ਡੱਬਾ ਖੋਲ੍ਹ ਕੇ, ਉਸ 'ਚੋਂ ਉਂਗਲ ਨਾਲ ਮਲ੍ਹਮ ਕੱਢੀ ਤੇ ਜ਼ਖਮ ਵਾਲੀ ਥਾਂ ਮਲਣ ਲੱਗਾ।

ਔਰਤ ਬੜੀ ਹੈਰਾਨੀ ਨਾਲ ਇਹ ਸਭ ਕੁਝ ਵੇਖ ਰਹੀ ਸੀ। ਮਲ੍ਹਮ ਮਲ ਕੇ ਉਹਨੇ ਕੁਝ ਚੈਨ ਮਹਿਸੂਸ ਕੀਤਾ ਤੇ ਔਰਤ ਨੂੰ ਕਹਿਣ ਲੱਗਾ, "ਬੀਬਾ, ਬਹੁਤ ਅਰਸਾ ਪਹਿਲਾਂ ਮੈਂ ਜਦ ਧਰਮ ਹੱਥੋਂ, ਪਹਿਲਾ ਮਨੁੱਖ ਮਰਿਆ ਵੇਖਿਆ ਸੀ ਤਾਂ ਮੇਰੇ ਇਥੇ ਦਿਲ ਵਾਲੇ ਪਾਸੇ ਬੜੀ ਜ਼ੋਰ ਦੀ ਪੀੜ ਉਠੀ ਸੀ ਤੇ ਫੇਰ ਇਥੋਂ ਆਪਣੇ-ਆਪ ਹੀ ਲਹੂ ਸਿੰਮ ਪਿਆ ਸੀ। ਉਦੋਂ ਮੈਂ ਰੱਬ ਨੂੰ ਬੜਾ ਮੰਨਦਾ ਹੁੰਦਾ ਸੀ। ਇਸ ਲਈ ਉਸ ਨਾਲ ਬੜਾ ਲੜਿਆ। ਉਹਨੂੰ ਤਾਅਨੇ-ਮਿਹਣੇ ਵੀ ਮਾਰੇ। ਮੈਂ ਤਾਂ ਇੱਥੋਂ ਤੱਕ ਕਹਿ ਦਿੱਤਾ ਕਿ ਮੈਥੋਂ ਇਹ ਜ਼ਖਮ ਵੇਖੇ ਨਹੀਂ ਜਾਂਦੇ...ਜੇ ਤੂੰ ਇਹ ਸਭ ਕੁਝ ਬੰਦ ਨਹੀਂ ਕਰ ਸਕਦਾ ਤਾਂ ਮੈਂ ਤੈਨੂੰ ਖੁਦਾ ਮੰਨਣ ਤੋਂ ਮੁਨਕਰ ਆਂ।"

"ਉਦੋਂ ਮੈਨੂੰ ਇਕ ਆਵਾਜ਼ ਸੁਣੀ ਸੀ। ਯਾਰ-ਦੋਸਤ ਕਹਿੰਦੇ ਨੇ ਕਿ ਇਹ ਮੇਰੇ ਮਨ ਦਾ ਵਹਿਮ ਏ, ਪਰ ਮੈਂ ਆਵਾਜ਼ ਆਪਣੇ ਕੰਨਾਂ ਨਾਲ ਸੁਣੀ ਸੀ, ਬੀਬਾ। ਇਸ ਆਵਾਜ਼ 'ਚ ਰੱਬ ਨੇ ਆਪਣੀ ਬੇਬਸੀ ਜਾਹਰ ਕਰਦਿਆਂ ਕਿਹਾ ਸੀ, 'ਧਰਤੀ ਦੇ ਜ਼ਖਮ ਕਦੇ ਨਹੀਂ ਮੁੱਕਣੇ। ਹਾਂ, ਜੇ ਤੂੰ ਚਾਹੇਂ ਤਾਂ ਇਨ੍ਹਾਂ ਉਤੇ ਮਲ੍ਹਮ ਲਾਉਣ ਦੀ ਜ਼ਿੰਮੇਵਾਰੀ ਲੈ ਸਕਦਾ ਏਂ।' ਉਸ ਦਿਨ ਤੋਂ ਅੱਜ ਦੇ ਦਿਨ ਤੱਕ ਇਹੀ ਕੰਮ ਕਰ ਰਿਹਾ ਹਾਂ ਪਰ ਧਰਤੀ ਦੇ ਜ਼ਖਮ ਮੁੱਕਣ ਦੀ ਥਾਂ ਵਧਦੇ ਹੀ ਜਾਂਦੇ ਨੇ।" ਦਰਵੇਸ਼ ਨੇ ਇਕ ਲੰਮਾ ਹੌਕਾ ਲਿਆ। ਤਿਰਮਚੀ ਦਾ ਪਾਣੀ ਹੁਣ ਤੱਕ ਠੰਢਾ ਹੋ ਚੁਕਾ ਸੀ।

ਦਰਵੇਸ਼ ਨੇ ਪੈਰ ਪਾਣੀ 'ਚੋਂ ਕੱਢ ਕੇ ਪਰਨੇ ਨਾਲ ਪੂੰਝੇ ਤੇ ਮੂੜ੍ਹੇ 'ਤੇ ਚੌਂਕੜੀ ਮਾਰ ਕੇ ਬੈਠ ਗਿਆ।

"ਸਫਰ ਦੇ ਬੜੇ ਝੰਬੇ ਲੱਗਦੇ ਹੋ, ਜ਼ਰੂਰ ਭੁੱਖ ਵੀ ਲੱਗੀ ਹੋਏਗੀ?" ਔਰਤ ਨੇ ਪੁੱਛਿਆ।

"ਭੁੱਖ ਨਾਲੋਂ ਥਕਾਵਟ ਵੱਧ ਹੈ, ਬੀਬਾ...ਥੋੜ੍ਹਾ ਜਿਹਾ 'ਰਾਮ ਕਰਕੇ ਕੁਝ ਖਾ-ਪੀ ਲਵਾਂਗਾ।" ਦਰਵੇਸ਼ ਨੇ ਕੰਧ ਨਾਲ ਢੋਅ ਲਾ ਕੇ ਅੱਖਾਂ ਮੀਟ ਲਈਆਂ।

"ਸਾਈਂ, ਇਥੇ ਮੰਜੇ 'ਤੇ ਆ ਜਾਉ।" ਔਰਤ ਨੇ ਬੜੇ ਆਦਰ ਨਾਲ ਆਖਿਆ।

"ਨਹੀਂ ਬੀਬਾ, ਮੰਜੇ 'ਤੇ ਤਾਂ ਮੈਂ ਕਦੇ ਸੁੱਤਾ ਈ ਨਹੀਂ। ਬਸ ਇੰਜ ਈ ਘੜੀ-ਪਲ ਲਈ ਅੱਖਾਂ ਮੀਟਾਂਗਾ ਤੇ ਸਰੀਰ ਕੁਝ ਵੱਲ ਹੋ ਜਾਏਗਾ...ਫੇਰ ਮੈਂ ਸਾਰੀ ਕਿਤਾਬ ਪੜ੍ਹਾਂਗਾ। ਉਂਜ ਤਾਂ ਟਾਵੀਆਂ-ਟਾਵੀਆਂ ਸਤਰਾਂ ਪੜ੍ਹਨ ਨਾਲ ਹੀ ਮੇਰੀ ਅੱਧੀ ਥਕਾਵਟ ਦੂਰ ਹੋ ਗਈ ਏ।" ਫੇਰ ਕੁਝ ਚਿਰ ਰੁਕ ਕੇ ਪੁੱਛਣ ਲੱਗਾ, "ਬੀਬਾ ਤੁਸਾਂ ਕੰਧ ਉਤੇ ਲਿਖੇ ਸ਼ੇਅਰ ਪਰਦੇ ਨਾਲ ਕਿਉਂ ਢਕ ਰੱਖੇ ਨੇ?...ਉਂਜ ਹੀ ਰਹਿਣ ਦਿਓ ਨਾ, ਆਉਂਦਾ-ਜਾਂਦਾ ਪੜ੍ਹਦਾ ਰਹੇ।"

ਔਰਤ ਨੇ ਹੌਕਾ ਲੈਂਦਿਆਂ ਕਿਹਾ, "ਬਸ ਸਾਈਂ, ਸੋਚਦੀ ਆਂ, ਇਹ ਅੱਖਰ ਕਿਤੇ ਮਿਟ ਨਾ ਜਾਣ। ਅਸਲ 'ਚ ਉਹਦਾ ਜੋ ਵੀ ਮੇਰੇ ਕੋਲ ਹੈ, ਮੈਂ ਗੁਆਉਣਾ ਨਹੀਂ ਚਾਹੁੰਦੀ।"

ਔਰਤ ਨੇ ਵੇਖਿਆ ਕਿ ਗੱਲਾਂ ਕਰਦਾ-ਕਰਦਾ ਦਰਵੇਸ਼ ਇਕ-ਦੋ ਵਾਰ ਉਂਘਲਾਇਆ ਤੇ ਫੇਰ ਕੰਧ ਨਾਲ ਢੋਅ ਲਾ ਕੇ ਸੌਂ ਗਿਆ। ਔਰਤ ਲਾਗੇ ਬੈਠੀ ਆਪਣੇ ਨਿੱਕੇ-ਨਿੱਕੇ ਕੰਮ ਕਰਦੀ ਰਹੀ। ਉਹਨੇ ਪਹਿਲਾਂ ਨਹੀਂ ਸੀ ਚਾਹਿਆ ਕਿ ਉਹ ਆਪਣੇ ਬੱਚੇ ਦੀ ਪੜ੍ਹਾਈ ਵਿਚ ਵਿਘਨ ਬਣੇ, ਪਰ ਹੁਣ ਸੋਚਿਆ ਕਿ ਉਹ ਆਪਣੇ ਜਵਾਨ ਪੁੱਤ ਨੂੰ ਇਸ ਦਰਵੇਸ਼ ਨਾਲ ਜ਼ਰੂਰ ਮਿਲਾਏ। ਰੱਬ ਦੇ ਘਰ ਦੇ ਰੌਲੇ-ਰੱਪੇ ਤੋਂ ਡਰਦਿਆਂ ਸਭ ਬੂਹੇ-ਬਾਰੀਆਂ ਬੰਦ ਕਰਕੇ ਪੜ੍ਹ ਰਹੇ ਆਪਣੇ ਪੁੱਤ ਨੂੰ ਉਸ ਨੇ ਆਖਿਆ, "ਬੇਟੇ, ਇਸ ਧਰਤੀ 'ਤੇ ਧਰਮ ਅਜੇ ਵੀ ਜ਼ਿੰਦਾ ਏ...। ਆਪਣੇ ਘਰ ਇਕ ਦਰਵੇਸ਼ ਆਇਐ, ਆ ਉਸ ਨੂੰ ਮਿਲ। ਤੂੰ ਮਹਿਸੂਸ ਕਰੇਂਗਾ ਕਿ ਬਹੁਤ ਕੁਝ ਮਰ ਕੇ, ਬੜਾ ਕੁਝ ਫੇਰ ਵੀ ਜ਼ਿੰਦਾ ਰਹਿੰਦਾ ਏ।"

ਉਹ ਆਪਣੇ ਪੁੱਤ ਨੂੰ ਦਰਵੇਸ਼ ਵਾਲੇ ਕਮਰੇ 'ਚ ਲੈ ਕੇ ਆਈ ਤਾਂ ਉਸ ਨੇ ਵੇਖਿਆ ਕਿ ਦਰਵੇਸ਼ ਬੈਠਾ ਕਿਤਾਬ ਪੜ੍ਹ ਰਿਹਾ ਸੀ। ਉਹਦਾ ਚਿਹਰਾ ਸੱਜਰਾ-ਸੱਜਰਾ ਸੀ ਜਿਵੇਂ ਅੱਖ-ਝਮੱਕੇ ਵਿਚ ਹੀ ਉਸ ਨੇ ਆਪਣੀ ਪੂਰੀ ਨੀਂਦ ਲਾਹ ਲਈ ਹੋਵੇ।

ਦਰਵੇਸ਼ ਨੇ ਅੱਖਾਂ ਪੁੱਟ ਕੇ ਉਨ੍ਹਾਂ ਵਲ ਵੇਖਿਆ। ਔਰਤ ਨੇ ਦੱਸਿਆ, "ਸਾਈਂ, ਇਹ ਮੇਰਾ ਬੇਟਾ ਏ, ਇਹਨੂੰ ਦਿਲਾਸਾ ਦਿਓ! ਮੈਂ ਤਾਂ ਸਭ ਕਾਸੇ ਨੂੰ ਭਾਣਾ ਮੰਨ ਕੇ ਜਰ ਲਿਆ, ਪਰ ਇਹ ਪਿਉ ਦੀ ਮੌਤ ਪਿਛੋਂ ਜਿਵੇਂ ਸਭ ਕਾਸੇ ਤੋਂ ਹੀ ਬਾਗੀ ਹੋ ਗਿਐ। ਕਹਿੰਦਾ, ਕੋਈ ਰੱਬ ਵਰਗੀ ਚੀਜ਼ ਹੈ ਈ ਨਹੀਂ। ਮੇਰਾ ਪਿਉ ਰੱਬ ਸੀ, ਉਦ੍ਹੇ ਮਰਨ ਨਾਲ ਸਮਝੋ ਰੱਬ ਵੀ ਮਰ ਗਿਆ ਏ।"

ਔਰਤ ਦੀਆਂ ਗੱਲਾਂ ਸੁਣ ਕੇ ਦਰਵੇਸ਼ ਦੀਆਂ ਅੱਖਾਂ ਵਿਚ ਹੰਝੂਆਂ ਦਾ ਜਿਵੇਂ ਹੜ੍ਹ ਆ ਗਿਆ ਹੋਵੇ। ਇਕ ਚੀਕ ਉਹਦੇ ਗਲੇ ਵਿਚੋਂ ਉਚੀ ਸਾਰੀ ਉਠੀ। ਵੇਖਦਿਆਂ ਹੀ ਵੇਖਦਿਆਂ ਦਰਵੇਸ਼ ਨੇ ਆਪਣੀ ਛਾਤੀ ਨੂੰ ਦੋਹਾਂ ਹੱਥਾਂ ਨਾਲ ਘੁੱਟ ਕੇ ਫੜ ਲਿਆ ਤੇ ਤੜਫਣ ਲੱਗਾ। ਔਰਤ ਨੂੰ ਲੱਗਾ ਕਿ ਉਹਦੀ ਛਾਤੀ ਵਿਚ ਪਹਿਲਾਂ ਵਾਂਗ ਜ਼ਰੂਰ ਜ਼ਬਰਦਸਤ ਪੀੜ ਉਠੀ ਹੋਵੇਗੀ।

ਔਰਤ ਨੇ ਵੇਖਿਆ ਉਹਦੇ ਚੋਲੇ 'ਚੋਂ ਸਿੰਮਦੇ ਲਹੂ ਨਾਲ ਉਹਦੀਆਂ ਉਂਗਲਾਂ ਵੀ ਰੰਗੀਆਂ ਗਈਆਂ ਸਨ। ਔਰਤ ਨੇ ਕਾਹਲੀ ਨਾਲ ਪਿੱਠੂ 'ਚ ਪਏ ਮਲ੍ਹਮ ਵਾਲੇ ਡੱਬੇ ਨੂੰ ਬਾਹਰ ਕੱਢ ਕੇ, ਉਸ 'ਚੋਂ ਮਲ੍ਹਮ ਲੱਭਣੀ ਚਾਹੀ, ਪਰ ਉਸ ਨੇ ਵੇਖਿਆ ਮਲ੍ਹਮ ਵਾਲਾ ਡੱਬਾ ਬਿਲਕੁਲ ਖਾਲੀ ਹੋ ਚੁਕਾ ਸੀ। ਫੇਰ ਵੀ ਔਰਤ ਨੇ ਪੂੰਝ-ਪਾਂਝ ਕੇ ਥੋੜ੍ਹੀ-ਬਹੁਤ ਮਲ੍ਹਮ ਆਪਣੀ ਉਂਗਲ ਨੂੰ ਲਾਈ ਤੇ ਦਰਵੇਸ਼ ਦੀ ਛਾਤੀ ਉਤੇ ਮਲਣ ਲੱਗੀ, ਪਰ ਉਸ ਨੇ ਮਹਿਸੂਸ ਕੀਤਾ ਕਿ ਜਿਉਂਦੇ ਜੀ, ਧਰਤੀ ਦੀ ਹਰ ਪੀੜ ਨੂੰ ਮਲ੍ਹਮ ਲਾਉਣ ਵਾਲਾ ਲਰਜ਼ਦਾ ਤੇ ਧੜਕਦਾ ਦਿਲ ਮਰ ਕੇ ਜਿਵੇਂ ਸੱਚਮੁੱਚ ਹੀ ਪੱਥਰ ਹੋ ਗਿਆ ਸੀ।

ਉਹਦੀਆਂ ਅੱਖਾਂ 'ਚੋਂ ਅੱਥਰੂ ਵਹਿ ਤੁਰੇ ਤੇ ਇਹ ਅੱਥਰੂ ਹੋਰ ਵੀ ਸਮੁੰਦਰ ਬਣ ਗਏ, ਜਦੋਂ ਉਸ ਨੇ ਵੇਖਿਆ ਕਿ ਉਹਦੇ ਬੇਟੇ ਨੇ ਆਪਣੇ ਪਿਤਾ ਦੇ ਮਰਨ ਪਿਛੋਂ ਪਹਿਲੀ ਵਾਰ ਕਿਸੇ ਹੋਰ ਦੇ ਪੈਰਾਂ ਨੂੰ ਛੂਹਿਆ ਸੀ।

# ਜਾਤੀਵਾਦ ਦਾ ਡੰਗ

## ਵਿਤਕਰੇ ਦੀ ਸਦੀਆਂ ਲੰਮੀ ਕਹਾਣੀ

*ਛੂਤ-ਛਾਤ ਨੇ ਸਦੀਆਂ ਤੋਂ ਭਾਰਤ ਦੇ ਇਕ ਵੱਡੇ ਹਿੱਸੇ ਨੂੰ ਸਮਾਜ ਨਾਲੋਂ ਅਲਹਿਦਾ ਕੀਤਾ ਹੋਇਆ ਹੈ। ਇਹ ਕਹਾਣੀ ਅਜੇ ਵੀ ਮੁੱਕੀ ਨਹੀਂ ਹੈ। ਅੱਜ ਵੀ ਬਹੁਤ ਥਾਂਈਂ ਜਾਤਪਾਤ ਅਤੇ ਗਰੀਬੀ ਇਕੋ ਸਿੱਕੇ ਦੇ ਦੋ ਪਹਿਲੂ ਜਾਪਦੇ ਹਨ। ਭਾਰਤ ਦੀ ਸੰਵਿਧਾਨ ਘੜਨੀ ਸਭਾ ਦੇ ਮੁਖੀ ਬਾਬਾ ਸਾਹਿਬ ਡਾ. ਭੀਮਰਾਓ ਅੰਬੇਦਕਰ ਨੇ ਦੇਸ਼ ਵਿਚ ਦਲਿਤਾਂ ਦੇ ਸ਼ੋਸ਼ਣ ਖਿਲਾਫ ਮੁਹਿੰਮ ਚਲਾਈ ਸੀ, ਇਸ ਦੇ ਬਾਵਜੂਦ ਜਾਤ ਆਧਾਰਤ ਨਾਬਰਾਬਰੀ ਖਤਮ ਨਹੀਂ ਹੋ ਸਕੀ। ਇਸ ਬਾਰੇ ਖੁਲਾਸਾ ਮੋਨਿਕਾ ਕੁਮਾਰ ਨੇ ਆਪਣੇ ਇਸ ਲੇਖ ਵਿਚ ਕੀਤਾ ਹੈ। -ਸੰਪਾਦਕ*

ਇਹ ਗੱਲ ਆਮ ਕਹੀ ਜਾਂਦੀ ਹੈ ਕਿ ਸਿਰਫ ਸਕੂਲ, ਕਾਲਜ, ਯੂਨੀਵਰਸਿਟੀ 'ਚ ਪੜ੍ਹ ਕੇ ਨਹੀਂ ਅਕਲ ਆ ਜਾਂਦੀ; ਜ਼ਿੰਦਗੀ ਦੇ ਸਕੂਲ 'ਚ ਪੜ੍ਹਿਆਂ ਪਤਾ ਲੱਗਦਾ, ਕੀ ਭਾਅ ਵਿਕਦੀ ਹੈ, ਪਰ ਇਸ ਦੇਸ਼ ਦੀ ਲੋਕ ਬਾਣੀ ਵਿਚ ਇਕ ਗੱਲ ਹੋਰ ਜੋੜਨੀ ਚਾਹੀਦੀ ਹੈ ਕਿ ਇਥੇ ਜ਼ਿੰਦਗੀ ਦੇ ਸਕੂਲ ਯਾਨਿ ਸਮਾਜ ਵਿਚ ਅਜਿਹਾ ਪ੍ਰਬੰਧ ਕੀਤਾ ਹੋਇਆ ਹੈ ਕਿ ਸਾਰਾ ਦਿਨ ਕੇਵਲ ਆਪਣਾ ਸੁਆਰਥ ਸਾਧ ਕੇ ਵੀ 'ਸਰਬਤ ਦਾ ਭਲਾ' ਤੇ 'ਸਰਵੇ ਭਵੰਤੂ ਸੁਖੀਨਾ' ਦੀ ਅਰਦਾਸ ਕੀਤੀ ਜਾ ਸਕਦੀ ਹੈ; ਕੋਟ ਬ੍ਰਹਿਮੰਡਾਂ ਤੇ ਪੁਲਾੜ ਤਕ ਦੀ ਸ਼ਾਂਤੀ ਲਈ ਹੱਥ ਜੋੜਦਿਆਂ ਬੜੇ ਆਰਾਮ ਨਾਲ ਜਾਤ ਦੇ ਆਧਾਰ 'ਤੇ ਆਪਣੇ ਵਰਗੇ ਦੂਜੇ ਮਨੁੱਖਾਂ ਦਾ ਸ਼ੋਸ਼ਣ ਕਰਕੇ ਚੰਗੇ ਮਨੁੱਖ ਹੋਣ ਦਾ ਭਰਮ ਵੀ ਪਾਲਿਆ ਜਾ ਸਕਦਾ ਹੈ। ਇਹ ਸਭ ਇਕੋ ਵੇਲੇ ਕਰਨ ਦੀ ਸਹਿਜ ਵਿਧੀ, ਜੋ ਭਾਰਤੀ ਸਮਾਜ ਦੇ ਉਚ ਜਾਤੀਆਂ ਦੇ ਲੋਕਾਂ ਨੇ ਆਪਣੇ ਧਰਮ ਗ੍ਰੰਥਾਂ ਤੇ ਧਰਮ ਗੁਰੂਆਂ ਦੀ ਵਿਆਖਿਆ ਦੇ ਹਵਾਲੇ ਤੋਂ ਜਾਂ ਆਪਣੇ ਜੀਵਨ ਅਨੁਭਵ ਨਾਲ ਵਿਕਸਿਤ ਕੀਤੀ ਹੈ, ਸਭਿਅਤਾ ਦੇ ਵਿਕਾਸ ਵਿਚ ਇਹੀ ਉਨ੍ਹਾਂ ਦੀ ਸਭ ਤੋਂ ਚਤੁਰ ਪ੍ਰਾਪਤੀ ਹੈ।

ਮੈਨੂੰ ਲੱਗਦਾ ਹੈ, ਗੱਲ ਸਿਰਫ ਧਰਮ ਗ੍ਰੰਥਾਂ ਦੇ ਹਵਾਲੇ ਦੀ ਨਹੀਂ, ਕਿਉਂਕਿ ਪਿਛਲੇ ਸਾਲਾਂ

**ਮੋਨਿਕਾ ਕੁਮਾਰ**
ਫੋਨ: +91-94175-32822

ਵਿਚ ਲੋਕਾਂ ਨੇ ਆਧੁਨਿਕ ਚਿੰਤਨ ਦੇ ਪ੍ਰਭਾਵ ਹੇਠ ਧਰਮ ਪਾਲਣਾ ਦੀਆਂ ਔਖੀਆਂ ਗੱਲਾਂ, ਜਿਵੇਂ ਸਰੀਰ ਤੇ ਮਨ ਦੀ ਤੰਦਰੁਸਤੀ ਲਈ ਕਠੋਰ ਵਰਤ ਰੱਖਣਾ, ਦਸਵੰਧ ਕੱਢਣਾ, ਸੁਵਖਤੇ ਉਠਣਾ, ਸਦਾਚਾਰੀ ਹੋਣਾ ਆਦਿ ਆਦਤਾਂ ਛੱਡੀਆਂ ਵੀ ਨੇ; ਪਰ ਜੇ ਸਾਰੇ ਮਨੁੱਖਾਂ ਨੂੰ ਬਰਾਬਰ ਸਮਝਣ ਲੱਗ ਜਾਓ ਤਾਂ ਤਰਥੱਲੀ ਮਚ ਜਾਵੇਗੀ, ਕਿਉਂਕਿ ਫੇਰ ਚਾਰ-ਪੰਜ ਸੌ ਰੁਪਏ ਦੀ ਦਿਹਾੜੀ 'ਤੇ ਕਿਸੇ ਮਜ਼ਦੂਰ ਕੋਲੋਂ ਸਾਰਾ ਦਿਨ ਏਨਾ ਭਾਰਾ ਕੰਮ ਕਰਾਉਣ ਔਖਾ ਹੋ ਜਾਏਗਾ; ਹਜ਼ਾਰ-ਪੰਦਰਾਂ ਸੌ ਰੁਪਏ ਮਹੀਨੇ 'ਤੇ ਦਸ ਮਰਲੇ ਦੀ ਕੋਠੀ 'ਚ ਝਾੜੂ ਪੋਚਾ ਕਰਾਉਣਾ ਚੰਗਾ ਨਹੀਂ ਲੱਗੇਗਾ; ਬਿਨਾ ਗੱਲੋਂ ਤੁਰੇ ਜਾਂਦੇ ਕਿਸੇ ਪਰਵਾਸੀ ਦਲਿਤ ਰਿਕਸ਼ੇ ਵਾਲੇ ਨੂੰ ਦੇਖ ਕੇ ਕੋਈ ਕਿਵੇਂ ਕਹੇਗਾ ਕਿ ਇਨ੍ਹਾਂ ਨੇ ਗੰਦ ਪਾ ਛੱਡਿਆ ਸਾਰੇ ਸ਼ਹਿਰ ਵਿਚ ਤੇ ਕਿਸੇ ਦਲਿਤ ਔਰਤ ਨੂੰ ਅਸ਼ਲੀਲ ਇਸ਼ਾਰੇ ਕੋਈ ਕਿਵੇਂ ਕਰ ਸਕੇਗਾ ਤੇ ਜਿਹੜਾ ਹਰ ਬਾਰਾਂ ਮਿੰਟ ਵਿਚ ਇਸ ਦੇਸ਼ 'ਚ ਦਲਿਤ ਔਰਤ ਨਾਲ ਬਲਾਤਕਾਰ ਹੁੰਦਾ ਹੈ, ਉਹ ਰੁਕ ਜਾਏਗਾ।

ਇਹ ਗੱਲ ਕਹਿਣ ਦੀ ਲੋੜ ਨਹੀਂ ਕਿ ਅੱਜ ਵੀ ਇਸ ਦੇਸ਼ ਵਿਚ ਘਰਾਂ, ਸੜਕਾਂ ਤੋਂ ਲੈ ਕੇ ਗਟਰ ਸਾਫ ਕਰਨ ਦੀ ਜਾਂ ਘੱਟ ਪੈਸਿਆਂ 'ਤੇ ਔਖੇ ਸਰੀਰਕ ਕੰਮ ਕਰਨ ਦੀ ਜ਼ਿੰਮੇਵਾਰੀ ਕਿਸ ਵਰਗ ਦੇ ਲੋਕਾਂ ਦੀ ਹੈ? ਪਰ ਅਫਵਾਹ ਜ਼ਰੂਰ ਫੈਲੀ ਹੋਈ ਹੈ ਕਿ ਜਾਤਪਾਤ ਹੁਣ ਕਿਥੇ ਰਹੀ! ਅਸਲੀਅਤ ਇਹ ਹੈ ਕਿ ਜਾਤ ਤੇ ਗਰੀਬੀ ਦਾ ਰਿਸ਼ਤਾ ਅੱਜ ਵੀ ਟੁੱਟਿਆ ਨਹੀਂ ਹੈ। ਆਜ਼ਾਦੀ ਪਿਛੋਂ ਜਿਸ ਤਰ੍ਹਾਂ ਦਾ ਸ਼ਹਿਰੀਕਰਨ ਹੋਇਆ ਹੈ, ਬੇਸ਼ਕ ਸ਼ਹਿਰਾਂ ਵਿਚ ਦਲਿਤਾਂ ਦੇ ਵੱਖਰੇ ਮੁਹੱਲੇ ਉਸ ਤਰ੍ਹਾਂ ਨਹੀਂ ਦਿਸਦੇ, ਜਦੋਂਕਿ ਪਿੰਡਾਂ ਵਿਚ ਤਾਂ ਅਜੇ ਵੀ ਉਸੇ ਤਰ੍ਹਾਂ ਦੀ ਵਿਵਸਥਾ ਅੱਜ ਵੀ ਮੌਜੂਦ ਹੈ। ਸ਼ਹਿਰਾਂ ਦੀਆਂ ਜਰਜਰ ਬਸਤੀਆਂ ਵਿਚ ਕੌਣ ਲੋਕ ਰਹਿੰਦੇ ਨੇ, ਇਸ ਗੱਲ ਦੀ ਤਫਤੀਸ਼ ਇਹ ਭਰਮ ਦੂਰ ਕਰ ਦਏਗੀ ਕਿ ਜਾਤਪਾਤ ਹੁਣ ਰਹੀ ਕਿਥੇ ਹੈ!

ਭਾਰਤੀ ਸਮਾਜ ਵਿਚ ਇਹ ਸ਼ੁਗਲ ਆਮ ਚੱਲਦਾ ਏ ਕਿ ਦੇਖੋ ਨੀਵੀਂ ਜਾਤ ਦੇ ਲੋਕ ਜੋ ਮਰਜ਼ੀ ਕੰਮ ਕਰ ਰਹੇ ਨੇ, ਜਿਧਰ ਮਰਜ਼ੀ ਜਾ ਆ ਰਹੇ, ਜ਼ਮੀਨਾਂ ਖਰੀਦ ਰਹੇ, ਹੁਣ ਕੋਈ ਘਰਾਂ 'ਚ ਇਨ੍ਹਾਂ ਦੇ ਭਾਂਡੇ ਨਹੀਂ ਛੇਕ ਰਿਹਾ। ਹੋਰ ਕੀ ਚਾਹੀਦਾ ਇਨ੍ਹਾਂ ਨੂੰ? ਥੋੜ੍ਹੇ ਦਿਨ ਪਹਿਲਾਂ ਹੀ ਮਹੀਨੇ ਦੇ ਲੱਖ ਰੁਪਏ ਕਮਾਉਣ ਵਾਲੀ ਆਪਣੀ ਕੁਲੀਗ ਨੂੰ ਮਜ਼ਦੂਰ ਦੀ ਪੰਜ ਸੌ ਰੁਪਏ ਦਿਹਾੜੀ 'ਤੇ ਹੈਰਾਨ ਹੁੰਦਿਆਂ ਵੇਖਿਆ। ਮੋਚੀ ਵੀ ਹੁਣ ਦਸ ਰੁਪਏ ਤੋਂ ਘੱਟ ਨਹੀਂ ਲੈਂਦਾ, ਇਸ ਗੱਲ 'ਤੇ ਲੋਕਾਂ ਦੀ ਹੈਰਾਨੀ ਦੇਖੀ। ਕਾਲਜ, ਯੂਨੀਵਰਸਿਟੀ ਵਿਚ ਰਿਜ਼ਰਵ ਕੋਟੇ 'ਚ ਭਰਤੀ ਹੋਏ ਪ੍ਰੋਫੈਸਰਾਂ ਪ੍ਰਤੀ ਉਚੀ ਜਾਤ ਦੇ ਕਰਮਚਾਰੀਆਂ ਦਾ ਮਿੰਨਾ-ਮਿੰਨਾ ਰੋਸ ਦੇਖਿਆ। ਆਪਣੇ ਇਕ ਜਾਣਕਾਰ ਨੂੰ ਕਥਿਤ ਅਛੂਤ ਅਫਸਰ ਦੀ ਹਜ਼ੂਰੀ ਕਰਦਿਆਂ ਬੜਾ ਔਖਾ ਹੁੰਦਾ ਵੇਖਿਆ। ਗਿਲਾ ਇਹ ਸੀ ਕਿ ਅਛੂਤ ਵੀ ਏ ਤੇ ਉਤੋਂ ਰੋਹਬ ਵੀ ਪਾਉਂਦਾ ਏ; ਕਿਉਂਕਿ ਅਫਸਰ ਬਣਨ ਤੇ ਰੋਹਬ ਪਾਉਣ ਦਾ ਅਧਿਕਾਰ ਉਚ ਜਾਤ ਦੇ ਲੋਕਾਂ ਦਾ ਰਾਖਵਾਂ ਹੈ ਤੇ ਭ੍ਰਿਸ਼ਟ ਤਾਂ ਉਹਨੂੰ ਬਿਲਕੁਲ ਹੀ ਨਹੀਂ ਹੋਣਾ ਚਾਹੀਦਾ ਕਿਉਂਕਿ ਅਛੂਤ ਅਫਸਰ ਦਾ ਭ੍ਰਿਸ਼ਟ ਹੋਣਾ ਬਹੁਤ ਵੱਡਾ ਨੈਤਿਕ ਘਾਣ ਹੈ। ਪਰ ਉਚ ਜਾਤ ਦਾ ਅਫਸਰ ਬੜੇ ਮਾਣ ਨਾਲ ਭ੍ਰਿਸ਼ਟ ਹੋ ਸਕਦਾ ਏ।

ਮੈਂ ਯੂਨੀਵਰਸਿਟੀ ਪੜ੍ਹਨ ਗਈ ਤਾਂ ਦੇਖ ਕੇ ਹੈਰਾਨ ਹੋ ਗਈ ਕਿ ਮੇਰੀ ਸਹੇਲੀ ਦੀ ਮੰਮੀ ਆਨੇ-ਬਹਾਨੇ ਦਾਖਲਾ ਕਰਾਉਂਦੀਆਂ ਹੋਰਨਾਂ ਕੁੜੀਆਂ ਦੀ ਜਾਤ ਵੀ ਪੁੱਛ ਰਹੀ ਸੀ ਤੇ ਜਾਤ ਦੇ



ਗੁਣਾਂ ਦੇ ਆਧਾਰ 'ਤੇ ਆਪਣੀ ਬੇਟੀ ਨੂੰ ਸਿਖਾ ਰਹੀ ਸੀ ਕਿ ਉਹਨੂੰ ਕਿਨ੍ਹਾਂ ਕੁੜੀਆਂ ਤੋਂ ਬਚ ਕੇ ਰਹਿਣਾ ਚਾਹੀਦਾ ਹੈ। ਉਨ੍ਹਾਂ ਮੁਤਾਬਕ ਕੇਵਲ ਜੱਟ ਸਿੱਖ ਸਭ ਤੋਂ ਲਾਇਕ ਤੇ ਬਹਾਦਰ 'ਕੌਮ' ਏ। ਹਿੰਦੂਆਂ ਵਿਚ ਉਨ੍ਹਾਂ ਨੂੰ ਬ੍ਰਾਹਮਣਾਂ ਨਾਲ ਉਠਣਾ-ਬੈਠਣਾ ਵੱਧ ਪਸੰਦ ਸੀ। ਪੜ੍ਹੇ-ਲਿਖੇ ਲੋਕ ਕਿਵੇਂ ਵਿਦਿਅਕ ਅਦਾਰਿਆਂ ਤੇ ਹੋਸਟਲਾਂ ਵਿਚ ਜਾਤਪਾਤ ਕਾਇਮ ਰੱਖਦੇ ਨੇ, ਇਹ ਅਨੁਭਵ ਇਹਦੀ ਮਿਸਾਲ ਰਿਹਾ। ਮੇਰੇ ਆਪਣੇ ਪਿਤਾ, ਜਿਨ੍ਹਾਂ ਮੇਰੀ ਸਿੱਖਿਆ ਤੇ ਤਰੱਕੀ ਲਈ ਆਮ ਪਿਤਾ ਤੋਂ ਵਧ ਕੇ ਮੇਰਾ ਸਾਥ ਦਿੱਤਾ, ਇਕ ਦਿਨ ਮੈਨੂੰ ਗੱਲਾਂ-ਗੱਲਾਂ 'ਚ ਪਤਾ ਲੱਗਾ ਕਿ ਉਹ ਵੀ ਦਲਿਤਾਂ ਨੂੰ ਸੰਵਿਧਾਨ ਦੀਆਂ ਮਿਲਦੀਆਂ ਸਹੂਲਤਾਂ ਨੂੰ ਦੇਖ ਕੇ ਉਚ ਵਰਗ ਦੇ ਨੌਜਵਾਨਾਂ ਦੇ ਭਵਿਖ ਲਈ ਸ਼ੱਕ ਕਰ ਰਹੇ ਨੇ। ਉਸ ਦਿਨ ਮੈਨੂੰ ਇਹ ਪਤਾ ਲੱਗਾ ਕਿ ਸਾਡੇ ਸਭ ਦੇ ਅੰਦਰ ਜਾਤੀਵਾਦ ਲੁਕਿਆ ਬੈਠਾ ਏ। ਇਹਨੂੰ ਫੋਲ ਕੇ ਦੇਖੋ ਤਾਂ ਆਪਣੀ ਸੱਚਾਈ ਪਤਾ ਲੱਗਦੀ ਹੈ। ਦਲਿਤਾਂ ਪ੍ਰਤੀ ਇਸ ਦੇਸ਼ ਵਿਚ ਅਪਰਾਧ ਦੇ ਅੰਕੜਿਆਂ ਦੀ ਤਾਂ ਅਜੇ ਮੈਂ ਗੱਲ ਹੀ ਨਹੀਂ ਕੀਤੀ, ਇਹ ਸਭ ਬਿਲਕੁਲ ਆਮ ਦਿਨ ਦੀਆਂ ਆਮ ਮਿਸਾਲਾਂ ਨੇ।

ਭਾਰਤ ਦੀ ਜਾਤ ਵਿਵਸਥਾ ਬਾਰੇ ਮੈਨੂੰ ਬਚਪਨ 'ਚ ਖਾਸ ਜਾਣਕਾਰੀ ਨਹੀਂ ਮਿਲੀ। ਬਸ ਇਹ ਪ੍ਰਭਾਵ ਮਿਲਿਆ ਕਿ ਨੀਵੀਂ ਜਾਤ ਦੇ ਲੋਕ ਨੀਵੇਂ ਕੰਮ ਕਰਦੇ ਨੇ ਤੇ ਇਹੀ ਉਨ੍ਹਾਂ ਦੇ ਭਾਗ ਨੇ। ਇਕ ਜਮਾਦਾਰਨੀ ਯਾਦ ਹੈ, ਜੋ ਸਾਡੇ ਘਰਾਂ ਦਾ ਮੈਲਾ ਢੋਂਦੀ ਟੁਰੀ ਜਾਂਦੀ ਵੀ ਸਾਨੂੰ ਬੁਕ-ਬੁਕ ਅਸੀਸਾਂ ਦਿੰਦੀ ਸੀ। ਉਹ ਸਾਡਾ ਮੈਲਾ ਢੋਣ ਕਰਕੇ ਅਪਵਿੱਤਰ ਸੀ, ਜੋ ਘਰ ਦੀ ਡਿਓਢੀ 'ਚ ਬਹਿ ਕੇ ਛੇਕ ਕੇ ਰੱਖੇ ਗਲਾਸ ਵਿਚ ਚਾਹ ਪੀਂਦੀ ਸੀ ਤੇ ਅਸੀਂ ਆਪਣਾ ਮੈਲਾ ਬਹੁਤ ਘੱਟ ਪੈਸਿਆਂ 'ਤੇ ਉਸ ਤੋਂ ਚੁਕਾ ਕੇ ਵੀ ਪਵਿੱਤਰ ਤੇ ਇੱਜ਼ਤਦਾਰ ਸਾਂ। ਇਹ ਸਵਾਲ ਤਾਂ ਕੁਝ ਚਿਰ ਪਹਿਲਾਂ ਹੀ ਅਹੁੜਿਆ ਹੈ ਕਿ ਉਹੀ ਕਿਉਂ ਸਾਨੂੰ ਅਸੀਸ ਦਿੰਦੀ ਸੀ, ਜਦੋਂਕਿ ਸਭ ਮਨੁੱਖਾਂ ਦੀ ਤਰ੍ਹਾਂ ਜੀਵਨ ਦੇ ਸੁਖ-ਦੁਖ ਹੰਢਾਉਂਦੀ ਉਸ ਬਾਲ ਬੱਚੇਦਾਰ ਔਰਤ ਨੂੰ ਤਾਂ ਪਰਤ ਕੇ ਕਿਸੇ ਦੂਜੀ ਔਰਤ ਵੀ ਅਸੀਸ ਨਹੀਂ ਦਿੱਤੀ।

ਮੈਂ ਨੌਵੀਂ ਜਮਾਤ ਵਿਚ ਚੜ੍ਹਨਾ ਸੀ ਤਾਂ ਮੇਰੇ ਪਿਤਾ ਜੀ ਨੇ ਮੈਨੂੰ ਨਕੋਦਰ ਦੇ ਸਰਕਾਰੀ ਕੰਨਿਆ ਹਾਈ ਸਕੂਲ ਵਿਚ ਦਾਖਲ ਕਰਾ ਛੱਡਿਆ। ਉਥੇ ਦੀ ਮੈਡਮ ਨੇ ਆਪਣੀ ਮਦਦ ਵਾਸਤੇ ਕਲਾਸ ਦੇ ਹਾਜ਼ਰੀ ਰਜਿਸਟਰ ਦੇ ਕੰਮ ਵਿਚ ਮੈਨੂੰ ਵੀ ਲਾ ਲਿਆ। ਰਜਿਸਟਰ ਵਿਚ ਹਰ ਵਿਦਿਆਰਥੀ ਦੇ ਨਾਂ ਨਾਲ ਉਹਦੀ ਜਾਤ ਲਿਖੀ ਹੁੰਦੀ ਸੀ ਤਾਂ ਜੋ ਫੀਸ ਮੁਆਫੀ ਤੇ ਵਜ਼ੀਫੇ ਆਦਿ ਦੀ ਲਿਸਟ ਸੌਖੀ ਬਣਾਈ ਜਾ ਸਕੇ। ਮੈਨੂੰ ਛੇਤੀ ਹੀ ਸਭ ਜਾਤਾਂ ਦੇ ਨਾਂ ਯਾਦ ਹੋ ਗਏ; ਪਰ ਸਮਝ ਕੁਝ ਨਹੀਂ ਆਇਆ। ਸਰਕਾਰੀ ਸਕੂਲ 'ਚ ਬਹੁਤਾ ਕੁਝ ਆਈ-ਚਲਾਈ ਸੀ, ਪਰ ਫੇਰ ਵੀ ਸਕੂਲ ਦੇ ਪ੍ਰਬੰਧਕਾਂ ਵੱਲੋਂ ਸਕੂਲ ਦਾ ਨਕਲੀ ਪ੍ਰਭਾਵ ਉਸਾਰਨ ਵਾਸਤੇ ਕੋਈ ਕੱਜਣ ਨਹੀਂ ਤਿਆਰ ਕੀਤਾ ਗਿਆ। ਇਸ ਲਈ ਸਕੂਲ ਵਿਚ ਸੱਚਾਈ ਦੀ ਕੁਝ ਚਮਕ ਉਪਲਬਧ ਸੀ। ਇਥੇ ਮੈਨੂੰ ਪਹਿਲੀ ਵਾਰ ਦਲਿਤ ਪਰਿਵਾਰਾਂ ਦੀਆਂ ਕੁੜੀਆਂ ਨਾਲ ਰਹਿਣ ਦਾ ਮੌਕਾ ਮਿਲਿਆ। ਮੈਂ ਦੇਖਿਆ ਕਿ ਇਹ ਬਿਲਕੁਲ ਮੇਰੇ ਵਰਗੀਆਂ ਸਨ, ਸਗੋਂ ਸ਼ਾਨਦਾਰ ਕੁੜੀਆਂ ਸਨ। ਸਿਆਲ ਦੀਆਂ ਧੁੰਦਾਂ ਵਿਚ ਆਪਣੇ ਪਿੰਡੋਂ ਦਸ-ਦਸ ਮੀਲ ਪੈਡਲ ਮਾਰ ਕੇ ਪੜ੍ਹਨ ਆਉਂਦੀਆਂ। ਮੇਰੀਆਂ ਸਹੇਲੀਆਂ ਦੀ ਅਕਾਦਮਿਕ ਯੋਗਤਾ ਤੇ ਜੀਵਨ ਪ੍ਰਤੀ ਸਮਝ ਦੇਖ ਕੇ ਮੈਂ ਹੈਰਾਨ ਹੋਈ ਕਿਉਂਕਿ ਆਪਣੇ ਆਲੇ-ਦੁਆਲੇ ਤੋਂ ਮੈਨੂੰ ਇਹੀ ਅਕਲ ਮਿਲੀ ਸੀ ਕਿ ਨੀਵੀਆਂ ਜਾਤਾਂ ਦੇ ਲੋਕ ਪੜ੍ਹਨ-ਲਿਖਣ ਵਰਗੇ ਔਖੇ ਕੰਮ ਨਹੀਂ ਕਰ ਸਕਦੇ। ਉਨ੍ਹਾਂ ਵਿਚੋਂ ਬਹੁਤੀਆਂ ਸਹੇਲੀਆਂ ਦੇ ਪਿਤਾ ਮਜ਼ਦੂਰੀ ਕਰਦੇ ਸਨ। ਸਾਧਨ ਦੀ ਤੋਟ ਵਿਚ ਉਦਮ ਨੂੰ ਕਿਵੇਂ ਉਚਾ ਰੱਖੀਦਾ, ਇਹਦਾ ਮੈਨੂੰ ਬਿਲਕੁਲ ਨਵਾਂ ਅਨੁਭਵ ਹੋਇਆ, ਸਗੋਂ ਉਨ੍ਹਾਂ ਵਿਚੋਂ ਇਕ ਬੜੀ ਜਾਗਰੂਕ ਸਹੇਲੀ ਸੀ, ਜਿਨ੍ਹੇ ਮੈਨੂੰ ਵਾਰ-ਵਾਰ ਅੰਗਰੇਜ਼ੀ ਸ਼ਬਦ ਬੋਲਣ ਤੋਂ ਵਰਜਿਆ ਤਾਂ ਜੋ ਮੈਂ ਅੰਗਰੇਜ਼ੀ ਬੋਲ ਕੇ ਉਨ੍ਹਾਂ 'ਤੇ ਰੋਹਬ ਨਾ ਪਾ ਸਕਾਂ। ਇਸ ਸਕੂਲ 'ਚ ਆਉਣ ਤੋਂ ਪਹਿਲਾਂ ਮੈਂ ਮੱਧ ਵਰਗ ਦੀ ਖਪਤ ਵਾਸਤੇ ਬਣਾਏ ਗਏ ਅੰਗਰੇਜ਼ੀ ਮੀਡੀਅਮ ਪ੍ਰਾਈਵੇਟ ਸਕੂਲ 'ਚ ਪੜ੍ਹਦੀ ਸਾਂ; ਜਿਥੇ ਬੰਦਾ ਇੰਗਲਿਸ਼, ਹਿੰਦੀ, ਪੰਜਾਬੀ, ਗਣਿਤ ਤੇ ਇਤਿਹਾਸ ਦਾ ਰੱਟਾ ਤਾਂ ਚਾੜ੍ਹ ਸਕਦਾ ਹੈ; ਪਰ ਬੰਦਾ ਬੰਦਾ ਬਣ ਜਾਏ, ਇਹਦੀ ਸੰਭਾਵਨਾ ਘੱਟ ਹੁੰਦੀ ਏ। ਕਿਉਂਕਿ ਸਮਾਜ ਦੀਆਂ ਬੁਰਾਈਆਂ ਨਾਲ ਲੜਨ ਵਾਸਤੇ ਸੁਚੱਜੇ ਨਾਗਰਿਕ ਤਿਆਰ ਕਰਨਾ ਇਨ੍ਹਾਂ ਸਕੂਲਾਂ ਦੀ ਵਿਚਾਰਧਾਰਾ ਦਾ ਹਿੱਸਾ ਨਹੀਂ ਹੁੰਦਾ।

ਵੀਹ ਸਾਲ ਦੇ ਰਸਮੀ ਵਿਦਿਆ ਪ੍ਰਾਪਤ ਕਰਨ ਦੇ ਲੰਮੇ ਦੌਰ ਵਿਚ ਕਿਸੇ ਵਿਦਿਅਕ ਅਦਾਰੇ ਵਿਚ ਕਿਸੇ ਅਧਿਆਪਕ ਨੂੰ ਮੈਂ ਸਫਾਈ ਨਾਲ ਜਾਤਪਾਤ ਦਾ ਖੰਡਨ ਕਰਦਿਆਂ ਨਹੀਂ ਦੇਖਿਆ। ਪੱਛਮੀ ਗਿਆਨ ਪਰੰਪਰਾ ਦੇ ਕੋਰੇ ਪ੍ਰਭਾਵ ਵਿਚ ਅਬੁਝ ਭਾਸ਼ਾ ਵਿਚ ਉਤਰ-ਬਸਤੀਵਾਦ, ਉਤਰ-ਆਧੁਨਿਕਤਾਵਾਦ, ਉਤਰ-ਮਾਰਕਸਵਾਦ ਦੀ ਸ਼ਬਦਾਵਲੀ ਦਾ ਬੌਧਿਕ ਠਰਕ ਤਾਂ ਇਥੇ ਲਿੱਤ ਭੁਰਦਾ ਹੈ, ਪਰ ਇਸ ਸਮਾਜ ਨੂੰ ਅੰਦਰੋਂ ਗਾਲ ਰਹੇ ਫੋੜੇ ਦੀ ਸੁਧ ਲੈਣ ਵਾਲੇ ਲੋਕ ਬਹੁਤ ਹੀ ਘੱਟ ਨੇ। ਸਮਾਜ ਨੂੰ ਸਮਝਣ ਦੀ ਸੁਥਰੀ ਤੇ ਸੰਗਠਿਤ ਸਮਝ ਸਾਨੂੰ ਕਲਾਸਾਂ 'ਚ ਨਹੀਂ ਮਿਲਦੀ।

ਬਹੁਤ ਸਾਰੇ ਵਿਚਾਰਾਂ, ਥਿਊਰੀਆਂ, ਟਰਮਾਂ ਨਾਲ ਭਰਿਆ ਬੋਰਾ ਮੈਨੂੰ ਵੀ ਨਸੀਬ ਹੋਇਆ, ਪਰ ਇਸ ਸਾਮਾਨ ਨੂੰ ਘੋਲ ਕੇ ਦ੍ਰਿਸ਼ਟੀ ਦਾ ਰਸਾਇਣ ਬਣਾਉਣ ਦੀ ਵਿਧੀ ਨਹੀਂ ਮਿਲੀ। ਕਿਤਾਬੀ ਗਿਆਨ ਤੇ ਸਮਾਜਕ ਯਥਾਰਥ ਦੀ ਗਾਇਬ ਲੜੀ ਕਿਥੋਂ ਲੱਭੀ ਜਾਏ, ਇਸ ਗੱਲੋਂ ਮੈਂ ਖੁੰਝੀ ਰਹੀ।

ਜਾਤ-ਵਿਰੋਧੀ ਬੌਧਿਕ ਪਰੰਪਰਾ ਦੇ ਮਹਾਨ ਚਿੰਤਕ ਅੰਬੇਦਕਰ: ਭਾਰਤੀ ਸਮਾਜ ਦੇ ਯਥਾਰਥ ਨੂੰ ਸਮਝਣ ਦੀ ਕੁੰਜੀ ਇਸ ਦੇਸ਼ ਦੀ ਜਾਤ-ਵਿਰੋਧੀ



ਬੌਧਿਕ ਪਰੰਪਰਾ ਦੇ ਮਹਾਨ ਚਿੰਤਕ, ਸਮਾਜ ਸੁਧਾਰਕ ਤੇ ਲੋਕ ਨੇਤਾ ਡਾ. ਭੀਮਰਾਓ ਅੰਬੇਦਕਰ ਦੀ ਲਿਖਤ ਵਿਚ ਹੈ ਤੇ ਉਨ੍ਹਾਂ ਦੀਆਂ ਲੀਹਾਂ 'ਤੇ ਤੁਰਦਿਆਂ ਪਿਛਲੇ ਵਰ੍ਹਿਆਂ ਵਿਚ ਰਚੇ ਗਏ ਦਲਿਤ ਸਾਹਿਤ ਵਿਚ ਹੈ। ਡਾ. ਅੰਬੇਦਕਰ ਦੀ ਨਜ਼ਰ ਤੋਂ ਭਾਰਤ ਦਾ ਇਤਿਹਾਸ ਸੁਣਨਾ ਇਸ ਦੇਸ਼ ਵਿਚ ਨਜ਼ਰ ਸਾਫ ਕਰਨ ਦਾ ਲੌਕਿਕ ਤੇ ਲਾਜ਼ਮੀ ਢੰਗ ਹੈ। ਜਿਸ ਤਰਕਸ਼ੀਲ ਤੇ ਵਿਗਿਆਨਕ ਢੰਗ ਨਾਲ ਡਾ. ਅੰਬੇਦਕਰ ਭਾਰਤੀ ਸਮਾਜ ਦੇ ਅਡੰਬਰ ਨੂੰ ਬੇਨਕਾਬ ਕਰਦਾ ਹੈ ਤਾਂ ਸਮਝ ਆਉਂਦੀ ਹੈ ਕਿ ਕਿਵੇਂ ਧਾਰਮਿਕ ਵਿਚਾਰਧਾਰਾ ਦਾ ਹਵਾਲਾ ਲੈ ਕੇ ਅਸੀਂ ਦੂਜਿਆਂ ਪ੍ਰਤੀ ਅੱਤਿਆਚਾਰ ਤੇ ਘ੍ਰਿਣਾ ਭਰੀ ਆਪਣੀ ਦ੍ਰਿਸ਼ਟੀ ਨੂੰ ਵੀ ਜਾਇਜ਼ ਮੰਨ ਸਕਦੇ ਹਾਂ।

ਮੈਂ ਇਹ ਸੋਚ ਕੇ ਹੈਰਾਨ ਹੁੰਦੀ ਹਾਂ ਕਿ ਗੁਲਾਮੀ ਨੂੰ ਮੁਕੱਦਰ ਮੰਨੀ ਬੈਠੀ ਲੋਕਾਈ ਨੂੰ ਜਗਾਉਣਾ ਤੇ ਸਿਖਿਅਤ ਕਰਨਾ ਡਾ. ਅੰਬੇਦਕਰ ਲਈ ਕਿੱਡੀ ਵੱਡੀ ਚੁਣੌਤੀ ਰਹੀ ਹੋਵੇਗੀ। ਇਨ੍ਹਾਂ ਅਰਥਾਂ ਵਿਚ ਆਜ਼ਾਦੀ ਦੇ ਸੰਘਰਸ਼ ਵਿਚ ਡਾ. ਅੰਬੇਦਕਰ ਤਾਂ ਦੂਹਰੀ ਲੜਾਈ ਲੜ ਰਿਹਾ ਸੀ; ਕਿਉਂਕਿ ਦਲਿਤਾਂ ਨੂੰ ਖਤਰਾ ਕੇਵਲ ਅੰਗਰੇਜ਼ਾਂ ਤੋਂ ਨਹੀਂ, ਸਗੋਂ ਆਪਣੇ ਦੇਸ਼ ਵਾਸੀਆਂ ਤੋਂ ਵੀ ਸੀ; ਜਿਨ੍ਹਾਂ ਨੂੰ ਬਚਾਉਣ ਲਈ ਡਾ. ਅੰਬੇਦਕਰ ਦੋਹਾਂ ਹੱਥਾਂ ਨਾਲ ਲਿਖਦਾ ਤੇ ਅੰਦੋਲਨ ਕਰਦਿਆਂ ਹਰ ਪਲ ਆਪਣਾ ਜੀਵਨ ਸਮਰਪਿਤ ਕਰਦਾ ਰਿਹਾ। 'ਪ੍ਰਬੁੱਧ ਭਾਰਤ' ਦੀ ਕਲਪਨਾ ਕਰਨ ਵਾਲਾ ਸੁਪਨਸਾਜ਼ ਤੇ ਅਥੱਕ ਕਰਮਯੋਗੀ ਆਧੁਨਿਕ ਭਾਰਤ ਦਾ ਚਮਤਕਾਰ ਹੈ, ਜੋ ਕੇਵਲ ਭਾਰਤੀ ਸੰਵਿਧਾਨ ਲਿਖਣ ਵਾਲੀ ਕਮੇਟੀ ਦਾ ਚੇਅਰਮੈਨ ਹੀ ਨਹੀਂ ਸੀ, ਸਗੋਂ ਉਹਦੀ ਕੁੱਲ ਲੇਖਣੀ ਤੇ ਸਮਾਜਕ ਕਾਰਵਾਈ ਇਕ ਬੇਹੱਦ ਜ਼ਿੰਮੇਵਾਰ, ਜਾਗਰੂਕ ਤੇ ਵਿਲੱਖਣ ਹੌਂਸਲੇ ਵਾਲੀ ਸੱਚੀ ਨਾਗਰਿਕਤਾ ਦਾ ਪ੍ਰਮਾਣ ਵੀ ਏ ਤੇ ਸਾਰੇ ਭਾਰਤੀਆਂ ਲਈ ਪ੍ਰੇਰਣਾ ਦਾ ਸਰੋਤ ਵੀ।

ਇਹ ਭਾਰਤ ਦੀ ਤ੍ਰਾਸਦੀ ਏ ਕਿ ਆਜ਼ਾਦੀ ਤੋਂ ਬਾਅਦ ਰਾਜਨੀਤੀ ਦੇ ਸਮੀਕਰਨਾਂ ਵਿਚ ਡਾ. ਅੰਬੇਦਕਰ ਕੇਵਲ ਦਲਿਤਾਂ ਦੇ ਨੇਤਾ ਰਹਿ ਗਏ, ਜਦੋਂ ਕਿ ਡਾ. ਅੰਬੇਦਕਰ ਨੇ ਸਾਡੀਆਂ ਸਭ ਦੀਆਂ ਅੱਖਾਂ ਖੋਲ੍ਹਣ ਦਾ ਕੰਮ ਕੀਤਾ ਹੈ। ਧੰਨ ਹੈ ਉਸ ਮਨੁੱਖ ਦੀ ਘਾਲਣਾ, ਜਿਸ ਨੇ ਉਸ ਵੇਲੇ ਦੇ ਹੋਰਨਾਂ ਨੇਤਾਵਾਂ ਦੇ ਵਿਰੋਧ ਦਾ ਸਾਹਮਣਾ ਕਰਕੇ ਇਸ ਦੇਸ਼ ਦੀ ਪੁਰਾਣੀ ਗੰਧਲੀ ਵਿਵਸਥਾ ਨੂੰ ਤੋੜ ਕੇ ਸਮਾਜਕ ਬਰਾਬਰੀ ਦੀ ਨੀਂਹ ਰੱਖਣ ਦਾ ਯੁਗਾਂਤਰਕਾਰੀ ਕੰਮ ਕੀਤਾ। ਸਾਡਾ ਕੰਮ ਸੀ, ਉਸ ਸੋਚ ਦੀ ਵਿਰਾਸਤ ਨੂੰ ਹੋਰ ਅੱਗੇ ਤੋਰਨਾ ਕਿਉਂਕਿ ਇਹ ਸਮਾਜ ਹੀ ਸਾਡੀ ਸਭ ਦੀ ਅਸਲੀ ਪੂੰਜੀ ਹੈ, ਸਾਡੀ ਅਸਲੀ ਜੜ੍ਹ ਹੈ। ਇਸ ਸਮਾਜ ਵਿਚ ਆਪਣੀ ਸਮਰੱਥਾ ਮੁਤਾਬਕ ਕੋਈ ਜਿੰਨੀ ਚਾਹੇ ਮਰਜ਼ੀ ਤਰੱਕੀ ਕਰ ਲਵੇ, ਪਰ ਸਮਾਜਕ ਤੇ ਆਰਥਕ ਮੌਕੇ ਸਭ ਨੂੰ ਬਰਾਬਰ ਮਿਲਣੇ ਚਾਹੀਦੇ ਨੇ। ਸਮਾਜ ਤੋਂ ਮਿਲਦੀ ਹੱਲਾਸ਼ੇਰੀ ਸਾਡੀ ਸਭ ਦੀ ਲੋੜ ਹੈ। ਇਹ ਸਾਨੂੰ ਹੋਰ ਚੰਗਾ ਕਰਨ ਦੀ ਪ੍ਰੇਰਣਾ ਦਿੰਦੀ ਹੈ; ਪਰ ਅਸੀਂ ਜਾਤ ਜਾਂ ਹੋਰ ਕੋਈ ਵੀ ਆਧਾਰ ਬਣਾ ਕੇ ਕਿਸੇ ਦਾ ਮਨੋਬਲ ਤੋੜਨ ਵਿਚ ਮਿੰਟ ਨਹੀਂ ਲਾਉਂਦੇ। ਜਿਸ ਲੋੜ ਤੋਂ ਵੱਧ ਅਬਾਦੀ ਵਾਲੇ, ਬੇਰੁਜ਼ਗਾਰੀ ਦੇ ਮਾਰੇ ਦੇਸ਼ ਵਿਚ ਮੈਨੂੰ ਸਸਤੀ ਲੇਬਰ ਮਿਲ ਰਹੀ ਹੈ, ਮੇਰੇ ਲਈ ਤਾਂ ਉਹ ਸਮਾਜ ਫੇਰ ਵੀ ਠੀਕ ਹੈ, ਪਰ ਉਸ ਸਸਤੀ ਲੇਬਰ ਦੇਣ ਵਾਲੇ ਨੂੰ ਇਸ ਸਮਾਜ ਤੋਂ ਕੀ ਮਿਲ ਰਿਹਾ ਹੈ, ਇਸ ਸੋਚ 'ਤੇ ਚਗਲ ਨਹੀਂ ਮਾਰਨੀ ਚਾਹੀਦੀ, ਸਗੋਂ ਇਸ ਸਵਾਲ ਦਾ ਸਾਹਮਣਾ ਕਰਨਾ ਚਾਹੀਦਾ ਹੈ।

ਜਾਤ-ਵਿਰੋਧੀ ਪਰੰਪਰਾ ਦੇ ਅਮਲ ਵਿਚ ਜਦੋਂ ਆਪਣਾ ਆਲਾ-ਦੁਆਲਾ ਵੇਖਦੇ ਹਾਂ ਤਾਂ ਹਰ ਦਿਨ ਸਦਮਾ ਲੱਗਦਾ ਏ। ਇਸ ਪ੍ਰਕ੍ਰਿਆ ਵਿਚ ਬੁੱਤ ਤਾਂ ਟੁੱਟਦੇ ਨੇ, ਪੈਰਾਂ ਹੇਠਲੀ ਜ਼ਮੀਨ ਖਿਸਕ ਜਾਂਦੀ ਏ। ਬੜੀ ਉਲਝਣ ਹੁੰਦੀ ਹੈ। ਆਪਣੇ ਹੀ ਲੋਕਾਂ ਦੀ ਮਾਨਸਿਕਤਾ ਦੇਖ ਕੇ ਧੱਕਾ ਲੱਗਦਾ ਹੈ। ਮੈਂ ਆਪ ਵੀ ਇਸ ਪ੍ਰਕ੍ਰਿਆ 'ਚੋਂ ਗੁਜ਼ਰ ਰਹੀ ਹਾਂ।

ਕਿਸੇ ਆਮ ਦਿਨ ਆਪਣੇ ਵਰਗੇ ਹੋਰ ਲੋਕਾਂ ਦੇ ਪ੍ਰਤੀ ਹੁੰਦੇ ਅਨਿਆਂ ਦੀਆਂ ਜੋ ਮਿਸਾਲਾਂ ਮੈਂ ਦਿੱਤੀਆਂ ਹਨ, ਕਿਤੇ-ਕਿਤੇ ਮੈਂ ਵੀ ਉਨ੍ਹਾਂ ਦਾ ਸਮਰਥਨ ਕੀਤਾ ਸੀ ਤੇ ਬਹੁਤੀ ਵਾਰ ਮੈਨੂੰ ਉਹ ਸਭ ਸਿਰਫ ਅਜੀਬ ਲੱਗਾ ਸੀ, ਬੁਰਾ ਬਹੁਤ ਦੇਰ ਪਿਛੋਂ ਲੱਗਣਾ ਸ਼ੁਰੂ ਹੋਇਆ ਤੇ ਵਿਰੋਧ ਦਰਜ ਕਰਨਾ ਤਾਂ ਮੈਂ ਅਜੇ ਸ਼ੁਰੂ ਹੀ ਕੀਤਾ ਹੈ, ਪਰ ਮੈਨੂੰ ਤਸੱਲੀ ਹੈ ਕਿ ਖੋਖਲੇ ਹੰਕਾਰ ਨਾਲੋਂ ਸੱਚੀ ਨਮੋਸ਼ੀ ਦਾ ਮੁੱਲ ਵੱਧ ਹੁੰਦਾ ਹੈ। 'ਮੁਰਦਾ ਸ਼ਾਂਤੀ' ਨਾਲੋਂ ਜਿਉਂਦਾ ਰੋਸ ਚੰਗਾ ਹੁੰਦਾ ਹੈ ਤੇ ਝੂਠੀ ਰੋਸ਼ਨੀ ਨਾਲੋਂ ਸੱਚੇ ਅੰਧਕਾਰ 'ਚ ਰਹਿਣਾ ਸ਼ੁਭ ਹੁੰਦਾ ਹੈ।

# ਡਾਕਾ

*'ਦੁਨੀਆਂ ਕੈਸੀ ਹੋਈ', 'ਭਗੌੜਾ' ਅਤੇ 'ਵਿਗੋਚਾ' ਵਰਗੇ ਨਾਵਲਾਂ ਦੇ ਲੇਖਕ ਜਰਨੈਲ ਸਿੰਘ ਸੇਖਾ ਨੇ ਜੀਵਨ-ਬਿਰਤਾਂਤਕ ਲੇਖ 'ਡਾਕਾ' ਵਿਚ ਆਜ਼ਾਦੀ ਪਿਛੋਂ ਦੇ ਮਾਹੌਲ ਬਾਰੇ ਕੁਝ ਗੱਲਾਂ ਦਾ ਬਿਆਨ ਕੀਤਾ ਹੈ। ਉਦੋਂ ਪਿੰਡਾਂ, ਸ਼ਹਿਰਾਂ, ਕਸਬਿਆਂ ਵਿਚ ਡਾਕੇ ਪੈਣੇ ਆਮ ਗੱਲ ਸੀ। ਨਾਵਲ ਵਰਗਾ ਰਸ ਇਸ ਲਿਖਤ ਵਿਚ ਸਹਿਜ ਨਾਲ ਆ ਗਿਆ ਹੈ। -ਸੰਪਾਦਕ*



ਜਰਨੈਲ ਸਿੰਘ ਸੇਖਾ

ਭਾਰਤ ਦੇ ਆਜ਼ਾਦ ਹੋਣ ਤੋਂ ਪਹਿਲਾਂ ਅਤੇ ਕੁਝ ਸਮੇਂ ਬਾਅਦ ਵੀ ਪੰਜਾਬ ਦੇ ਮਾਲਵਾ ਇਲਾਕੇ ਵਿਚ ਪਿੰਡਾਂ ਦੇ ਅਮੀਰ ਘਰੀਂ ਡਾਕੇ ਪੈਣ ਦੀਆਂ ਘਟਨਾਵਾਂ ਆਮ ਹੀ ਵਾਪਰਦੀਆਂ ਸਨ। ਸੰਨ ਸੰਤਾਲੀ ਤਕ ਮਾਲਵੇ ਵਿਚ ਬਹੁਤ ਸਾਰੀਆਂ ਆਜ਼ਾਦ ਰਿਆਸਤਾਂ ਸਨ, ਜੋ ਬਾਅਦ ਵਿਚ ਮਿਲਾ ਕੇ ਪੈਪਸੂ ਰਾਜ ਬਣਾ ਦਿੱਤਾ ਗਿਆ ਸੀ। ਆਮ ਤੌਰ 'ਤੇ ਰਿਆਸਤਾਂ ਦੇ ਡਾਕੂ ਅੰਗਰੇਜ਼ੀ ਇਲਾਕੇ ਵਿਚ ਡਾਕਾ ਮਾਰ ਕੇ ਵਾਪਸ ਰਿਆਸਤ ਵਿਚ ਚਲੇ ਜਾਂਦੇ ਸਨ ਅਤੇ ਅੰਗਰੇਜ਼ੀ ਇਲਾਕੇ ਦੇ ਡਾਕੂ ਰਿਆਸਤ ਵਿਚ ਡਾਕਾ ਮਾਰ ਕੇ ਅੰਗਰੇਜ਼ੀ ਇਲਾਕੇ ਵਿਚ ਆ ਜਾਂਦੇ ਸਨ। ਇਉਂ ਪੁਲਿਸ ਡਾਕੂਆਂ ਨੂੰ ਛੇਤੀ ਕੀਤੇ ਹੱਥ ਨਹੀਂ ਸੀ ਪਾ ਸਕਦੀ। ਜਿਥੇ ਪਿੰਡਾਂ ਦੇ ਰੱਜੇ ਪੁੱਜੇ ਘਰਾਂ ਵਿਚ ਡਾਕੂਆਂ ਦੀ ਦਹਿਸ਼ਤ ਹੁੰਦੀ ਸੀ, ਉਥੇ ਆਮ ਗਰੀਬਾਂ ਦੇ ਮਨਾਂ ਵਿਚ ਉਨ੍ਹਾਂ ਲਈ ਮਾਣ ਸਤਿਕਾਰ ਦੀ ਭਾਵਨਾ ਹੁੰਦੀ ਸੀ। ਕਈ ਡਾਕੂਆਂ ਨਾਲ ਸੂਰਮਤਾਈ ਦੀਆਂ ਕਹਾਣੀਆਂ ਜੁੜੀਆਂ ਹੋਈਆਂ ਸਨ।

ਪੰਜਾਬੀ ਕਿਸਾਨੀ ਦੀ ਬਦਲਾ ਲੈਣ ਦੀ ਮਾਨਸਿਕਤਾ ਕਾਰਨ ਬਹੁਤ ਡਾਕੂ ਸੂਰਮੇ ਅਖਵਾਏ। ਸੁੱਚੇ ਡਾਕੂ ਨੂੰ ਸੁੱਚਾ ਸੂਰਮਾ ਕਿਹਾ ਜਾਂਦਾ ਸੀ, ਭਾਵੇਂ ਉਹ ਆਪਣੀ ਸਕੀ ਭਰਜਾਈ ਤੇ ਉਸ ਦੇ ਪ੍ਰੇਮੀ ਨੂੰ ਮਾਰ ਕੇ ਡਾਕੂਆਂ ਵਿਚ ਜਾ ਰਲਿਆ ਸੀ। ਜਿਉਣਾ ਮੌੜ ਆਪਣੇ ਭਰਾ ਦੇ ਮੁਖਬਰ ਤੇ ਪੱਗ-ਵਟ ਭਰਾ ਨੂੰ ਕਤਲ ਕਰਕੇ ਡਾਕੂ ਬਣਿਆ ਸੀ। ਅਜਿਹੇ ਡਾਕੂਆਂ ਦੇ ਕਿੱਸੇ ਛਪ ਕੇ ਲੋਕ ਦਿਲਾਂ ਵਿਚ ਘਰ ਕਰ ਗਏ ਤੇ ਗਵੱਈਏ ਉਨ੍ਹਾਂ ਦੀਆਂ ਵਾਰਾਂ ਗਾਉਂਦੇ ਹਨ। ਡਾਕੂਆਂ ਨਾਲ ਇਹੋ ਜਿਹੀਆਂ ਵੀ ਕਹਾਣੀਆਂ ਜੁੜੀਆਂ ਕਿ ਫਲਾਣੇ ਡਾਕੂ ਨੇ ਕਿਸੇ ਗਰੀਬ ਦੀ ਕੁੜੀ ਦਾ ਵਿਆਹ ਆਪਣੇ ਹੱਥੀਂ ਕੀਤਾ; ਢਿਮਕੇ ਡਾਕੂ ਨੇ ਕਿਸੇ ਸੇਠ ਦੇ ਘਰ ਡਾਕਾ ਮਾਰਿਆ ਤਾਂ ਉਸ ਦੀ ਕੁੜੀ ਨੇ ਉਸ ਨੂੰ ਵੀਰ ਕਹਿ ਦਿੱਤਾ ਤਾਂ ਉਸ ਨੇ ਸਾਰਾ ਲੁਟਿਆ ਮਾਲ ਵਾਪਸ ਕਰ ਦਿੱਤਾ ਤੇ ਸਾਰੀ ਉਮਰ ਉਸ ਨਾਲ ਭਰਾ ਬਣ ਕੇ ਵਰਤਦਾ ਰਿਹਾ। ਬਹੁਤੇ ਡਾਕੂਆਂ ਬਾਰੇ ਕਿਹਾ ਜਾਂਦਾ ਸੀ ਕਿ ਉਹ ਅਮੀਰਾਂ ਨੂੰ ਲੁੱਟ ਕੇ ਲੁੱਟ ਦਾ ਮਾਲ ਗਰੀਬਾਂ ਵਿਚ ਵੰਡ ਦਿੰਦੇ ਹਨ। ਕਈ ਨਾਮੀ ਡਾਕੂ ਆਪਣੇ ਪਿੰਡ ਅਤੇ ਆਪਣੇ ਆਲੇ-ਦੁਆਲੇ ਦੇ ਪਿੰਡਾਂ ਵਿਚ ਡਾਕਾ ਨਹੀਂ ਸੀ ਪੈਣ ਦਿੰਦੇ। ਕਈ ਛੋਟੇ ਮੋਟੇ ਡਾਕੂ ਲੁਟੇਰੇ ਨਾਮੀ ਡਾਕੂਆਂ ਦੇ ਨਾਂ 'ਤੇ ਆਪਣੇ ਇਲਾਕੇ ਤੇ ਆਪਣੇ ਪਿੰਡਾਂ ਵਿਚ ਹੀ ਲੁੱਟਾਂ ਖੋਹਾਂ ਕਰ ਜਾਂਦੇ ਸਨ। ਸਮੇਂ ਦੀ ਸਰਕਾਰ ਤਾਂ ਆਜ਼ਾਦੀ ਘੁਲਾਟੀਆਂ, ਖਾਸ ਕਰ ਬੱਬਰਾਂ ਨੂੰ ਬਦਨਾਮ ਕਰਨ ਲਈ ਡਾਕੂ ਹੀ ਕਹਿੰਦੀ ਸੀ।

ਮਾਝੇ, ਦੁਆਬੇ ਤੇ ਬਾਰ ਦੇ ਇਲਾਕੇ ਵਿਚ ਵੀ ਡਾਕੂ ਤਾਂ ਹੋਣਗੇ, ਪਰ ਉਨ੍ਹਾਂ ਬਾਰੇ ਸਤਿਲੁਜ ਤੋਂ ਪਾਰ ਕੋਈ ਘੱਟ ਹੀ ਜਾਣਦਾ ਸੀ। ਉਂਜ, ਬਾਰ ਇਲਾਕੇ ਦਾ ਜੱਗਾ ਡਾਕੂ ਲੋਕ ਮਨਾਂ ਦਾ ਨਾਇਕ ਬਣ ਗਿਆ ਸੀ, ਜਿਸ ਨੇ ਅੰਗਰੇਜ਼ ਸਰਕਾਰ ਦੀ ਪੁਲਿਸ ਨੂੰ ਭਾਜੜਾਂ ਪਾਈਆਂ ਹੋਈਆਂ ਸਨ। ਉਸ ਦੇ ਨਾਂ 'ਤੇ ਅਨੇਕ ਲੋਕ ਬੋਲੀਆਂ ਬਣ ਗਈਆਂ, ਜਿਵੇਂ,

ਜੱਗਾ ਜੱਟ ਨਈਂ ਕਿਸੇ ਨੇ ਬਣ ਜਾਣਾ,
ਘਰ ਘਰ ਪੁੱਤ ਜੰਮਦੇ।
ਜਾਂ
ਜੱਗੇ ਮਾਰਿਆ ਲਾਇਲਪੁਰ ਡਾਕਾ
ਤਾਰਾਂ ਖੜਕ ਗਈਆਂ।

ਮਾਲਵੇ ਦੇ ਖਿੱਤੇ ਵਿਚੋਂ ਡਾਕੂਆਂ ਦੇ ਇਹ ਨਾਂ ਆਮ ਹੀ ਛੋਟੇ ਹੁੰਦਿਆਂ ਦੇ ਕੰਨੀ ਪੈਂਦੇ ਸਨ: ਜਿਉਣਾ ਮੌੜ, ਕੁੰਢਾ ਗਾਜੀਆਣਾ, ਜੰਗੀਰ ਜਲਾਲ ਵਾਲਾ, ਕਰਤਾਰਾ ਛੀਨੀਵਾਲ, ਅਰਜਣ ਦੌਧਰੀਆ, ਲਾਲ ਮਧੇ ਵਾਲਾ, ਦਲੀਪ ਬਹਿਬਲ, ਦਲੀਪ ਮਾੜੀ ਮੁਸਤਫਾ, ਸਿਵੀਆਂ ਦਾ ਬੌਰੀਆ, ਸੇਖੇ ਵਾਲਾ ਪੀਰਾ ਮਜ਼੍ਹਬੀ ਆਦਿ।

ਪੀਰੇ ਮਜ਼੍ਹਬੀ ਬਾਰੇ ਸੁਣਦੇ ਸਾਂ ਕਿ ਉਹ ਬਹੁਤ ਖੂੰਖਾਰ ਡਾਕੂ ਸੀ ਤੇ ਦੂਰ-ਦੂਰ ਤਕ ਡਾਕੇ ਮਾਰਦਾ ਸੀ। ਮਜ਼੍ਹਬੀਆਂ ਦਾ ਵਿਹੜਾ ਸਾਡੇ ਅਗਵਾੜ ਦੇ ਨਾਲ ਹੋਣ ਕਰਕੇ ਉਸ ਦੀ ਮਾਂ ਨੂੰ ਵੀਹੀ ਵਿਚੋਂ ਦੀ ਲੰਘਦਿਆਂ ਆਮ ਹੀ ਦੇਖੀਦਾ ਸੀ। ਉਸ ਦੀ ਹਾਲਤ ਵੀ ਆਮ ਮਜ਼੍ਹਬਣਾਂ ਨਾਲੋਂ ਕੋਈ ਵੱਖਰੀ ਨਹੀਂ ਸੀ। ਉਹ ਨਿੱਕੇ ਜਿਹੇ ਛੱਪਰ-ਨੁਮਾ ਘਰ ਵਿਚ ਰਹਿੰਦੀ ਸੀ ਅਤੇ ਉਸ ਨੂੰ ਪਾਟੇ ਪੁਰਾਣੇ ਕੱਪੜਿਆਂ ਵਿਚ ਹੀ ਦੇਖੀਦਾ ਸੀ। ਪੀਰਾ ਮਜ਼੍ਹਬੀ ਪਿੰਡ ਵਿਚ ਘੱਟ ਹੀ ਦਿਸਦਾ। ਇਕ ਵਾਰ ਸਿਆਲਾਂ ਦੇ ਦਿਨੀਂ ਮੈਂ ਦੇਖਿਆ ਕਿ ਦਰਮਿਆਨਾ ਕੱਦ, ਰੰਗ ਬਹੁਤ ਕਾਲਾ, ਅੱਖਾਂ ਲਾਲ, ਚਾਦਰਾ, ਪੱਗ ਤੇ ਕੁੜਤਾ ਚਿੱਟਾ ਅਤੇ ਡਰਾਉਣੀ ਜਿਹੀ ਸ਼ਕਲ ਵਾਲਾ ਕੋਈ ਓਪਰਾ ਜਿਹਾ ਆਦਮੀ ਸੱਥ ਵਿਚ ਬੈਠੇ ਬੰਦਿਆਂ ਨਾਲ ਖੜ੍ਹਾ ਗੱਲਾਂ ਕਰ ਰਿਹਾ ਹੈ। ਮੈਨੂੰ ਨਿੱਕੇ ਹੁੰਦਿਆਂ ਹੀ ਸੱਥ ਵਿਚ ਜਾ ਕੇ ਗੱਲਾਂ ਸੁਣਨ ਦਾ ਕੰਨ-ਰਸ ਪਿਆ ਹੋਇਆ ਸੀ। ਮੈਂ ਵੀ ਉਥੇ ਖੜ੍ਹ ਗਿਆ ਪਰ ਜਦੋਂ ਪਤਾ ਲੱਗਾ ਕਿ ਇਹ ਪੀਰਾ ਮਜ਼੍ਹਬੀ ਹੈ ਤਾਂ ਮੈਂ ਡਰਦਾ ਮਾਰਾ ਭੱਜ ਕੇ ਘਰ ਚਲਾ ਗਿਆ। ਉਸ ਪਿਛੋਂ ਵੀ ਇਕ ਦੋ ਵਾਰ ਉਸ ਨੂੰ ਵੀਹੀ 'ਚ ਆਉਂਦਿਆਂ ਦੇਖ ਮੈਂ ਝਟ ਘਰ ਵੱਲ ਭੱਜ ਜਾਂਦਾ ਸਾਂ। ਮੈਂ ਨਿੱਕਾ ਹੁੰਦਾ ਡਾਕੂਆਂ ਤੋਂ ਬਹੁਤ ਡਰਦਾ ਸਾਂ, ਪਰ ਇਕ ਵਾਰ ਤਾਂ ਡਾਕੂਆਂ ਨੂੰ ਡਾਕਾ ਮਾਰਦੇ ਵੀ ਦੇਖਣਾ ਪੈ ਗਿਆ।

ਬਹੁਤ ਛੋਟੀ ਉਮਰ ਸੀ ਉਸ ਸਮੇਂ ਮੇਰੀ। ਉਨ੍ਹਾਂ ਸਮਿਆਂ ਵਿਚ ਸਾਡੇ ਪਿੰਡ ਵਿਚ ਦੋ ਦੁਕਾਨਾਂ ਹੀ ਮਸ਼ਹੂਰ ਸਨ-ਇਕ ਧੂਤੇ ਮਹਾਜਨ ਦੀ ਅਤੇ ਦੂਜੀ ਹਰਦਵਾਰੀ ਲਾਲ ਸੇਠ ਦੀ। ਹਰਦਵਾਰੀ ਦੇ ਦੋ ਭਰਾ-ਮੋਹਣ ਲਾਲ ਤੇ ਗੰਗਾ ਰਾਮ ਕੋਟਕਪੂਰੇ ਵਪਾਰ ਕਰਦੇ ਸਨ ਅਤੇ ਕਦੇ ਕਦਾਈਂ ਪਿੰਡ ਵੀ ਗੇੜਾ ਮਾਰਦੇ। ਇਹ ਅਫਵਾਹ ਆਮ ਸੀ ਕਿ ਸੇਠਾਂ ਕੋਲ ਧਨ ਬਹੁਤ ਹੈ। ਕਈ ਤਾਂ ਇਥੋਂ ਤਾਈਂ ਵੀ ਕਹਿੰਦੇ ਕਿ ਉਨ੍ਹਾਂ ਦੇ ਘਰ ਵਿਚ ਮਲਕਾ ਦੇ ਰੁਪਿਆਂ ਦੀਆਂ ਗਾਗਰਾਂ ਦੱਬ ਕੇ ਰੱਖੀਆਂ ਹੋਈਆਂ ਹਨ। ਸੇਠਾਂ ਦੇ ਘਰ ਦੀ ਪਿੱਠ ਸਾਡੇ ਘਰ ਦੇ ਨਾਲ ਲਗਦੀ ਸੀ।

ਇਕ ਵਾਰ ਗਰਮੀਆਂ ਦੇ ਦਿਨਾਂ ਵਿਚ ਹਰਦਵਾਰੀ ਲਾਲ ਦੇ ਘਰੋਂ ਚੀਕਾਂ ਦੀ ਅਵਾਜ਼ ਆਈ। ਸਾਡੀ ਸਭ ਦੀ ਜਾਗ ਖੁੱਲ੍ਹ ਗਈ। ਮੇਰਾ ਬਾਪ ਮੰਜੇ ਤੋਂ ਉਠਣ ਲੱਗਾ ਤਾਂ ਹਰਦਵਾਰੀ ਲਾਲ ਦੇ ਕੋਠੇ 'ਤੇ ਖੜ੍ਹਾ ਬੰਦਾ ਬੋਲਿਆ, "ਚੁੱਪ ਕਰਕੇ ਪਿਆ ਰਹਿ ਸਰਦਾਰਾ, ਨਹੀਂ ਤਾਂ ਹੋਰ ਨਾ ਕਿਤੇ ਜਾਹ ਜਾਂਦੀ ਹੋ ਜੇ।"

ਉਸ ਦੇ ਹੱਥ ਵਿਚ ਬੰਦੂਕ ਦੇਖ ਕੇ ਮੇਰਾ ਬਾਪ ਮੁੜ ਮੰਜੇ 'ਤੇ ਲੇਟ ਗਿਆ, ਜਿਵੇਂ ਘੂਕ ਸੁੱਤਾ ਪਿਆ ਹੋਵੇ। ਹਰਦਵਾਰੀ ਲਾਲ ਦੀ ਪਤਨੀ ਦਵਾਰਕੀ ਦੇਵੀ ਪਤਾ ਨਹੀਂ ਕਿਹੜੇ ਢੰਗ ਨਾਲ ਘਰ ਵਿਚੋਂ ਬਾਹਰ ਨਿਕਲ ਗਈ ਤੇ ਉਹ ਲੋਕਾਂ ਨੂੰ ਡਾਕੂਆਂ ਦਾ ਮੁਕਾਬਲਾ ਕਰਨ ਲਈ ਵੰਗਾਰਦੀ ਕਹਿ ਰਹੀ ਸੀ ਕਿ ਉਨ੍ਹਾਂ ਕੋਲ ਕੋਈ ਹਥਿਆਰ ਨਹੀਂ ਹੈ, ਡੰਡਿਆਂ ਨਾਲ ਹੀ ਲੁੱਟਣ ਆ ਗਏ ਹਨ। ਜਿਉਂ ਹੀ ਦਵਾਰਕੀ ਦੇਵੀ ਦੀ ਅਵਾਜ਼ ਕੋਠੇ 'ਤੇ ਖੜ੍ਹੇ ਡਾਕੂ ਦੇ ਕੰਨੀਂ ਪਈ, ਉਸ ਨੇ ਆਪਣੀ ਬੰਦੂਕ ਤੋਂ ਫਾਇਰ ਕਰ ਦਿੱਤਾ। ਕਿੱਲਿਆਂ ਨਾਲ ਬੱਝੇ ਦੋਵੇਂ ਬਲਦ ਉਠ ਕੇ ਖੜ੍ਹੇ ਹੋ ਗਏ। ਵਿਹੜੇ ਵਿਚ ਪਏ ਘਰ ਦੇ ਸਾਰੇ ਜੀਅ ਇਕ ਦਮ ਛਾਪਲ ਗਏ, ਕੋਈ ਵੀ ਉਚੀ ਸਾਹ ਨਹੀਂ ਸੀ ਲੈ ਰਿਹਾ। ਮੇਰੀ ਵੱਡੀ ਭੈਣ ਨੇ ਮੈਨੂੰ ਆਪਣੀ ਬੁੱਕਲ ਵਿਚ ਲੈ ਕੇ ਉਪਰ ਚਾਦਰ ਦੇ ਦਿੱਤੀ। ਮੈਂ ਚਾਦਰ 'ਚੋਂ ਮੂੰਹ ਬਾਹਰ ਕੱਢ ਕੇ ਹਰਦਵਾਰੀ ਲਾਲ ਦੇ ਕੋਠੇ ਵੱਲ ਦੇਖਿਆ ਤਾਂ ਉਥੇ ਕਾਲਾ ਪਰਛਾਵਾਂ, ਹੱਥ ਵਿਚ ਬੰਦੂਕ ਫੜੀ, ਇਧਰ ਉਧਰ ਫਿਰ ਰਿਹਾ ਸੀ। ਜੋ ਲੋਕ ਕੋਠਿਆਂ 'ਤੇ ਪਏ ਸਨ, ਉਹ ਵੀ ਚੁੱਪ ਕਰਕੇ ਪਏ ਰਹੇ, ਕੋਈ ਨਾ ਕੁਸਕਿਆ। ਪਿਛਵਾੜੇ ਘਰ ਵਿਚੋਂ ਹਰਦਵਾਰੀ ਲਾਲ ਦੀਆਂ ਚੀਕਾਂ ਲਗਾਤਾਰ ਸੁਣ ਰਹੀਆਂ ਸਨ। ਨਾਲ-ਨਾਲ ਉਹ ਡਾਕੂਆਂ ਨੂੰ ਕੁਝ ਕਹਿ ਵੀ ਰਿਹਾ ਸੀ, ਜੋ ਸਮਝ ਨਹੀਂ ਸੀ ਆ ਰਿਹਾ।

ਫਿਰ ਧਰਮਸ਼ਾਲਾ ਵਾਲੇ ਪਾਸਿਓਂ ਫਾਇਰ ਹੋਇਆ ਤੇ ਉਸ ਦੇ ਜਵਾਬ ਵਿਚ ਉਸੇ ਸਮੇਂ ਡਾਕੂਆਂ ਵਲੋਂ ਇਕੱਠੇ ਤਿੰਨ ਫਾਇਰ ਹੋ ਗਏ। ਫਿਰ ਤਾਂ ਜਿਵੇਂ ਸਾਰਾ ਪਿੰਡ ਹੀ ਸੁਸਰੀ ਵਾਂਗ ਸੌਂ ਗਿਆ ਤੇ ਦਵਾਰਕੀ ਦੇਵੀ ਪਤਾ ਨਹੀਂ ਕਿਸ ਘਰ ਜਾ ਛੁਪੀ। ਉਸ ਦੀ ਅਵਾਜ਼ ਵੀ ਬੰਦ ਹੋ ਗਈ। ਪਿੰਡ ਵਿਚੋਂ ਗੋਲੀ ਚੱਲਣ ਦਾ ਇਹ ਅਸਰ ਜ਼ਰੂਰ ਹੋਇਆ ਕਿ ਡਾਕੂ ਛੇਤੀ ਹੀ ਹਰਦਵਾਰੀ ਲਾਲ ਦੇ ਘਰੋਂ ਚਲੇ ਗਏ।

ਅਗਲੇ ਦਿਨ ਪੁਲਿਸ ਨੇ ਪਿੰਡ ਵਿਚ ਆ ਡੇਰਾ ਲਾਇਆ ਤੇ ਆਲੇ-ਦੁਆਲੇ ਦੇ ਬਦਮਾਸ਼ਾਂ ਨੂੰ ਪਿੰਡ ਦੀ ਧਰਮਸ਼ਾਲਾ ਵਿਚ ਲਿਆ ਕੇ ਕੁਟਾਪਾ ਚਾੜ੍ਹਿਆ। ਪਤਾ ਨਹੀਂ ਪੁਲਿਸ ਵਾਲਿਆਂ ਨੂੰ ਇਸ ਡਾਕੇ ਬਾਰੇ ਕੋਈ ਸੂਹ ਮਿਲੀ ਜਾਂ ਨਹੀਂ ਪਰ ਪਿੰਡ ਦੀ ਸੱਥ ਵਿਚ ਭਾਂਤ ਸੁਭਾਂਤੀਆਂ ਗੱਲਾਂ ਹੋ ਰਹੀਆਂ ਸਨ। ਕੋਈ ਕਹਿ ਰਿਹਾ ਸੀ, "ਪੀਰੇ ਨੇ ਹਰਦਵਾਰੀ ਦੀ ਦੁਕਾਨ ਤੋਂ ਸੌਦਾ ਲਿਆ ਸੀ ਤੇ ਉਹਨੇ ਉਹਦੇ ਕੋਲੋਂ ਪੈਸੇ ਮੰਗ ਲਏ ਸੀ, ਤਾਹੀਂ ਇਹ ਡਾਕਾ ਪਿਐ।"

"ਪੀਰਾ ਨਾਲ ਸੀ। ਦਵਾਰਕੀ ਨੇ ਉਸ ਨੂੰ ਪਛਾਣ ਲਿਆ ਸੀ ਪਰ ਡਰਦੀ ਨੇ ਪੁਲਿਸ ਕੋਲ ਉਹਦਾ ਨਾਂ ਨਈਂ ਲਿਆ।" ਇਕ ਨੇ ਆਪਣੇ ਕੋਲੋਂ ਹੀ ਗੱਲ ਬਣਾ ਕੇ ਸੁਣਾ ਦਿੱਤੀ।

"ਇਹ ਝੂਠ ਐ। ਪੀਰਾ ਆਵਦੇ ਪਿੰਡ ਵਿਚ ਨਾ ਆਪ ਡਾਕਾ ਮਾਰ ਸਕਦੈ ਤੇ ਨਾ ਮਰਵਾ ਸਕਦੈ। ਉਹ ਕੋਈ ਐਰਾ ਗੈਰਾ ਡਾਕੂ ਲੁਟੇਰਾ ਨਈਂ। ਅੱਜ ਤਾਈਂ ਕਿਤੇ ਆਪਣੇ ਨੇੜੇ ਤੇੜੇ ਕਦੇ ਕੋਈ ਡਾਕਾ ਪਿਆ ਸੁਣਿਐ? ਉਹ ਆਪ ਕਿਤੇ ਦੂਰ ਨਿਕਲਿਆ ਹੋਊ ਜੋ ਆਪਣੇ ਪਿੰਡ ਵਿਚ ਇਹ ਡਾਕਾ ਪਿਆ।" ਵਿਚੋਂ ਹੀ ਕੋਈ ਪੀਰੇ ਦਾ ਖੈਰਖਵਾਹ ਬੋਲ ਪਿਆ।

"ਇਹ ਡਾਕਾ ਤਾਂ ਸਿਵੀਆਂ ਆਲੇ ਬੌਰੀਏ ਨੇ ਮਾਰਿਆ ਹੋਊ।"

"ਬਈ ਹੋਰ ਗੱਲਾਂ ਦੀਆਂ ਗੱਲਾਂ, ਸ਼ਾਹਣੀ ਹੌਸਲੇ ਵਾਲੀ ਸੀ, ਜੋ ਡਾਕੂਆਂ ਦੇ ਘੇਰੇ ਵਿਚੋਂ ਧੁੱਸ ਦੇ ਕੇ ਬਾਹਰ ਨਿਕਲ ਗਈ ਤੇ ਉਨ੍ਹਾਂ ਦੇ ਹੱਥ ਨਾ ਆਈ।"

"ਉਹਦੇ ਪਿੰਡ ਵਿਚ ਰੌਲਾ ਪਾਉਣ ਕਰਕੇ ਹੀ ਤਾਂ ਬਚਾਅ ਹੋ ਗਿਆ, ਨਹੀਂ ਤਾਂ ਹਰਦਵਾਰੀ ਨੂੰ ਉਨ੍ਹਾਂ ਕੁੱਟ-ਕੁੱਟ ਕੇ ਮੁੰਜ ਬਣਾ ਦੇਣਾ ਸੀ।"

"ਉਹਨੇ ਤਾਂ ਦੋ ਛਿੱਤਰ ਨਹੀਂ ਝੱਲੇ, ਝਟ ਸਾਰਾ ਧਨ ਕੱਢ ਕੇ ਫੜਾ ਦਿੱਤਾ।"

"ਸੇਠ ਇਥੇ ਪੈਸੇ ਨਈਂ ਰਖਦਾ। ਕੋਟ ਆਪਣੇ ਭਰਾਵਾਂ ਕੋਲ ਘੱਲ ਦਿੰਦਾ। ਪਿਛਲੇ ਦਿਨੀਂ ਇਹਦਾ ਭਰਾ ਮੋਹਣਾ ਆਇਆ ਸੀ, ਉਹ ਸਾਰੀ ਨਕਦੀ ਲੈ ਗਿਆ ਸੀ। ਡਾਕੂਆਂ ਦੇ ਹੱਥ ਤਾਂ ਸੌ ਰੁਪਿਆ ਵੀ ਨਹੀਂ ਲੱਗਾ ਹੋਣਾ।"

"ਕਿੰਨੇ ਲੋਕ ਸੀ ਜੋ ਕੋਠਿਆਂ 'ਤੇ ਪਏ ਸਨ, ਕੋਈ ਨਾ ਕੁਸਕਿਆ। ਹੋਰ ਤਾਂ ਹੋਰ, ਫੈਰ ਸੁਣ ਕੇ ਨੰਜੀ ਨੇ ਆਪਣੇ ਉਤੇ ਮੰਜੀ ਮੂਧੀ ਮਾਰ ਲਈ ਸੀ।"

ਜਿੰਨੇ ਮੂੰਹ ਓਨੀਆਂ ਗੱਲਾਂ ਹੁੰਦੀਆਂ ਰਹੀਆਂ। ਨਾ ਡਾਕੂਆਂ ਦੀ ਕੋਈ ਸੂਹ ਮਿਲੀ ਤੇ ਨਾ ਹੀ ਕਿਸੇ ਨੂੰ ਡਾਕੇ ਵਿਚ ਹੋਏ ਅਸਲ ਨੁਕਸਾਨ ਦਾ ਪਤਾ ਲੱਗਾ। ਹਰਦਵਾਰੀ ਲਾਲ ਜਿਵੇਂ ਗੁੰਮ-ਸੁੰਮ ਹੀ ਹੋ ਗਿਆ ਸੀ। ਉਹ ਕਿਸੇ ਨਾਲ ਵੀ ਗੱਲ ਨਹੀਂ ਸੀ ਕਰਦਾ। ਦਵਾਰਕੀ ਦੇਵੀ ਵੀ 'ਹਾਂ' 'ਹੂੰ' ਵਿਚ ਹੀ ਜਵਾਬ ਦਿੰਦੀ। ਉਨ੍ਹਾਂ ਕਿਸੇ ਨੂੰ ਵੀ ਨਹੀਂ ਦੱਸਿਆ ਕਿ ਡਾਕੂ ਕੀ ਕੁਝ ਲੁੱਟ ਕੇ ਲੈ ਗਏ। ਕੁਝ ਸਮੇਂ ਪਿਛੋਂ ਉਹ ਪਿੰਡ ਛੱਡ ਕੇ ਚਲੇ ਗਏ ਅਤੇ ਕੋਟਕਪੂਰੇ ਜਾ ਡੇਰਾ ਲਾਇਆ। ਉਸ ਦੁਕਾਨ ਵਿਚ ਪਿੰਡ ਸੈਦਕਿਆਂ ਤੋਂ ਉਨ੍ਹਾਂ ਦੇ ਕੋਈ ਰਿਸ਼ਤੇਦਾਰ ਆ ਬੈਠੇ ਅਤੇ ਦੁਕਾਨ ਪਹਿਲਾਂ ਵਾਂਗ ਹੀ ਚਲਦੀ ਰਹੀ।

ਇਸ ਡਾਕੇ ਤੋਂ ਬਿਨਾ ਬਚਪਨ ਵਿਚ ਮੈਂ ਇਕ ਹੋਰ ਡਾਕਾ ਪੈਂਦਾ ਵੀ ਦੇਖਿਆ ਸੀ। ਡਾਕੇ ਦਾ ਸ਼ਿਕਾਰ ਵੀ ਹਟਵਾਣੀਆਂ ਦੀਆਂ ਹੱਟੀਆਂ ਹੀ ਬਣੀਆਂ ਸਨ, ਪਰ ਉਹ ਡਾਕਾ ਵੱਖਰੀ ਕਿਸਮ ਦਾ ਸੀ, ਜਿਸ ਨੂੰ ਨਾ ਤਾਂ ਪਿੰਡ ਦੇ ਲੋਕ ਡਾਕਾ ਮੰਨਣ ਲਈ ਤਿਆਰ ਸਨ ਅਤੇ ਨਾ ਹੀ ਉਸ ਬਾਰੇ ਪੁਲਿਸ ਹੀ ਕੋਈ ਤਫਤੀਸ਼ ਕਰਨ ਆਈ। ਹਾਂ! ਪਿੰਡ ਵਿਚ ਜ਼ਰੂਰ ਕਈ ਦਿਨ ਚਰਚਾ ਹੁੰਦੀ ਰਹੀ।

ਉਸ ਦਿਨ ਦੀਵਾਲੀ ਸੀ ਤੇ ਦਿਨ ਦੇ ਛੁਪਾ ਨਾਲ ਕਈ ਲੋਕ ਆਪਣੀਆਂ ਖਾਣ-ਪੀਣ ਦੀਆਂ ਵਸਤਾਂ ਤੇ ਫੁੱਲਝੜੀਆਂ ਪਟਾਕੇ ਖਰੀਦ ਕੇ ਘਰਾਂ ਨੂੰ ਚਲੇ ਗਏ ਸਨ ਅਤੇ ਕੁਝ ਇਕ ਅਜੇ ਹੱਟੀਆਂ ਤੋਂ ਸੌਦਾ ਪੱਤਾ ਖਰੀਦ ਰਹੇ ਸਨ। ਬੱਚੇ ਗਲੀਆਂ ਵਿਚ ਭੂੰਡ ਪਟਾਕੇ ਤੇ ਫੁੱਲਝੜੀਆਂ ਚਲਾ ਰਹੇ ਸਨ। ਅਸੀਂ ਵੀ ਆਪਣੇ ਚਾਚੇ ਦੀ ਦੁਕਾਨ ਮੂਹਰੇ ਭੂੰਡ ਪਟਾਕੇ ਚਲਾ ਕੇ ਖੁਸ਼ ਹੋ ਰਹੇ ਸਾਂ (ਭਰਾਵਾਂ ਨਾਲੋਂ ਅੱਡ ਹੋਣ ਪਿਛੋਂ ਚਾਚੇ ਨੇ ਖੇਤੀ ਦਾ ਕੰਮ ਛੱਡ ਕੇ ਪਰਚੂਨ ਦੀ ਹੱਟੀ ਪਾ ਲਈ ਹੋਈ ਸੀ)। ਅਸੀਂ ਦੂਰੋਂ ਰੌਲਾ ਪੈਂਦਾ ਸੁਣਿਆ। ਜਦੋਂ ਅਸੀਂ ਰੌਲੇ ਵਾਲੇ ਪਾਸੇ ਗਏ ਤਾਂ ਦੇਖਿਆ ਕਿ ਪੰਜ-ਛੇ ਜਣਿਆਂ ਦਾ ਸ਼ਰਾਬੀ ਟੋਲਾ ਕਿਸੇ ਨੂੰ ਗਾਲ੍ਹਾਂ ਕਢਦਾ ਆ ਰਿਹਾ ਸੀ ਤੇ ਮੁੰਡੀਰ ਉਨ੍ਹਾਂ ਦੇ ਪਿੱਛੇ ਪਿੱਛੇ ਰੌਲਾ ਪਾਉਂਦੀ ਆ ਰਹੀ ਸੀ। ਇਸ ਟੋਲੇ ਦਾ ਅਗਵਾਨੂੰ ਇਸੇ ਪਿੰਡ ਦਾ ਪੁਲਿਸ ਮਹਿਕਮੇ ਵਿਚੋਂ ਡਿਸਮਿਸ ਹੋ ਕੇ ਆਇਆ ਸਿਪਾਹੀ ਸੀ। ਇਹ ਸਿਪਾਹੀ ਭਾਵੇਂ ਬਹਾਲ ਤਾਂ ਨਹੀਂ ਸੀ ਹੋ ਸਕਿਆ, ਪਰ ਪੁਲਿਸ ਵਾਲਿਆਂ ਨਾਲ ਜਾਣ-ਪਛਾਣ ਹੋਣ ਕਾਰਨ ਉਸ ਦਾ ਨਾਜਾਇਜ਼ ਲਾਭ ਜ਼ਰੂਰ ਉਠਾਉਣ ਲੱਗਾ ਸੀ ਅਤੇ ਆਮ ਲੋਕਾਂ 'ਤੇ ਫੋਕਾ ਰੋਅਬ ਵੀ ਦਿਖਾਉਂਦਾ ਸੀ। ਕੁਰੱਖਤ ਸੁਭਾਅ ਤੇ ਭਾਰੇ ਸਰੀਰ ਦਾ ਹੋਣ ਕਰਕੇ ਲੋਕ ਪਿੱਠ ਪਿੱਛੇ ਉਹਨੂੰ 'ਗੜਚੂ' ਕਹਿੰਦੇ ਸਨ। ਪਤਾ ਲੱਗਾ ਕਿ ਹੁਣ ਵੀ ਉਹ ਪਿੱਛੇ ਇਕ ਹਟਵਾਣੀਏ ਨੂੰ ਕੁੱਟ ਕੇ ਉਹਦੀ ਹੱਟੀ ਲੁੱਟ ਕੇ ਆ ਰਹੇ ਸਨ। ਜਦੋਂ ਉਹ ਚਾਚੇ ਦੀ ਦੁਕਾਨ ਕੋਲ ਆਏ ਤਾਂ ਗੜਚੂ ਦੇ ਇਕ ਸਾਥੀ ਨੇ ਕਿਹਾ, "ਓਏ, ਆਹ ਹੱਟੀ ਤਾਂ ਛੱਡ ਚੱਲੇ!"

"ਚੁੱਪ ਕਰਕੇ ਤੁਰਿਆ ਆ।" ਗੜਚੂ ਨੇ ਦਬਕਾ ਮਾਰਿਆ ਤੇ ਉਹ ਟੋਲਾ ਚਾਚੇ ਦੀ ਦੁਕਾਨ ਤੋਂ ਅਗਾਂਹ ਲੰਘ ਗਿਆ। ਉਸ ਵੇਲੇ ਤਾਂ ਉਸ ਟੋਲੇ ਦੇ ਅਗਾਂਹ ਤੁਰ ਜਾਣ ਦੀ ਸਮਝ ਨਹੀਂ ਸੀ ਆਈ ਪਰ ਬਾਅਦ ਵਿਚ ਸਮਝ ਆਈ ਕਿ ਚਾਚੇ ਹੁਰੀਂ ਪਿੰਡ ਵਿਚ ਬਰਾਬਰ ਦੀ ਧਿਰ ਹੋਣ ਕਰਕੇ ਉਹ ਲੋਕ ਮੁਕਾਬਲਾ ਹੋਣ ਤੋਂ ਵੀ ਡਰਦੇ ਸਨ ਤੇ ਉਨ੍ਹਾਂ ਨੇ ਲਾਲਿਆਂ ਨੂੰ ਲੁੱਟਣ ਦਾ ਹੀ ਪ੍ਰੋਗਰਾਮ ਬਣਾਇਆ ਸੀ, ਜਿਨ੍ਹਾਂ ਦੀ ਕੋਈ ਧਿਰ ਨਹੀਂ ਸੀ।

ਅਸੀਂ ਵੀ ਮੁੰਡੀਰ ਦੇ ਮਗਰ ਲੱਗ ਗਏ। ਮਜ਼੍ਹਬੀਆਂ ਦੀ ਖੂਹੀ ਕੋਲ ਬਾਬੂ ਰਾਮ ਦੀ ਹੱਟੀ ਸੀ। ਮਜ਼੍ਹਬੀਆਂ ਦੇ ਵਿਹੜੇ ਹੋਣ ਕਰਕੇ ਇਹ ਹੱਟੀ ਵੀ ਖੂਬ ਚਲਦੀ ਸੀ। ਉਸ ਸਮੇਂ ਵੀ ਕੁਝ ਗਾਹਕ ਸੌਦਾ ਖਰੀਦ ਰਹੇ ਸਨ। ਗੜਚੂ ਨੇ ਹੱਟੀ ਵਿਚ ਵੜਦਿਆਂ ਹੀ ਜਲੇਬੀਆਂ ਤੋਲ ਰਹੇ ਬਾਬੂ ਰਾਮ ਦੇ ਘਸੁੰਨ ਜੜ ਦਿੱਤਾ। ਜਲੇਬੀਆਂ ਵਾਲੀ ਤਕੜੀ ਉਸ ਦੇ ਹੱਥੋਂ ਛੁੱਟ ਗਈ। ਉਹ ਹੱਕਾ-ਬੱਕਾ ਹੋ ਉਤਾਂਹ ਝਾਕਿਆ ਤਾਂ ਉਹਨੇ ਉਸ ਦੇ ਮੂੰਹ ਉਪਰ ਇਕ ਹੋਰ ਘਸੁੰਨ ਮਾਰਿਆ। ਬਾਬੂ ਰਾਮ ਨੇ ਪਿਛਾਂਹ ਗੱਲੇ ਉਪਰ ਡਿਗਦਿਆਂ ਲੇਰ ਮਾਰੀ ਤੇ ਆਪਣੇ ਨਿੱਕੇ ਭਰਾ ਨੂੰ ਕਿਹਾ, "ਬਾਲਕੇ, ਚਾਚੇ ਨੂੰ ਸੱਦ ਕੇ ਲਿਆ।" ਚੌਦਾਂ ਪੰਦਰਾਂ ਸਾਲ ਦਾ ਬਾਲਕ ਰਾਮ ਤਾਂ ਡਰਦਾ ਮਾਰਾ ਪਹਿਲਾਂ ਹੀ ਹੱਟੀ ਵਿਚੋਂ ਭੱਜ ਗਿਆ ਸੀ।

"ਜਾਹ! ਸੱਦ ਕੇ ਲਿਆ ਚਾਚੇ ਨੂੰ। ਬਾਲਕਾ ਕੀ ਸੱਦ ਕੇ ਲਿਆਏਗਾ ਉਹਨੂੰ, ਅਸੀਂ ਉਹਦੇ ਕੋਲ ਆਪ ਚੱਲੇ ਆਂ। ਤੈਨੂੰ ਦਿਸਦਾ ਨਹੀਂ ਸੀ, ਮੈਂ ਕਿੰਨੇ ਚਿਰ ਦਾ ਖੜ੍ਹਾ ਤੇਰੇ ਮੂੰਹ ਵੱਲ ਦੇਖੀ ਜਾਂਦਾ ਸੀ ਤੇ ਤੂੰ ਜਲੇਬੀਆਂ ਤੋਲਣ ਵਿਚ ਹੀ ਲੱਗਾ ਹੋਇਆ ਸੀ, ਏਧਰ ਧਿਆਨ ਈ ਨਹੀਂ ਦਿੱਤਾ।"

ਬਾਬੂ ਰਾਮ ਮਿੰਨਤਾਂ ਕਰ ਰਿਹਾ ਸੀ ਕਿ ਉਸ ਨੇ ਉਨ੍ਹਾਂ ਨੂੰ ਦੇਖਿਆ ਨਹੀਂ ਸੀ। ਉਹ ਉਹਦੇ ਘਸੁੰਨ ਮਾਰੀ ਜਾ ਰਿਹਾ ਸੀ ਤੇ ਦੂਜੇ ਹੱਟੀ ਵਿਚੋਂ ਸਮਾਨ ਲੁੱਟੀ ਜਾ ਰਹੇ ਸਨ। ਲੱਡੂ, ਜਲੇਬੀਆਂ, ਸ਼ਕਰ ਪਾਰੇ, ਰੰਗ ਬਿਰੰਗੇ ਖੰਡ ਦੇ ਖਿਡਾਉਣੇ ਤੇ ਹੋਰ ਨਿੱਕ ਸੁੱਕ ਹੱਟੀ ਵਿਚ ਹੀ ਖਿੱਲਰ ਗਿਆ ਸੀ। ਜਦੋਂ ਬਾਬੂ ਰਾਮ ਬੇਸੁਰਤ ਜਿਹਾ ਹੋ ਗਿਆ ਤਾਂ ਉਸ ਦਾ ਗੱਲਾ ਵੀ ਲੁੱਟ ਲਿਆ ਤੇ ਅਗਲੀ ਹੱਟੀ ਚੱਲ ਪਏ।



*ਪੁਰਾਣੇ ਪੰਜਾਬ ਦੀ ਇਕ ਝਲਕ ਪੇਸ਼ ਕਰਦੀਆਂ ਦੋ ਤਸਵੀਰਾਂ*


ਬਾਲਕ ਰਾਮ ਨੇ ਆਪਣੇ ਚਾਚੇ ਨੱਥੂ ਰਾਮ ਨੂੰ ਸਾਰੀ ਘਟਨਾ ਜਾ ਸੁਣਾਈ ਸੀ ਤੇ ਉਸ ਨੇ ਆਪਣੇ ਗੁਆਂਢੀ ਨੰਬਰਦਾਰ ਅਨੋਖ ਸਿੰਘ ਨੂੰ ਜਾ ਦੱਸਿਆ। ਨੰਬਰਦਾਰ ਨੇ ਝਟ ਆਪਣੇ ਬੰਦਿਆਂ ਨੂੰ ਅਗਵਾੜ ਦੀਆਂ ਹੱਟੀਆਂ ਦੀ ਰਾਖੀ ਲਈ ਘੱਲ ਦਿੱਤਾ। ਉਹ ਇਹ ਕਿਵੇਂ ਸਹਿ ਸਕਦਾ ਸੀ ਕਿ ਦੂਜੇ ਅਗਵਾੜ ਦੇ ਬੰਦੇ ਇਸ ਅਗਵਾੜ ਵਿਚ ਆ ਕੇ ਹੱਟੀਆਂ ਲੁੱਟ ਲੈਣ। ਉਹ ਡਾਂਗਾਂ ਸੋਟੀਆਂ ਲੈ ਕੇ ਹਰਦਵਾਰੀ ਲਾਲ ਵਾਲੀ ਹੱਟੀ ਮੂਹਰੇ ਜਾ ਖੜ੍ਹੇ ਹੋਏ। ਉਨ੍ਹਾਂ ਨੂੰ ਦੇਖ ਕੇ ਮੁੰਡੀਰ ਤਾਂ ਪਹਿਲਾਂ ਹੀ ਖਿਸਕ ਗਈ। ਹੱਟੀਆਂ ਲੁੱਟਣ ਵਾਲੇ ਸੂਰਮੇ ਵੀ ਹੱਟੀ ਵਾਲੇ ਪਾਸੇ ਨਾ ਜਾ ਕੇ ਸੱਥ ਵਿਚੋਂ ਦੀ ਸਿੱਧੇ ਸੂਏ ਵੱਲ ਚਲੇ ਗਏ। ਇਸ ਤਰ੍ਹਾਂ ਦੂਜੀਆਂ ਹੱਟੀਆਂ ਲੁੱਟ ਹੋਣੋਂ ਬਚ ਗਈਆਂ ਸਨ। ਉਂਜ ਵੀ ਦੂਜੇ ਹਟਵਾਣੀਏ ਆਪਣੀਆਂ ਹੱਟੀਆਂ ਬੰਦ ਕਰਕੇ ਗੁਆਂਢੀ ਘਰਾਂ ਵਿਚ ਜਾ ਬੈਠੇ ਸਨ।

ਇਸ ਘਟਨਾ ਨੂੰ ਵਾਪਰਿਆਂ ਬੜਾ ਸਮਾਂ ਬੀਤ ਗਿਆ ਹੈ। ਹੱਟੀਆਂ ਨੂੰ ਲੁੱਟਣ ਵਾਲਾ ਉਹ ਡਿਸਮਿਸ ਸਿਪਾਹੀ ਬਾਅਦ ਵਿਚ ਕਈ ਸਾਲ ਪਿੰਡ ਦਾ ਸਰਪੰਚ ਵੀ ਰਿਹਾ ਤੇ ਪਿੰਡ ਦੀ ਤਰੱਕੀ ਲਈ ਕਈ ਕੰਮ ਵੀ ਕੀਤੇ। ਸੰਨ 1962 ਵਿਚ ਜਦੋਂ ਪਿੰਡ ਹੜ੍ਹਾਂ ਕਾਰਨ ਡੁੱਬਣ ਦੇ ਕਿਨਾਰੇ ਹੋ ਗਿਆ ਤੇ ਪਾਣੀ ਦੇ ਨਿਕਾਸ ਨੂੰ ਲੈ ਕੇ ਪਿੰਡ ਦੋ ਧੜਿਆਂ ਵਿਚ ਵੰਡਿਆ ਗਿਆ, ਉਸ ਸਮੇਂ ਉਸ ਨਾਲ ਮਿਲ ਕੇ ਕੰਮ ਕਰਨ ਦਾ ਮੌਕਾ ਵੀ ਮਿਲਿਆ, ਪਰ ਜਦੋਂ ਵੀ ਉਸ ਨਾਲ ਵਾਹ ਪੈਂਦਾ ਤਾਂ ਬਾਬੂ ਰਾਮ ਨੂੰ ਘਸੁੰਨ ਮਾਰਨ ਵਾਲਾ ਤੇ ਹੱਟੀ ਲੁੱਟਣ ਵਾਲਾ ਦ੍ਰਿਸ਼ ਅੱਖਾਂ ਸਾਹਮਣੇ ਆ ਜਾਂਦਾ ਸੀ।

ਹੁਣ ਵੀ ਜਦੋਂ ਕੁਝ ਸਕਤਿਆਂ ਵਲੋਂ ਸ਼ਹਿਰਾਂ ਵਿਚ ਦੁਕਾਨਾਂ ਤੇ ਵਪਾਰਕ ਅਦਾਰਿਆਂ ਕੋਲੋਂ ਹਫਤੇ ਤੇ ਮਹੀਨੇ ਉਗਰਾਹੇ ਜਾਂਦੇ ਹਨ ਤਾਂ ਖਿਆਲ ਆਉਂਦਾ ਹੈ ਕਿ ਪੁਰਾਣੇ ਸਮਿਆਂ ਵਿਚ ਉਨ੍ਹਾਂ ਸਕਤਿਆਂ ਨੂੰ ਤਾਂ ਡਾਕੂ ਲੁਟੇਰੇ ਕਿਹਾ ਜਾਂਦਾ ਸੀ, ਹੁਣ ਇਨ੍ਹਾਂ ਨੂੰ ਕਿਹੜਾ ਨਾਂ ਦਿੱਤਾ ਜਾਵੇ?

# ਪੰਜਾਬੀ ਫਿਲਮਾਂ ਦਾ ਭਾਈਆ ਜੀ

ਮਸ਼ਹੂਰ ਮਜ਼ਾਹੀਆ ਅਦਾਕਾਰ ਓਮ ਪ੍ਰਕਾਸ਼ ਬਖ਼ਸ਼ੀ ਉਰਫ ਓਮ ਪ੍ਰਕਾਸ਼ ਦੀ ਪੈਦਾਇਸ਼ ਸਾਂਝੇ ਪੰਜਾਬ ਦੀ ਰਾਜਧਾਨੀ ਲਾਹੌਰ ਦੇ ਕੂਚਾ ਬੇਲੀ ਰਾਮ ਦੇ ਪੰਜਾਬੀ ਖੱਤਰੀ ਪਰਿਵਾਰ ਵਿਚ 19 ਦਸੰਬਰ 1919 ਨੂੰ ਹੋਈ। ਇਨ੍ਹਾਂ ਦੇ ਪਿਤਾ ਸਰਦੇ-ਪੁੱਜਦੇ ਜ਼ਿਮੀਂਦਾਰ ਸਨ। ਲਿਹਾਜ਼ਾ ਦੋ ਭਰਾਵਾਂ ਤੇ ਇਕ ਭੈਣ ਦੇ ਵੀਰ ਓਮ ਪ੍ਰਕਾਸ਼ ਕੋਲ ਪੈਸੇ ਦੀ ਕੋਈ ਕਮੀ ਨਹੀਂ ਸੀ। ਬਾਲ ਵਰੇਸੇ ਹੀ ਓਮ ਪ੍ਰਕਾਸ਼ ਨੂੰ ਕਲਾ, ਫਿਲਮਾਂ ਅਤੇ ਸੰਗੀਤ ਨਾਲ ਉਲਫਤ ਹੋ ਗਈ। ਉਮਰ ਦੇ 12ਵੇਂ ਵਰ੍ਹੇ ਤਕ ਅੱਪੜਦਿਆਂ ਉਸ ਨੇ ਇਨ੍ਹਾਂ ਕਲਾਵਾਂ 'ਚ ਮੁਹਾਰਤ ਹਾਸਲ ਕਰ ਲਈ। ਕਲਾਸਿਕੀ ਮੌਸੀਕੀ ਦੀ ਸ਼ੁਰੂਆਤੀ ਤਾਲੀਮ ਉਸ ਨੇ ਉਸਤਾਦ ਭਾਈ ਲਾਲ ਪਾਸੋਂ ਹਾਸਲ ਕੀਤੀ ਜੋ ਨਾਮੀ ਸ਼ਾਸਤਰੀ ਗਾਇਕ ਸਨ।






1937 ਵਿਚ ਓਮ ਪ੍ਰਕਾਸ਼ ਆਲ ਇੰਡੀਆ ਰੇਡੀਓ, ਲਾਹੌਰ ਵਿਚ 25 ਰੁਪਏ ਮਹੀਨਾ 'ਤੇ ਡਰਾਮਾ ਕਲਾਕਾਰ ਮੁਕੱਰਰ ਹੋ ਗਿਆ। ਉਸ ਵੇਲੇ ਲਾਹੌਰ ਦਾ ਦਿਹਾਤੀ ਪ੍ਰੋਗਰਾਮ ਆਵਾਮ 'ਚ ਬੇਹੱਦ ਮਕਬੂਲ ਸੀ। ਓਮ ਪ੍ਰਕਾਸ਼ ਰੇਡੀਓ ਦੇ ਦਿਹਾਤੀ ਪ੍ਰੋਗਰਾਮ ਵਿਚ 'ਫਤਹਿ ਦੀਨ' ਦੇ ਨਾਮ ਨਾਲ ਪ੍ਰੋਗਰਾਮ ਪੇਸ਼ ਕਰਦਾ ਸੀ। ਉਸ ਦੀ ਪੇਸ਼ਕਾਰੀ ਦੇ ਅੰਦਾਜ਼ ਸਦਕਾ ਘਰ-ਘਰ ਲੋਕ ਉਸ ਨੂੰ ਜਾਣਨ ਲੱਗ ਪਏ ਸਨ। ਇਹ ਪ੍ਰੋਗਰਾਮ ਲਾਹੌਰ ਅਤੇ ਪੰਜਾਬ ਦੇ ਸਰੋਤਿਆਂ ਵਿਚ ਐਨਾ ਮਕਬੂਲ ਸੀ ਕਿ ਪ੍ਰੋਗਰਾਮ ਸ਼ੁਰੂ ਹੁੰਦਿਆਂ ਹੀ ਲੋਕਾਂ ਦੀ ਭੀੜ ਰੇਡੀਓ ਦੁਆਲੇ ਜੁੜ ਜਾਂਦੀ ਸੀ।

ਇਕ ਦਿਨ ਓਮ ਪ੍ਰਕਾਸ਼ ਆਪਣੇ ਦੋਸਤ ਦੇ ਵਿਆਹ ਸਮਾਗਮ ਵਿਚ ਆਪਣੇ ਮਜ਼ਾਹੀਆ ਫਨ ਦੀ ਪੇਸ਼ਕਾਰੀ ਕਰ ਰਿਹਾ ਸੀ। ਉਸ ਸਮਾਗਮ ਵਿਚ ਮਾਰੂਫ ਫਿਲਮਸਾਜ਼ ਸੇਠ ਦਲਸੁੱਖ ਐਮ. ਪੰਚੋਲੀ ਵੀ ਮੌਜੂਦ ਸਨ। ਉਹ ਓਮ ਪ੍ਰਕਾਸ਼ ਦੀ ਅਦਾਇਗੀ ਤੋਂ ਬਹੁਤ ਮੁਤਾਸਿਰ ਹੋਏ। ਉਨ੍ਹਾਂ ਨੇ ਓਮ ਪ੍ਰਕਾਸ਼ ਨੂੰ ਆਪਣੇ ਦਫਤਰ ਸੱਦਿਆ ਅਤੇ ਆਪਣੇ ਭਾਣਜੇ ਰਾਮ ਨਾਰਾਇਣ ਵੀ. ਦਵੇ ਦੀ ਉਰਦੂ/ਹਿੰਦੀ ਫਿਲਮ 'ਦਾਸੀ' (1944) 'ਚ ਛੋਟਾ ਜਿਹਾ ਮਜ਼ਾਹੀਆ ਕਿਰਦਾਰ ਦਿਵਾ ਦਿੱਤਾ। ਹੀਰੇਨ ਬੋਸ ਨਿਰਦੇਸ਼ਿਤ ਇਸ ਫਿਲਮ 'ਚ ਓਮ ਪ੍ਰਕਾਸ਼, ਨਜ਼ਮੁਲ ਹਸਨ ਅਤੇ ਖ਼ਰੈਤੀ ਭੈਂਗਾ 'ਤੇ ਮਜ਼ਾਹੀਆ ਗੀਤ ਫਿਲਮਾਇਆ ਗਿਆ: 'ਮੇਰੀ ਆਰਜ਼ੂ ਦੇਖ ਕਯਾ ਚਾਹਤਾ ਹੂੰ।' ਇਹ ਓਮ ਪ੍ਰਕਾਸ਼ ਦੀ ਪਹਿਲੀ ਫਿਲਮ ਸੀ ਜਿਸ ਦਾ ਉਸ ਨੂੰ 80 ਰੁਪਏ ਮਿਹਨਤਾਨਾ ਮਿਲਿਆ।

ਇਸ ਫਿਲਮ ਦੀ ਕਾਮਯਾਬੀ ਤੋਂ ਬਾਅਦ ਉਸ ਨੂੰ 'ਧਮਕੀ' (1945) ਅਤੇ 'ਆਈ ਬਹਾਰ' (1946) ਵਿਚ ਕੰਮ ਕਰਨ ਦਾ ਮੌਕਾ ਮਿਲਿਆ। ਇਸ ਦੌਰਾਨ ਦੇਸ਼ ਦੀ ਵੰਡ ਹੋ ਗਈ ਅਤੇ ਓਮ ਪ੍ਰਕਾਸ਼ ਫਿਰ ਫਾਕਾਕਸ਼ੀ ਦੇ ਦਿਨ ਗੁਜ਼ਾਰਨ ਨੂੰ ਮਜਬੂਰ ਹੋ ਗਿਆ। ਵਕਤ ਦਾ ਝੰਬਿਆ ਉਹ ਲਾਹੌਰ ਛੱਡ ਪਹਿਲਾਂ ਅੰਮ੍ਰਿਤਸਰ ਅਤੇ ਫਿਰ ਦਿੱਲੀ ਆ ਗਿਆ। ਇਥੇ ਉਸ ਦੀ ਮੁਲਾਕਾਤ ਬਲਦੇਵ ਰਾਜ ਚੋਪੜਾ ਨਾਲ ਹੋਈ। ਚੋਪੜਾ ਨੇ ਓਮ ਪ੍ਰਕਾਸ਼ ਦੀ ਕਾਬਲੀਅਤ ਨੂੰ ਪਛਾਣਦਿਆਂ ਬੰਬੇ ਸੱਦ ਲਿਆ ਪਰ ਕੰਮ ਨਾ ਦਿੱਤਾ। ਇਸ ਦੌਰ 'ਚੋਂ ਲੰਘਦਿਆਂ ਉਸ ਨੂੰ 'ਲੱਖਪਤੀ' (1948) 'ਚ ਮਜ਼ਾਹੀਆ ਖਲਨਾਇਕ ਦਾ ਕਿਰਦਾਰ ਮਿਲਿਆ। ਫਿਰ ਇਸੇ ਤਰ੍ਹਾਂ ਦੇ ਨਾਕਾਰਾਤਮਕ ਪਰ ਪ੍ਰਭਾਵਸ਼ਾਲੀ ਕਿਰਦਾਰ ਉਸ ਨੂੰ ਜਗਦੀਸ਼ ਸੇਠੀ ਦੀ 'ਰਾਤ ਕੀ ਰਾਨੀ' (1949) ਅਤੇ ਜੈਮਿਨੀ ਦੀਵਾਨ ਦੀ 'ਲਾਹੌਰ' (1949) 'ਚ ਵੀ ਮਿਲੇ। ਗੀਤ-ਸੰਗੀਤ ਅਤੇ ਕਹਾਣੀ ਪੱਖੋਂ ਜਿਥੇ ਇਹ ਫਿਲਮਾਂ ਬਹੁਤ ਕਾਮਯਾਬ ਰਹੀਆਂ, ਉਥੇ ਓਮ ਪ੍ਰਕਾਸ਼ ਦੀ ਲਾਜਵਾਬ ਅਦਾਕਾਰੀ ਨੇ ਫਿਲਮ-ਮੱਦਾਹ ਦੀਵਾਨੇ ਕਰ ਦਿੱਤੇ।




ਪੰਜਾਬੀ ਫਿਲਮ 'ਚਮਨ' (1948) ਨੇ ਓਮ ਪ੍ਰਕਾਸ਼ ਨੂੰ ਸਫਲਤਾ ਦੇ ਸਿਖਰ 'ਤੇ ਪਹੁੰਚਾ ਦਿੱਤਾ। ਫਿਲਮ 'ਚ 29 ਸਾਲਾ ਓਮ ਪ੍ਰਕਾਸ਼ ਨੇ 60 ਸਾਲਾਂ ਦੇ ਕਜ਼ੂੰਸ ਲਾਲੇ 'ਭਾਈਆ ਭਗਵਾਨ ਦਾਸ' ਦਾ ਮਜ਼ਾਹੀਆ ਰੋਲ ਅਦਾ ਕੀਤਾ। ਫਿਲਮ 'ਚ ਓਮ ਪ੍ਰਕਾਸ਼ ਦੇ ਬੋਲੇ ਸੰਵਾਦ ਬਹੁਤ ਮਕਬੂਲ ਹੋਏ। ਇਹ ਫਿਲਮ 6 ਅਗਸਤ 1949 ਨੂੰ ਰਿਲੀਜ਼ ਹੋਈ। ਇਸ ਨਾਲ ਉਹ 'ਭਾਈਆ ਜੀ' ਨਾਲ ਮਕਬੂਲ ਹੋ ਗਿਆ।

ਇਸ ਸੁਪਰਹਿਟ ਫਿਲਮ ਤੋਂ ਬਾਅਦ ਓਮ ਪ੍ਰਕਾਸ਼ ਨੇ ਰਾਜਿੰਦਰ ਸ਼ਰਮਾ ਨਿਰਦੇਸ਼ਿਤ ਪੰਜਾਬੀ ਫਿਲਮ 'ਲੱਛੀ' (1949) 'ਚ ਮਜ਼ਾਹੀਆ ਕਿਰਦਾਰ ਅਦਾ ਕੀਤਾ। ਫਿਲਮ 'ਚ ਓਮ ਪ੍ਰਕਾਸ਼ ਅਤੇ ਮਜਨੂੰ 'ਤੇ ਫਿਲਮਾਇਆ ਮਜ਼ਾਹੀਆ ਗੀਤ 'ਦਿਲ ਲੈ ਗਿਆ ਕੋਈ ਰੱਬ ਜੀ' (ਮੁਹੰਮਦ ਰਫੀ, ਐਸ. ਬਲਬੀਰ) ਬੜਾ ਮਸ਼ਹੂਰ ਹੋਇਆ। ਓਮ ਪ੍ਰਕਾਸ਼ ਨੇ ਫਿਲਮ 'ਚਮਨ' 'ਚ ਨਿਭਾਏ 'ਭਾਈਆ ਭਗਵਾਨ ਦਾਸ' ਦੇ ਕਿਰਦਾਰ ਦੀ ਸਫਲਤਾ ਨੂੰ ਕੈਸ਼ ਕਰਨ ਲਈ ਆਪਣੀ ਹਿਦਾਇਤਕਾਰੀ ਅਤੇ ਅਦਾਕਾਰੀ 'ਚ ਪੰਜਾਬੀ ਫਿਲਮ 'ਭਾਈਆ ਜੀ' (1950) ਬਣਾਈ। ਖ਼ੈਰ ਓਮ ਪ੍ਰਕਾਸ਼ ਦੀ ਇਸ ਫਿਲਮ ਨੂੰ 'ਚਮਨ' ਵਰਗੀ ਸਫਲਤਾ ਤਾਂ ਨਸੀਬ ਨਹੀਂ ਹੋਈ ਪਰ ਇਸ ਫਿਲਮ 'ਚ ਵਿਨੋਦ ਦੀ ਮੌਸੀਕੀ ਵਿਚ ਅਜ਼ੀਜ਼ ਕਸ਼ਮੀਰੀ ਦੇ ਲਿਖੇ ਤਿੰਨ ਗੀਤਾਂ 'ਚ ਓਮ ਪ੍ਰਕਾਸ਼ ਨੇ ਆਪਣੀ ਆਵਾਜ਼ ਜ਼ਰੂਰ ਸਾਂਝੀ ਕੀਤੀ। ਪੰਜਾਬੀ ਫਿਲਮ 'ਮਦਾਰੀ' (1950) 'ਚ ਓਮ ਪ੍ਰਕਾਸ਼ ਨੇ 'ਮਦਾਰੀ' ਦੀ ਭੂਮਿਕਾ ਨਿਭਾਉਂਦਿਆਂ ਦਰਸ਼ਕਾਂ ਦੇ ਮਨਾਂ 'ਤੇ ਅਮਿਟ ਛਾਪ ਛੱਡੀ।

ਪੰਜਾਬੀ ਫਿਲਮ 'ਫੁੰਮਣ' (1951) 'ਚ ਉਸ ਨੇ ਫੁੰਮਣ ਨਾਮੀ ਮਜ਼ਾਹੀਆ ਕਿਰਦਾਰ ਬਾਖ਼ੂਬੀ ਨਿਭਾਇਆ। ਓਮ ਪ੍ਰਕਾਸ਼ ਦਾ ਕਾਮੇਡੀ ਕਰਨ ਦਾ ਆਪਣਾ ਸਾਫ-ਸੁਥਰਾ ਅਤੇ ਸੁਭਾਵਿਕ ਅੰਦਾਜ਼ ਸੀ। ਉਸ ਨੇ ਕਾਮੇਡੀ ਦੇ ਨਾਲ-ਨਾਲ ਸੰਜੀਦਾ ਕਿਰਦਾਰ ਵੀ ਬਹੁਤ ਸ਼ਿੱਦਤ ਨਾਲ ਨਿਭਾਏ। ਉਸ ਨੇ 1944 ਤੋਂ 1990 ਤਕ ਬਣੀਆਂ ਤਕਰੀਬਨ 275 ਹਿੰਦੀ ਅਤੇ 11 ਪੰਜਾਬੀ ਫਿਲਮਾਂ 'ਚ ਆਪਣੇ ਫਨ ਦੀ ਨੁਮਾਇਸ਼ ਕਰਦਿਆਂ ਸ਼ੋਹਰਤ ਖੱਟੀ। 1990ਵਿਆਂ ਦੇ ਦਹਾਕੇ ਵਿਚ ਓਮ ਪ੍ਰਕਾਸ਼ ਸਿਹਤ ਪੱਖੋਂ ਢਿੱਲਾ-ਮੱਠਾ ਰਹਿਣ ਲੱਗਾ ਪਰ ਇਸ ਦੀ ਪਰਵਾਹ ਕੀਤਿਆਂ ਬਗ਼ੈਰ ਉਹ ਆਪਣੇ ਕੰਮ ਵਿਚ ਡਟਿਆ ਰਿਹਾ। 21 ਫਰਵਰੀ, 1998 ਨੂੰ ਉਹ 78 ਸਾਲ ਦੀ ਉਮਰ 'ਚ ਇਸ ਫਾਨੀ ਸੰਸਾਰ ਨੂੰ ਅਲਵਿਦਾ ਆਖ ਗਿਆ।

*-ਮਨਦੀਪ ਸਿੰਘ ਸਿੱਧੂ*

# ਸਿਨੇਮਾ ਤੇ ਇਤਿਹਾਸ ਦੇ ਬਦਲਦੇ ਰੰਗ

ਹਿੰਦੁਸਤਾਨੀ ਫਿਲਮਾਂ ਦੇ ਸਫਰ ਵਿਚ ਬਹੁਤ ਸਾਰੀਆਂ ਫਿਲਮਾਂ ਇਤਿਹਾਸਕ ਦਸਤਾਵੇਜ਼ਾਂ 'ਤੇ ਆਧਾਰਿਤ ਬਣੀਆਂ। ਇਹੋ ਜਿਹੇ ਵਿਸ਼ਿਆਂ ਵਿਚ ਪਿਛਲੇ ਕੁਝ ਸਮੇਂ ਤੋਂ ਫਿਲਮ ਨਿਰਦੇਸ਼ਕਾਂ ਤੇ ਨਿਰਮਾਤਾਵਾਂ ਦੀ ਕੁਝ ਜ਼ਿਆਦਾ ਹੀ ਦਿਲਚਸਪੀ ਦਿਖਾਈ ਹੈ। ਇਨ੍ਹਾਂ ਵਿਚ ਖਾਸ ਤੌਰ 'ਤੇ 'ਪਦਮਾਵਤ' 'ਮਣੀਕਰਣਿਕਾ', 'ਮੋਹਿੰਜੋ ਦਾਰੋ', 'ਬਾਜੀਰਾਓ ਮਸਤਾਨੀ', 'ਜੋਧਾ ਅਕਬਰ' 'ਮੰਗਲ ਪਾਂਡੇ' ਤੇ ਕਈ ਹੋਰ; ਪਰ 'ਕੇਸਰੀ' ਫਿਲਮ ਇਸ ਕਰਕੇ ਜ਼ਿਆਦਾ ਖਿੱਚ ਦਾ ਕੇਂਦਰ ਬਣੀ ਕਿਉਂਕਿ ਇਹ ਪੰਜਾਬ ਦੇ ਇਤਿਹਾਸ ਦੀ ਪੁਣ-ਛਾਣ ਕਰਦੀ ਹੈ। ਉਂਜ, ਇਹ ਇਤਿਹਾਸਕ ਫਿਲਮ ਹੋ ਕੇ ਵੀ ਇਤਿਹਾਸਕ ਫਿਲਮ ਨਹੀਂ ਬਣ ਸਕੀ ਕਿਉਂਕਿ ਨਿਰਦੇਸ਼ਕ ਇਸ ਫਿਲਮ ਦੇ ਨਿਰਮਾਣ ਵੇਲੇ ਹਕੀਕਤ ਤੋਂ ਪਾਸਾ ਵੱਟ ਕੇ ਗਲਪੀ ਜਾਮਾ ਪਹਿਨਾਉਣ ਦੀ ਕੋਸ਼ਿਸ਼ ਵਿਚ ਰੁਝਿਆ ਲੱਗਦਾ ਹੈ। ਇਹ ਨਹੀਂ ਕਿਹਾ ਜਾ ਸਕਦਾ ਕਿ ਇਸ ਫਿਲਮ ਨੂੰ ਇਤਿਹਾਸਕ ਤੌਰ 'ਤੇ ਦਸਤਾਵੇਜ਼ੀ ਫਿਲਮ ਵਜੋਂ ਦਿਖਾਇਆ ਜਾਵੇ ਪਰ ਕਲਾ ਨੂੰ ਕਲਾ ਵਜੋਂ ਪੇਸ਼ ਕਰਨਾ ਚਾਹੀਦਾ ਹੈ। ਕਲਾਕਾਰ ਤੇ ਨਿਰਦੇਸ਼ਕ ਦਾ ਬੁਨਿਆਦੀ ਫਰਜ਼ ਹੁੰਦਾ ਹੈ ਕਿ ਉਹ ਇਤਿਹਾਸ ਨਾਲ ਵੀ ਨਿਆਂ ਕਰੇ ਅਤੇ ਕਲਾ ਪੱਖ ਤੋਂ ਵੀ ਕਿਰਤ ਕਮਜ਼ੋਰ ਨਜ਼ਰ ਨਾ ਆਵੇ। ਸ਼ਾਇਦ ਇਸੇ ਕਰਕੇ ਕਲਾ ਤੇ ਇਤਿਹਾਸ ਦੇ ਸੁਮੇਲ ਤੇ ਸੰਤੁਲਨ ਤੋਂ ਇਹ ਫਿਲਮ ਲੜਖੜਾਉਂਦੀ ਹੈ।



ਫਿਲਮ 'ਕੇਸਰੀ' ਵਿਚ ਅਕਸ਼ੈ ਕੁਮਾਰ

'ਕੇਸਰੀ' ਫਿਲਮ ਜਿਸ ਦਾ ਮੁੱਖ ਅਦਾਕਾਰ ਅਕਸ਼ੈ ਕੁਮਾਰ ਹੈ, ਉਹ ਆਪਣੇ ਬੁਨਿਆਦੀ ਸੁਭਾਅ ਵਾਂਗ ਇਸ ਫਿਲਮ ਵਿਚ ਅਦਾਕਾਰੀ ਕਰਦਾ ਹੈ; ਮਤਲਬ, ਉਹ ਐਕਸ਼ਨ ਹੀਰੋ ਵਾਂਗ ਫਿਲਮ ਵਿਚਲਾ ਕਿਰਦਾਰ ਨਿਭਾਉਂਦਾ ਹੈ। ਇੰਜ ਲੱਗਦਾ ਹੈ ਕਿ ਈਸ਼ਰ ਸਿੰਘ ਅਕਸ਼ੈ ਕੁਮਾਰ ਦੀ ਭੂਮਿਕਾ ਨਿਭਾ ਰਿਹਾ ਹੈ ਨਾ ਕਿ ਅਕਸ਼ੈ ਕੁਮਾਰ।

ਫਿਲਮ ਸਾਰਾਗੜ੍ਹੀ ਦੀ ਲੜਾਈ ਦਿਖਾਉਂਦੀ ਹੈ ਜੋ 36 ਸਿੱਖ ਰੈਜੀਮੈਂਟ ਦੇ ਸਿਪਾਹੀਆਂ ਤੇ ਅਫਗਾਨਾਂ ਵਿਚ ਹੋਈ ਸੀ। ਇਹ ਸਿਪਾਹੀ ਬਹਾਦਰੀ ਨਾਲ ਲੜੇ ਅਤੇ ਉਸ ਲੜਾਈ ਵਿਚ ਸ਼ਹੀਦ ਹੋ ਗਏ ਪਰ ਇਸ ਫਿਲਮ ਵਿਚ ਇਹ ਲੜਾਈ ਅਕਸ਼ੈ ਕੁਮਾਰ (ਹੌਲਦਾਰ ਈਸ਼ਰ ਸਿੰਘ) ਅਤੇ ਅਫਗਾਨਾਂ ਵਿਚ ਹੀ ਹੋਈ ਦਿਖਾਈ ਜਾਂਦੀ ਹੈ ਜਿਸ ਨੂੰ ਅੰਗਰੇਜ਼ੀ ਵਿਚ 'ਵਨ ਮੈਨ ਸ਼ੋਅ' ਕਿਹਾ ਜਾਂਦਾ ਹੈ। ਜੇ ਇਹ ਲੜਾਈ ਨਿਰਦੇਸ਼ਕ ਨੇ 'ਕੇਸਰੀ' ਪੱਗਾਂ ਵਾਲੇ ਸਿਪਾਹੀਆਂ ਨਾਲ ਅਫਗਾਨਾਂ ਦੀ ਕੀਤੀ ਹੁੰਦੀ ਤਾਂ ਇਹ ਲੜਾਈ ਨਿੱਜੀ ਨਾ ਰਹਿ ਕੇ ਸਮੂਹਿਕ ਬਣਦੀ।

ਦੂਜੀ ਅਹਿਮ ਗੱਲ ਇਸ ਫਿਲਮ ਦੇ ਸਿਰਲੇਖ ਦੀ ਹੈ। ਫਿਲਮ ਦਾ ਨਾਂ 'ਕੇਸਰੀ' ਹੈ, ਜੋ ਫਿਲਮ ਵਿਚ ਦਿਖਾਈ ਵੀ ਦੇ ਰਿਹਾ ਹੈ, ਭਾਵ 'ਕੇਸਰੀ ਰੰਗ'। ਰੰਗ ਸਭਿਆਚਾਰਕ ਬਿੰਬ ਦੇ ਤੌਰ 'ਤੇ ਵਰਤੇ ਜਾਂਦੇ ਹਨ ਜਿਸ ਨਾਲ ਬੰਦੇ ਦੀ ਸਮਾਜਕ ਸਭਿਆਚਾਰਕ ਪਛਾਣ ਬਣਦੀ ਹੈ। ਪੰਜਾਬ ਵਿਚ 'ਬਸੰਤੀ' ਰੰਗ ਦੀ ਜ਼ਿਆਦਾ ਅਹਿਮੀਅਤ ਹੈ। ਬਸੰਤੀ ਰੰਗ ਨੂੰ ਕਿਸੇ ਵੀ ਧਰਾਤਲ 'ਤੇ ਵਾਚ ਲਈਏ ਜਿਵੇਂ ਭੂਗੋਲਿਕ ਤੇ ਸਭਿਆਚਾਰ 'ਤੇ ਤਾਂ ਬਸੰਤੀ ਰੰਗ ਹੀ ਉਘੜ ਕੇ ਸਾਹਮਣੇ ਆਉਂਦਾ ਹੈ। ਇਹ ਰੰਗ ਖੇੜੇ, ਆਜ਼ਾਦੀ ਤੇ ਵਿਕਾਸ ਦਾ ਰੰਗ ਹੈ, ਕਿਉਂਕਿ ਰੰਗਾਂ ਦਾ ਆਧਾਰ ਉਥੋਂ ਦੀ ਮਿੱਟੀ ਨਾਲ ਸਬੰਧਤ ਹੁੰਦਾ ਹੈ। ਇਸ ਖਿੱਤੇ ਵਿਚ ਬਸੰਤ ਰੁੱਤ ਦਾ ਆਗਮਨ ਦੇਸੀ ਮਹੀਨੇ ਚੇਤ ਤੋਂ ਹੁੰਦਾ ਹੈ। ਜਦੋਂ ਪੱਤਝੜ ਦੀ ਰੁੱਤ ਖਤਮ ਹੁੰਦੀ ਹੈ ਤਾਂ ਖੇਤਾਂ ਵਿਚ ਸਰੋਂ ਦੇ ਫੁੱਲ ਲਹਿਰਾਉਂਦੇ ਹਨ। ਗੀਤ 'ਤੇਰੀ ਮਿੱਟੀ' ਨੂੰ 'ਤੇ ਧਿਆਨ ਦਿੱਤਾ ਜਾਵੇ ਤਾਂ ਇਸ ਰੰਗ ਦੇ ਅਰਥ ਹੋਰ ਵੀ ਸਪਸ਼ਟ ਹੁੰਦੇ ਨਜ਼ਰ ਆਉਂਦੇ ਹਨ।

ਫਿਲਮ ਦੇ ਪ੍ਰਸੰਗ ਵਿਚ ਰੰਗਾਂ ਬਾਰੇ ਵਿਚਾਰ ਕਰਨ ਦੀ ਲੋੜ ਇਸ ਕਰਕੇ ਹੈ ਕਿ ਉਨ੍ਹਾਂ ਹਿੰਦੁਸਤਾਨੀ ਸਿਪਾਹੀਆਂ ਦੇ ਹਾਲਾਤ ਬੜੇ ਫੈਸਲਾਕੁਨ ਸਨ। ਇਕ ਪਾਸੇ ਉਹ ਗੁਲਾਮ ਭਾਵ ਬਸਤੀਵਾਦੀ ਸਾਮਰਾਜ ਦੇ ਸਿਪਾਹੀਆਂ ਵਜੋਂ ਲੜ ਰਹੇ ਸਨ; ਜਿਨ੍ਹਾਂ ਵਿਰੁਧ ਉਹ ਲੜ ਰਹੇ ਸਨ, ਉਹ ਅੰਗਰੇਜ਼ਾਂ ਤੋਂ ਗੁਲਾਮੀ ਵਿਰੁਧ ਡਟੇ ਹੋਏ ਸਨ। ਅੰਗਰੇਜ਼ ਅਫਗਾਨ ਕਬੀਲੇ ਦੇ ਲੋਕਾਂ ਨੂੰ ਵੀ ਅਧੀਨ ਕਰਨਾ ਚਾਹੁੰਦੇ ਸਨ।

ਨਿਰਦੇਸ਼ਕ ਜੇ ਬਸੰਤੀ ਰੰਗ ਦੀ ਸਭਿਆਚਾਰਕ, ਭੂਗੋਲਿਕ ਤੇ ਸਮਾਜਿਕ ਇਤਿਹਾਸਕ ਅਹਿਮੀਅਤ ਸਮਝਦਾ ਹੁੰਦਾ ਤਾਂ ਸ਼ਾਇਦ ਫਿਲਮ ਨੂੰ ਦਰਸ਼ਕਾਂ ਸਾਹਮਣੇ ਕਿਸੇ ਹੋਰ ਦ੍ਰਿਸ਼ਟੀਕੋਣ ਤੋਂ ਦਿਖਾਉਣ ਦਾ ਉਪਰਾਲਾ ਕਰਦਾ।

*-ਜਤਿੰਦਰ ਸਿੰਘ*

# ਸ਼ਹੀਦ ਊਧਮ ਸਿੰਘ ਦੀ ਜ਼ਿੰਦਗੀ 'ਤੇ ਫਿਲਮ

ਆਪਣੀ ਪਹਿਲੀ ਫਿਲਮ 'ਯਹਾਂ' ਵਿਚ ਕਸ਼ਮੀਰ ਦੀ ਤ੍ਰਾਸਦੀ ਪੇਸ਼ ਕਰਨ ਵਾਲੇ ਫਿਲਮਸਾਜ਼ ਸੁਜੀਤ ਸਿਰਕਾਰ ਨੇ ਬਾਅਦ ਵਿਚ ਵੱਖ-ਵੱਖ ਵਿਸ਼ਿਆਂ 'ਤੇ 'ਮਦਰਾਸ ਕੈਫੇ', 'ਪਿੰਕ', 'ਪੀਕੂ' ਆਦਿ ਫਿਲਮਾਂ ਬਣਾਈਆਂ ਅਤੇ ਹੁਣ ਉਹ ਸ਼ਹੀਦ ਊਧਮ ਸਿੰਘ ਦੀ ਜ਼ਿੰਦਗੀ 'ਤੇ ਫਿਲਮ ਬਣਾ ਰਹੇ ਹਨ। ਇਸ ਫਿਲਮ ਵਿਚ ਸ਼ਹੀਦ ਊਧਮ ਸਿੰਘ ਵਾਲਾ ਮੁੱਖ ਕਿਰਦਾਰ ਵਿੱਕੀ ਕੌਸ਼ਲ ਨਿਭਾ ਰਿਹਾ ਹੈ। ਵਿੱਕੀ ਕੌਸ਼ਲ ਦੀ ਗੁੱਡੀ ਅੱਜ ਕੱਲ੍ਹ ਖ਼ੂਬ ਚੜ੍ਹੀ ਹੋਈ ਹੈ। ਉਹ 2015 ਵਿਚ ਆਈ ਫਿਲਮ 'ਮਸਾਨ' ਨਾਲ ਚਰਚਿਤ ਹੋਇਆ ਸੀ ਜਿਸ ਵਿਚ ਉਸ ਦੀ ਉਮਦਾ ਅਦਾਕਾਰੀ ਦੇ ਬਹੁਤ ਚਰਚੇ ਹੋਏ ਸਨ। ਉਸ ਦੀ ਫਿਲਮ 'ਉੜੀ' ਵਪਾਰਕ ਤੌਰ 'ਤੇ ਬਹੁਤ ਕਾਮਯਾਬ ਰਹੀ। ਹੁਣ ਖ਼ਬਰਾਂ ਹਨ ਕਿ ਉਸ ਨੂੰ ਇਕ ਪਿਆਰ ਕਹਾਣੀ 'ਤੇ ਆਧਾਰਿਤ ਫਿਲਮ ਲਈ ਚੋਟੀ ਦੀ ਅਦਾਕਾਰਾ ਕੈਟਰੀਨ ਕੈਫ ਨਾਲ ਸਾਈਨ ਕੀਤਾ ਗਿਆ ਹੈ। ਜਦੋਂ ਤੋਂ ਊਧਮ ਸਿੰਘ ਫਿਲਮ ਵਾਲਾ ਉਸ ਦਾ ਪਹਿਲਾ 'ਲੁੱਕ' ਰਿਲੀਜ਼ ਹੋਇਆ ਹੈ, ਹਰ ਕੋਈ ਉਸ ਦੀ ਤਾਰੀਫ ਕਰ ਰਿਹਾ ਹੈ। ਤਾਪਸੀ ਪੰਨੂ ਨੇ ਤਾਂ ਉਸ ਦੀਆਂ ਤਾਰੀਫਾਂ ਦੇ ਮਾਨੋਂ ਪੁਲ ਹੀ ਬੰਨ੍ਹ ਦਿੱਤੇ ਹਨ। 'ਨੈਟਫਲਿਕਸ' ਉਤੇ ਵੀ ਉਸ ਦੀ ਝੰਡੀ ਹੈ। ਉਸ ਦਾ ਆਖਣਾ ਹੈ ਕਿ ਉਸ ਦੀ ਲਗਨ ਅਤੇ ਮਿਹਨਤ ਦਾ ਹੁਣ ਆ ਕੇ ਮੁੱਲ ਪਿਆ ਹੈ।



ਸ਼ਹੀਦ ਊਧਮ ਸਿੰਘ ਦੀ ਜ਼ਿੰਦਗੀ 'ਤੇ ਬਣ ਰਹੀ ਫਿਲਮ ਵਿਚ ਸ਼ਹੀਦ ਊਧਮ ਸਿੰਘ ਵਾਲੇ ਕਿਰਦਾਰ ਦੇ ਰੂਪ ਵਿਚ ਅਦਾਕਾਰ ਵਿੱਕੀ ਕੌਸ਼ਲ।

ਸੁਜੀਤ ਅਨੁਸਾਰ ਸਾਲ 1995 ਵਿਚ ਜਦੋਂ ਉਨ੍ਹਾਂ ਨੇ ਜਲ੍ਹਿਆਂਵਾਲਾ ਬਾਗ ਦੇਖਿਆ ਸੀ, ਉਦੋਂ ਉਥੇ ਅੰਗਰੇਜ਼ ਸਰਕਾਰ ਵਲੋਂ ਕੀਤੇ ਗਏ ਹੱਤਿਆ ਕਾਂਡ ਦੀਆਂ ਨਿਸ਼ਾਨੀਆਂ ਦੇਖ ਕੇ ਬਹੁਤ ਦੁਖੀ ਹੋਏ। ਉਦੋਂ ਤੋਂ ਹੀ ਉਨ੍ਹਾਂ ਨੇ ਭਾਰਤ ਦੇ ਇਤਿਹਾਸ ਦੇ ਇਸ ਕਾਲੇ ਦੌਰ 'ਤੇ ਫਿਲਮ ਬਣਾਉਣ ਬਾਰੇ ਸੋਚਣਾ ਸ਼ੁਰੂ ਕਰ ਦਿੱਤਾ ਸੀ। ਉਦੋਂ ਤੋਂ ਇਸ ਵਿਸ਼ੇ 'ਤੇ ਖੋਜ ਕਰਦਿਆਂ ਕਿਤਾਬਾਂ ਪੜ੍ਹਨ ਦੌਰਾਨ ਉਨ੍ਹਾਂ ਨੂੰ ਸ਼ਹੀਦ ਊਧਮ ਸਿੰਘ ਬਾਰੇ ਪੜ੍ਹਨ ਦਾ ਮੌਕਾ ਮਿਲਿਆ ਅਤੇ ਉਨ੍ਹਾਂ ਦੀ ਦੇਸ਼ਭਗਤੀ ਦੇਖ ਕੇ ਸੁਜੀਤ ਨੂੰ ਲੱਗਿਆ ਕਿ ਭਾਰਤ ਦੇ ਇਸ ਮਹਾਨ ਸਪੂਤ ਤੋਂ ਦੇਸ਼ ਦੇ ਜ਼ਿਆਦਾਤਰ ਲੋਕ ਅਣਜਾਣ ਹਨ। ਇਸ ਵਜ੍ਹਾ ਕਰਕੇ ਉਨ੍ਹਾਂ ਨੂੰ ਇਨ੍ਹਾਂ ਦੀ ਜ਼ਿੰਦਗੀ 'ਤੇ ਫਿਲਮ ਬਣਾਉਣ ਦਾ ਖਿਆਲ ਆਇਆ। ਉਨ੍ਹਾਂ ਅਨੁਸਾਰ ਇਹ ਵੱਡੇ ਬਜਟ ਦੀ ਫਿਲਮ ਹੋਵੇਗੀ।



ਫਿਲਮਸਾਜ਼ ਸੁਜੀਤ ਸਿਰਕਾਰ


CHANN ENTERTAINMENT INC
Radio Chann Pardesi Hindi • Punjabi
Radio Chann Pardesi Hindi • Punjabi
PLATIUM SPONSORS
Takhar and Gill Brothers
R&R Takhar Oil from Ohio
GOLARS
DCL
Direct Connect Logistix
GHOMAN
GROUP OF HOTELS
(Amarbir Singh Ghoman
(Harsharan Singh Ghoman
MIDLAND
REALITY GROUP INC
MIDLAND
TAX SERVICE
LUKE
OIL
BH HS
Sponsors
Baani Arora
317-627-7543
SUPPORTING ORGS.
• Sher E Punjab Sports & Culture Club Chicago
• Sher E Punjab Sports & Culture Society Cincinnati OH
• Punjabi Culture Society of Michigan
• Mitra Da Dhabha Indiana
• Express Cargo
ਪੰਜਾਬੀਆਂ ਦਾ ਮਾਣ
ਗੁਰਦਾਸ ਮਾਨ
FIRST TIME IN INDIANA
THE LEGENDARY
Gurdas Maan
SATURDAY, 01 JUNE 2019
Takhar & Gill Brothers
SHOW START @7:30 PM
CLOWES MEMORIAL HALL
4602 SUNSET AVE, INDIANAPOLIS, IN 46208
TICKET SOLD AT TICKETMASTER.COM
FOR SPONSORSHIP OR MORE INFO CONTACT
Ben Singh Basal 317 809 1818 Darshan Basraon 815 557 4991 Narinder Sodhi 317 701 4119